ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 11 | Issue 29 | 23 July 2021 to 29 July 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਪੈਗਾਸਸ ਜਾਸੂਸੀ ਸੂਚੀ 'ਚ ਮੋਦੀ ਸਰਕਾਰ ਬੁਰੀ ਫਸੀ

**✪ ਰਾਹੁਲ, ਪ੍ਰਸ਼ਾਂਤ ਕਿਸ਼ੋਰ, ਦੋ ਕੇਂਦਰੀ ਮੰਤਰੀਆਂ ਦੇ ਵੀ ਨਾਂ ✪ ਮੋਦੀ ਦੀ ਜਾਂਚ ਹੋਵੇ, ਗ੍ਰਿਹ ਮੰਤਰੀ ਅਸਤੀਫ਼ਾ ਦੇਣ : ਕਾਂਗਰਸ ✪ ਉਮਰ ਖਾਲਿਦ, ਅਨਿਰਬਾਨ ਸਣੇ ਬੇਲਾ ਭਾਟੀਆ, ਸਰੋਜ ਗਿਰੀ, ਅਸ਼ੋਕ ਭਾਰਤੀ ਤੇ ਰੇਲਵੇ ਯੂਨੀਅਨ ਦੇ ਆਗੂ ਗੋਪਾਲ ਮਿਸ਼ਰਾ 'ਤੇ ਵੀ ਨਜ਼ਰ ਰੱਖਣ ਦਾ ਦਾਅਵਾ ✪ ਬੰਗਾਲ ਦੀਆਂ ਸਿਆਸੀ ਪਾਰਟੀਆਂ ਦੇ ਨਿਸ਼ਾਨੇ 'ਤੇ ਆਈ ਭਾਜਪਾ ✪ ਕਾਂਗਰਸ ਮੋਦੀ ਸਰਕਾਰ 'ਤੇ ਹਮਲਾਵਰ ਤਾਂ ਅਮਿਤ ਸ਼ਾਹ ਬੋਲੇ, 'ਕਰੋਨੋਲੋਜੀ ਸਮਝੋ'**

**ਲੰਡਨ/ਏ.ਟੀ.ਨਿਊਜ਼ :** ਬਰਤਾਨਵੀ ਅਖ਼ਬਾਰ ਗਾਰਡੀਅਨ ਵਿਚ ਛਪੀ ਰਿਪੋਰਟ ਅਨੁਸਾਰ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੂੰ ਇਜ਼ਰਾਈਲੀ ਸਪਾਈਵੇਅਰ ਕੰਪਨੀ ਵਲੋਂ ਫ਼ੋਨ ਹੈਕ ਕਰ ਕੇ ਦੋ ਵਾਰ ਸੰਭਾਵੀ ਜਾਸੂਸੀ ਲਈ ਨਿਸ਼ਾਨਾ ਬਣਾਇਆ ਗਿਆ। ਪੈਗਾਸਸ ਸਪਾਈਵੇਅਰ ਮਾਮਲੇ ਵਿਚ ਖੁਲਾਸਾ ਹੋਇਆ ਹੈ ਕਿ ਕਾਂਗਰਸ ਦੇ ਰਾਹੁਲ ਗਾਂਧੀ, ਚੋਣ ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਤੇ ਦੋ ਕੇਂਦਰੀ ਮੰਤਰੀਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਇਨਾਂ ਮੰਤਰੀਆਂ ਵਿਚ ਅਸ਼ਵਨੀ ਵੈਸ਼ਨਵ ਤੇ ਪ੍ਰਹਿਲਾਦ ਪਟੇਲ ਦਾ ਨਾਂ ਸਾਹਮਣੇ ਆਇਆ ਹੈ। ਦਿ ਵਾਇਰ ਦੀ ਰਿਪੋਰਟ ਅਨੁਸਾਰ ਲੀਕ ਹੋਏ ਡਾਟਾ ਵਿਚ 300 ਭਾਰਤੀ ਮੋਬਾਈਲ ਨੰਬਰ ਹਨ, ਜਿਨਾਂ ਵਿਚ 40 ਨੰਬਰ ਭਾਰਤੀ ਪੱਤਰਕਾਰਾਂ






ਦੇ ਹਨ, ਇਨਾਂ ਤੋਂ ਇਲਾਵਾ 3 ਵੱਡੇ ਵਿਰੋਧੀ ਧਿਰ ਦੇ ਨੇਤਾ, ਮੋਦੀ ਸਰਕਾਰ ਦੇ ਦੋ ਕੇਂਦਰੀ ਮੰਤਰੀ, ਇਕ ਮੌਜੂਦਾ ਜੱਜ, ਸੁਰੱਖਿਆ ਏਜੰਸੀਆਂ ਦੇ ਮੌਜੂਦਾ ਤੇ ਸਾਬਕਾ ਮੁਖੀ ਤੇ ਅਧਿਕਾਰੀ, ਕਾਰੋਬਾਰੀ ਸ਼ਾਮਿਲ ਹਨ। ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਸੀ ਕਿ ਇਨਾਂ ਨੰਬਰਾਂ ਨੂੰ 2019 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ 2018-19 ਦਰਮਿਆਨ ਨਿਸ਼ਾਨਾ ਬਣਾਇਆ ਗਿਆ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਦੇ ਭਤੀਜੇ ਅਭਿਸ਼ੇਕ ਬੈਨਰਜੀ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਇਸ ਸੂਚੀ ਵਿਚ ਸਭ ਤੋਂ ਹੈਰਾਨ ਕਰਨ ਵਾਲਾ ਨਾਂ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਦਾ ਹੈ, ਜਿਨਾਂ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਹਾਲ ਹੀ ਵਿਚ ਆਪਣੇ ਮੰਤਰੀ ਮੰਡਲ 'ਚ ਸ਼ਾਮਿਲ ਕੀਤਾ ਹੈ, ਇਨਾਂ ਨੂੰ 2018-19 ਵਿਚ ਨਿਸ਼ਾਨਾ ਬਣਾਇਆ ਗਿਆ, ਤਦ ਉਹ ਸੰਸਦ ਮੈਂਬਰ ਸਨ। ਇਜ਼ਰਾਇਲੀ ਸਪਾਈਵੇਅਰ ਪੈਗਾਸਸ ਦੀ ਮਦਦ ਨਾਲ ਜਿਨਾਂ ਭਾਰਤੀਆਂ ਦੀ ਜਾਸੂਸੀ ਕੀਤੀ ਗਈ, ਉਨਾਂ ਵਿੱਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਉਮਰ ਖਾਲਿਦ, ਅਨਿਰਬਾਨ ਭੱਟਾਚਾਰੀਆ, ਬੰਜਿਓਤਸਾਨਾ ਲਹਿਰੀ ਤੇ ਕਈ ਪ੍ਰਮੁੱਖ ਕਾਰਕੁਨਾਂ ਦੇ ਨਾਂ ਸ਼ਾਮਲ ਹਨ। ਉਮਰ ਖਾਲਿਦ ਅਤੇ ਅਨਿਰਬਨ ਭੱਟਾਚਾਰੀਆ ਜੇਐੱਨਯੂ ਦੇ ਸਾਬਕਾ ਵਿਦਿਆਰਥੀ ਹਨ। ਦੋਵੇਂ ਦੇਸ਼ਧ੍ਰੋਹ ਦੇ ਕੇਸ ਦਾ ਸਾਹਮਣਾ ਕਰ ਰਹੇ ਹਨ।

ਨਿਊਜ਼ ਪੋਰਟਲ 'ਵਾਇਰ' ਨੇ ਆਪਣੀ ਤੀਜੀ ਰਿਪੋਰਟ ਵਿੱਚ ਖੁਲਾਸਾ ਕੀਤਾ ਹੈ ਕਿ ਅੰਬੇਦਕਰਵਾਦੀ ਕਾਰਕੁਨ ਅਸ਼ੋਕ ਭਾਰਤੀ, ਨਕਸਲ ਪ੍ਰਭਾਵਿਤ ਖੇਤਰ ਵਿੱਚ ਕੰਮ ਕਰ ਰਹੀ ਬੇਲਾ ਭਾਟੀਆ, ਰੇਲਵੇ ਯੂਨੀਅਨ ਆਗੂ ਸ਼ਿਵ ਗੋਪਾਲ ਮਿਸ਼ਰਾ ਤੇ ਦਿੱਲੀ ਦੇ ਕਿਰਤ ਅਧਿਕਾਰ ਕਾਰਕੁਨ ਅੰਜਨੀ ਕੁਮਾਰ ਦੀ ਵੀ ਜਾਸੂਸੀ ਕੀਤੀ ਗਈ ਹੈ।

ਬਾਕੀ ਸਫ਼ਾ 30 'ਤੇ

## ਪੈਰਿਸ ਸਪਾਈਵੇਅਰ ਦੀ ਵਰਤੋਂ ਦੀ ਜਾਂਚ ਕਰ ਰਿਹੈ

### ਫਰਾਂਸੀਸੀ ਰਾਸ਼ਟਰਪਤੀ ਮੈਕਰੋਂ ਤੇ 15 ਮੈਂਬਰਾਂ ਦੇ ਫੋਨਾਂ ਦੀ ਜਾਸੂਸੀ ਦੀ ਖ਼ਦਸ਼ਾ

**ਪੈਰਿਸ /ਏ.ਟੀ.ਨਿਊਜ਼:** ਇਜ਼ਰਾਇਲ ਵੱਲੋਂ ਬਣਾਏ ਸਪਾਈਵੇਅਰ ਵੱਲੋਂ ਸਾਲ 2019 ਵਿੱਚ ਕਰਵਾਈ ਗਈ ਜਾਸੂਸੀ 'ਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਤੇ ਫਰਾਂਸ ਸਰਕਾਰ ਦੇ 15 ਮੈਂਬਰਾਂ ਦੇ ਸੈੱਲ ਫੋਨ ਸੰਭਾਵੀ ਨਿਸ਼ਾਨਾ ਰਹੇ ਹੋ ਸਕਦੇ ਹਨ। ਫਰਾਂਸ ਦੇ ਰੋਜ਼ਾਨਾ ਅਖਬਾਰ 'ਲੇ ਮੌਂਡ' ਦੀ ਰਿਪੋਰਟ ਮੁਤਾਬਕ ਰਾਸ਼ਟਰਪਤੀ ਮੈਕਰੋਂ ਤੇ ਤਤਕਾਲੀ ਸਰਕਾਰ ਦੇ ਮੈਂਬਰਾਂ ਦੇ ਨੰਬਰ ਸੰਭਾਵੀ ਜਾਸੂਸੀ ਲਈ ਐੱਨਐੱਸਓ ਕਲਾਇੰਟਾਂ ਵੱਲੋਂ ਕਥਿਤ ਤੌਰ 'ਤੇ ਚੁਣੇ ਗਏ ਨੰਬਰਾਂ ਵਿੱਚ ਸ਼ਾਮਲ ਸਨ। ਇਸ ਕੇਸ ਵਿੱਚ ਕਲਾਇੰਟ ਅਣਪਛਾਤੀ ਮੋਰੋਕੋਂ ਸੁਰੱਖਿਆ ਸੇਵਾ ਸੀ। ਦੂਜੇ ਪਾਸੇ, ਮੈਕਰੋਂ ਦੇ ਦਫ਼ਤਰ ਨੇ ਇਸ ਖਬਰ ਬਾਰੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਅਖ਼ਬਾਰ ਮੁਤਾਬਕ ਐੱਨਐੱਸਓ ਨੇ ਕਿਹਾ ਕਿ ਇਸਦੇ ਕਲਾਇੰਟਾਂ ਵੱਲੋਂ ਕਦੇ ਵੀ ਫਰਾਂਸਸੀ ਰਾਸ਼ਟਰਪਤੀ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ।

'ਦਿ ਪੈਰਿਸ ਪ੍ਰੌਸੀਕਿਊਟਰਜ਼ ਆਫਿਸ' ਪੱਤਰਕਾਰਾਂ, ਮਨੁੱਖੀ ਅਧਿਕਾਰ ਕਾਰਕੁਨਾਂ ਤੇ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਇਜ਼ਰਾਈਲ ਦੇ ਐੱਨਐੱਸਓ ਗਰੁੱਪ ਵੱਲੋਂ ਬਣਏਏ ਗਏ ਸਪਾਈਵੇਅਰ ਦੀ ਵੱਡੇ ਪੱਧਰ 'ਤੇ ਕੀਤੀ ਗਈ ਸ਼ੱਕੀ ਵਰਤੋਂ ਦੀ ਜਾਂਚ ਕਰ ਰਿਹਾ ਹੈ। ਸਪਾਈਵੇਅਰ ਇੱਕ ਸਾਫਟਵੇਅਰ ਹੈ ਜੋ ਕਿਸੇ ਦੇ ਕੰਪਿਊਟਰ 'ਚ ਦਾਖਲ ਹੁੰਦਾ ਹੈ ਅਤੇ ਉਸ ਦੀ ਵਰਤੋਂ ਬਾਰੇ ਸੂਚਨਾ ਇਕੱਠੀ ਕਰਕੇ ਕਿਸੇ ਤੀਜੀ ਧਿਰ ਨੂੰ ਭੇਜਦਾ ਹੈ। 'ਦਿ ਪੈਰਿਸ ਪ੍ਰੌਸੀਕਿਊਟਰਜ਼ ਆਫਿਸ' ਨੇ ਕਿਹਾ ਕਿ ਉਸ ਨੇ ਨਿੱਜਤਾ 'ਤੇ ਹਮਲੇ, ਅੰਕੜਿਆਂ ਦੀ ਗ਼ੈਰਕਾਨੂੰਨੀ ਵਰਤੋਂ ਤੇ ਗੈਰਕਾਨੂੰਨੀ ਢੰਗ ਨਾਲ ਸਪਾਈਵੇਅਰ ਵੇਚਣ ਦੇ ਸੰਭਾਵੀ ਦੋਸ਼ਾਂ ਦੀ ਜਾਂਚ ਸ਼ੁਰੂ ਕੀਤੀ ਹੈ। ਦੋ ਪੱਤਰਕਾਰਾਂ ਤੇ ਫਰਾਂਸੀਸੀ ਖੋਜੀ ਵੈੱਬਸਾਈਟ ਮੀਡੀਆਪਾਰਟ ਦੀ ਸ਼ਿਕਾਇਤ 'ਤੇ ਜਾਂਚ ਸ਼ੁਰੂ ਕੀਤੀ ਗਈ ਹੈ। ਇਸ ਹਫ਼ਤੇ ਪ੍ਰਕਾਸ਼ਿਤ ਆਲਮੀ ਮੀਡੀਆ ਸਮੂਹ ਦੀ ਇੱਕ ਜਾਂਚ ਰਿਪੋਰਟ 'ਚ ਪਾਇਆ ਗਿਆ ਕਿ 50 ਮੁਲਕਾਂ 'ਚ ਇੱਕ ਹਜ਼ਾਰ ਤੋਂ ਵੱਧ ਲੋਕਾਂ ਨੂੰ ਐੱਨਐੱਸਓ ਗਾਹਕਾਂ ਨੇ ਇਸ ਦੇ ਪੈਗਾਸਸ ਸਪਾਈਵੇਅਰ ਵੱਲੋਂ ਸੰਭਾਵੀ ਨਿਗਰਾਨੀ ਲਈ ਕਥਿਤ ਤੌਰ 'ਤੇ ਚੁਣਿਆ ਸੀ। ਉਨਾਂ 'ਚ ਫਰਾਂਸ ਦੇ ਪੱਤਰਕਾਰ ਤੇ ਨੇਤਾ ਵੀ ਸ਼ਾਮਲ ਸਨ। ਹਾਲਾਂਕਿ ਐੱਨਐੱਸਓ ਗਰੁੱਪ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਉਸ ਨੇ ਅਤੀਤ 'ਚ, ਮੌਜੂਦਾ ਸਮੇਂ ਜਾਂ ਭਵਿੱਖੀ ਟੀਚਿਆਂ ਦੀ ਕੋਈ ਸੂਚੀ ਰੱਖੀ ਹੈ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰਾਂ ਬਾਰੇ ਹਾਈ ਕਮਿਸ਼ਨਰ ਮਿਸ਼ੇਲ ਬੈਸ਼ਲੇ ਨੇ ਕਿਹਾ ਕਿ ਇਜ਼ਰਾਇਲੀ ਹੈਕਰਾਂ ਵੱਲੋਂ ਇੱਕ ਵਾਰ ਫਿਰ ਖੁੱਲੇਆਮ ਲਛਮਣ ਰੇਖਾ ਉਲੰਘੀ ਗਈ ਹੈ

# ਖੇਤੀ ਕਾਨੂੰਨਾਂ ਖਿਲਾਫ਼ ਜੁੜੀ ਕਿਸਾਨ ਸੰਸਦ

## ਖੇਤੀ ਕਾਨੂੰਨ ਰੱਦ ਕਰਵਾਏ ਬਿਨਾਂ ਦਿੱਲੀ ਦੇ ਬਾਰਡਰਾਂ ਤੋਂ ਆਪਣਾ ਅੰਦੋਲਨ ਖ਼ਤਮ ਨਹੀਂ ਕਰਾਂਗੇ : ਸੰਯੁਕਤ ਕਿਸਾਨ ਮੋਰਚਾ

**ਨਵੀਂ ਦਿੱਲੀ/ਏ.ਟੀ.ਨਿਊਜ਼:** ਕਿਸਾਨਾਂ ਨੇ ਇਥੇ ਜੰਤਰ-ਮੰਤਰ 'ਤੇ ਕਿਸਾਨ ਸੰਸਦ ਦਾ ਪ੍ਰਬੰਧ ਕਰਕੇ ਕੇਂਦਰੀ ਹਕੂਮਤ ਨੂੰ ਸੁਨੇਹਾ ਦਿੱਤਾ ਹੈ ਕਿ ਉਹ ਕਾਲੇ ਖੇਤੀ ਕਾਨੂੰਨ ਰੱਦ ਕਰਵਾਏ ਬਿਨਾਂ ਦਿੱਲੀ ਦੇ ਬਾਰਡਰਾਂ ਤੋਂ ਆਪਣਾ ਅੰਦੋਲਨ ਖ਼ਤਮ ਨਹੀਂ ਕਰਨਗੇ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਸੰਸਦ ਦੇ ਐਨ ਨਜ਼ਦੀਕ ਜੰਤਰ-ਮੰਤਰ 'ਤੇ ਕਿਸਾਨ ਸੰਸਦ ਦੌਰਾਨ ਕਿਸਾਨਾਂ ਨੇ ਕੇਂਦਰੀ ਮੰਤਰੀਆਂ ਦੇ ਕਾਨੂੰਨਾਂ ਬਾਰੇ ਖੋਖਲੇ ਦਾਅਵਿਆਂ ਨੂੰ ਨਕਾਰਿਆ। ਕਿਸਾਨ ਸੰਸਦ ਵਿਚ ਹਿੱਸਾ ਲੈਣ ਵਾਲੇ ਮੈਂਬਰਾਂ ਨੇ ਏਪੀਐੱਮਸੀ (ਮੰਡੀਆਂ) ਸਬੰਧੀ ਐਕਟ ਬਾਰੇ ਵਿਚਾਰ ਵਟਾਂਦਰੇ ਦੌਰਾਨ ਕਈ ਨੁਕਤੇ ਉਠਾਏ ਅਤੇ ਕਿਹਾ ਕਿ ਇਹ ਗ਼ੈਰ ਲੋਕਤੰਤਰੀ ਹੈ। ਕਿਸਾਨਾਂ ਨੇ ਇਸ ਕਾਲੇ ਕਾਨੂੰਨ ਬਾਰੇ ਦੱਸਿਆ ਕਿ ਉਹ ਇਸ ਨੂੰ ਪੂਰੀ ਤਰਾਂ ਨਾਲ ਰੱਦ ਕਰਨ ਦੀ ਕਿਉਂ ਮੰਗ ਕਰ ਰਹੇ ਹਨ। ਕੱਲ ਵੀ ਇਸੇ ਕਾਨੂੰਨ 'ਤੇ ਬਹਿਸ ਹੋਵੇਗੀ ਅਤੇ ਮਤਾ ਪਾਸ ਕੀਤਾ ਜਾਵੇਗਾ।



ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਜਦੋਂ 200 ਕਿਸਾਨ ਸਿੰਘੂ ਬਾਰਡਰ ਤੋਂ ਜੰਤਰ-ਮੰਤਰ ਲਈ ਰਵਾਨਾ ਹੋਏ ਤਾਂ ਰਸਤੇ ਵਿੱਚ ਪੁਲਿਸ ਨੇ ਉਨਾਂ ਨੂੰ ਸ਼ਨਾਖਤ ਕਰਨ ਦੇ ਨਾਮ ਹੇਠ ਰੋਕ ਲਿਆ। ਕਿਸਾਨ ਆਗੂਆਂ ਰਾਕੇਸ਼ ਟਿਕੈਤ, ਬਲਬੀਰ ਸਿੰਘ ਰਾਜੇਵਾਲ, ਯੋਗੇਂਦਰ ਯਾਦਵ ਅਤੇ ਹੋਰਾਂ ਵੱਲੋਂ ਵਿਰੋਧ ਕੀਤੇ ਜਾਣ 'ਤੇ ਉਨਾਂ ਦਾ ਕਾਫ਼ਲਾ ਭਾਰੀ ਸੁਰੱਖਿਆ ਹੇਠ ਪਾਰਲੀਮੈਂਟ ਸਟਰੀਟ ਪਹੁੰਚਿਆ ਤੇ ਜੰਤਰ-ਮੰਤਰ 'ਤੇ ਕਿਸਾਨ ਸੰਸਦ ਆਰੰਭ ਕੀਤੀ। ਜੰਤਰ-ਮੰਤਰ 'ਤੇ ਬਹੁ-ਪਰਤੀ ਸੁਰੱਖਿਆ ਦਾ ਪ੍ਰਬੰਧ ਕੀਤਾ ਗਿਆ ਸੀ। ਕਿਸਾਨ ਸੰਸਦ ਚਲਾਉਣ ਲਈ 6 ਮੈਂਬਰੀ ਸੰਚਾਲਨ ਕਮੇਟੀ ਬਣਾਈ ਗਈ ਜਿਸ ਵਿੱਚ ਰਾਮਿੰਦਰ ਸਿੰਘ ਪਟਿਆਲਾ, ਮਨਜੀਤ ਸਿੰਘ ਰਾਏ, ਹਰਮੀਤ ਸਿੰਘ ਕਾਦੀਆਂ, ਹਨਨ ਮੌਲਾ, ਯੋਗੇਂਦਰ ਯਾਦਵ ਅਤੇ ਸ਼ਿਵ ਕੱਕਾ ਸ਼ਾਮਲ ਸਨ। ਪਹਿਲੇ ਦਿਨ ਦੀ ਕਿਸਾਨ ਸੰਸਦ ਤਿੰਨ ਸੈਸ਼ਨਾਂ ਵਿੱਚ ਚਲਾਈ ਗਈ। ਪਹਿਲੇ ਸੈਸ਼ਨ 'ਚ ਸਪੀਕਰ ਮੌਲਾ ਅਤੇ

ਬਾਕੀ ਸਫ਼ਾ 11 'ਤੇ

# ਨਵਜੋਤ ਸਿੰਘ ਸਿੱਧੂ ਦੀ ਤਾਜਪੋਸ਼ੀ, ਪੰਜਾਬੀਆਂ ਲਈ ਆਸ ਦੀ ਕਿਰਨ ਜਾਂ ਫਿਰ ਹਨ੍ਹੇਰਾ

**ਚੰਡੀਗੜ੍ਹ/ਏ.ਟੀ.ਨਿਊਜ਼:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ ਅਤੇ ਪਾਰਟੀ ਦੇ ਸੂਬਾ ਜਨਰਲ ਸਕੱਤਰ ਇੰਚਾਰਜ ਹਰੀਸ਼ ਰਾਵਤ ਨਵੀਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਸਥਾਪਨਾ ਦੌਰਾਨ ਇੱਕ ਮੰਚ ਸਾਂਝਾ ਕੀਤਾ ।ਇਸ



ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਨਵਜੋਤ ਸਿੰਘ ਸਿੱਧੂ ਅਤੇ ਚਾਰੇ ਕਾਰਜਕਾਰੀ ਪ੍ਰਧਾਨਾਂ ਨੂੰ ਮੁਬਾਰਕਬਾਦ ਦਿੱਤੀ । ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਗਲੀਆਂ ਚੋਣਾਂ ਵਿੱਚ ਨਾ ਤਾਂ ਬਾਦਲ ਦਿਸਣਗੇ ਅਤੇ ਨਾ ਹੀ ਮਜੀਠੀਆ ਨਜ਼ਰ ਆਉਣਗੇ ਕਿਉਂਕਿ ਹੁਣ ਮੈਂ ਤੇ ਨਵਜੋਤ ਸਿੰਘ ਸਿੱਧੂ ਹੀ ਪੰਜਾਬ ਦੀ ਵਾਗਡੋਰ ਸੰਭਾਲਣਗੇ ।ਕੈਪਟਨ ਅਮਰਿੰਦਰ ਨੇ ਇਹ ਵੀ ਕਿਹਾ ਕਿ ਨਵਜੋਤ ਸਿੰਘ ਸਿੱਧੂ ਦੇ ਪਿਤਾ ਹੀ ਉਨ੍ਹਾਂ ਨੂੰ ਸਿਆਸਤ ਵਿੱਚ ਲੈ ਕੇ ਆਏ ਸਨ । ਇਸ ਲਈ ਹੁਣ ਅਸੀਂ ਪੰਜਾਬ ਵਿੱਚ ਹੀ ਨਹੀਂ ਦੇਸ਼ ਦੀ ਸਿਆਸਤ ਵਿੱਚ ਵੀ ਇਕੱਠੇ ਚੱਲਾਂਗੇ । ਇਸ ਮੌਕੇ ਨਵਜੋਤ ਸਿੰਘ ਸਿੱਧੂ ਨੇ ਪ੍ਰਧਾਨਗੀ ਦੀ ਕੁਰਸੀ ਨੂੰ ਸੰਭਾਲਦੇ ਹੋਏ ਕਾਂਗਰਸੀ ਵਰਕਰਾਂ ਦਾ ਧੰਨਵਾਦ ਕੀਤਾ । ਇਸ ਮੌਕੇ ਨਵਜੋਤ ਸਿੰਘ ਸਿੱਧੂ ਨੇ ਚੱਲ ਰਹੀ ਕਿਸਾਨੀ ਸੰਘਰਸ਼ ਤੇ ਬੋਲਦਿਆਂ ਕਿਹਾ ਕਿ ਕਿਸਾਨਾਂ ਦਾ ਸੰਘਰਸ਼ ਪਵਿੱਤਰ ਹੈ, ਕਿਉਂ ਕਿ ਉਹ ਕੇਵਲ ਤੇ ਕੇਵਲ ਆਪਣੇ ਲਈ ਨਹੀਂ ਲੜ ਰਹੇ ਸਗੋਂ ਉਹ ਹਰ ਇਕ ਇਨਸਾਨ ਦੇ ਲਈ ਲੜ ਰਹੇ ਨੇ ਜੋ ਆਪਣਾ ਢਿੱਡ ਭਰਨ ਦੇ ਲਈ ਰੋਟੀ ਖਾਂਦੇ ਹਨ । ਇਸ ਅੰਦੋਲਨ ਤੋਂ ਸਾਨੂੰ ਸਭ ਨੂੰ ਸੇਧ ਲੈਣੀ ਚਾਹੀਦੀ ਹੈ ਕਿਉਂਕਿ ਤਿੰਨ ਲੱਖ ਕਰੋੜ ਦਾ ਕਰਜ਼ਾ ਸਰਕਾਰ ਉੱਤੇ ਨਹੀਂ ਇਹ ਪੂਰੇ ਪੰਜਾਬ ਉੱਤੇ ਹੈ ।ਕਿਸਾਨੀ ਪੱਖੀ ਗੱਲ ਕਰਦੇ ਹੋਏ ਨਵਜੋਤ ਸਿੰਘ ਸਿੱਧੂ ਨੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਮਿਲਣ ਦਾ ਸੱਦਾ ਦਿੱਤਾ ਹੈ । ਨਵਜੋਤ ਸਿੰਘ ਸਿੱਧੂ ਨੇ ਖੁਦ ਇਸ ਗੱਲ ਨੂੰ ਬਿਆਨ ਕੀਤਾ ਹੈ ਕਿ ਉਹ ਕਿਸਾਨਾਂ ਨੂੰ ਮਿਲਣਾ ਚਾਹੁੰਦੇ ਹਨ । ਇਸ ਦੇ ਨਾਲ ਹੀ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਦੇ ਮਸਲਿਆਂ ਉੱਤੇ ਗੱਲ ਕਰਦੇ ਕਿਹਾ

ਬਾਕੀ ਸਫ਼ਾ 31 'ਤੇ

TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

TA PETRO TA EXPRESS AMBEST Love's Roady's

## FUEL CARDS
NO CREDIT - NO PROBLEM
BEST CUSTOMER SERVICE

QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

ROAD SQUAD connect

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE
MORE BAYS. EXPERTISE. SOLUTIONS.

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035

# ਅਕ੍ਰਿਤਘਣ ਕੌਣ ਤੇ ਕਿਉਂ ? ਕਿਸ਼ਤ 7

**ਫਰੀਮਾਂਟ/ਏ.ਟੀ.ਨਿਊਜ਼:** ਗੁਰਬਾਣੀ ਵਿੱਚ ਅਕ੍ਰਿਤਘਣ ਮਨੁੱਖ ਬਾਰੇ ਬਹੁਤ ਸ਼ਬਦ ਹਨ ਅਤੇ ਸਿੱਖ ਇਸ ਲੱਛਣ ਨੂੰ ਲਾਹਣਤ ਸਮਝਦੇ ਹਨ। ਇਹ ਲੱਛਣ ਜ਼ਿਆਦਾਤਰ ਲਾਲਚੀ ਤੇ ਨਲਾਇਕ ਕਿਸਮ ਦੇ ਲੋਕਾਂ ਵਿੱਚ ਪਾਇਆ ਜਾਂਦਾ ਹੈ। ਇਹਨਾਂ ਵਿੱਚ ਆਪ ਕੁੱਝ ਪ੍ਰਾਪਤ ਕਰਣ ਦੀ ਯੋਗਤਾ ਨਹੀਂ ਹੁੰਦੀ ਅਤੇ ਇਹ ਜਿਸ ਪੌੜੀ ਨਾਲ ਕੋਠੇ ਚੜ੍ਹਦੇ ਹਨ ਉਸਨੂੰ ਹੀ ਛੱਤ ਤੇ ਚੜ੍ਹਕੇ ਪਰ੍ਹਾਂ ਸੁੱਟ ਦਿੰਦੇ ਹਨ। ਕਿਉਂ ਕਿ ਇਹ ਏਨੇ ਨਲਾਇਕ ਹੁੰਦੇ ਹਨ ਕਿ ਇਹਨਾਂ ਨੂੰ ਸਮਝ ਨਹੀਂ ਹੁੰਦੀ ਕਿ ਜੇ ਵਾਪਸ ਹੇਠਾਂ ਉਤਰਨਾ ਪੈ ਜਾਏ ਤਾਂ ਕਿਵੇਂ ਉਤਰਨਾ ਹੈ ਪਰ ਜਦੋਂ ਇਹਨਾਂ ਨੂੰ ਬਿਨਾਂ ਪੌੜੀ ਤੋਂ ਹੇਠਾਂ ਛਾਲ ਮਾਰਨੀ ਪੈਂਦੀ ਹੈ ਤਾਂ ਆਪਦੇ ਗੋਡੇ ਗਿੱਟੇ ਤੁੜਾ ਕੇ ਘਰ ਬੈਠਦੇ ਹਨ। . ਇਸਤਰਾਂ ਦੇ ਲੱਛਣ ਸਿੱਖ ਸੰਗਤ ਬੇਏਰੀਆ ਵਿੱਚ ਤਕਰੀਬਨ ਸੱਭ ਦੇ ਹਨ ਪਰ ਕੁਲਜੀਤ ਸਿੰਘ, ਹਰਮਿੰਦਰ ਸਿੰਘ ਤੇ ਹਰਜੀਤ ਸਿੰਘ ਤਾਂ ਇਸਦੀ ਮਿਸਾਲ ਬਣ ਗਏ ਹਨ।

ਸਿੱਖ ਅਤੇ ਗੁਰੂ ਵਿਚਾਲੇ ਕੋਈ ਨਹੀਂ। ਗੁਰੂ ਨਾਲ ਕਰਾਰ ਤੋਂ ਮੁੱਕਰਨਾ ਦੁਨੀਆਂ ਦੀ ਸੱਭ ਤੋਂ ਵੱਡੀ ਲਾਹਣਤ ਹੈ ਜੋ ਇਹਨਾਂ ਵਿੱਚੋਂ ਬਹੁਤਿਆਂ ਨੇ ਕੀਤੀ ਹੈ। ਇਸਦਾ ਬਹੁਤ ਵਾਰੀ ਜ਼ਿਕਰ ਪਹਿਲਾਂ ਵੀ ਹੋਇਆ ਹੈ। ਸਿੱਖ ਪੰਚਾਇਤ ਦਾ ਮੁੱਢ ਹੀ ਗੁਰੂ ਸਾਹਮਣੇ ਅਰਦਾਸ ਤੇ ਹੁਕਮਨਾਮਾ ਲੈ ਕੇ ਇੱਕ ਦੂਜੇ ਨਾਲ ਕਰਾਰ ਤੋਂ ਬੱਝਿਆ ਹੈ। ਹੁਣ ਤੱਕ ਇੱਕ ਵੀ ਅਜਿਹੀ ਗੱਲ ਨਹੀਂ ਵਾਪਰੀ ਜਿੱਥੇ ਗੁਰੂ ਨੇ ਪੰਚਾਇਤ ਦੀ ਪਿੱਠ ਲੱਗਣ ਦਿੱਤੀ ਹੋਵੇ ਕਿਉਂ ਕਿ ਪੰਚਾਇਤ ਵਾਲੇ ਆਪਣੇ ਕਰਾਰ ਤੋਂ ਹਿੱਲੇ ਨਹੀਂ। ਜਿਹਨਾਂ ਨੇ ਗੁਰੂ ਸਾਹਮਣੇ ਕੀਤੇ ਕਰਾਰ ਤੋਂ ਪਿੱਠ ਕੀਤੀ ਉਹਨਾਂ ਦੀ ਹਰ ਚਾਲ ਅਸਫਲ ਹੋਈ। ਗਲਤੀ ਹਰੇਕ ਤੋਂ ਹੁੰਦੀ ਹੈ, ਗਲਤੀ ਕਰਕੇ ਪਹਿਲਾਂ ਆਪ ਅੰਦਰੋਂ ਮਹਿਸੂਸ ਕਰਨੀ ਤੇ ਫੇਰ ਉਸਦੀ ਮੁਆਫੀ ਮੰਨਣੀ ਵੀ ਕਮਜ਼ੋਰ ਦੇ ਹਿੱਸੇ ਨਹੀਂ ਆਉਂਦੀ। ਇਹ ਲੋਕ ਪੰਚਾਇਤ ਆਪ ਛੱਡ ਕੇ ਗਏ ਤੇ ਗੁਰਮੀਤ ਸਿੰਘ ਤੋਂ ਲੈ ਕੇ ਨਲਾਇਕ ਹਰਮਿੰਦਰ ਤੇ ਕੁਲਜੀਤ ਦਾ ਇੱਕੋ ਅਖਾਣ ਸੀ ਕਿ ਪੰਚਾਇਤ ਹੀ ਨਹੀਂ ਰਹੀ ਤਾਂ ਕੀਤਾ ਕਰਾਰ ਵੀ ਨਹੀਂ ਰਿਹਾ। ਭਲਿਉ ਲੋਕੋ, ਪਹਿਲਾਂ ਤਾਂ ਪੰਚਾਇਤ ਅੱਜ ਵੀ ਬਰਕਰਾਰ ਹੈ ਤੇ ਦੂਜਾ ਕਰਾਰ ਤਾਂ ਗੁਰੂ ਨਾਲ ਹੈ ਕਿਸੇ ਬੰਦੇ ਨਾਲ ਨਹੀਂ। ਜੇ ਕਿਸੇ ਨੂੰ ਗੁਰੂ ਦਾ ਭੈਅ ਹੈ ਉਹ ਘਰ ਬੈਠ ਜਾਊ ਪਰ ਇਹਨਾਂ ਵਾਂਗ ਝੂਠ, ਬਦਤਮੀਜ਼ੀ ਅਤੇ ਕਮੀਨਗੀ ਤੇ ਨਹੀਂ ਉਤਰੇਗਾ।

ਸਿੱਖ ਪੰਚਾਇਤ ਦੁਆਰਾ ਸੁਪਰੀਮ ਕੌਂਸਲ ਵਿੱਚ ਆਉਣ ਦੀ ਪਹਿਲੀ ਸ਼ਰਤ ਗੁਰੂ ਸਾਹਮਣੇ ਆਪ ਗਲ ਵਿੱਚ ਪੱਲਾ ਪਾ ਕੇ ਇਹ ਕਰਾਰ ਕਰਨਾ ਹੈ ਕਿ ਮੈਂ ਸਿੱਖ ਪੰਚਾਇਤ ਵੱਲੋਂ ਬਣਾਏ ਸਹਿਮਤੀ ਕਿਤਾਬਚੇ (**MoU**) ਦੇ ਹਿਸਾਬ ਨਾਲ ਚੱਲਾਂਗਾ / ਚੱਲੂੰਗੀ ਅਤੇ ਜੇ ਮੇਰੀ ਪੰਜ ਸਿੰਘਾਂ ਵਿੱਚ ਚੋਣ ਨਾਂ ਹੋਈ ਤਾਂ ਸਿੱਖ ਪੰਚਾਇਤ ਦੇ ਉਮੀਦਵਾਰਾਂ ਵਿਰੁੱਧ ਚੋਣ ਨਹੀਂ ਲੜਾਂਗਾ। ਧਾਰਮਿਕ ਤੌਰ ਤੇ ਇਸ ਗੁਰਦੁਆਰਾ ਸਾਹਿਬ ਨੂੰ ਵਿਵਾਦਾਂ ਤੋਂ ਬਚਾਉਣ ਲਈ ਕਈ ਮਹੀਨਿਆਂ ਦੇ ਵਿਚਾਰ ਵਿਚਾਂਦਰੇ ਤੋਂ ਬਾਅਦ ਜਿਸ ਕਿਤਾਬਚੇ ਉੱਤੇ ਸ਼ਾਮਿਲ ਧਿਰਾਂ ਨੇ ਦਸਤਖ਼ਤ ਕੀਤੇ ( ਨੱਥੀ ਦੇਖੋ) ਉਸ ਵਿੱਚ ਗੁਰਦੁਆਰਾ ਸਾਹਿਬ ਚੱਲ ਰਹੀ ਮਰਿਯਾਦਾ, ਕੈਲੰਡਰ ਅਤੇ ਹੋਰ ਪ੍ਰਚਲਿਤ ਪਰੰਪਰਾਵਾਂ ਵਿੱਚ ਕੋਈ ਰੱਦੋ-ਬਦਲ ਨਹੀਂ ਹੋਵੇਗੀ। ਇਸ ਡਾਕੂਮੈਂਟ ਦੀਆਂ ਸ਼ਰਤਾਂ ਤੇ ਦਸਤਖ਼ਤ ਕਰਨ ਵਾਲ਼ਿਆਂ ਦੇ ਧਿਆਨ ਨਾਲ ਨਾਮ ਪੜੋ ਤਾਂ ਕਾਫ਼ੀ ਗੱਲ ਸ਼ਪੱਸ਼ਟ ਹੋ ਜਾਂਦੀ ਹੈ।

ਇਹ ਉਹ ਲੋਕ ਹਨ ਜਿਹੜੇ ਇਹ ਕਰਾਰ ਕਰਕੇ ਸਿੱਖ ਪੰਚਾਇਤ ਦੀ ਪੌੜੀ ਚੜ੍ਹੇ ਅਤੇ ਚੜ੍ਹੇ ਵੀ ਆਪਣਿਆਂ ਦੀ ਬਦੌਲਤ। ਇਹਨਾਂ ਦਾ ਚਿਹਰਾ ਮੋਹਰਾ ਦੇਖ ਕੇ ਤੇ ਕਈ ਸਾਲਾਂ ਦੀ ਸਾਂਝ ਕਰਕੇ ਆਪਣਿਆਂ ਨੇ ਕਿਹਾ ਕਿ ਚੱਲ ਤੂੰ ਪੌੜੀ ਚੜ੍ਹ ਜਾ ਆਪਾਂ ਕੰਮ ਇਕੱਠੇ ਕਰਾਂਗੇ। ਸੱਭ ਤੋਂ ਪਹਿਲਾਂ ਇਹਨਾਂ ਨੇ ਗੁਰੂ ਸਾਹਮਣੇ ਕੀਤਾ ਕਰਾਰ ਤੋੜਿਆ ਤੇ ਫੇਰ ਏਸ ਕਿਤਾਬਚੇ ਵਿੱਚ ਲਿਖੀਆਂ ਸ਼ਰਤਾਂ ਤੋੜ ਕੇ; ਪੰਜ ਪਿਆਰਿਆਂ ਦੇ ਸਿਧਾਂਤ ਵੱਲ ਪਿੱਠ ਕਰਕੇ, ਸਿੱਖ ਪੰਚਾਇਤ ਨੂੰ ਤੋੜਣ ਦੀ ਕੋਸ਼ਿਸ਼ ਕਰਕੇ, ਪੰਚਾਇਤ ਵਿਰੁੱਧ ਚੋਣ ਲੜ੍ਹਕੇ, ਹਿੰਦੂ ਬਿਕਰਮੀ ਕੈਲੰਡਰ ਵੰਡਕੇ, ਖਾਲਿਸਤਾਨ ਵਿਰੋਧੀਆਂ ਨਾਲ ਭਾਈਵਾਲੀ ਪਾ ਕੇ ਅਤੇ ਆਪਣਿਆਂ ਦੀ ਪਿੱਠ ਵਿੱਚ ਵਾਰ ਕਰਕੇ। ਅੰਗਰੇਜ਼ੀ ਦੀ ਇੱਕ ਕਹਾਵਤ ਹੈ ਕਿ ਤੁਹਾਡੀ ਪਿੱਠ ਵਿੱਚ ਉਸ ਵੇਲੇ ਹੀ ਵਾਰ ਹੋਵੇਗਾ ਜਦੋਂ ਤੁਹਾਡਾ ਵਿਸ਼ਵਾਸਪਾਤਰ ਅਕ੍ਰਿਤਘਣ ਬਣੇਗਾ ਤੇ ਜਦੋਂ ਤੁਸੀਂ ਉਸ ਵੱਲ ਮੂੰਹ ਕਰ ਲਿਆ ਤਾਂ ਉਹ ਇਖਲਾਕੀ ਤੌਰ ਤੇ ਮਰ ਜਾਏਗਾ ਅਤੇ ਦੁਬਾਰਾ ਵਾਰ ਕਰਣ ਦੀ ਹਿੰਮਤ ਨਹੀਂ ਕਰੇਗਾ ਅਤੇ ਤੁਸੀਂ ਉਸਨੂੰ ਮੌਕਾ ਵੀ ਨਹੀਂ ਦਉਗੇ।

ਗੁਰੂ ਤੋਂ ਮੁਨਕਰ ਹੋਏ ਮਨੁੱਖ ਵਿੱਚ ਇੱਕ ਅਜਿਹਾ ਦੋਸ਼ੀ ਹੋਣ ਦੀ ਭਾਵਨਾ ਬਣ ਜਾਂਦੀ ਹੈ ਜਿਸਦਾ ਉਸਨੂੰ ਅਹਿਸਾਸ ਨਹੀਂ ਹੁੰਦਾ। ਉਹ ਭਾਵਨਾ ਅਧੀਨ ਉਹ ਹਰੇਕ ਦੋਸ਼ ਦੀ ਵਿਆਖਿਆ ਘੜ ਲੈਂਦਾ ਹੈ। ਉਸ ਨਿਘਾਰ ਕਾਰਣ ਹੀ ਅਜਿਹੀ ਬਿਰਤੀ ਵਾਲੇ ਸੰਘਰਸ਼ ਵਿੱਚ ਟਾਊਟ ਅਤੇ ਪੰਥ ਵਿਰੋਧੀ ਲੋਕਾਂ ਨਾਲ ਭਾਈਵਾਲੀ ਪਾਉਂਦੇ ਹਨ। ਉਹ ਆਪਣਾ ਸਾਰਾ ਜ਼ੋਰ ਜ਼ਿੰਦਗੀ ਦਾ ਹਰ ਅਸੂਲ ਭੁੱਲ ਕੇ ਵਿਰੋਧੀ ਨੂੰ ਢਾਉਣ ਵਿੱਚ ਲਾ ਦਿੰਦੇ ਹਨ। ਉਹ ਵਿਰੋਧੀ ਦੇ ਹਰ ਦੁਸ਼ਮਣ ਨਾਲ ਬਿਨਾਂ ਸ਼ਰਤ ਭਾਈਵਾਲੀ ਪਾਉਂਦੇ ਹਨ ਜਿਸਨੂੰ ਅਪਵਿੱਤਰ ਗੱਠਜੋੜ (ਨਹੋਲੇ ਅਲਲਿਓਨਚਏ) ਕਿਹਾ ਜਾਂਦਾ ਹੈ। ਸਿੱਖ ਸੰਗਤ ਬੇਏਰੀਆ ਇਸਦੀ ਜਾਗਦੀ ਤਸਵੀਰ ਹੈ, ਇਸ ਅਪਵਿੱਤਰ ਗੱਠਜੋੜ ਵਿੱਚ ਵਿਰੋਧੀ ਮਰਿਯਾਦਾ ਮੰਨਣ ਵਾਲੇ, ਕਾਂਗਰਸੀ, ਸਿੰਘਾਂ ਨੂੰ ਸ਼ਹੀਦ ਕਰਨ ਵਾਲੇ, ਭਾਰਤੀ ਕੌਂਸਲੇਟ ਨਾਲ ਯਾਰੀ ਰੱਖਣ ਵਾਲੇ ਅਤੇ ਖਾਲਸਾ ਰਾਜ ਦੇ ਵਿਰੋਧੀ ਸ਼ਾਮਿਲ ਹੋਏ। ਪਰ ਸੰਗਤ ਹਮੇਸ਼ਾਂ ਗੁਰੂ ਦੇ ਥਾਪੜੇ ਨਾਲ ਅਜਿਹੇ ਗੱਠਜੋੜ ਨੂੰ ਨਕਾਰਦੀ ਰਹੀ ਹੈ ਅਤੇ ਉਹੀ ਗੁਰਦੁਆਰਾ ਸਾਹਿਬ ਫਰੀਮਾਂਟ ਵਾਪਰਿਆ ਹੈ।

*ਹੇਠਾਂ ਕੁੱਝ ਮੂੰਹ ਬੋਲਦੀਆਂ ਤਸਵੀਰਾਂ ਹਨ ਜਿਹਨਾਂ ਨੂੰ ਦੇਖਕੇ ਇਹ ਸਮਝਣਾ ਔਖਾ ਨਹੀਂ ਕਿ ਅਕ੍ਰਿਤਘਣ ਕੌਣ ਅਤੇ ਇਹਨਾਂ ਦੀ ਤਸੀਰ ਕੀ ਹੈ।*





Resolution on Controversial Issues

Supreme Council and Executive Committee shall resolve any new controversial issue with the consent of Sikh Panchyat and shall follow the following current practices.

**Religious Issues**

In order to maintain harmony and cohesion, the following Maryada that is being practiced for the past few decades at Gurdwara Sahib Fremont must be maintained:

1. Calendar; as being practiced for the past few years, Gurpurabs at Gurdwara Sahib Fremont shall be celebrated as per Nanak Shahi calendar (Purewal version).
2. There shall be no chairs or benches in Darbar Hall or in Langer Hall. However a need base arrangement can be made as it has been in the past.
3. Nitnem; As being practiced in Gurdwara Sahib since 1984, the five morning baanies, Rehras Sahib (as written in Bhai Veer Singh Ji's ਪੰਜ ਗ੍ਰੰਥੀ or in Damdami Taksal Gutkas) shall be recited daily in Darbar Hall.
4. Sri Dasam Granth Baanies are integral part of Sikh Nitnem, Katha and Kirtan.
5. All Akhand Paths or Sahaj Paths shall conclude by reading Raag Maala.
6. Mool Manter; some Gursikhs believe mool manter is from ੧ੴ to ਨਾਨਕ ਹੋਸੀ ਭੀ ਸਚੁ, while others believe it concludes at ਗੁਰਪ੍ਰਸਾਦਿ. Speakers may recite the version they like, but must refrain from justifying their version or speaking against the other version.

Every speaker / Katha wachak should be made aware of these guidelines. Recognizing the differences in opinions in Sangat, speakers must avoid any discussion from Gurdwara Stage on above topics.

**Political Issues**

1. Gurdwara Sahib Fremont is dedicated to Shaheeds who gave their life for a sovereign Sikh homeland. All future managements shall take steps to keep that spirit alive.
2. Although everyone is welcome as part of Sangat, the members of Indian Consulate are not allowed to speak from Gurdwara Sahib Stage.
3. Anyone who is excommunicated from Sikh Panth by Akal Takhat Sahib is not allowed to perform at or speak from Gurdwara Sahib Stage.












# ਅਦਾਲਤ ਵੱਲੋਂ ਪ੍ਰਵਾਸੀ ਬੱਚਿਆਂ ਦੀ ਤਰਫਦਾਰੀ ਕਰਨ ਵਾਲਾ ਓਬਾਮਾ ਪ੍ਰਸ਼ਾਸਨ ਦਾ ਪ੍ਰੋਗਰਾਮ ਗੈਰ ਕਾਨੂੰਨੀ ਕਰਾਰ

## ਨਵੀਆਂ ਅਰਜੀਆਂ ਲੈਣ ਉਪਰ ਲਾਈ ਰੋਕ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਹੋਸਟਨ ਦੀ ਇਕ ਸੰਘੀ ਅਦਾਲਤ ਨੇ ਇਕ ਅਹਿਮ ਨਿਰਨੇ ਵਿਚ ਬਿਨਾਂ ਦਸਤਾਵੇਜ ਵਾਲੇ ਪ੍ਰਵਾਸੀ ਜੋ ਅਮਰੀਕਾ ਵਿਚ ਬੱਚਿਆਂ ਦੇ ਰੂਪ ਵਿੱਚ ਆਏ ਸਨ, ਦੀ ਤਰਫਦਾਰੀ ਕਰਨ ਵਾਲਾ ਓਬਾਮਾ ਪ੍ਰਸ਼ਾਸਨ ਦਾ ਪ੍ਰੋਗਰਾਮ ਗੈਰ ਕਾਨੂੰਨੀ ਕਰਾਰ ਦੇ ਦਿੱਤਾ ਹੈ ਤੇ ਇਸ ਪ੍ਰੋਗਰਾਮ ਤਹਿਤ ਨਵੀਆਂ ਦਰਖਾਸਤਾਂ ਲੈਣ ਉਪਰ ਰੋਕ ਲਾ ਦਿੱਤੀ ਹੈ। ਇਹ ਨਿਰਨਾ ਯੂ ਐਸ ਡਿਸਟ੍ਰਿਕਟ ਜੱਜ ਐਂਡਰੀਊ ਹੇਨਨ ਨੇ ਟੈਕਸਸ ਤੇ ਹੋਰ ਰਾਜਾਂ ਵੱਲੋਂ ਓਬਾਮਾ ਪ੍ਰਸ਼ਾਸਨ ਦੇ 'ਡੈਫਰਡ ਐਕਸ਼ਨ ਫਾਰ ਚਾਈਲਡਹੁੱਡ ਅਰਾਈਵਲਜ਼ ਪ੍ਰੋਗਰਾਮ' (ਡੀ ਏ ਸੀ ਏ) ਨੂੰ ਚੁਣੌਤੀ ਦੇਣ ਸਬੰਧੀ 20 18 ਵਿਚ ਦਾਇਰ ਪਟੀਸ਼ਨ ਉਪਰ ਸੁਣਵਾਈ ਉਪਰੰਤ ਸੁਣਾਇਆ। ਪਟੀਸ਼ਨ ਵਿਚ ਬੇਨਤੀ ਕੀਤੀ ਗਈ ਸੀ ਕਿ ਇਸ ਪ੍ਰੋਗਰਾਮ ਨਾਲ ਸੰਵਿਧਾਨ ਦੀ ਉਲੰਘਣਾ ਹੋਈ ਹੈ ਤੇ ਕਾਂਗਰਸ ਅਤੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ। ਸੰਘੀ ਅਦਾਲਤ ਦਾ ਇਹ ਨਿਰਨਾ 2017 ਵਿਚ ਸੁਪਰੀਮ ਕੋਰਟ ਵੱਲੋਂ ਦਿੱਤੇ ਗਏ ਉਸ ਨਿਰਨੇ ਦੇ ਉਲਟ ਹੈ ਜਿਸ ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਡੀ ਏ ਸੀ ਏ ਪ੍ਰੋਗਰਾਮ ਖਤਮ ਕਰਨ ਦੀ ਕੋਸ਼ਿਸ਼ ਗੈਰਕਾਨੂੰਨੀ ਹੈ। ਇਸ ਤੋਂ ਪਹਿਲਾਂ ਇਸੇ ਸਾਲ ਨਿਊਯਾਰਕ ਦੀ ਇਕ ਸੰਘੀ ਅਦਾਲਤ ਨੇ ਟਰੰਪ ਪ੍ਰਸ਼ਾਸਨ ਨੂੰ ਆਦੇਸ਼ ਦਿੱਤਾ ਸੀ ਕਿ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਲਿਆਂਦਾ ਪ੍ਰੋਗਰਾਮ ਬਹਾਲ ਕੀਤਾ ਜਾਵੇ। ਡੀ ਏ ਸੀ ਏ ਪ੍ਰੋਗਰਾਮ ਤਤਕਾਲ ਰਾਸ਼ਟਰਪਤੀ ਬਰਾਕ ਓਬਾਮਾ ਨੇ ਜੂਨ 2012 ਵਿਚ ਲਿਆਂਦਾ ਸੀ ਜਿਸ ਤਹਿਤ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਆਏ ਬੱਚਿਆਂ ਨੂੰ ਦੇਸ਼ ਨਿਕਾਲਾ ਦੇਣ ਉਪਰ ਰੋਕ ਲਾ ਦਿੱਤੀ ਸੀ ਤੇ ਇਨਾਂ ਬੱਚਿਆਂ ਨੂੰ ਕੰਮ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਇਸ ਪ੍ਰੋਗਰਾਮ ਤਹਿਤ ਜਿਹੜੇ ਬੱਚੇ ਬਿਨਾਂ ਦਸਤਾਵੇਜ 16 ਸਾਲ ਤੋਂ ਘੱਟ ਉਮਰ ਵਿਚ ਅਮਰੀਕਾ ਆਏ ਸਨ ਤੇ ਜੂਨ 2012 ਵਿਚ 31 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਹਨ, ਨੂੰ ਦੋ ਸਾਲ ਦਾ ਬਿਨਾਂ ਕਿਸੇ ਪੁੱਛਗਿੱਛ ਦੇ ਵਰਕ ਪਰਮਿਟ ਦੇਣ ਤੇ ਵਰਕ ਪਰਮਿਟ ਨਵਿਆਉਣ ਦੀ ਵਿਵਸਥਾ ਹੈ।

# ਕੈਲੇਫੋਰਨੀਆ ਦੇ ਮੱਧ ਵਰਗ ਨੂੰ ਕੋਰੋਨਾ ਰਾਹਤ ਵਜੋਂ 600 ਡਾਲਰ ਹੋਰ ਮਿਲਣਗੇ

## ਸਤੰਬਰ ਵਿਚ ਸ਼ੁਰੂ ਹੋਵੇਗੀ ਅਦਾਇਗੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-**
ਅਮਰੀਕਾ ਦੇ ਵੱਖ ਵੱਖ ਰਾਜਾਂ ਵਿਚ ਕੋਰੋਨਾ ਕਾਰਨ ਹੋਏ ਵਿੱਤੀ ਨੁਕਸਾਨ ਵਿਚੋਂ ਲੋਕਾਂ ਨੂੰ ਉਭਾਰਨ ਲਈ ਯਤਨ ਨਿਰੰਤਰ ਜਾਰੀ ਹਨ। ਕੋਰੋਨਾ ਪਾਬੰਦੀਆਂ ਕਾਰਨ ਬਹੁਤ ਸਾਰੇ ਲੋਕਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਜਾਂ ਕਾਰੋਬਾਰ ਬੰਦ ਹੋ ਜਾਣ ਕਾਰਨ ਆਮਦਨੀ ਖਤਮ ਹੋ ਗਈ। ਕੈਲੀਫੋਰਨੀਆ ਸਰਕਾਰ ਨੇ ਮੱਧ ਵਰਗ ਦੇ ਲੋਕਾਂ ਲਈ ਇਕ ਹੋਰ ਪੈਕੇਜ ਐਲਾਨਿਆ ਹੈ ਜਿਸ ਨੂੰ ਟੈਕਸ ਰਿਟਰਨਾਂ ਨਾਲ ਜੋੜਿਆ ਗਿਆ ਹੈ। ਦੋ ਮਹੀਨਿਆਂ ਦੀ ਜੱਕੋ-ਤੱਕੀ ਉਪਰੰਤ ਕੈਲੀਫੋਰਨੀਆ ਦੇ ਦੋ ਤਿਹਾਈ ਟੈਕਸਦਾਤਾ ਨੂੰ 600 ਡਾਲਰ ਕੋਰੋਨਾ ਰਾਹਤ ਵਜੋਂ ਦੇਣ ਦਾ ਨਿਰਣਾ ਲਿਆ ਗਿਆ ਹੈ। ਇਹ ਐਲਾਨ ਰਾਜ ਦੇ ਗਵਰਨਰ ਗੈਵਿਨ ਨਿਊਸੋਮ ਦੇ ਦਫਤਰ ਵੱਲੋਂ ਕੀਤਾ ਗਿਆ ਹੈ। ਇਸ ਦੇ ਨਾਲ ਹੀ 500 ਡਾਲਰ ਉਨਾਂ ਲੋਕਾਂ ਨੂੰ ਵੱਖਰੇ ਦਿੱਤੇ ਜਾਣਗੇ ਜੋ ਆਪਣੇ ਆਸ਼੍ਰਿਤਾਂ ਨਾਲ ਰਹਿੰਦੇ ਹਨ। ਇਸ ਸਬੰਧੀ ਗਵਰਨਰ ਨੇ 100 ਬਿਲੀਅਨ ਡਾਲਰ ਦੀ ਬਜਟ ਤਜਵੀਜ ਉਪਰ ਦਸਤਖਤ ਕੀਤੇ ਹਨ। ਇਹ ਅਦਾਇਗੀ 'ਗੋਲਡਨ ਸਟੇਟ ਪ੍ਰੋਤਸਾਹਨ ਪ੍ਰੋਗਰਾਮ' ਦਾ ਹਿੱਸਾ ਹੈ ਜਿਸ ਤਹਿਤ 3.8 ਬਿਲੀਅਨ ਡਾਲਰ ਦੀ ਅਦਾਇਗੀ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 75,000 ਡਾਲਰ ਪ੍ਰਤੀ ਸਾਲ ਤੋਂ ਘੱਟ ਕਮਾਈ ਵਾਲੇ ਮੱਧ ਵਰਗੀ ਲੋਕਾਂ ਨੂੰ 600 ਡਾਲਰ ਦੀ ਅਦਾਇਗੀ ਕੀਤੀ ਜਾਵੇਗੀ। ਕੈਲੀਫੋਰਨੀਆ ਫਰੈਂਚਾਈਜ ਟੈਕਸ ਬੋਰਡ ਜੋ ਰਾਜ ਦੀ ਟੈਕਸ ਇਕੱਠਾ ਕਰਨ ਵਾਲੀ ਏਜੰਸੀ ਹੈ, ਅਨੁਸਾਰ ਗੋਲਡਨ ਸਟੇਟ ਪ੍ਰੋਤਸਾਹਨ ਚੈੱਕ ਸਤੰਬਰ ਵਿਚ ਮਿਲਣੇ ਸ਼ੁਰੂ ਹੋ ਜਾਣ ਦੀ ਆਸ ਹੈ। ਏਜੰਸੀ ਅਨੁਸਾਰ ਇਹ ਅਦਾਇਗੀ ਪ੍ਰਤੀ ਟੈਕਸ ਰਿਟਰਨ ਦੇ ਹਿਸਾਬ ਨਾਲ ਕੀਤੀ ਜਾਵੇਗੀ ਨਾ ਕਿ ਪ੍ਰਤੀ ਘਰ ਅਨੁਸਾਰ ਹੋਵੇਗੀ। ਇਕੋ ਰਿਹਾਇਸ਼ ਵਿਚ ਰਹਿੰਦੇ ਦੋ ਵਿਅਕਤੀ ਜੇਕਰ ਉਹ ਯੋਗ ਹੋਣਗੇ ਤਾਂ ਇਹ ਚੈੱਕ ਲੈ ਸਕਣਗੇ। ਏਜੰਸੀ ਨੇ ਕਿਹਾ ਹੈ ਕਿ ਇਹ ਅਦਾਇਗੀ ਚੈੱਕ ਰਾਹੀਂ ਵੀ ਮਿਲ ਸਕਦੀ ਹੈ ਜਾਂ ਫਿਰ ਸਿੱਧੀ ਖਾਤਿਆਂ ਵਿਚ ਵੀ ਜਾ ਸਕਦੀ ਹੈ। ਏਜੰਸੀ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਰਾਜ ਦੇ ਇਤਿਹਾਸ ਵਿਚ ਇਹ ਸਭ ਤੋਂ ਵੱਡਾ ਆਰਥਿਕ ਪੁਨਰ ਬਹਾਲੀ ਪੈਕੇਜ ਹੈ।

# ਅਮਰੀਕਾ ਵਿਚ ਫਿਰ ਵਧੇ ਕੋਰੋਨਾ ਦੇ ਮਾਮਲੇ

## ✪ 56 ਹਜ਼ਾਰ ਤੋਂ ਵੱਧ ਨਵੇਂ ਇਨਫੈਕਟਿਡ ਕੇਸ ਆਏ ✪ ਇੰਗਲੈਂਡ ਵਿਚ ਛੇ ਲੱਖ ਲੋਕਾਂ ਨੂੰ ਆਈਸੋਲੇਸ਼ਨ ਦਾ ਸੰਦੇਸ਼

**ਵਾਸ਼ਿੰਗਟਨ/ਏ.ਟੀ.ਨਿਊਜ਼:** ਅਮਰੀਕਾ ਵਿਚ ਕੋਰੋਨਾ ਮਹਾਂਮਾਰੀ ਫਿਰ ਵਧਣ ਨਾਲ ਰੋਜ਼ਾਨਾ ਦੇ ਮਾਮਲਿਆਂ ਵਿਚ ਉਛਾਲ ਆ ਰਿਹਾ ਹੈ। ਦੇਸ਼ ਭਰ ਵਿਚ ਬੀਤੇ ੨੪ ਘੰਟਿਆਂ 'ਚ ੫੬ ਹਜ਼ਾਰ ਤੋਂ ਵੱਧ ਨਵੇਂ ਸੰਕ੍ਰਮਿਤ ਪਾਏ ਗਏ। ਢਾਈ ਮਹੀਨਿਆਂ ਬਾਅਦ ਇਕ ਦਿਨ ਵਿਚ ਇੰਨੀ ਵੱਡੀ ਗਿਣਤੀ ਵਿਚ ਨਵੇਂ ਕੇਸ ਪਾਏ ਗਏ ਹਨ। ਇੱਥੇ ਕੋਰੋਨਾ ਦੇ ਡੈਲਟਾ ਵੇਰੀਐਂਟ ਦਾ ਕਹਿਰ ਵਧ ਰਿਹਾ ਹੈ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਹੌਲੀ ਰਫਤਾਰ ਨਾਲ ਚੱਲ ਰਹੇ ਟੀਕਾਕਰਨ 'ਤੇ ਨਾਖ਼ੁਸ਼ੀ ਜ਼ਾਹਰ ਕੀਤੀ ਹੈ। ਉਨਾਂ ਕਿਹਾ ਕਿ ਸੰਕ੍ਰਮਣ ਫਿਰ ਵਧ ਰਿਹਾ ਹੈ। ਅਜਿਹੇ 'ਚ ਅਮਰੀਕੀਆਂ ਲਈ ਟੀਕਾਕਰਨ ਵਿਚ ਤੇਜ਼ੀ ਲਿਆਉਣਾ ਬੇਹੱਦ ਮਹੱਤਵਪੂਰਨ ਹੈ।

ਜੌਨਸ ਹਾਪਕਿਨਸ ਯੂਨੀਵਰਸਿਟੀ ਦੇ ਡਾਟਾ ਅਨੁਸਾਰ, ਕੋਰੋਨਾ ਮਹਾਮਾਰੀ ਦੀਆਂ ਦੋ ਲਹਿਰਾਂ ਦਾ ਸਾਹਮਣਾ ਕਰ ਚੁੱਕੇ ਅਮਰੀਕਾ ਵਿਚ ਬੀਤੀ ਛੇ ਜੁਲਾਈ ਨੂੰ 13 ਹਜ਼ਾਰ 700 ਕੇਸ ਪਾਏ ਗਏ ਸਨ। ਮੰਗਲਵਾਰ ਨੂੰ ਇਹ ਗਿਣਤੀ ਵਧ ਕੇ 37 ਹਜ਼ਾਰ ਤੋਂ ਵੱਧ ਹੋ ਗਈ। ਹੁਣ ਇਹ ਰੋਜ਼ਾਨਾ ਅੰਕੜਾ 50 ਹਜ਼ਾਰ ਤੋਂ ਪਾਰ ਪਹੁੰਚ ਗਿਆ ਹੈ। ਅਮਰੀਕਾ ਵਿਚ ਹਾਲੇ ਤਕ 53.2 ਫੀਸਦੀ ਲੋਕਾਂ ਨੂੰ ਵੈਕਸੀਨ ਦੀ ਇਕ ਡੋਜ਼ ਲੱਗ ਚੁੱਕੀ ਹੈ। ਓਧਰ ਬਾਇਡਨ ਨੇ ਸਿਨਸਿਨਾਟੀ ਸ਼ਹਿਰ ਵਿਚ ਇਕ ਸਮਾਗਮ ਵਿਚ ਕਿਹਾ, 'ਸਾਡੇ ਸਾਹਮਣੇ ਉਨਾਂ ਲੋਕਾਂ ਲਈ ਮਹਾਂਮਾਰੀ ਹੈ, ਜਿਨਾਂ ਨੇ ਹਾਲੇ ਤਕ ਟੀਕਾਕਰਨ ਨਹੀਂ ਕਰਵਾਇਆ ਹੈ।' ਉਨਾਂ ਉਮੀਦ ਪ੍ਰਗਟਾਈ ਕਿ ਆਉਣ ਵਾਲੇ ਕੁਝ ਮਹੀਨਿਆਂ ਵਿਚ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਵੈਕਸੀਨ ਦੀ ਮਨਜ਼ੂਰੀ ਮਿਲ ਜਾਵੇਗੀ। ਇਸ ਦੌਰਾਨ ਇਕ ਰਿਪੋਰਟ ਵਿਚ ਦੱਸਿਆ ਗਿਆ ਕਿ ਅਮਰੀਕਾ ਵਿਚ ਮਹਾਮਾਰੀ ਦੀ ਸ਼ੁਰੂਆਤ ਤੋਂ ਲੈ ਕੇ ਹਾਲੇ ਤਕ 40 ਲੱਖ ਤੋਂ ਵੱਧ ਬੱਚੇ ਕੋਰੋਨਾ ਪਾਜ਼ੇਟਿਵ ਪਾਏ ਗਏ। ਵਿਸ਼ਵ ਸਿਹਤ ਸੰਗਠਨ (ਡਬਲਯੂਐੱਚਓ) ਨੇ ਦੱਸਿਆ ਕਿ ਬੀਤੇ ਚਾਰ ਹਫਤਿਆਂ ਦੌਰਾਨ ਭਾਰਤ, ਚੀਨ, ਰੂਸ, ਇਜ਼ਰਾਈਲ ਅਤੇ ਬ੍ਰਿਨ ਵਰਗੇ ਕਈ ਦੇਸ਼ਾਂ ਵਿਚ ਕੋਰੋਨਾ ਦੇ ਜਿੰਨੇ ਨਮੂਨਿਆਂ ਦਾ ਪ੍ਰੀਖਣ ਕੀਤਾ ਗਿਆ, ਉਨਾਂ ਵਿਚੋਂ 75 ਫੀਸਦੀ ਮਾਮਲੇ ਡੈਲਟਾ ਦੇ ਪਾਏ ਗਏ। ਇਹ ਬੇਹੱਦ ਸੰਕ੍ਰਾਮਕ ਵੇਰੀਐਂਟ ਦੁਨੀਆ ਦੇ 124 ਦੇਸ਼ਾਂ ਵਿਚ ਪਹੁੰਚ ਚੁੱਕਾ ਹੈ। ਇਸ ਦੀ ਸਭ ਤੋਂ ਪਹਿਲਾਂ ਭਾਰਤ ਵਿਚ ਪਛਾਣ ਹੋਈ ਸੀ। ਡਬਲਯੂਐੱਚਓ ਨੇ ਕਿਹਾ ਕਿ ਟੀਕਾਕਰਨ ਵਿਚ ਤੇਜ਼ੀ ਲਿਆਉਣ ਦੇ ਬਾਵਜੂਦ ਕਈ ਦੇਸ਼ਾਂ ਵਿਚ ਕੋਰੋਨਾ ਦੇ ਮਾਮਲੇ ਵੱਧ ਰਹੇ ਹਨ।

ਸਮਾਚਾਰ ਏਜੰਸੀ 'ਰਾਇਟਰ' ਅਨੁਸਾਰ ਬ੍ਰਿਟੇਨ ਵਿਚ ਕੋਰੋਨਾ ਸੰਕ੍ਰਮਣ ਵਧਦਾ ਜਾ ਰਿਹਾ ਹੈ। ਇੱਥੇ ਡੈਲਟਾ ਦਾ ਵੀ ਕਹਿਰ ਜਾਰੀ ਹੈ। ਇੰਗਲੈਂਡ ਅਤੇ ਵੇਲਸ ਵਿਚ ਕੋਰੋਨਾ ਪੀੜਤਾਂ ਦੇ ਸੰਪਰਕ ਵਿਚ ਆਉਣ 'ਤੇ ਲਗਭਗ ਛੇ ਲੱਖ 20 ਲੋਕਾਂ ਨੂੰ ਆਈਸੋਲੇਸ਼ਨ ਵਿਚ ਰਹਿਣ ਲਈ ਕਿਹਾ ਗਿਆ ਹੈ। ਇਹ ਸੰਦੇਸ਼ ਹੈਲਥ ਸਰਵਿਸ ਕੋਵਿਡ ਐਪ ਜ਼ਰੀਏ ਦਿੱਤਾ ਗਿਆ ਹੈ।

# 10 ਸਾਲਾਂ ਦੀ ਭਾਰਤੀ-ਅਮਰੀਕੀ ਕੁੜੀ ਨੇ ਕਰ ਦਿੱਤੀ ਕਮਾਲ

## ਦੂਸਰੀ ਕਾਵਿ ਪੁਸਤਕ ਛਪਕੇ ਹੋਈ ਤਿਆਰ




**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਲੁਇਸਵਿਲੇ, ਕੈਂਟੁਕੀ ਵਾਸੀ ਭਾਰਤੀ-ਅਮਰੀਕੀ ਕੁੜੀ ਨੇ 10 ਸਾਲ ਦੀ ਉਮਰ ਵਿਚ ਉਹ ਕਰ ਵਿਖਾਇਆ ਹੈ ਜੋ ਸ਼ਾਇਦ ਹੀ ਕਿਸੇ ਦੇ ਹਿੱਸੇ ਆਇਆ ਹੋਵੇ। ਉਸ ਨੇ ਆਪਣੀ ਦੂਸਰੀ ਕਾਵਿ ਪੁਸਤਕ ਪ੍ਰਕਾਸ਼ਿਤ ਕਰਕੇ ਸਭ ਦਾ ਧਿਆਨ ਆਪਣੇ ਵੱਲ ਖਿਚਿਆ ਹੈ। ਸ਼੍ਰੇਅੰਸ਼ੀ ਕੁਮਾਰੀ ਜੋ 'ਏਸ਼ੀਆ ਬੁੱਕ ਆਫ ਰਿਕਾਰਡ' ਦਾ ਗਰੈਂਡ ਮਾਸਟਰ ਟਾਇਟਲ ਜਿੱਤ ਚੁੱਕੀ ਹੈ, ਨੇ ਆਪਣੀ ਦੂਸਰੀ ਕਾਵਿ ਪੁਸਤਕ ਲੋਇਸਵਿਲੇ ਦੇ ਐਲੀਮੈਂਟਰੀ ਸਕੂਲ ਵਿਚ ਆਪਣੀ ਪੜਾਈ ਦੇ ਆਖਰੀ ਸਾਲ ਦੌਰਾਨ ਲਿਖੀ ਹੈ। ਇਸ ਸਾਲ ਫਰਵਰੀ ਵਿਚ ਕੁਮਾਰੀ ਕਾਵਿ ਸੰਸਾਰ ਦੇ ਰੂਬਰੂ ਹੋਈ ਸੀ ਜਦੋਂ ਉਸ ਦੀ ਪਹਿਲੀ ਕਾਵਿ ਪੁਸਤਕ 'ਪੰਡੇਮਿਕ 2020, ਪੋਇਟਿਕ ਵਿੰਟਰ ਇਵਨਿੰਗਜ਼' ਰਲੀਜ ਹੋਈ ਸੀ। ਉਸ ਦੀ ਦੂਸਰੀ ਪੁਸਤਕ 'ਰਾਈਮਿੰਗ ਵਾਈਬਜ, ਰਾਈਡਿੰਗ ਦ ਪੋਇਟਿਕ ਵੇਵਜ਼' ਛਪਕੇ ਤਿਆਰ ਹੋ ਗਈ ਹੈ। ਉਸ ਨੇ ਇਸ ਪੁਸਤਕ ਵਿਚ ਸ਼ਾਮਿਲ ਜਿਆਤਰ ਕਵਿਤਾਵਾਂ ਕੌਮੀ ਕਾਵਿ ਮਹੀਨੇ ਅਪ੍ਰੈਲ ਦੌਰਾਨ ਲਿਖੀਆਂ ਹਨ। ਪੁਸਤਕ ਦੀ ਭੂਮਿਕਾ ਉਸ ਦਾ ਹੌਸਲਾ ਵਧਾਉਣ ਵਾਲੇ ਅਧਿਆਪਕ ਲੌਰੇਨ ਡਿਕੀ ਨੇ ਲਿਖੀ ਹੈ। ਉਸ ਨੇ ਇਕ ਗਲਪ ਪੁਸਤਕ ਉਪਰ ਸਹਿ ਸੰਪਾਦਕ ਵਜੋਂ ਕੰਮ ਵੀ ਕੀਤਾ ਹੈ।

# ਵਰਜੀਨੀਆ ਦੇ ਡਿਪਟੀ ਨੂੰ ਬੇਹਥਿਆਰੇ ਵਿਅਕਤੀ ਉਪਰ ਗੋਲੀ ਚਲਾਉਣ ਦੇ ਮਾਮਲੇ ਵਿਚ ਕੀਤਾ ਨਾਮਜ਼ਦ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਇਸ ਸਾਲ ਅਪ੍ਰੈਲ ਵਿਚ ਲਸੀਆਹ ਬਰਾਊਨ ਨਾਮੀ ਵਿਅਕਤੀ ਉਪਰ ਗੋਲੀ ਚਲਾ ਕੇ ਉਸ ਨੂੰ ਗੰਭੀਰ ਜ਼ਖਮੀ ਕਰ ਦੇਣ ਦੇ ਮਾਮਲੇ ਵਿਚ ਵਰਜਨੀਆ ਦੇ ਡਿਪਟੀ ਸ਼ੈਰਿਫ ਨੂੰ ਦੋਸ਼ੀ ਵਜੋਂ ਨਾਮਜਦ ਕੀਤਾ ਹੈ। ਦਰਜ ਮਾਮਲੇ ਵਿਚ ਕਿਹਾ ਗਿਆ ਹੈ ਕਿ ਜਿਸ ਸਮੇ ਸਪਾਟਸਿਲਵਾਨੀਆ ਕਾਊਂਟੀ ਦੇ ਡਿਪਟੀ ਡੇਵਿਡ ਟਰਬੀਫਿਲ ਨੇ ਬਰਾਊਨ ਉਪਰ ਉਸ ਸਮੇਂ ਗੋਲੀ ਚਲਾਈ, ਜਦੋਂ ਉਸ ਕੋਲ ਕੋਈ ਹਥਿਆਰ ਨਹੀਂ ਸੀ। ਡਿਪਟੀ ਵਿਰੁੱਧ ਲਾਪ੍ਰਵਾਹੀ ਨਾਲ ਗੋਲੀ ਚਲਾਉਣ ਦਾ ਦੋਸ਼ ਲਾਇਆ ਗਿਆ ਹੈ ਜਿਸ ਕਾਰਨ ਬਰਾਊਨ ਜਿੰਦਗੀ ਭਰ ਲਈ ਅਪਾਹਜ ਹੋ ਗਿਆ ਹੈ। ਡਿਪਟੀ ਦੇ ਵਕੀਲ ਮਾਰਕ ਬੌਂਗ ਨੇ ਦੋਸ਼ ਆਇਦ ਕਰਨ 'ਤੇ ਕੋਈ ਟਿਪਣੀ ਨਹੀਂ ਕੀਤੀ।

# ਕਾਰਬਨ ਮੋਨੋਆਕਸਾਈਡ ਗੈਸ ਨਾਲ ਤਿੰਨ ਮੌਤਾਂ ਦੋ ਦੀ ਹਾਲਤ ਗੰਭੀਰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਦੱਖਣੀ ਮਿਸ਼ੀਗਨ ਵਿਚ ਸੰਗੀਤ ਉਤਸਵ ਮੌਕੇ ਇਕ ਟਰੈਵਲ ਟਰੇਲਰ ਵਿਚ 3 ਵਿਅਕਤੀ ਮ੍ਰਿਤਕ ਪਾਏ ਗਏ ਜਦਕਿ ਦੋ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੂੰ ਫੋਨ ਮ੍ਰਿਤਕ ਵਿਅਕਤੀਆਂ ਦੇ ਇਕ ਦੋਸਤ ਨੇ ਕੀਤਾ ਸੀ ਜਿਸ ਨੇ ਦੱਸਿਆ ਕਿ ਉਸ ਦੇ ਸਾਥੀ ਹਿਲਜੁਲ ਨਹੀਂ ਰਹੇ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਇਹ ਮੌਤਾਂ ਕਾਰਬਨ ਮੋਨੋਆਕਸਾਈਡ ਗੈਸ ਚੜਨ ਨਾਲ ਹੋਈਆਂ ਹਨ। ਪੁਲਿਸ ਨੂੰ ਸ਼ੱਕ ਹੈ ਕਿ ਇਹ ਗੈਸ ਟਰੇਲਰ ਦੇ ਨੇੜੇ ਰਖੇ ਇਕ ਜਨਰੇਟਰ ਤੋਂ ਲੀਕ ਹੋਈ ਸੀ। ਮਾਮਲੇ ਦੀ ਪੂਰੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਅਮਰੀਕਾ ਨੇ ਭਾਰਤ ਦੀ ਯਾਤਰਾ ਵਾਸਤੇ ਦਿੱਤੀ ਢਿੱਲ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ:- ਅਮਰੀਕਾ ਨੇ ਭਾਰਤ ਵਿਚ ਕੋਵਿਡ-19 ਦੇ ਮਾਮਲੇ ਘਟਣ ਦੇ ਮੱਦੇਨਜਰ ਆਪਣੇ ਸ਼ਹਿਰੀਆਂ ਨੂੰ ਕਿਹਾ ਹੈ ਕਿ ਉਹ ਭਾਰਤ ਜਾਣ ਵਾਸਤੇ ਸੋਚ ਸਕਦੇ ਹਨ। ਅਮਰੀਕਾ ਨੇ ਭਾਰਤ ਨੂੰ 4 ਸ਼੍ਰੇਣੀ ਪੱਧਰ ਤੋਂ ਘਟਾ ਕੇ ਤਿੰਨ ਸ਼੍ਰੇਣੀ ਪੱਧਰ ਵਿਚ ਸ਼ਾਮਿਲ ਕਰ ਦਿੱਤਾ ਹੈ। 4 ਸ਼੍ਰੇਣੀ ਪੱਧਰ ਦਾ ਮਤਲਬ ਹੈ ਕਿ ਤੁਸੀਂ ਯਾਤਰਾ ਨਹੀਂ ਕਰ ਸਕਦੇ। ਵਿਦੇਸ਼ ਵਿਭਾਗ ਨੇ ਨਵੇਂ ਦਿਸ਼ਾ ਨਿਰਦੇਸ਼ ਸੈਂਟਰ ਫਾਰ ਡਸੀਜ਼ ਕੰਟਰੋਲ (ਸੀ ਡੀ ਸੀ) ਵੱਲੋਂ ਭਾਰਤ ਨੂੰ ਪੱਧਰ 3 ਸ਼੍ਰੇਣੀ ਵਿਚ ਸ਼ਾਮਿਲ ਕਰਨ ਸਬੰਧੀ ਜਾਰੀ 'ਯਾਤਰਾ ਸਿਹਤ ਨੋਟਿਸ' ਤੋਂ ਬਾਅਦ ਦਿੱਤੇ ਹਨ। ਸੀ ਡੀ ਸੀ ਨੇ ਕਿਹਾ ਹੈ ਕਿ ਅਮਰੀਕੀ 3 ਪੱਧਰ ਵਾਲੇ ਦੇਸ਼ਾਂ ਦੀ ਯਾਤਰਾ ਕਰ ਸਕਦੇ ਹਨ ਪ੍ਰੰਤੂ ਇਸ ਤੋਂ ਪਹਿਲਾਂ ਮੁਕੰਮਲ ਟੀਕਾਕਰਨ ਯਕੀਨੀ ਬਣਾਇਆ ਜਾਵੇ। ਜ਼ਿਕਰਯੋਗ ਹੈ ਇਸ ਤੋਂ ਪਹਿਲਾਂ ਕੈਨੇਡਾ ਐਲਾਨ ਕਰ ਚੁੱਕਾ ਹੈ ਕਿ ਉਹ ਭਾਰਤ ਸਮੇਤ ਹੋਰ ਦੇਸ਼ਾਂ ਲਈ ਆਪਣੀਆਂ ਕੌਮਾਂਤਰੀ ਸਰਹੱਦਾਂ 7 ਸਤੰਬਰ 2021 ਨੂੰ ਖੋਲ ਦੇਵੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਕੈਨੇਡਾ ਵਿਚ ਤੀਜੀ ਵਾਰ ਵੱਡੀ ਪੱਧਰ 'ਤੇ ਬੱਚਿਆਂ ਦੇ ਮਿਲੇ ਪਿੰਜਰ

## ✪ 182 ਬੱਚਿਆਂ ਦੇ ਪਿੰਜਰ ਤੀਜੇ ਕਬਰਸਤਾਨ ਵਿਚੋਂ ਮਿਲੇ ✪ ਖੋਜ ਦੇ ਨਾਮ ਕੀਤਾ ਗਿਆ ਬੱਚਿਆਂ ਨਾਲ ਅਣਮਨੁੱਖੀ ਵਿਹਾਰ

**ਜੰਡਿਆਲਾ ਗੁਰੂ/ਏ.ਟੀ.ਨਿਊਜ਼ :** ਕੈਨੇਡਾ 'ਚ ਪੁਰਾਣੇ ਕੈਥੋਲਿਕ ਰਿਹਾਇਸ਼ੀ ਸਕੂਲ ਨੇੜੇ ਇਕ ਕਬਰਸਤਾਨ 'ਚੋਂ 182 ਬੱਚਿਆਂ ਦੇ ਪਿੰਜਰ ਮਿਲੇ ਹਨ। ਇਹ ਤੀਜਾ ਕਬਰਸਤਾਨ ਹੈ, ਜਿਥੋਂ ਬੱਚਿਆਂ ਦੇ ਪਿੰਜਰ ਮਿਲੇ ਹਨ। ਇਹ ਕਬਰਾਂ ਸੇਂਟ ਯੂਜੀਨ ਮਿਸ਼ਨ ਸਕੂਲ 'ਚ ਮਿਲੀਆਂ ਹਨ ਜੋ ਕੈਥੋਲਿਕ ਚਰਚ ਵੱਲੋਂ 1912 ਤੋਂ 1970ਵਿਆਂ ਤੱਕ ਚਲਾਇਆ ਜਾ ਰਿਹਾ ਸੀ। ਕੈਨੇਡਾ 'ਚ ਹੁਣ ਤੱਕ ਇਕ ਹਜ਼ਾਰ ਤੋਂ ਜ਼ਿਆਦਾ ਬੱਚਿਆਂ ਦੇ ਪਿੰਜਰ ਮਿਲ ਚੁੱਕੇ ਹਨ। ਇਸ ਨਾਲ ਕੈਥੋਲਿਕ ਚਰਚ ਦੀਆਂ ਕਾਰਵਾਈਆਂ ਖ਼ਿਲਾਫ਼ ਦੁਨੀਆ ਭਰ 'ਚ ਰੋਹ ਫੈਲ ਗਿਆ ਹੈ। ਕੁਝ ਪਿੰਜਰ ਤਾਂ ਤਿੰਨ ਸਾਲ ਤੱਕ ਦੇ ਬੱਚਿਆਂ ਦੇ ਹਨ। ਇਸ ਤੋਂ ਪਹਿਲਾਂ ਜੂਨ 'ਚ ਮੈਰੀਵਲ ਇੰਡੀਅਨ ਰਿਹਾਇਸ਼ੀ ਸਕੂਲ 'ਚ 751 ਬੱਚਿਆਂ ਦੇ ਪਿੰਜਰ ਮਿਲੇ ਸਨ। ਸਭ ਤੋਂ ਪਹਿਲਾਂ ਮਈ 'ਚ ਕੈਮਲੂਪਸ ਇੰਡੀਅਨ ਰਿਹਾਇਸ਼ੀ ਸਕੂਲ 'ਚੋਂ 215 ਬੱਚਿਆਂ ਦੇ ਪਿੰਜਰ ਮਿਲੇ ਸਨ। ਕੈਨੇਡਾ ਸਰਕਾਰ ਵੱਲੋਂ ਇੰਨੇ ਵੱਡੇ ਪੱਧਰ 'ਤੇ ਪਿੰਜਰ ਮਿਲਣ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਮੰਨਿਆ ਜਾ ਰਿਹਾ ਹੈ ਕਿ ਮੁਲਕ ਦੇ ਹੁਕਮਰਾਨਾਂ ਅਤੇ ਕੈਥੋਲਿਕ ਸਕੂਲਾਂ ਨੇ ਸੱਭਿਆਚਾਰਕ ਕਤਲੇਆਮ ਨੂੰ ਅੰਜਾਮ ਦਿੱਤਾ ਸੀ। ਮੁਲਕ ਦੇ ਵਿਕਸਿਤ ਹੋਣ ਦੇ ਬਾਵਜੂਦ ਮੂਲ ਵਾਸੀ ਅਜੇ ਵੀ ਮਾੜੇ ਹਾਲਾਤ 'ਚ ਰਹਿ ਰਹੇ ਹਨ। ਬ੍ਰਿਟਿਸ਼ ਅਖ਼ਬਾਰ 'ਦਿ ਗਾਰਜੀਅਨ' ਮੁਤਾਬਕ 1867 ਤੋਂ 1996 ਵਿਚਕਾਰ ਕੈਨੇਡਾ ਨੇ ਡੇਢ ਲੱਖ ਤੋਂ ਜ਼ਿਆਦਾ ਬੱਚਿਆਂ ਨੂੰ ਮਾਪਿਆਂ ਤੋਂ ਲੈ ਕੇ ਜਬਰੀ ਸਕੂਲਾਂ 'ਚ ਦਾਖ਼ਲ ਕਰਵਾ ਦਿੱਤਾ ਸੀ ਤਾਂ ਜੋ ਉਨਾਂ ਦਾ ਧਰਮ ਬਦਲਿਆ ਜਾ ਸਕੇ। ਇਸ ਦੌਰਾਨ ਹਜ਼ਾਰਾਂ ਬੱਚਿਆਂ ਦਾ ਜਿਨਸੀ ਸ਼ੋਸ਼ਣ ਵੀ ਕੀਤਾ ਗਿਆ ਸੀ।

ਅੰਮ੍ਰਿਤਸਰ ਟਾਈਮਜ ਅਨੁਸਾਰ ਬੀਤੇ ਦਿਨੀ ਕੈਨੇਡਾ ਦੇ ਇੱਕ ਤੋਂ ਬਾਅਦ ਇੱਕ ਰਿਹਾਇਸ਼ੀ ਸਕੂਲਾਂ ਦੀਆਂ ਸਮੂਹਿਕ ਕਬਰਾਂ ਅਤੇ ਬੱਚਿਆਂ ਦੇ ਪਿੰਜਰਾਂ ਨੇ ਉਸ ਕਹਿਰ 'ਤੇ ਰੌਸ਼ਨੀ ਪਾਈ ਹੈ। ਇਹ ਕਹਿਰ ਬਸਤੀਵਾਦੀਆਂ ਨੇ ਉੱਥੋਂ ਦੇ ਰਿਹਾਇਸ਼ੀ ਸਕੂਲ ਸਿਸਟਮ ਜ਼ਰੀਏ ਮੂਲ ਨਿਵਾਸੀ ਬੱਚਿਆਂ ਉੱਪਰ ਢਾਹਿਆ ਸੀ। ਕੈਨੇਡਾ ਦੇ ਕੈਮਲੂਪਸ, ਬਰੈਂਡਨ ਅਤੇ ਕਾਓਸੈਸਿਸ ਦੇ ਰਿਹਾਇਸ਼ੀ ਸਕੂਲਾਂ ਵਿੱਚ ਬੱਚਿਆਂ ਦੇ ਪਿੰਜਰ ਮਿਲੇ ਹਨ।

ਖ਼ੁਰਾਕ, ਮੂਲ ਨਿਵਾਸੀ ਸਿਹਤ ਅਤੇ ਕੈਨੇਡਾ ਵਿੱਚ ਬਸਤੀਵਾਦੀ ਸਿਆਸਤ ਦੇ ਇਤਿਹਾਸਕਾਰ ਇਆਨ ਮੋਜ਼ਬੇ ਨੇ ਕਿਹਾ ਕਿ ਸਾਲ 1942 ਤੋਂ 1952 ਦੌਰਾਨ ਕੈਨੇਡਾ ਦੇ ਉੱਘੇ ਪੋਸ਼ਣ ਵਿਗਿਆਨੀਆਂ ਨੇ 1300 ਮੂਲ ਨਿਵਾਸੀਆਂ ਜਿਨਾਂ ਵਿੱਚੋਂ 1000 ਬੱਚੇ ਸਨ, ਜਿਨਾਂ ਉੱਪਰ ਬਹੁਤ ਹੀ ਅਨੈਤਿਕ ਤਜਰਬੇ ਕੀਤੇ ਸਨ। ਤਜਰਬਿਆਂ ਵਿੱਚ ਸ਼ਾਮਲ ਲੋਕਾਂ/ਬੱਚਿਆਂ ਵਿੱਚੋਂ ਕਈ ਬਸਤੀਵਾਦੀ ਸਰਕਾਰ ਦੀਆਂ ਨੀਤੀਆਂ ਅਤੇ ਰਿਹਾਇਸ਼ੀ ਸਕੂਲਾਂ ਦੀ ਦਸ਼ਾ ਕਾਰਨ ਪਹਿਲਾਂ ਹੀ ਕੁਪਸ਼ੋਣ ਦੇ ਸ਼ਿਕਾਰ ਸਨ।ਰਿਸਰਚ ਕਰਨ ਵਾਲਿਆਂ ਦੀਆਂ ਨਜ਼ਰਾਂ ਵਿੱਚ ਇਹ ਕੁਪੋਸ਼ਿਤ ਲੋਕ ਅਧਿਐਨ ਲਈ ਸਭ ਤੋਂ ਯੋਗ ਉਮੀਦਵਾਰ ਸਨ।

ਫਰੈਡਰਿਕ ਟਿਸਡਲ ਜਿਨਾਂ ਨੂੰ ਬੀਮਾਰ ਬੱਚਿਆਂ ਲਈ ਪੈਬਲੁਮ ਖ਼ੁਰਾਕ ਦੇ ਸਹਿ-ਜਨਕ ਵਜੋਂ ਜਾਣਿਆ ਜਾਂਦਾ ਹੈ, ਇਨਾਂ ਤਜਰਬਿਆਂ ਦੇ ਮੁੱਖ ਕਰਤੇ-ਧਰਤੇ ਸਨ। ਉਨਾਂ ਨੇ ਇਹ ਤਜਰਬੇ ਪੈਰਸੀ ਮੂਰੇ ਅਤੇ ਲਿਓਨੈਲ ਬਰੈਡਲੀ ਨਾਲ ਮਿਲ ਕੇ ਕੀਤੇ ਸਨ।

ਉਨਾਂ ਦਾ ਦਾਅਵਾ ਸੀ ਕਿ ਜੇ ਤੰਦਰੁਸਤ ਮੂਲ ਨਿਵਾਸੀਆਂ ਵਿੱਚ ਜੇ ਥੋੜੀਆਂ ਬੀਮਾਰੀਆਂ ਫ਼ੈਲਣਗੀਆਂ ਤਾਂ ਮੂਲ ਨਿਵਾਸੀ ਬਸਤੀਵਾਦੀਆਂ ਲਈ ਹੋਰ ਮੁੱਲਵਾਨ ਬਣ ਜਾਣਗੇ। ਉਨਾਂ ਨੇ ਆਪਣੇ ਤਜਰਬੇ ਦੀ ਯੋਜਨਾ ਫੈਡਰਲ ਸਰਕਾਰ ਕੋਲ ਪੇਸ਼ ਕੀਤੀ ਅਤੇ ਪ੍ਰਵਾਨਗੀ ਹਾਸਲ ਕੀਤੀ ਸੀ। ਇਨਾਂ ਤਜਰਬਿਆਂ ਨੇ ਕੈਨੇਡਾ ਦੇ ਮੂਲ ਨਿਵਾਸੀਆਂ ਵਿੱਚ ਸਿਹਤ ਸੇਵਾਵਾਂ ਬਾਰੇ ਸ਼ੱਕ ਪੈਦਾ ਕੀਤਾ ਹੈ

ਥੋੜੀਆਂ ਕੈਲੋਰੀਆਂ, ਪੋਸ਼ਕ ਅਤੇ ਵਿਟਾਮਿਨ

ਟਿਸਡਲ, ਮੂਰੇ ਅਤੇ ਉਨਾਂ ਦੀ ਟੀਮ ਨੇ ਆਪਣੀ ਤਜਵੀਜ਼-ਯੋਜਨਾ ਉੱਤਰੀ ਮਿਨੀਟੋਬਾ ਵਿੱਚ 400 ਬੱਚਿਆਂ ਅਤੇ ਬਾਲਗਾਂ ਉੱਪਰ ਕੀਤੇ ਅਧਿਐਨਾਂ ਦੇ ਨਤੀਜਿਆਂ, ਐਕਸਰੇ ਅਤੇ ਖ਼ੂਨ ਦੇ ਨਮੂਨਿਆਂ ਦੇ ਅਧਾਰ 'ਤੇ ਕੀਤੀ ਸੀ। ਉਨਾਂ ਦੀ ਯੋਜਨਾ ਵਿੱਚ ਅਲਬੇਰਨੀ ਮੂਲ ਨਿਵਾਸੀ ਦੇ ਰਿਹਾਇਸ਼ੀ ਸਕੂਲ ਦੇ ਬੱਚਿਆਂ ਨੂੰ ਦੋ ਸਾਲ ਤੱਕ



ਇੰਨਾ ਘੱਟ ਦੁੱਧ ਦੇਣਾ ਸੀ ਕਿ ਬੱਚਿਆਂ ਵਿੱਚ ਵਾਧੇ-ਵਿਕਾਸ ਲਈ ਜ਼ਰੂਰੀ ਸਾਰੇ ਪੋਸ਼ਕ ਖ਼ਤਮ ਹੋ ਜਾਣ।

ਦੂਜੇ ਤਜਰਬਿਆਂ ਵਿੱਚ ਬੱਚਿਆਂ ਨੂੰ ਵੱਖ-ਵੱਖ ਵਰਗਾਂ ਵਿੱਚ ਵੰਡ ਕੇ ਜ਼ਰੂਰੀ ਖਣਿਜਾਂ ਅਤੇ ਵਿਟਾਮਿਨਾਂ ਤੋਂ ਮਹਿਰੂਮ ਰੱਖਣਾ ਸੀ। ਉਨਾਂ ਨੇ ਬੱਚਿਆਂ ਨੂੰ ਦੰਦਾਂ ਦੀ ਸੰਭਲ ਲਈ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਡਾਕਟਰੀ ਮਦਦ ਵੀ ਬੰਦ ਕਰਵਾ ਦਿੱਤੀ ਸੀ। ਉਨਾਂ ਨੂੰ ਡਰ ਸੀ ਕਿ ਇਸ ਨਾਲ ਅਧਿਐਨ ਦੇ ਨਤੀਜਿਆਂ ਉੱਪਰ ਅਸਰ ਪੈ ਸਕਦਾ ਹੈ।

ਇਸ ਤਰਾਂ ਪ੍ਰਯੋਗ ਸ਼ੁਰੂ ਹੋਣ ਤੋਂ ਪਹਿਲਾਂ ਹੀ ਬੱਚੇ ਭੁੱਖਮਰੀ ਦੇ ਸ਼ਿਕਾਰ ਸਨ, ਉਨਾਂ ਵਿੱਚ ਵਿਟਾਮਿਨਾਂ, ਖਣਿਜਾਂ ਦੀ ਗੰਭੀਰ ਕਮੀ ਸੀ ਜਿਸ ਦੀ ਪੁਸ਼ਟੀ ਮੈਡੀਕਲ ਟੈਸਟ ਕਰਦੇ ਸਨ।

ਨਸਲੀ ਮਨਸੂਬੇ

ਪੋਸ਼ਣ ਸਬੰਧੀ ਖੋਜ ਵਿੱਚ ਸਾਇੰਸਦਾਨਾਂ ਦੀ ਦਿਲਚਸਪੀ 1940 ਦੇ ਦਹਾਕੇ ਵਿੱਚ ਖ਼ਾਸ ਤੌਰ 'ਤੇ ਵਧੀ। ਇਹ ਉਹ ਸਮਾਂ ਸੀ ਜਦੋਂ ਪੋਸ਼ਣ ਬਾਰੇ ਕੈਨੇਡਾ ਦੀ ਕਾਊਂਸਲ ਨੇ ਜਨਤਕ ਤੌਰ 'ਤੇ ਇਹ ਮੰਨਿਆ ਸੀ ਕਿ ਕੈਨੇਡਾ ਦੀ 60% ਵਸੋਂ ਕੁਪੋਸ਼ਿਤ ਸੀ।

ਹਾਲਾਂਕਿ, ਪੈਟ ਵਰਗੇ ਲੋਕਾਂ ਨੇ ਮੂਲ ਨਿਵਾਸੀਆਂ ਦੇ ਮਦਦਗਾਰ ਬਣ ਕੇ ਕੰਮ ਕਰਨ ਦਾ ਪਾਖੰਡ ਕੀਤਾ ਪਰ ਸਪੱਸ਼ਟ ਸੀ ਕਿ ਉਨਾਂ ਦੇ ਤਜਰਬਿਆਂ ਪਿੱਛੇ ਨਸਲੀ ਮਨਸੂਬੇ ਸਨ।

ਮੂਰੇ, ਟਿਸਡਲ ਅਤੇ ਉਨਾਂ ਦੇ ਸਹਿਯੋਗੀਆਂ ਨੇ ਕੁਪਸ਼ੋਣ ਲਈ ਮੂਲ ਨਿਵਾਸੀਆਂ ਬਾਰੇ ਪ੍ਰਚਲਿਤ ਰੂੜੀਵਾਦੀ ਧਾਰਨਾਵਾਂ ਨੂੰ ਵਜਾ ਬਣਾ ਕੇ ਪੇਸ਼ ਕੀਤਾ, ਕਿ ਇਹ ਲੋਕ-ਲਾਪਰਵਾਹ ਹਨ, ਜਿੱਲੇ ਹਨ, ਇਨਾਂ ਦੇ ਸੁਭਾਅ ਦਾ ਪਤਾ ਨਹੀਂ ਚਲਦਾ ਆਦਿ। ਅਲਬੇਰਨੀ ਦੇ ਮੂਲ ਨਿਵਾਸੀ ਰਿਹਾਇਸ਼ੀ ਸਕੂਲ ਦੇ ਨਿਰਦੇਸ਼ਕ ਨੇ ਬੱਚਿਆਂ ਦੇ ਕੁਪੋਸ਼ਣ ਲਈ ਰਵਾਇਤੀ ਖ਼ੁਰਾਕ, ਜੀਵਨ ਸ਼ੈਲੀ ਨੂੰ ਜ਼ਿੰਮੇਵਾਰ ਦੱਸਿਆ। ਉਨਾਂ ਬੱਚਿਆਂ ਨੂੰ ਘਟੀਆ ਗੁਣਵੱਤਾ ਵਾਲਾ ਖਾਣਾ ਦਿੱਤਾ ਜਾਂਦਾ ਸੀ।

ਇਸ ਤੋਂ ਇਲਾਵਾ ਬੱਚਿਆਂ ਉੱਪਰ ਰਵਾਇਤੀ ਖਾਣਾ ਖਾਣ ਦੀ ਪਾਬੰਦੀ ਵੀ ਲਗਾਈ ਗਈ ਜੋ ਕਿ ਬਸਤੀਕਰਨ ਅਤੇ ਸੱਭਿਆਚਾਰਕ ਨਸਲਕੁਸ਼ੀ ਦਾ ਔਜ਼ਾਰ ਬਣਿਆ।

ਉਨਾਂ ਦੀਆਂ ਖੋਜਾਂ ਮੌਜੂਦਾਂ ਮਿਆਰਾਂ ਮੁਤਾਬਕ ਅਨੈਤਿਕ ਹਨ।ਇਸ ਘੱਲੂਘਾਰੇ ਅਤੇ ਬਾਇਓਮੈਡੀਕਲ ਤਜਰਬਿਆਂ ਤੋਂ ਬਾਅਦ ਹੀ ਸਾਲ 1947 ਵਿੱਚ 'ਦਿ ਨੂਰਮਬਰਗ ਕੋਡ' ਲਾਗੂ ਕੀਤਾ ਗਿਆ।ਇਸ ਤਹਿਤ ਅਜਿਹੇ ਅਧਿਐਨਾਂ ਵਿੱਚ ਸ਼ਾਮਲ ਹੋਣ ਵਾਲਿਆਂ ਦੀ ਲਿਖਤੀ ਸਹਿਮਤੀ ਲਾਜ਼ਮੀ ਬਣਾਈ ਗਈ ਸੀ।

ਕੁਪੋਸ਼ਣ ਅਤੇ ਤਜਰਬੇ ਦੇ ਸਿੱਟੇ

ਬੱਚਿਆਂ ਵਿੱਚ ਕੁਪੋਸ਼ਣ ਜੇ ਉਨਾਂ ਨੂੰ ਬਿਮਾਰੀਆਂ ਦਾ ਵੀ ਖ਼ਤਰਾ ਹੋਵੇ ਤਾਂ ਬੇਹੱਦ ਖ਼ਤਰਨਾਕ ਹੋ ਸਕਦਾ ਹੈ। ਰਿਹਾਇਸ਼ੀ ਸਕੂਲਾਂ ਦੇ ਹਾਲਤ ਇਸ ਤੋਂ ਕੁਝ ਵੱਖਰੇ ਨਹੀਂ ਸਨ।ਜਿਹੜੇ ਇਨਾਂ ਰਿਹਾਇਸ਼ੀ ਸਕੂਲਾਂ ਦੇ ਤਜਰਬਿਆਂ ਤੋਂ ਬਚ ਗਏ ਉਨਾਂ ਵਿੱਚ ਇਸ ਦੇ ਅਸਰ ਹਾਲੇ ਵੀ ਨਜ਼ਰ ਆਉਂਦੇ ਹਨ।

ਇਸ ਤੋਂ ਇਲਾਵਾ ਖੋਜ ਦੱਸਦੀ ਹੈ ਕਿ ਗੰਭੀਰ ਕੁਪੋਸ਼ਣ ਬੱਚਿਆਂ ਵਿੱਚ ਐਪੀਜੈਨੇਟਿਕ ਬਦਲਾਅ ਵੀ ਲਿਆ ਸਕਦਾ ਹੈ ਜੋ ਕਿ ਪੀੜੀ ਦਰ ਪੀੜੀ ਅੱਗੇ ਜਾ ਸਕਦੇ ਹਨ।

**ਬਾਕੀ ਸਫ਼ਾ 30 'ਤੇ**

# ਉੱਤਰੀ ਕੈਲੀਫੋਰਨੀਆ ਦੇ ਜੰਗਲ ਵਿੱਚ ਲੱਗੀ ਭਿਆਨਕ ਅੱਗ

## ਹਜ਼ਾਰਾਂ ਲੋਕ ਭੱਜਣ ਲਈ ਮਜਬੂਰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ)**- ਟਾਹੋ ਝੀਲ ਦੇ ਦੱਖਣ ਵਿਚ ਉੱਤਰੀ ਕੈਲੀਫੋਰਨੀਆ ਦੇ ਜੰਗਲ ਨੂੰ ਅਚਾਨਕ ਲੱਗੀ ਭਿਆਨਕ ਅੱਗ ਕਾਰਨ ਇਕ ਪਹਾੜੀ ਕਸਬਾ ਖਾਲੀ ਕਰਵਾਉਣਾ ਪਿਆ ਹੈ ਤੇ ਹਜਾਰਾਂ ਲੋਕਾਂ ਨੂੰ ਖੇਤਰ ਵਿਚੋਂ ਨਿਕਲਣ ਲਈ ਮਜਬੂਰ ਹੋਣਾ ਪਿਆ ਹੈ। ਸੀਰਾ ਨਵਾਡਾ ਵਿਚੋਂ ਨਿਕਲਣ ਵਾਲੀ ਪ੍ਰਸਿੱਧ ਬਾਈਕ ਦੌੜ ਵੀ ਰੱਦ ਕਰ ਦਿੱਤੀ ਗਈ ਜਿਸ ਕਾਰਨ ਇਸ ਬਾਈਕ ਦੌੜ



ਮੁਕਾਬਲੇ ਨੂੰ ਵੇਖਣ ਆਏ ਤੇ ਮੁਕਾਬਲੇ ਵਿਚ ਹਿੱਸਾ ਲੈਣ ਆਏ ਹਜ਼ਾਰਾਂ ਬਾਈਕ ਸਵਾਰ ਖੇਤਰ ਵਿਚੋਂ ਨਿਕਲ ਗਏ। ਐਲਪਾਈਨ ਕਾਊਂਟੀ ਦੇ ਸ਼ੈਰਿਫ ਦਫਤਰ ਅਨੁਸਾਰ ਟਮਾਰੈਕ ਦੇ 500 ਏਕੜ ਜੰਗਲੀ ਖੇਤਰ ਨੂੰ ਲੱਗੀ ਅੱਗ 6600 ਏਕੜ ਤੋਂ ਵਧ ਰਕਬੇ ਵਿਚ ਫੈਲ ਗਈ ਜਿਸ ਕਾਰਨ ਖੇਤਰ ਵਿਚਲੇ ਬਹੁ-ਰਾਸ਼ਟਰੀ ਮਾਰਗ ਬੰਦ ਕਰ ਦਿੱਤੇ ਗਏ। ਅੱਗ ਮਾਰਕਲੀਵਿਲੇ ਤੇ ਪਲੀਜੈਂਟ ਵਾਦੀ ਨੇੜੇ ਲੱਗੀ ਹੈ ਜਿਸ ਕਾਰਨ ਖੇਤਰ ਖਾਲੀ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਹਨ।

# ਓਵਰਡੋਜ਼ ਦਵਾਈਆਂ ਲੈਣ ਨਾਲ ਅਮਰੀਕਾ 'ਚ 93 ਹਜ਼ਾਰ ਮੌਤਾਂ

**ਵਾਸ਼ਿੰਗਟਨ/ਏ.ਟੀ.ਨਿਊਜ਼:** ਅਮਰੀਕੀ ਸਿਹਤ ਸੰਸਥਾ ਸੈਂਟਰ ਫੌਰ ਡਿਜੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਨੇ ਦੱਸਿਆ ਹੈ ਕਿ ਸਾਲ 2020 ਵਿਚ ਦਵਾਈਆਂ ਦੀ ਓਵਰਡੋਜ਼ ਕਾਰਨ 93 ਹਜ਼ਾਰ ਲੋਕਾਂ ਦੀ ਮੌਤ ਹੋਈ ਹੈ। ਇਸ ਮੁਤਾਬਕ 2020 ਦਵਾਈਆਂ ਦੇ ਓਵਰਡੋਜ਼ ਨਾਲ ਹੋਣ ਵਾਲੀਆਂ ਮੌਤਾਂ ਲਈ ਸਭ ਤੋਂ ਜਾਨਲੇਵਾ ਸਾਲ ਰਿਹਾ ਹੈ।

ਨੈਸ਼ਨਲ ਸੈਂਟਰ ਫੌਰ ਹੈਲਥ ਸਟੈਟਿਸਟਿਕਸ ਮੁਤਾਬਕ ਦਵਾਈਆਂ ਦੀ ਡੋਜ਼ ਦੇ ਮਾਮਲਿਆਂ ਵਿਚ 1999 ਦੇ ਬਾਅਦ ਲਗਾਤਾਰ ਵਾਧਾ ਦਰਜ ਕੀਤਾ ਗਿਆ ਹੈ। ਸਾਲ 2019 ਵਿਚ ਦਵਾਈਆਂ ਦੀ ਓਵਰਡੋਜ਼ ਨਾਲ 70,630 ਲੋਕਾਂ ਦੀ ਮੌਤ ਹੋਈ ਸੀ। 2020 ਵਿਚ ਓਵਰਡੋਜ਼ ਨਾਲ ਮੌਤਾਂ ਵਿਚ 30 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ। ਜਾਨ ਹਾਪਕਿਨਜ਼ ਬਲੂਮਬਰਗ ਸਕੂਲ ਆਫ ਪਬਲਿਕ ਹੈਲਥ ਪ੍ਰੈਕਟਿਸ ਦੇ ਡੀਨ ਡਾਕਟਰ ਜੋਸ਼ੁਆ ਸਾਰਫਸਟੇਨ ਦੱਸਦੇ ਹਨ ਕਿ ਇ ਹੁਣ ਤੱਕ ਦਾ ਸਭ ਤੋਂ ਵੱਡਾ ਵਾਧਾ ਹੈ। ਉਹ ਦੱਸਦੇ ਹਨ ਕਿ ਮਹਾਂਮਾਰੀ ਵਿਚ ਓਵਰਡੋਜ਼ ਨਾਲ ਮੌਤਾਂ ਦੇ ਮਾਮਲੇ ਵਧੇ ਹਨ।

**ਇਸ ਲਈ ਵਧੇ ਮਾਮਲੇ**

ਡਾਕਟਰ ਜੋਸ਼ੁਆ ਦਾ ਕਹਿਣਾ ਹੈ ਕਿ ਲੋਕ ਰਾਹਤ ਲਈ ਦਵਾਈਆਂ ਦਾ ਸਹਾਰਾ ਲੈ ਰਹੇ ਹਨ। ਥੋੜੇ ਆਰਾਮ ਲਈ ਉਹ ਦਵਾਈ ਦੀ ਜ਼ਿਆਦਾ ਡੋਜ਼ ਲੈ ਰਹੇ ਹਨ। ਇਹੀ ਓਵਰਡੋਜ਼ ਲੋਕਾਂ ਦੀ ਮੌਤ ਦਾ ਕਾਰਨ ਬਣ ਰਹੀ ਹੈ। ਮਹਾਂਮਾਰੀ ਵਿਚ ਬਿਨਾਂ ਡਾਕਟਰਾਂ ਦੀ ਸਲਾਹ ਦੇ ਦਵਾਈਆਂ ਦੀ ਵਰਤੋਂ ਵਧੀ ਹੈ। ਮਾਹਿਰਾਂ ਮੁਤਾਬਕ ਕਿਸੇ ਬੀਮਾਰੀ ਦੀ ਦਵਾਈ ਦੀ ਓਵਰਡੋਜ਼ ਲਏ ਜਾਣ 'ਤੇ ਉਸ ਦਾ ਉਲਟਾ ਅਸਰ ਹੋ ਸਕਦਾ ਹੈ। ਜਿਵੇਂ ਡਾਈਬਿਟੀਜ਼ ਦੀ ਦਵਾਈ ਦੀ ਜ਼ਿਆਦਾ ਡੋਜ਼ ਲੈਣ 'ਤੇ ਸਰੀਰ ਵਿਚ ਸ਼ੂਗਰ ਦਾ ਪੱਧਰ ਬਹੁਤ ਘੱਟ ਜਾਂਦਾ ਹੈ, ਜਿਸ ਨਾਲ ਜ਼ਿਆਦਾ ਪਸੀਨਾ, ਕਮਜ਼ੋਰੀ, ਬਹੁਤ ਜ਼ਿਆਦਾ ਭੁੱਖ-ਪਿਆਸ ਜਿਹੇ ਲੱਛਣ ਦਿਖਾਈ ਦੇ ਸਕਦੇ ਹਨ। ਮਰੀਜ਼ ਨੂੰ ਲਗਦਾ ਹੈ ਜਿਵੇਂ ਉਸ ਦੀ ਸਰੀਰ ਵਿਚ ਜਾਨ ਹੀ ਨਹੀਂ ਹੈ।

# ਮਰੀਨ ਕਮਾਂਡੋ ਜ਼ਿੰਦਾ ਕੋਬਰਾ ਦਾ ਪੀਂਦੇ ਹਨ ਖ਼ੂਨ, ਖਾਂਦੇ ਨੇ ਜਿਉਂਦੇ ਜ਼ਹਿਰੀਲੇ ਬਿੱਛੂ

**ਦਿੱਲੀ/ਏ.ਟੀ.ਨਿਊਜ਼:** ਹਰ ਦੇਸ਼ ਦੀ ਸੈਨਾ ਵਿਚ ਅਜਿਹੇ ਸੈਨਿਕ ਸ਼ਾਮਲ ਹੁੰਦੇ ਹਨ, ਜਿਨਾਂ ਦੀ ਹਿੰਮਤ, ਜਨੂੰਨ, ਕੁਰਬਾਨੀ, ਬਹਾਦਰੀ ਅਤੇ ਤਾਕਤ ਬਾਰੇ ਅਸੀਂ ਅਕਸਰ ਸੁਣਦੇ ਰਹਿੰਦੇ ਹਾਂ। ਹਰ ਦੇਸ਼ ਦੀ ਸੈਨਾ ਵਿਚ ਅਜਿਹੇ ਕੁਝ ਸੈਨਿਕ ਸ਼ਾਮਲ ਹੁੰਦੇ ਹਨ। ਦੂਜੇ ਪਾਸੇ, ਕਮਾਂਡੋ ਦਾ ਨਾਮ ਸੁਣਦੇ ਹੀ ਸਾਡੇ ਮਨ ਵਿਚ ਅਜਿਹੇ ਵਿਅਕਤੀ ਦਾ ਚਿੱਤਰ ਬਣ ਜਾਂਦਾ ਹੈ, ਜੋ ਆਮ ਨਹੀਂ ਹੁੰਦਾ। ਕਮਾਂਡੋ 8 ਤੋਂ 10 ਆਮ ਲੋਕਾਂ ਜਾਂ ਇੱਥੋਂ ਤੱਕ ਕਿ ਆਮ ਸੈਨਿਕਾਂ ਨੂੰ ਅਸਾਨੀ ਨਾਲ ਹਰਾ ਸਕਦਾ ਹੈ। ਉਨਾਂ ਦੀ ਸਿਖਲਾਈ ਵੀ ਵੱਖਰੀ ਹੈ। ਇੱਥੇ ਅਸੀਂ ਦੁਨੀਆ ਦੇ ਸਭ ਤੋਂ ਖ਼ਤਰਨਾਕ ਕਮਾਂਡੋਜ਼ ਵਿਚ ਸ਼ਾਮਲ ਯੂਐਸ ਮਰੀਨ ਕਮਾਂਡੋਜ਼ ਬਾਰੇ ਗੱਲ ਕਰ ਰਹੇ ਹਾਂ।

ਜੰਗਲ ਵਿਚ ਅਸਾਨੀ ਨਾਲ ਬਚ ਜਾਂਦੇ ਹਨ ਮਰੀਨ ਕਮਾਂਡੋ

ਮਰੀਨ ਕਮਾਂਡੋ ਨੂੰ ਜੰਗਲ ਵਿਚ ਜ਼ਿੰਦਾ ਰਹਿਣ ਲਈ ਤਿਆਰ ਕੀਤਾ ਜਾਂਦਾ ਹੈ, ਤਾਂ ਕਿ ਜਦੋਂ ਭੋਜਨ ਨਾ ਮਿਲੇ 'ਤਾਂ ਉਹ ਕੱਚਾ ਮਾਸ ਖਾ ਸਕਣ ਅਤੇ ਆਪਣੇ ਆਪ ਨੂੰ ਜ਼ਿੰਦਾ ਰੱਖਣ ਦੇ ਨਾਲ-ਨਾਲ ਮਜ਼ਬੂਤ ਬਣ ਸਕਣ। ਇਸ ਦੇ ਲਈ, ਉਨਾਂ ਨੂੰ ਸਿਖਲਾਈ ਦੇ ਦੌਰਾਨ ਇਕ ਜ਼ਿੰਦਾ ਕੋਬਰਾ ਦਾ ਖ਼ੂਨ ਪੀਣਾ ਪੈਂਦਾ ਹੈ। ਇਸ ਦੇ ਨਾਲ, ਉਨਾਂ ਨੂੰ ਕੁੱਕੜ, ਕਿਰਲੀ ਅਤੇ ਹੋਰ ਜੰਗਲੀ ਜਾਨਵਰਾਂ ਨੂੰ ਮਾਰਨ ਤੋਂ ਬਾਅਦ



ਕੱਚਾ ਹੀ ਖਾਣਾ ਪੈਂਦਾ ਹੈ। ਪੇਟਾ ਨੇ ਇਨਾਂ ਕਮਾਂਡੋਜ਼ ਦੀ ਸਿਖਲਾਈ 'ਤੇ ਇਤਰਾਜ਼ ਵੀ ਜਤਾਇਆ ਹੈ। ਇਕ ਵਾਰ ਜਦੋਂ ਤੁਸੀਂ ਮਰੀਨ ਕਮਾਂਡੋ ਦੀ ਸਿਖਲਾਈ ਪੂਰੀ ਕਰ ਲੈਂਦੇ ਹੋ, ਤਾਂ ਕੋਬਰਾ ਤੁਹਾਨੂੰ ਜ਼ਹਿਰੀਲਾ ਅਤੇ ਖ਼ਤਰਨਾਕ ਸੱਪ ਦਿਖਣ ਦੀ ਬਜਾਏ ਭੋਜਨ ਵਜੋਂ ਦਿਖਦਾ ਹੈ।

**ਕੀ ਹੈ ਕੋਬਰਾ ਗੋਲਡ**

ਹਰ ਸਾਲ, ਹਰ ਕਮਾਂਡੋ ਨੂੰ ਯੁੱਧ ਅਭਿਆਸ ਦੌਰਾਨ ਕੋਬਰਾ ਦਾ ਖ਼ੂਨ ਪਿਲਾਇਆ ਜਾਂਦਾ ਹੈ। ਇਸ ਦੇ ਨਾਲ, ਉਨਾਂ ਨੂੰ ਜ਼ਹਿਰੀਲੇ ਬਿਛੂਆਂ ਨੂੰ ਫੜਨਾ ਅਤੇ ਖਾਣਾ ਵੀ ਪੈਂਦਾ ਹੈ। ਸਾਰੇ ਕਮਾਂਡੋਜ਼ ਲਈ ਅਜਿਹਾ ਕਰਨਾ ਜ਼ਰੂਰੀ ਹੈ। ਜੇ ਕਮਾਂਡੋ ਅਜਿਹਾ ਕਰਨ ਤੋਂ ਇਨਕਾਰ ਕਰਦਾ ਹੈ, ਤਾਂ ਉਸ ਨੂੰ ਹਮੇਸ਼ਾ ਲਈ ਨੌਕਰੀ ਤੋਂ ਹਟਾ ਦਿੱਤਾ ਜਾਂਦਾ ਹੈ। ਪਸ਼ੂ ਅਧਿਕਾਰਾਂ ਦੀ ਰੱਖਿਆ ਏਜੰਸੀ ਪੇਟਾ ਨੇ ਕੋਬਰਾ ਦੀ ਹੱਤਿਆ 'ਤੇ ਇਤਰਾਜ਼ ਜਤਾਇਆ ਸੀ।

**ਸਰੀਰਕ ਅਤੇ ਮਾਨਸਿਕ ਤੌਰ 'ਤੇ ਹੁੰਦੀ ਹੈ ਮਜ਼ਬੂਤ ਸਿਖਲਾਈ**

ਮਰੀਨ ਕਮਾਂਡੋ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਬਹੁਤ ਸਖ਼ਤ ਸਿਖਲਾਈ ਦੁਆਰਾ ਮਜ਼ਬੂਤ ਬਣਾਇਆ ਜਾਂਦਾ ਹੈ। ਇਹ ਸਿਖਲਾਈ ਆਮ ਸੈਨਿਕ ਅਧਿਕਾਰੀ ਦੀ ਸਿਖਲਾਈ ਨਾਲੋਂ ਕਈ ਗੁਣਾ ਵਧੇਰੇ ਮੁਸ਼ਕਲ ਹੁੰਦੀ ਹੈ। ਮਰੀਨ ਕਮਾਂਡੋ ਨੂੰ 13 ਹਫ਼ਤਿਆਂ ਲਈ ਸਖ਼ਤ ਸਿਖਲਾਈ ਦਿੱਤੀ ਜਾਂਦੀ ਹੈ। ਫੌਜ ਵਿਚ 10 ਹਫ਼ਤਿਆਂ ਦੀ ਅਤੇ ਨੇਵੀ ਵਿਚ 9 ਹਫ਼ਤੇ ਦੀ ਸਿਖਲਾਈ ਹੈ। ਹਾਲਾਂਕਿ, ਖਾਸ ਗੱਲ ਇਹ ਹੈ ਕਿ ਪੁਰਸ਼ ਅਤੇ ਔਰਤਾਂ ਮਰੀਨ ਕਮਾਂਡੋ ਦੀ ਸਿਖਲਾਈ ਵਿਚ ਬਰਾਬਰ ਹਿੱਸਾ ਲੈਂਦੇ ਹਨ। ਲਿੰਗ ਦੇ ਅਧਾਰ 'ਤੇ ਕੋਈ ਵਿਤਕਰਾ ਨਹੀਂ ਹੁੰਦਾ ਅਤੇ ਸਿਖਲਾਈ ਦੌਰਾਨ ਕੋਈ ਛੋਟ ਨਹੀਂ ਦਿੱਤੀ ਜਾਂਦੀ।

**ਸਿਖਲਾਈ ਤੋਂ ਪਹਿਲਾਂ ਫਿਟਨੈੱਸ ਟੈਸਟ ਲਾਜ਼ਮੀ**

ਮਰੀਨ ਕਮਾਂਡੋਜ਼ ਦੀ ਸਿਖਲਾਈ ਲਈ ਹਰੇਕ ਸਿਪਾਹੀ ਦੀ ਚੋਣ ਨਹੀਂ ਕੀਤੀ ਜਾਂਦੀ। ਇਸ ਸਿਖਲਾਈ ਲਈ, ਸਿਪਾਹੀਆਂ ਨੂੰ ਪਹਿਲਾਂ ਫਿਟਨੈੱਸ ਟੈਸਟ ਵੀ ਦੇਣਾ ਪੈਂਦਾ ਹੈ। ਇਹ ਟੈਸਟ ਪਾਸ ਕਰਨ ਤੋਂ ਬਾਅਦ ਹੀ ਮਰੀਨ ਕਮਾਂਡੋ ਦੀ ਸਿਖਲਾਈ ਸ਼ੁਰੂ ਹੋ ਜਾਂਦੀ ਹੈ। ਹਰ ਸਾਲ 35 ਤੋਂ 40,000 ਸਿਪਾਹੀ ਇਸ ਮੁਸ਼ਕਲ ਸਿਖਲਾਈ ਨੂੰ ਪੂਰਾ ਕਰਦੇ ਹਨ ਅਤੇ ਮਰੀਨ ਬਣ ਜਾਂਦੇ ਹਨ। ਇਹ ਕਮਾਂਡੋ ਅੱਖ ਝਪਕਦੇ ਹੀ ਕਿਸੇ ਨੂੰ ਵੀ ਮਿਟਾ ਸਕਦੇ ਹਨ। ਉਨਾਂ ਕੋਲ ਆਧੁਨਿਕ ਤਕਨਾਲੋਜੀ ਨਾਲ ਲੈੱਸ ਹਰ ਕਿਸਮ ਦੇ ਹਥਿਆਰ ਹਨ। ਉਨਾਂ ਨੂੰ ਮਿਜ਼ਾਈਲਾਂ ਲਾਂਚ ਕਰਨ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

# ਗੁਰੂਘਰਾਂ ’ਚ ਖੁੱਲ੍ਹਣਗੇ ਸਸਤੀਆਂ ਦਵਾਈਆਂ ਦੇ ਕੇਂਦਰ

## ਪ੍ਰਧਾਨ ਬੀਬੀ ਜਗੀਰ ਕੌਰ ਦੀ ਅਗਵਾਈ ਵਿੱਚ ਹੋਇਆ ਐਲਾਨ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਸ਼੍ਰੋਮਣੀ ਕਮੇਟੀ ਨੇ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਿੱਖ ਸੰਸਥਾ ਦੇ ਪ੍ਰਬੰਧ ਹੇਠਲੇ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਵਿਚ ਸਸਤੀਆਂ ਦਵਾਈਆਂ ਦੇ ਸਟੋਰ ਅਤੇ ਟੈਸਟਾਂ ਲਈ ਲੈਬ ਖੋਲਣ ਦਾ ਫੈਸਲਾ ਕੀਤਾ ਹੈ। ਇਹ ਫੈਸਲਾ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਦੀ ਅਗਵਾਈ ਵਿੱਚ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਲਿਆ ਗਿਆ।

ਬੀਬੀ ਜਗੀਰ ਕੌਰ ਨੇ ਦੱਸਿਆ ਕਿ ਪਹਿਲਾਂ ਸਿਰਫ ਹਰਿਮੰਦਰ ਸਾਹਿਬ ਵਿਖੇ ਸਸਤੀਆਂ ਦਵਾਈਆਂ ਦਾ ਸਟੋਰ ਖੋਲਣ ਦਾ ਫੈਸਲਾ ਕੀਤਾ ਗਿਆ ਸੀ ਪਰ ਹੁਣ ਇਸ ਦਾ ਵਿਸਥਾਰ ਕਰਦਿਆਂ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਚ ਇਹ ਸਟੋਰ ਅਤੇ ਲੈਬ ਖੋਲਣ



ਦਾ ਫੈਸਲਾ ਲਿਆ ਗਿਆ ਹੈ। ਇਸੇ ਤਰਾਂ ਅੰਤ੍ਰਿੰਗ ਕਮੇਟੀ ਨੇ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮਾਂ ਦੀ ਲੜੀ ਮੁੜ ਆਰੰਭ ਕਰਨ ਦਾ ਫੈਸਲਾ ਕੀਤਾ ਹੈ, ਜਿਸ ਤਹਿਤ ਪੰਜਾਬ ਅਤੇ ਦੇਸ਼ ਦੇ ਹੋਰਨਾਂ ਸੂਬਿਆਂ ਵਿਚ ਸਮਾਗਮ ਕੀਤੇ ਜਾਣਗੇ।

ਉਨਾਂ ਦੱਸਿਆ ਕਿ ਪਿੰਡਾਂ ਦੇ ਗੁਰਦੁਆਰਿਆਂ ਦੇ ਉਨਾਂ ਗ੍ਰੰਥੀਆਂ ਨੂੰ ਦੋ ਹਜ਼ਾਰ ਰੁਪਏ ਮਾਸਿਕ ਸਹਾਇਤਾ ਦਿੱਤੀ ਜਾਵੇਗੀ, ਜੋ ਅਕਾਲ ਤਖ਼ਤ ਦੀ ਰਹਿਤ ਮਰਯਾਦਾ ਨੂੰ ਸਮਰਪਿਤ ਹਨ ਅਤੇ ਘੱਟੋ-ਘੱਟ ੧੦ ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਨਿਰੰਤਰ ਦੇਣਗੇ। ਇਸ ਤੋਂ ਇਲਾਵਾ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਮਾਤਾ ਸਾਹਿਬ ਕੌਰ ਕਾਲਜ ਵਿਚ ਹੁਣ ੨੦੦ ਦੀ ਥਾਂ ੪੦੦ ਅੰਮ੍ਰਿਤਧਾਰੀ ਬੱਚੀਆਂ ਨੂੰ ਮੁਫ਼ਤ ਪੜਾਉਣ ਦਾ ਫੈਸਲਾ ਕੀਤਾ ਗਿਆ ਹੈ। ਇਨਾਂ ਬੱਚੀਆਂ ਦੀ ਰਿਹਾਇਸ਼ ਤੇ ਖਾਣੇ ਦਾ ਪ੍ਰਬੰਧ ਵੀ ਸ਼੍ਰੋਮਣੀ ਕਮੇਟੀ ਕਰੇਗੀ। ਸ਼੍ਰੋਮਣੀ ਕਮੇਟੀ ਦੇ ਇੰਜਨੀਅਰਿੰਗ ਕਾਲਜਾਂ ਵਿਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਨੂੰ ੩੦ ਹਜ਼ਾਰ ਰੁਪਏ ਤੱਕ ਦੀ ਛੋਟ ਦਿੱਤੀ ਜਾਵੇਗੀ।

**ਕਿਤਾਬਾਂ ’ਚ ਪ੍ਰਮਾਣਿਕ ਇਤਿਹਾਸ ਸ਼ਾਮਲ ਕਰਨ ਲਈ ਖਰੜਾ ਭੇਜਿਆ**

ਐੱਨਸੀਈਆਰਟੀ ਵੱਲੋਂ ਵੱਖ-ਵੱਖ ਜਮਾਤਾਂ ਲਈ ਤਿਆਰ ਕੀਤੀਆਂ ਜਾਂਦੀਆਂ ਸਿਲੇਬਸ ਦੀਆਂ ਕਿਤਾਬਾਂ ਵਿਚ ਪ੍ਰਮਾਣਿਕ ਸਿੱਖ ਇਤਿਹਾਸ ਨੂੰ ਸ਼ਾਮਲ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਨੇ ਰਾਜ ਸਭਾ ਦੀ ਕਮੇਟੀ ਨੂੰ ਖਰੜਾ ਭੇਜਿਆ ਹੈ। ਇਨਾਂ ਕਿਤਾਬਾਂ ਵਿਚ ਕਈ ਵਾਰ ਸਿੱਖ ਇਤਿਹਾਸ ਦੇ ਗਲਤ ਵੇਰਵੇ ਛਪ ਚੁੱਕੇ ਹਨ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਬੀਤੇ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਨਲਾਈਨ ਮੀਟਿੰਗ ਸਮੇਂ ਸਿਲੇਬਸ ਦੀਆਂ ਕਿਤਾਬਾਂ ਵਿਚ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨ ਦਾ ਮਾਮਲਾ ਉਠਾਇਆ ਗਿਆ ਸੀ ਅਤੇ ਇਸ ਸਬੰਧੀ ਪ੍ਰਮਾਣਤ ਸਿੱਖ ਇਤਿਹਾਸ ਨੂੰ ਸ਼ਾਮਲ ਕਰਵਾਉਣ ਲਈ ਕਮੇਟੀ ਗਠਿਤ ਕਰਨ ਲਈ ਕਿਹਾ ਸੀ। ਉਨਾਂ ਦੱਸਿਆ ਕਿ ਹੁਣ ਇਸ ਸਬੰਧੀ ਰਾਜ ਸਭਾ ਕਮੇਟੀ ਵੱਲੋਂ ਸੁਝਾਅ ਮੰਗੇ ਗਏ ਹਨ, ਜਿਸ ’ਤੇ ਕਾਰਵਾਈ ਕਰਦਿਆਂ ਸ਼੍ਰੋਮਣੀ ਕਮੇਟੀ ਨੇ ਸਿੱਖ ਵਿਦਵਾਨਾਂ ਅਤੇ ਸੰਸਥਾਵਾਂ ਨਾਲ ਮੀਟਿੰਗਾਂ ਕਰ ਕੇ ਤਿਆਰ ਕੀਤਾ ਖਰੜਾ ਇਸ ਕਮੇਟੀ ਨੂੰ ਭੇਜਿਆ ਹੈ।

## ਥਾਣੇ ਵਿਚ ਗੱਭਰੂ ਦੀ ਕੁੱਟਮਾਰ ਦੀ ਵੀਡੀਓ ਵਾਇਰਲ, ਬਠਿੰਡਾ ਪੁਲਿਸ ਫਸੀ, ਥਾਣੇਦਾਰ ਦੀ ਬਦਲੀ ਕੀਤੀ



**ਬਠਿੰਡਾ/ਏ.ਟੀ.ਨਿਊਜ਼ :** ਕਿਸੇ ਨਾ ਕਿਸੇ ਕਾਰਨ ਸੁਰਖੀਆਂ ਵਿਚ ਰਹਿਣ ਵਾਲੀ ਬਠਿੰਡਾ ਪੁਲਿਸ ਦਾ ਇਕ ਹੋਰ ਕਾਰਨਾਮਾ ਵਾਇਰਲ ਹੋਈ ਵੀਡੀਓ ਜ਼ਰੀਏ ਸਾਹਮਣੇ ਆਇਆ ਹੈ। ਥਾਣਾ ਕੋਟਫੱਤਾ ਪੁਲਿਸ ਵੱਲੋਂ ਮੋਟਰਸਾਈਕਲ ਚੋਰੀ ਦੇ ਮਾਮਲੇ ਵਿਚ ਫੜੇ ਗਏ ਨੌਜਵਾਨ ਦੀ ਕੁੱਟਮਾਰ ਕਰਨ ਦਾ ਵੀਡੀਓ ਤੇਜ਼ੀ ਨਾਲ ਫੈਲ ਰਿਹਾ ਹੈ। ਵੀਡੀਓ ਵਿਚ ਥਾਣੇ ਦੇ ਮੁਲਾਜ਼ਮ ਨੌਜਵਾਨ ਨੂੰ ਘੜੀਸਦੇ ਹੋਏ ਲੈ ਕੇ ਜਾ ਰਹੇ ਨਜ਼ਰੀਂ ਪੈਂਦੇ ਹਨ ਤੇ ਉਸ ਪਿੱਛੋਂ ਨੌਜਵਾਨ ਦੀ ਕੁੱਟਮਾਰ ਕਰਦੇ ਹਨ। ਸੋਸ਼ਲ ਮੀਡੀਆ ’ਤੇ ਵੀਡੀਓ ਵਾਇਰਲ ਹੋਣ ਪਿੱਛੋਂ ਥਾਣਾ ਕੋਟ ਫੱਤਾ ਦੀ ਪੁਲਿਸ ਸਵਾਲਾਂ ਦੇ ਘੇਰੇ ਵਿਚ ਆ ਗਈ ਹੈ, ਉਥੇ ਵੀਡੀਓ ’ਤੇ ਲੋਕਾਂ ਨੇ ਤਿੱਖੇ ਕੁਮੈਂਟ ਕੱਸੇ ਹਨ। ਇਸ ਤੋਂ ਪਹਿਲਾਂ ਥਾਣਾ ਤਲਵੰਡੀ ਸਾਬੋ ਵਿਚ ਵਿਅਕਤੀ ਦੀ ਕੁੱਟਮਾਰ ਕਰਨ ਦੇ ਮਾਮਲੇ ਦੀ ਵੀਡੀਓ ਵਾਇਰਲ ਹੋਈ ਸੀ ਜਿਸ ਵਿਚ ਥਾਣੇਦਾਰ ਦੀ ਬਦਲੀ ਕਰ ਦਿੱਤੀ ਗਈ ਸੀ।

**ਪੁਲਿਸ ਦਾ ਪੱਖ :** ਇਸ ਮਾਮਲੇ ਬਾਰੇ ਥਾਣਾ ਕੋਟਫੱਤਾ ਦੇ ਐਸਐਚਓ ਰਜਿੰਦਰਪਾਲ ਸਿੰਘ ਨਾਲ ਗੱਲ ਕੀਤੀ ਤਾਂ ਉਨਾਂ ਕਿਹਾ ਕਿ ਪੁਲਿਸ ਨੇ ਹੈਪੀ ਜੱਗੀ ਵਾਸੀ ਕੋਟਫੱਤਾ ਨੂੰ ਮੋਟਰਸਾਈਕਲ ਚੋਰੀ ਕਰਨ ਦੇ ਮਾਮਲੇ ਵਿਚ ਫੜਿਆ ਹੈ। ਉਹ ਨਸ਼ੇ ਦਾ ਆਦੀ ਹੈ, ਨਸ਼ਾ ਨਾ ਮਿਲਣ ਕਾਰਨ ਹਵਾਲਾਤ ਵਿਚ ਕੰਧ ਨਾਲ ਟੱਕਰ ਮਾਰ ਰਿਹਾ ਸੀ। ਪੁਲਿਸ ਮੁਲਾਜ਼ਮਾਂ ਨੇ ਉਸ ਨੂੰ ਸਿਰਫ ਧਮਕਾਇਆ ਹੈ ਨਾ ਕਿ ਕੁੱਟਮਾਰ ਕੀਤੀ ਹੈ। ਕਿਸੇ ਨੇ ਵੀਡੀਓ ਬਣਾ ਕੇ ਵਾਇਰਲ ਕਰ ਦਿੱਤੀ ਹੈ, ਕੁੱਟਮਾਰ ਵਾਲੀ ਕੋਈ ਗੱਲ ਨਹੀਂ ਹੈ।

## ਬੇਅਦਬੀ ਮਾਮਲੇ ’ਚ ਚਾਰ ਡੇਰਾ ਪ੍ਰੇਮੀਆਂ ਦੀ ਜ਼ਮਾਨਤ

### ਅਗਲੀ ਸੁਣਵਾਈ 3 ਅਗਸਤ ਨੂੰ

**ਫਰੀਦਕੋਟ/ਏ.ਟੀ.ਨਿਊਜ਼:** ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰ ਕੇ ਇਸ ਦੇ ਪੱਤਰੇ ਗਲੀਆਂ ਵਿਚ ਖਿਲਾਰਨ ਤੇ ਇਤਰਾਜ਼ਯੋਗ ਪੋਸਟਰ ਲਾਉਣ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਡੇਰਾ ਪ੍ਰੇਮੀ ਸੁਖਵਿੰਦਰ ਸਿੰਘ, ਸ਼ਕਤੀ ਸਿੰਘ, ਬਲਜੀਤ ਸਿੰਘ, ਪ੍ਰਦੀਪ ਸਿੰਘ, ਸੁਖਜਿੰਦਰ ਸਿੰਘ ਤੇ ਰਣਜੀਤ ਸਿੰਘ ਦੇ ਖਿਲਾਫ ਜੁਡੀਸ਼ੀਅਲ ਮੈਜਿਸਟ੍ਰੇਟ ਮੈਡਮ ਤਰਜਨੀ ਦੀ ਅਦਾਲਤ ਵਿਚ ਸੁਣਵਾਈ ਹੋਣੀ ਸੀ ਪਰ ਕੋਰੋਨਾ ਕਾਰਨ ਅਦਾਲਤਾਂ ਦਾ ਕੰਮ ਬੰਦ ਕੀਤਾ ਹੋਣ ਕਰ ਕੇ ਡੇਰਾ ਪ੍ਰੇਮੀਆਂ ਨੂੰ ਵੀਡੀਓ ਕਾਨਫਰੰਸ ਰਾਹੀਂ ਜੁਡੀਸ਼ੀਅਲ ਮੈਜਿਸਟ੍ਰੇਟ ਅੱਗੇ ਪੇਸ਼ ਕੀਤਾ।

ਅਦਾਲਤ ਨੇ ਕੇਸ ਦੀ ਸੁਣਵਾਈ 3 ਅਗਸਤ ਨੂੰ ਤੈਅ ਕਰ ਦਿੱਤੀ ਹੈ। ਜਾਣਕਾਰੀ ਮੁਤਾਬਕ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ



ਡੀਆਈਜੀ ਰਣਬੀਰ ਸਿੰਘ ਖੱਟੜਾ ਦੀ ਅਗਵਾਈ ਵਾਲੀ ਐੱਸਆਈਟੀ ਭੰਗ ਕਰਨ ਤੋਂ ਬਾਅਦ ਸੂਬਾ ਸਰਕਾਰ ਨੇ ਆਈਜੀ ਐੱਸਪੀਐੱਸ ਪਰਮਾਰ ਅਤੇ ਏਆਈਜੀ ਰਜਿੰਦਰ ਸਿੰਘ ਸੋਹਲ ਨੂੰ ਟੀਮ ਦਾ ਮੁਖੀ ਨਿਯੁਕਤ ਕੀਤਾ ਸੀ। ਐੱਸਆਈਟੀ ਟੀਮ ਨੇ ਫੋਰੈਂਸਿਕ ਲੈਬ ਵਿਚ ਭੇਜੇ ਗਏ ਪੋਸਟਰਾਂ ਅਤੇ ਨਮੂਨਿਆਂ ਦੇ ਨਤੀਜੇ ਆਉਣੇ ਹਾਲੇ ਬਾਕੀ ਹਨ। ਜਾਂਚ ਟੀਮ ਬੇਅਦਬੀ ਕਾਂਡ ਦੇ 2 ਮਾਮਲਿਆਂ ਵਿਚ ਚਾਲਾਨ ਅਦਾਲਤ ਵਿਚ ਪੇਸ਼ ਕਰ ਚੁੱਕੀ ਹੈ।

**ਜ਼ਮਾਨਤ ਅਰਜ਼ੀ ਪ੍ਰਵਾਨ**

6 ਡੇਰਾ ਪ੍ਰੇਮੀਆਂ ਵਿੱਚੋ ਸ਼ਕਤੀ ਸਿੰਘ, ਰਣਜੀਤ ਸਿੰਘ, ਬਲਜੀਤ ਸਿਘ ਤੇ ਸੁਖਜਿੰਦਰ ਸਿੰਘ ਨੇ ਜੁਡੀਸ਼ੀਅਲ ਮੈਜਿਸਟ੍ਰੇਟ ਦੀ ਅਦਾਲਤ ਵਿਚ ਜ਼ਮਾਨਤ ਦੀ ਅਰਜ਼ੀ ਲਾਈ ਸੀ। ਜੁਡੀਸ਼ੀਅਲ ਮੈਜਿਸਟ੍ਰੇਟ ਮੈਡਮ ਤਰਜਨੀ ਦੀ ਅਦਾਲਤ ਨੇ ਇਸ ਅਰਜ਼ੀ ’ਤੇ ਗ਼ੌਰ ਕਰਦਿਆਂ ਮੰਗ ਪ੍ਰਵਾਨ ਕਰ ਲਈ ਹੈ।



### ਮਾਮਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ

# ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਜਥੇਦਾਰ ਨੇ ਸੱਦੀ ਮੀਟਿੰਗ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਬੇਅਦਬੀ ਦੀਆਂ ਘਟਨਾਵਾਂ ਰੋਕਣ ਸਬੰਧੀ ਸਿੱਖ ਜਥੇਬੰਦੀਆਂ ਦੇ ਪ੍ਰਤੀਨਿਧਾਂ ਨਾਲ ਵਿਚਾਰ-ਵਟਾਂਦਰਾ ਕਰਨ ਲਈ 26 ਜੁਲਾਈ ਨੂੰ ਮੀਟਿੰਗ ਸੱਦੀ ਹੈ, ਜਿਸ ਵਿੱਚ ਸਿੱਖ ਜਥੇਬੰਦੀਆਂ, ਸੰਪਰਦਾਵਾਂ, ਸਭਾ, ਸੁਸਾਇਟੀਆਂ ਦੇ ਨੁਮਾਇੰਦੇ ਸ਼ਾਮਲ ਹੋਣਗੇ। ਇਸ ਦੌਰਾਨ ਉਨਾਂ ਨੇ ਅਕਾਲ ਤਖ਼ਤ ਨੇੜੇ ਖੁਦਾਈ ਦੌਰਾਨ ਮਿਲੇ ਪੁਰਾਤਨ ਇਮਾਰਤੀ ਢਾਂਚੇ ਨੂੰ ਨਿੱਜੀ ਜਾਇਦਾਦ ਦਾ ਹਿੱਸਾ ਦੱਸਿਆ ਹੈ। ਕਾਲ ਤਖ਼ਤ ਦੇ ਸਕੱਤਰੇਤ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਬੇਅਦਬੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ, ਜਿਸ ਕਾਰਨ ਸਿੱਖ ਸੰਗਤ ਵਿਚ ਰੋਸ ਹੈ। ਉਨਾਂ ਦੱਸਿਆ ਕਿ ਇਸ ਸਬੰਧੀ 26 ਜੁਲਾਈ ਨੂੰ ਅਕਾਲ ਤਖ਼ਤ ਵਿੱਚ ਮੀਟਿੰਗ ਸੱਦੀ ਗਈ ਹੈ, ਜਿਸ ਵਿੱਚ ਸਿੰਘ ਸਾਹਿਬਾਨ ਤੋਂ ਇਲਾਵਾ ਵੱਖ ਵੱਖ ਸਿੱਖ ਜਥੇਬੰਦੀਆਂ, ਸੰਪਰਦਾਵਾਂ ਤੇ ਸਭਾ ਸੁਸਾਇਟੀਆਂ ਦੇ ਪ੍ਰਤੀਨਿਧ ਸੱਦੇ ਜਾ ਰਹੇ ਹਨ। ਉਨਾਂ ਕੋਲੋਂ ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਸੁਝਾਅ ਲਏ ਜਾਣਗੇ। ਮਿਲੇ ਵੇਰਵਿਆਂ ਮੁਤਾਬਕ ਇਸ ਮੀਟਿੰਗ ਵਿੱਚ ਬਹਿਬਲ ਕਲਾਂ



ਤੇ ਬਰਗਾੜੀ ਬੇਅਦਬੀ ਘਟਨਾ ਦੀ ਜਾਂਚ ਕਮੇਟੀ ਦੇ ਇੱਕ ਮੈਂਬਰ ਨੂੰ ਵੀ ਸੱਦਿਆ ਗਿਆ ਹੈ। ਇਸ ਦੌਰਾਨ ਉਨਾਂ ਸਿੱਖ ਸੰਗਤ ਨੂੰ ਮੀਰੀ ਪੀਰੀ ਦਿਵਸ ਦੀ ਵਧਾਈ ਦਿੱਤੀ। ਉਨਾਂ ਨਾਲ ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੀ ਮੌਜੂਦ ਸਨ।

**ਪੁਰਾਤਨ ਇਮਾਰਤੀ ਢਾਂਚੇ 'ਤੇ ਰਾਜਨੀਤੀ ਠੀਕ ਨਹੀਂ : ਜਥੇਦਾਰ**

ਅਕਾਲ ਤਖ਼ਤ ਦੇ ਸਕੱਤਰੇਤ ਨੇੜੇ ਸ਼੍ਰੋਮਣੀ ਕਮੇਟੀ ਵੱਲੋਂ ਬਣਾਏ ਜਾ ਰਹੇ ਜੋੜਾ ਘਰ ਅਤੇ ਸਕੂਟਰ ਸਟੈਂਡ ਵਾਲੀ ਥਾਂ ਦੀ ਖੁਦਾਈ ਦੌਰਾਨ ਮਿਲੇ ਪੁਰਾਤਨ ਇਮਾਰਤੀ ਢਾਂਚੇ ਬਾਰੇ ਜਥੇਦਾਰ ਨੇ ਕਿਹਾ ਕਿ ਇਸ ਮੁੱਦੇ 'ਤੇ ਸਿਰਫ ਰਾਜਨੀਤੀ ਕੀਤੀ ਜਾ ਰਹੀ ਹੈ। ਇਹ ਇਮਾਰਤ ਨਿੱਜੀ ਜਾਇਦਾਦ ਦਾ ਹਿੱਸਾ ਹੈ, ਜਿਸ ਨੂੰ ਬੂੰਗਾ ਗਿਆਨੀਆਂ ਵਜੋਂ ਜਾਣਿਆ ਜਾਂਦਾ ਸੀ। ਇਸ ਵਿੱਚ ਉਨਾਂ ਦੇ ਵਾਰਸ ਰਹਿੰਦੇ ਸਨ ਅਤੇ 1988 ਵਿੱਚ ਉਨਾਂ ਨੇ ਕੇਂਦਰ ਸਰਕਾਰ ਕੋਲੋਂ ਮੁਆਵਜ਼ਾ ਲੈ ਕੇ ਜ਼ਮੀਨ ਦਾ ਕਬਜ਼ਾ ਸਰਕਾਰ ਨੂੰ ਦੇ ਦਿੱਤਾ ਸੀ। ਉਸ ਵੇਲੇ ਸਰਕਾਰ ਵੱਲੋਂ ਇਸ ਇਮਾਰਤ ਦੀਆਂ ਧਰਾਤਲ ਤੋਂ ਉੱਪਰਲੀਆਂ ਤਿੰਨ ਮੰਜ਼ਲਾਂ ਢਾਹ-ਢੇਰੀ ਕਰ ਦਿੱਤੀਆਂ ਗਈਆਂ ਸਨ। ਉਸ ਵੇਲੇ ਨਾ ਕਿਸੇ ਨੇ ਵਿਰੋਧ ਕੀਤਾ ਤੇ ਨਾ ਹੀ ਇਸ ਨੂੰ ਢਾਹੁਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ। ਇਸ ਦਾ ਜ਼ਮੀਨਦੋਜ਼ ਹਿੱਸਾ ਇੰਝ ਹੀ ਦੱਬ ਦਿੱਤਾ ਗਿਆ, ਜੋ ਹੁਣ ਖੁਦਾਈ ਵੇਲੇ ਸਾਹਮਣੇ ਆਇਆ ਹੈ। ਹੁਣ ਇਸ ਮੁੱਦੇ 'ਤੇ ਰੌਲਾ ਪਾਉਣਾ ਅਤੇ ਵਿਵਾਦ ਖੜਾ ਕਰਨਾ ਠੀਕ ਨਹੀਂ।

# ਸਿੱਖ ਵਿਰਾਸਤੀ ਇਮਾਰਤਾਂ ਬਾਰੇ ਪੁਰਾਤੱਤਵ ਵਿਭਾਗ ਦੀ ਟੀਮ 10 ਦਿਨਾਂ ਦੇ ਅੰਦਰ ਸੌਂਪੇਗੀ ਰਿਪੋਰਟ



**ਅੰਮ੍ਰਿਤਸਰ/ਏ.ਟੀ.ਨਿਊਜ਼ :** ਅਕਾਲ ਤਖ਼ਤ ਸਾਹਿਬ ਦੇ ਨਾਲ ਬਣ ਰਹੇ ਨਵੇਂ ਜੋੜਾਘਰ ਵਿਖੇ ਖੁਦਾਈ ਦੌਰਾਨ ਮਿਲੀਆਂ ਪੁਰਾਤਨ ਇਮਾਰਤਾਂ ਦੀ ਜਾਂਚ ਲਈ ਪੁਰਾਤੱਤਵ ਵਿਭਾਗ ਦੀ 4 ਮੈਂਬਰੀ ਟੀਮ ਬੀਤੇ ਮੰਗਲਵਾਰ ਸਵੇਰੇ ਮੌਕੇ 'ਤੇ ਪਹੁੰਚੀ। ਟੀਮ ਦੇ ਮੁਖੀ ਏ.ਕੇ. ਤਿਵਾੜੀ ਆਰਕੋਲੌਜਿਸਟ ਵਧੀਕ ਸੁਪਰੀਡੈਂਟ ਪੁਰਾਤੱਤਵ ਵਿਭਾਗ ਨੇ ਕਿਹਾ ਕਿ ਸਾਰੀ ਰਿਪੋਰਟ 10 ਦਿਨਾਂ ਦੇ ਅੰਦਰ ਡੀਸੀ ਅੰਮ੍ਰਿਤਸਰ ਨੂੰ ਸੌਂਪ ਦਿੱਤੀ ਜਾਵੇਗੀ। ਜੋ ਵੀ ਪੁਰਾਤਨ ਹਿੱਸਾ ਮਿਲਿਆ ਹੈ, ਭਾਵੇਂ ਇਸ ਦਾ ਉੱਪਰਲਾ ਹਿੱਸਾ ਮੌਜੂਦ ਨਹੀਂ ਹੈ ਪਰ ਫਿਰ ਵੀ ਇਸ ਦਾ ਪੁਰਾਤਨ ਇਤਿਹਾਸ ਜਾਂ ਮਹੱਤਵ ਨੂੰ ਧਿਆਨ ਵਿਚ ਰੱਖ ਕੇ ਰਿਪੋਰਟ ਤਿਆਰ ਕੀਤੀ ਜਾਵੇਗੀ। ਇਸ ਮੌਕੇ ਉਨਾਂ ਨਾਲ ਅਕਸ਼ਿਤ ਕੌਸ਼ਿਕ ਆਰਕੋਲੌਜਿਸਟ, ਸੁਖਪਾਲ ਸਿੰਘ ਡਰਾਫਟਮੈਨ ਤੇ ਕਪਿਲ ਕੌਸ਼ਿਕ ਫੋਟੋਗ੍ਰਾਫਰ ਮੌਜੂਦ ਸਨ। ਇਕ ਕਮਰੇ ਨਾਲ ਜੁੜਦਾ ਦੂਸਰਾ ਕਮਰਾ ਪੁਰਾਤੱਤਵ ਵਿਭਾਗ ਦੀ ਟੀਮ ਨੇ ਜਾਂਚ ਸਮੇਂ ਦੇਖਿਆ ਕਿ ਪੁਰਾਤਨ ਬਣੀ ਜ਼ਮੀਨਦੋਜ਼ ਇਮਾਰਤ ਦਾ ਇਕ ਕਮਰਾ ਦੂਸਰੇ ਕਮਰੇ ਨਾਲ ਮਿਲ ਰਿਹਾ ਹੈ। ਹਰੇਕ ਕਮਰੇ ਦੇ ਅਗਲੇ ਪਾਸੇ ਦੂਸਰਾ ਕਮਰਾ ਮਿਲਦਾ ਹੈ। ਰਸਤੇ ਪੁਰਾਤਨ ਸਮੇਂ ਬਣਦੀਆਂ ਡਾਟਾਂ ਦੇ ਹਨ ਅਤੇ ਡਿਜ਼ਾਈਨ ਅਤੇ ਢਾਚਾ ਖੁਬਸੂਰਤ ਹੈ। ਟੀਮ ਦਾ ਕਹਿਣਾ ਹੈ ਕਿ ਇਸ ਤੋਂ ਪਹਿਲਾਂ ਦੀ ਇਮਾਰਤ ਭਾਵੇਂ ਢਹਿ ਚੁੱਕੀ ਹੈ ਪਰ ਫਿਰ ਵੀ ਬਾਕੀ ਦੀ ਇਮਾਰਤ ਨੂੰ ਬਚਾਇਆ ਜਾ ਸਕਦਾ ਹੈ।

# ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਹੋ ਸਕਦੀਆਂ ਨੇ ਜਲਦ

**ਚੰਡੀਗੜ/ਏ.ਟੀ.ਨਿਊਜ਼ :** ਪੰਜਾਬ, ਹਰਿਆਣਾ, ਹਿਮਾਚਲ ਤੇ ਯੂ.ਟੀ. ਚੰਡੀਗੜ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਜਲਦ ਹੋਣ ਦੀ ਸੰਭਾਵਨਾ ਬਣ ਗਈ ਹੈ, ਕਿਉਂਕਿ ਭਾਰਤ ਸਰਕਾਰ ਵਲੋਂ ਨਿਯੁਕਤ ਕੀਤੇ ਗੁਰਦੁਆਰਾ ਚੋਣਾਂ ਬਾਰੇ ਮੁੱਖ ਕਮਿਸ਼ਨਰ ਸੇਵਾ ਮੁਕਤ ਜਸਟਿਸ ਸੁਰਿੰਦਰ ਸਿੰਘ ਸਾਰੋਂ ਨੇ ਚਾਰਜ ਸੰਭਾਲ ਲਿਆ ਹੈ। ਉਨਾਂ ਦੱਸਿਆ ਕਿ ਮੈਂ ਹੁਣ ਕੰਮ ਕਰਨਾ ਵੀ ਸ਼ੁਰੂ ਕਰ ਦਿੱਤਾ ਹੈ, ਭਾਵੇਂ ਲਗਾਤਾਰ ਦਫ਼ਤਰ ਵਿਚ ਅਜੇ ਨਹੀਂ ਜਾ ਰਿਹਾ ਕਿਉਂਕਿ ਸੈਕਟਰ-17 ਵਿਚ ਦਫ਼ਤਰ ਦਾ ਕੰਮ ਅਜੇ ਪੂਰੀ ਤਰਾਂ ਮੁਕੰਮਲ ਨਹੀਂ ਹੋਇਆ। ਉਨਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਹੁਣੇ ਜਿਹੇ ਪੰਜਾਬ ਦੇ ਰਾਜਪਾਲ ਨਾਲ ਮੁਲਾਕਾਤ ਕਰਕੇ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਕਰਵਾਉਣ ਲਈ ਮੰਗ ਕੀਤੀ ਹੈ। ਉਨਾਂ ਦੱਸਿਆ ਕਿ ਚੋਣਾਂ ਦੇ ਇਛੁੱਕ ਮੈਨੂੰ ਨਿਰਧਾਰਤ ਸਮੇਂ 'ਤੇ ਆ ਕੇ ਮਿਲ ਵੀ ਸਕਦੇ ਹਨ। ਭਾਵੇਂ ਮੇਰੇ ਦਫ਼ਤਰ 'ਚ ਅਜੇ ਉਨਾਂ ਨੂੰ ਮਿਲਣ ਬਾਰੇ ਬੈਠਣ ਲਈ ਕੁਰਸੀ ਦੀ ਸਹੂਲਤ ਨਹੀਂ ਪਰ ਮੈਂ ਦਫ਼ਤਰ ਦੇ ਬਾਹਰ ਆ ਕੇ ਮਿਲਣ ਲਈ ਤਿਆਰ ਹਾਂ। ਜਸਟਿਸ ਸਾਰੋਂ ਨੇ ਇਹ ਪ੍ਰਗਟਾਵਾ ਵੀ ਕੀਤਾ ਕਿ ਮੈਨੂੰ ਅਜੇ ਤੱਕ ਸਟਾਫ਼ ਨਹੀਂ ਮਿਲਿਆ, ਇੱਥੋਂ ਤੱਕ ਕਿ ਸੈਕਟਰੀ ਤੇ ਕਲਰਕ ਅਤੇ ਸੁਪਰਡੈਂਟ ਮੁਹੱਈਆ ਨਹੀਂ ਕੀਤੇ ਗਏ, ਪਰ ਮੈਨੂੰ ਆਸ ਹੈ ਕਿ ਲੋੜੀਂਦਾ ਸਟਾਫ਼ ਜਲਦੀ ਮਿਲ ਜਾਵੇਗਾ।

### ਮਾਮਲਾ 1984 ਸਿੱਖ ਕਤਲੇਆਮ ਦਾ

# 11 ਮੁਕੱਦਮਿਆਂ ਦੀ ਪੜਤਾਲ ਮੁਕੰਮਲ

### ✪ ਹੁਣ ਹੋਣਗੀਆਂ ਦੋਸ਼ੀਆਂ ਦੀਆਂ ਗ੍ਰਿ.ਫਤਾਰੀਆਂ ✪ 5 ਪੁਰਾਣੇ ਨਾਮੀ ਵਕੀਲ ਵੀ ਕਤਲੇਆਮ ਵਿਚ ਸ਼ਾਮਲ ਹੋਣ ਦੇ ਦੋਸ਼ੀ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਹੁਣ ਲੱਗ ਰਿਹਾ ਹੈ ਕਿ ਸਿੱਖ ਕਤਲੇਆਮ 1984 ਦੇ ਮਾਮਲੇ ਵਿਚ ਕੋਰਟ ਨੇ ਕੁੱਝ ਵਧੀਆ ਫ਼ੈਸਲਾ ਦਿਤਾ ਹੈ। ਦਰਅਸਲ ਸਿੱਖ ਵਿਰੋਧੀ ਕਤਲੇਆਮ 1984 ਦੇ ਮਾਮਲੇ ਵਿਚ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਨੇ ਲਗਭਗ 11 ਕੇਸਾਂ ਦੀ ਜਾਂਚ ਖ਼ਤਮ ਕਰ ਲਈ ਹੈ। ਇਸ ਲੰਮੀ ਜਾਂਚ ਵਿਚ ਘੱਟੋ ਘੱਟ 40 ਤੋਂ ਵੱਧ ਮੁਲਜ਼ਮਾਂ ਦੀ ਪਛਾਣ ਹੋਈ ਹੈ ਤੇ ਇਨਾਂ ਦੀ ਵੈਰੀਫ਼ੀਕੇਸ਼ਨ ਵੀ ਹੋ ਚੁੱਕੀ ਹੈ। ਇਸ ਵਿਚ ਸ਼ਹਿਰ ਦੇ 5 ਪੁਰਾਣੇ ਨਾਮੀ ਵਕੀਲ ਵੀ ਨਾਮਜ਼ਦ ਸਨ ਜੋ ਕਿ ਦੰਗਿਆਂ ਵਿਚ ਸ਼ਾਮਲ ਸਨ। ਇਸ ਸਬੰਧੀ ਐਸਆਈਟੀ ਕੋਲ ਲੋੜੀਂਦੇ ਸਬੂਤ ਮੌਜੂਦ ਹਨ। ਇਨਾਂ ਕੇਸਾਂ ਵਿਚ ਮੁਲਜ਼ਮਾਂ ਦੀ ਗ੍ਰਿ.ਫ਼ਤਾਰੀ ਲਈ ਮਨਜ਼ੂਰੀ ਲੈਣ ਦੀ ਪ੍ਰਕਿਰਿਆ ਐਸਆਈਟੀ ਨੇ ਸ਼ੁਰੂ ਕਰ ਦਿਤੀ ਹੈ। ਇਕ ਤੋਂ ਦੋ ਮਹੀਨੇ ਦੇ ਅੰਦਰ ਮੁਲਜ਼ਮਾਂ ਦੀ ਗ੍ਰਿ.ਫ਼ਤਾਰੀ ਦੀ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ।

ਬਾਕੀ ਸਫ਼ਾ 30 'ਤੇ


When tired of all treatments for any disease at any age TRY

HOMEOPATHIC

EXPERIENCED CONSULTANT PHYSICIAN SINCE 1973

ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ

WE SELL HOMEOPATHY MEDICINES

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ



GURDIP SINGH SANDHU

DHMS-Gold Medalist, BAMS,MDEH, INDIA

Ex Principal Homeopathic medical colleges in India,

Prof., Chief Medical Officer,

Ex Member NCH and CA Homeomedical Society

Working under act SB 577 state of CA

American Red Cross

Cell Phone: 408 687 1899

Office: 925 999 8278

7021 village park way Dublin ca 94568

Email: homeomedicine@yahoo.com

ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ

(Download Sub Rang Radio station application)

Homeopathicvibes

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :

940, E. El Camino Real, Sunnyvale, CA 94087

Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538

www.homeopathicvibes.com

We sell and ship homeopathic remedies through out North America.

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H

(Ex Homeopathic Medical officer Punjab Govt.)

CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ

* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441

Email : sacramento99@yahoo.co. website: capitalservices.us

Allstate You're in good hands.

ALL STATE INSURANCE

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ

ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh

Insurance Specialist, CA --LIC: #0822501

Phone : (510) 441-7490

(877) 441-7490

FAX : (510) 441-2537

ADDRESS : 30042 MISSION BLVD SUITE #221, HAYWARD, CA 94544

# ਦੈਨਿਕ ਭਾਸਕਰ ਮੋਦੀ ਸਰਕਾਰ ਦੇ ਨਿਸ਼ਾਨੇ ਉਪਰ

## ✪ ਦੈਨਿਕ ਭਾਸਕਰ ਅਤੇ ਭਾਰਤ ਸਮਾਚਾਰ ਦੇ ਦਫ਼ਤਰਾਂ ’ਤੇ ਛਾਪੇ ✪ ਅਖ਼ਬਾਰ ਦੇ ਮਾਲਕ ਸੁਧੀਰ ਦੇ ਭੋਪਾਲ ਸਥਿਤ ਘਰ ’ਚ ਆਮਦਨ ਕਰ ਵਿਭਾਗ ਦੇ ਛਾਪੇ ਤੋਂ ਬਾਅਦ ਪੁਲਿਸ ਤਾਇਨਾਤ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਆਮਦਨ ਕਰ ਵਿਭਾਗ ਨੇ ਵੱਡੇ ਮੀਡੀਆ ਘਰਾਣੇ ਦੈਨਿਕ ਭਾਸਕਰ ਦੇ ਕਈ ਸੂਬਿਆਂ ’ਚ ਪੈਂਦੇ ਦਫ਼ਤਰਾਂ ਅਤੇ ਉੱਤਰ ਪ੍ਰਦੇਸ਼ ਆਧਾਰਿਤ ਟੀਵੀ ਚੈਨਲ ਭਾਰਤ ਸਮਾਚਾਰ ’ਤੇ ਕਥਿਤ ਟੈਕਸ ਚੋਰੀ ਦੇ ਦੋਸ਼ਾਂ ਹੇਠ ਛਾਪੇ ਮਾਰੇ। ਛਾਪਿਆਂ ਦੀ ਕਈ ਆਗੂਆਂ ਨੇ ਤਿੱਖੀ ਆਲੋਚਨਾ ਕੀਤੀ ਹੈ। ਉਧਰ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਏਜੰਸੀਆਂ ਆਪਣਾ ਕੰਮ ਕਰ ਰਹੀਆਂ ਹਨ ਤੇ ਉਨਾਂ ਦੇ ਕੰਮ ’ਚ ਸਰਕਾਰ ਦੀ ਕੋਈ ਦਖ਼ਲਅੰਦਾਜ਼ੀ ਨਹੀਂ ਹੈ। ਉਨਾਂ ਕਿਹਾ ਕਿ ਕਿਸੇ ਨੂੰ ਵੀ ਆਲੋਚਨਾ ਕਰਨ ਤੋਂ ਪਹਿਲਾਂ ਪੂਰੀ ਜਾਣਕਾਰੀ ਹਾਸਲ ਕਰਨ ਲੈਣੀ ਚਾਹੀਦੀ ਹੈ ਕਿਉਂਕਿ ਕਈ ਵਾਰ ਕੁਝ ਮੁੱਦੇ ਸਚਾਈ ਤੋਂ ਵੀ ਪਰਾਂ ਹੁੰਦੇ ਹਨ। ਕਾਂਗਰਸ ਨੇ ਦੋਸ਼ ਲਾਇਆ ਕਿ ਲੋਕਤੰਤਰ ਦੀ ਆਵਾਜ਼ ਦਬਾਉਣ ਦੇ ਇਰਾਦੇ ਨਾਲ ਇਹ ਛਾਪੇ ਮਾਰੇ ਗਏ ਹਨ।

ਜ਼ਿਕਰਯੋਗ ਹੈ ਕਿ ਦੈਨਿਕ ਭਾਸਕਰ ਅਤੇ ਭਾਰਤ ਸਮਾਚਾਰ ਨੇ ਕਰੋਨਾ ਮਹਾਂਮਾਰੀ ਦੀ ਦੂਜੀ ਲਹਿਰ ਦੌਰਾਨ ਮੁਸ਼ਕਲ ’ਚ ਘਿਰੇ ਲੋਕਾਂ ਅਤੇ ਸਰਕਾਰਾਂ ਦੀ ਨਾਕਾਮੀ ਬਾਰੇ ਕਈ ਆਲੋਚਨਾਤਮਕ ਖ਼ਬਰਾਂ ਛਾਪੀਆਂ ਸਨ। ਮਲਟੀ-ਮੀਡੀਆ ਦੈਨਿਕ ਭਾਸਕਰ ਗਰੁੱਪ ਦੇ ਭੁਪਾਲ, ਜੈਪੁਰ, ਅਹਿਮਦਾਬਾਦ ਅਤੇ ਨੋਇਡਾ ਸਮੇਤ 30 ਥਾਵਾਂ ’ਤੇ ਛਾਪੇ ਸਵੇਰੇ ਸਾਢੇ ਪੰਜ ਵਜੇ ਦੇ ਕਰੀਬ ਮਾਰੇ ਗਏ। ਦੈਨਿਕ ਭਾਸਕਰ ਦੀ 12 ਸੂਬਿਆਂ ’ਚ ਮੌਜੂਦਗੀ ਹੈ ਅਤੇ ਇਸ ਦੇ ਅਖ਼ਬਾਰ ਦੇ ਨਾਲ ਨਾਲ ਰੇਡੀਓ ਸਟੇਸ਼ਨ, ਵੈੱਬ ਪੋਰਟਲ ਅਤੇ ਮੋਬਾਈਲ ਫੋਨ ਐਪ ਵੀ ਹਨ। ਗਰੁੱਪ ਟੈਕਸਟਾਈਲਜ਼ ਅਤੇ ਮਾਈਨਿੰਗ ਕਾਰੋਬਾਰ ਨਾਲ ਵੀ ਜੁੜਿਆ ਹੋਇਆ ਅਤੇ ਇਕ ਅਧਿਕਾਰੀ ਨੇ ਕਿਹਾ ਕਿ ਆਮਦਨ ਕਰ ਵਿਭਾਗ ਇਨਾਂ ਕਾਰੋਬਾਰ ’ਚ ਹੋਏ ਲੈਣ-ਦੇਣ ਨੂੰ ਵੀ ਘੋਖ ਰਿਹਾ ਹੈ। ਮੀਡੀਆ ਘਰਾਣਿਆਂ ’ਤੇ ਪਏ ਛਾਪੇ ਦਾ ਮੁੱਦਾ ਰਾਜ ਸਭਾ ’ਚ ਵੀ ਉੱਠਿਆ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਮੇਤ ਕਈ ਆਗੂਆਂ ਨੇ ਛਾਪਿਆਂ ਦੀ ਨਿਖੇਧੀ ਕੀਤੀ ਹੈ। ਮਮਤਾ ਨੇ ਮੀਡੀਆ ਨੂੰ ਮਜ਼ਬੂਤ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਇਕਜੁੱਟ ਰਹਿ ਕੇ ਤਾਨਾਸ਼ਾਹੀ ਤਾਕਤਾਂ ਨੂੰ ਅਸਫ਼ਲ ਬਣਾਇਆ ਜਾ ਸਕਦਾ ਹੈ। ਕੇਜਰੀਵਾਲ ਨੇ ਕਿਹਾ ਕਿ ਇਹ ਮੀਡੀਆ ਨੂੰ ਡਰਾਉਣ ਦੀ ਕੋਸ਼ਿਸ਼ ਹੈ। ਗਹਿਲੋਤ ਨੇ ਕਿਹਾ ਕਿ ਮੋਦੀ ਸਰਕਾਰ ਆਪਣੀ ਆਲੋਚਨਾ ਸਹਿਣ ਨਹੀਂ ਕਰ ਸਕਦੀ ਹੈ ਅਤੇ ਇਹ ਮੀਡੀਆ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਹੈ। ਮੱਧ ਪ੍ਰਦੇਸ਼ ਕਾਂਗਰਸ ਦੇ ਮੁਖੀ ਕਮਲ ਨਾਥ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲੋਕਤੰਤਰ ਦੇ ਚੌਥੇ ਥੰਮ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

**‘ਭਾਸਕਰ ਦੀ ਸੱਚੀ ਪੱਤਰਕਾਰੀ ਤੋਂ ਡਰ ਗਈ ਹੈ ਸਰਕਾਰ’**

ਭਾਸਕਰ ਗਰੁੱਪ ਨੇ ਦੋਸ਼ ਲਾਇਆ ਕਿ ਭੋਪਾਲ ਅਤੇ ਅਹਿਮਦਾਬਾਦ ’ਚ ਛਾਪੇ ਦੌਰਾਨ ਆਈਟੀ ਟੀਮ ਨਾਲ ਕੋਈ ਮਹਿਲਾ ਮੁਲਾਜ਼ਮ ਨਹੀਂ ਸੀ। ਦੈਨਿਕ ਭਾਸਕਰ ਨੇ ਆਪਣੀ ਵੈੱਬਸਾਈਟ ’ਤੇ ਸੁਨੇਹਾ ਪਾਇਆ ਹੈ ਕਿ ਸਰਕਾਰ ਉਨਾਂ ਦੀ ਸੱਚੀ ਪੱਤਰਕਾਰੀ ਤੋਂ ਡਰ ਗਈ ਹੈ। ਉਨਾਂ ਲਿਖਿਆ ਹੈ ਕਿ ਗੰਗਾ ’ਚ ਲਾਸ਼ਾਂ ਤੈਰਨ ਦਾ ਮਾਮਲਾ ਉਜਾਗਰ ਕਰਨ ਤੋਂ ਇਲਾਵਾ ਕਰੋਨਾ ਨਾਲ ਹੋਈਆਂ ਮੌਤਾਂ ਦੀ ਅਸਲ ਗਿਣਤੀ ਮੁਲਕ ਸਾਹਮਣੇ ਲਿਆਉਣ ਲਈ ਸਰਕਾਰ ਵੱਲੋਂ ਛਾਪੇ ਮਾਰੇ ਗਏ ਹਨ। ‘ਮੈਂ ਆਜ਼ਾਦ ਹਾਂ ਕਿਉਂਕਿ ਮੈਂ ਭਾਸਕਰ ਹਾਂ। ਭਾਸਕਰ ’ਚ ਸਿਰਫ਼ ਪਾਠਕ ਹੀ ਮਹੱਤਵ ਰਖਦੇ ਹਨ।’ ਗਰੁੱਪ ਨੇ ਕਿਹਾ ਕਿ ਛਾਪੇ ਉਨਾਂ ਦੇ ਕਈ ਅਧਿਕਾਰੀਆਂ ਦੇ ਘਰਾਂ ’ਤੇ ਵੀ ਮਾਰੇ ਗਏ ਹਨ। ਛਾਪਿਆਂ ਦੌਰਾਨ ਦਫ਼ਤਰ ’ਚ ਮੌਜੂਦ ਵਿਅਕਤੀਆਂ ਦੇ ਮੋਬਾਈਲ ਫੋਨ ਜ਼ਬਤ ਕਰ ਲਏ ਗਏ ਅਤੇ ਉਨਾਂ ਨੂੰ ਬਾਹਰ ਨਹੀਂ ਜਾਣ ਦਿੱਤਾ ਗਿਆ।



# ਫੇਸਬੁੱਕ ਵੈਕਸੀਨ ਬਾਰੇ ਗਲਤ ਸੂਚਨਾ ਰਾਹੀਂ ਲੋਕਾਂ ਨੂੰ ਮਾਰ ਨਹੀਂ ਰਿਹਾ - ਜੋ ਬਾਈਡਨ

## ਵਾਈਟ ਹਾਊਸ ਦੀ ਫੇਸਬੁੱਕ ਨਾਲ ਕੋਈ ਲੜਾਈ ਨਹੀਂ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਜਿਨਾਂ ਨੇ ਕੁਝ ਦਿਨ ਪਹਿਲਾਂ ਕਿਹਾ ਸੀ ਕਿ ਫੇਸਬੁੱਕ ਲੋਕਾਂ ਨੂੰ ਮਾਰ ਰਿਹਾ ਹੈ ਕਿਉਂਕਿ ਉਹ ਅਜਿਹੇ ਲੋਕਾਂ ਨੂੰ ਆਪਣੇ ਪਲੇਟਫਾਰਮ ਉਪਰ ਥਾਂ ਦੇ ਰਿਹਾ ਹੈ ਜੋ ਕੋਰੋਨਾ ਵੈਕਸੀਨ ਬਾਰੇ ਭਰਮ ਤੇ ਗਲਤ ਜਾਣਕਾਰੀ ਫੈਲਾਅ ਰਹੇ ਹਨ, ਨੇ ਆਪਣੇ ਬਿਆਨ ਤੋਂ ਪਲਟਦੇ ਹੋਏ ਫੇਸਬੁੱਕ ਬਾਰੇ ਨਰਮ ਪਹੁੰਚ ਅਪਣਾਉਂਦਿਆਂ ਕਿਹਾ ਹੈ ਕਿ ਫੇਸਬੁੱਕ ਲੋਕਾਂ ਨੂੰ ਨਹੀਂ ਮਾਰ ਰਿਹਾ। ਰਾਸ਼ਟਰਪਤੀ ਇਕ ਪੱਤਰਕਾਰ ਵੱਲੋਂ ਫੇਸਬੁੱਕ ਬਾਰੇ ਪੁੱਛੇ ਸਵਾਲ ਦਾ ਜਵਾਬ ਦੇ ਰਹੇ ਸਨ। ਰਾਸ਼ਟਰਪਤੀ ਦੀ ਹਾਂ ਵਿਚ ਹਾਂ ਮਿਲਾਉਂਦਿਆਂ ਵਾਈਟ ਹਾਊਸ ਦੀ ਪ੍ਰੈਸ ਸਕੱਤਰ ਬੀਬੀ ਜੇਨ ਪਸਾਕੀ ਨੇ ਕਿਹਾ ਕਿ ਵਾਈਟ ਹਾਊਸ ਦੀ ਫੇਸਬੁੱਕ ਨਾਲ ਕੋਈ ਲੜਾਈ ਨਹੀਂ ਹੈ ਨਾ ਹੀ ਕੋਈ ਝਗੜਾ ਹੈ। ਸਾਡੀ ਲੜਾਈ ਵਾਇਰਸ ਨਾਲ ਹੈ। ਪਿਛਲੇ ਹਫਤੇ ਪਸਾਕੀ ਨੇ ਸਖਤ ਰੁਖ ਅਪਣਾਉਂਦਿਆਂ ਕਿਹਾ ਸੀ ਕਿ ਸਾਡੀ ਵੱਡੀ ਚਿੰਤਾ ਇਹ ਹੈ ਕਿ ਦੇਸ਼ ਵਿਚ ਅਨੇਕਾਂ ਲੋਕ ਗਲਤ ਜਾਣਕਾਰੀ ਮਿਲਣ ਕਾਰਨ ਕੋਰੋਨਾ ਤੋਂ ਬਚਾਅ ਲਈ ਟੀਕੇ ਨਹੀਂ ਲਵਾ ਰਹੇ ਜਿਸ ਕਾਰਨ ਮੌਤਾਂ ਹੋ ਰਹੀਆਂ ਹਨ। ਇਥੇ ਜ਼ਿਕਰਯੋਗ ਹੈ ਕਿ ਅਮਰੀਕੀ ਸਰਜਨ ਜਨਰਲ ਵਿਵੇਕ ਮੂਰਤੀ ਨੇ ਅਹੁਦਾ ਸੰਭਾਲਣ ਤੋਂ ਬਾਅਦ ਚਿਤਾਵਨੀ ਦਿੱਤੀ ਸੀ ਕਿ ਸਿਹਤ ਬਾਰੇ ਗਲਤ ਜਾਣਕਾਰੀ ਲੋਕਾਂ ਲਈ ਖਤਰਾ ਪੈਦਾ ਕਰ ਰਹੀ ਹੈ। ਉਨਾਂ ਨੇ ਸੋਸ਼ਲ ਮੀਡੀਆ ਕੰਪਨੀਆਂ ਨੂੰ ਕਿਹਾ ਹੈ ਕਿ ਉਹ ਆਪਣੀ ਪ੍ਰਣਾਲੀ ਨੂੰ ਨਵੇਂ ਸਿਰੇ ਤੋਂ ਵਿਕਸਿਤ ਕਰਨ ਤਾਂ ਜੋ ਝੂਠੀ ਤੇ ਬੇਬੁਨਿਆਦੀ ਜਾਣਕਾਰੀ ਨੂੰ ਰੋਕਿਆ ਜਾ ਸਕੇ।




# ਭਾਰਤ ਨੂੰ ਡਰੋਨਾਂ ਤੋਂ ਖਤਰਾ

## ✪ ਦਿੱਲੀ ਵਿਚ ਡ੍ਰੋਨ ਰਾਹੀਂ ਵੱਡੀ ਜਿਹਾਦੀ ਸਾਜ਼ਿਸ਼ ਦਾ ਖ਼ਦਸ਼ਾ ✪ ਸੁਰੱਖਿਆ ਏਜੰਸੀਆਂ ਦੀ ਪੁਲਿਸ ਨੂੰ ਚਿਤਾਵਨੀ



**ਨਵੀਂ ਦਿੱਲੀ/ਏ.ਟੀ.ਨਿਊਜ਼ :** ਦਿੱਲੀ ਵਿਚ ਜਿਹਾਦੀ ਹਮਲੇ ਨੂੰ ਲੈ ਕੇ ਇਕ ਅਲਰਟ ਜਾਰੀ ਕੀਤਾ ਗਿਆ ਹੈ। ਇਸ ਮੁਤਾਬਕ ਡ੍ਰੋਨ ਰਾਹੀਂ ਇਕ ਵੱਡੀ ਅੱਤਵਾਦੀ ਸਾਜ਼ਿਸ਼ ਨੂੰ ਅੰਜ਼ਾਮ ਦਿੱਤਾ ਜਾ ਸਕਦਾ ਹੈ। ਇਹ ਜਾਣਕਾਰੀ ਸੂਤਰਾਂ ਦੇ ਹਵਾਲੇ ਤੋਂ ਮਿਲੀ ਹੈ। 15 ਅਗਸਤ ਤੋਂ ਪਹਿਲਾਂ ਪਾਕਿਸਤਾਨੀ ਅੱਤਵਾਦੀ ਦਿੱਲੀ ਨੂੰ ਦਹਿਲਾ ਸਕਦੇ ਹਨ। ਸੁਰੱਖਿਆ ਏਜੰਸੀਆਂ ਨੇ ਦਿੱਲੀ ਪੁਲਿਸ ਨੂੰ ਚਿਤਾਵਨੀ ਦਿੱਤੀ ਹੈ ਕਿ 5 ਅਗਸਤ ਨੂੰ ਜੰਮੂ ਕਸ਼ਮੀਰ ਤੋਂ ਧਾਰਾ 370 ਹਟੀ ਸੀ। ਅਜਿਹੇ ਵਿਚ ਹਮਲੇ ਲਈ ਇਹ ਦਿਨ ਚੁਣਿਆ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਡ੍ਰੋਨ ਦੇ ਖਤਰੇ ਨਾਲ ਨਜਿੱਠਣ ਲਈ ਪਹਿਲੀ ਵਾਰ ਵਿਸ਼ੇਸ਼ ਟ੍ਰੇਨਿੰਗ ਵੀ ਦਿੱਲੀ ਪੁਲਿਸ ਤੇ ਦੂਜੀ ਫੋਰਸ ਨੂੰ ਦਿੱਤੀ ਗਈ ਹੈ ਜਿਸ ਵਿਚ ‘ਸਾਫਟ ਕਿਲ’ ਤੇ ‘ਹਾਰਡ ਕਿਲ’ ਦੋਵੇਂ ਟ੍ਰੇਨਿੰਗ ਸ਼ਾਮਲ ਹਨ। ਡ੍ਰੋਨ ਦੇ ਖਤਰੇ ਦੇ ਮੱਦੇਨਜ਼ਰ ਏਅਰਫੋਰਸ ਨੇ ਇਕ ਵਿਸ਼ੇਸ਼ ਡ੍ਰੋਨ ਕੰਟਰੋਲ ਰੂਮ ਵੀ ਬਣਾਇਆ ਹੈ। ਇਸ ਵਾਰ ਚਾਰ ਐਂਟੀ ਡ੍ਰੋਨ ਸਿਸਟਮ ਵੀ ਲਾਲ ਕਿਲੇ ’ਤੇ ਲਾਏ ਜਾ ਰਹੇ ਹਨ। ਪਿਛਲੀ ਵਾਰ ਦੋ ਐਂਟੀ ਡ੍ਰੋਨ ਸਿਸਟਮ ਲਾਏ ਗਏ ਸੀ।

ਅਧਿਕਾਰੀਆਂ ਨੇ ਦੱਸਿਆ ਕਿ ਜਾਂਚਕਰਤਾਵਾਂ ਦੁਆਰਾ ਕੀਤੀ ਗਈ ਪੜਤਾਲ ਵਿਚ ਲਸ਼ਕਰ-ਏ-ਤਾਇਬਾ ਦੇ ਜਿਹਾਦੀਆਂ ਦੇ ਸ਼ਾਮਲ ਹੋਣ ਦਾ ਸੰਕੇਤ ਮਿਲਿਆ ਹੈ ਜਿਨਾਂ ਨੇ ਪਾਕਿਸਤਾਨ ਦੀ ਖ਼ੁਫੀਆ ਏਜੰਸੀ ਇੰਟਰ ਸਰਵਿਸ ਇੰਟੈਲੀਜੈਂਸ ਤੋਂ ਮਦਦ ਮਿਲ ਰਹੀ ਸੀ।

# ਭਾਰਤ ਇਕ ਅਰਬ ਕੋਰੋਨਾ ਟੀਕੇ ਤਿਆਰ ਕਰੇਗਾ : ਭਾਰਤੀ ਰਾਜਦੂਤ ਸੰਧੂ

## ✪ ਅਮਰੀਕਾ ਦੇਵੇਗਾ ਤਕਨੀਕ ਤੇ ਜਪਾਨ ਕਰੇਗਾ ਖਰਚ ✪ ਭਾਰਤ ਵਿਸ਼ਵ ਵਿਚ ਦਵਾਈਆਂ ਦਾ ਸਭ ਤੋਂ ਵੱਡਾ ਉਤਪਾਦਕ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:-** ਭਾਰਤੀ-ਅਮਰੀਕੀ ਭਾਈਚਾਰੇ ਦੀ ਇਕੱਤਰਤਾ ਦੌਰਾਨ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਸੰਬੋਧਨ ਕਰਦਿਆਂ ਭਾਰਤ ਵੱਲੋਂ ਡਾਕਟਰੀ ਖੇਤਰ ਵਿਚ ਕੀਤੀ ਜਾ ਰਹੀ ਪ੍ਰਗਤੀ ਬਾਰੇ ਚਾਨਣਾ ਪਾਇਆ। ਉਨਾਂ ਕਿਹਾ ਕਿ ਭਾਰਤ ‘ਕੁਐਡ ਗਰੁੱਪ’ ਦੇ ਹਿੱਸੇ ਵਜੋਂ ਇਕ ਅਰਬ ਕੋਵਿਡ ਵੈਕਸੀਨ ਤਿਆਰ ਕਰੇਗਾ ਜਿਸ ਵਾਸਤੇ ਅਮਰੀਕਾ ਤਕਨੀਕੀ ਸਹਾਇਤਾ ਕਰੇਗਾ ਜਦ ਕਿ ਜਪਾਨ ਪੈਸਾ ਲਾਵੇਗਾ। ਵੱਡੀ ਪੱਧਰ ਉਪਰ ਟੀਕੇ ਬਣਾਉਣ ਵਿੱਚ ਆਸਟ੍ਰੇਲੀਆ ਵੀ ਲੋੜੀਂਦੀ ਮੱਦਦ ਕਰੇਗਾ। ਉਨਾਂ ਕਿਹਾ ਕਿ ਇਸ ਸਮੇ ਵਿਸ਼ਵ ਭਰ ਵਿਚ ਬਣ ਰਹੀਆਂ ਦਵਾਈਆਂ ਦਾ 60% ਹਿੱਸਾ ਭਾਰਤ ਤਿਆਰ ਕਰਦਾ ਹੈ। ਸਨਫਰਾਂਸਿਸਕੋ ਵੈਲੀ ਦੇ ਰਾਇਲ ਦਿੱਲੀ ਪੈਲਸ ਵਿਚ ਭਾਰਤੀ ਰਾਜਦੂਤ ਸੰਧੂ ਨਾਲ ਭਾਰਤੀ-ਅਮਰੀਕੀ ਭਾਈਚਾਰੇ ਦੀ ਮਿਲਣੀ ਇੰਡੀਆ ਐਸੋਸੀਏਸ਼ਨ ਆਫ ਲਾਸ ਏਂਜਲਸ ਦੇ ਚੇਅਰਮੈਨ ਸੁਨੀਲ ਅਗਰਵਾਲ ਤੇ ਹੋਰ ਅਹੁਦੇਦਾਰਾਂ ਦੇ ਯਤਨਾਂ ਸਦਕਾ ਸੰਭਵ ਹੋਈ। ਸੰਧੂ ਰਾਜਦੂਤ ਦਾ ਅਹੁਦਾ ਸੰਭਾਲਣ ਉਪਰੰਤ ਪਹਿਲੀ ਵਾਰ ਕੈਲੀਫੋਰਨੀਆ ਆਏ ਸਨ। ਸੰਧੂ ਨੇ ਕਿਹਾ ਕਿ ਭਾਰਤ ਵਿਚ ਹਾਲ ਹੀ ਵਿਚ ਫੈਲੀ ਕੋਵਿਡ ਮਹਾਂਮਾਰੀ ਦੌਰਾਨ ਭਾਰਤ ਤੇ ਅਮਰੀਕਾ ਦੇ ਮਜਬੂਤ ਸਬੰਧ ਵੇਖਣ ਨੂੰ ਮਿਲੇ ਹਨ। ਰਾਸ਼ਟਰਪਤੀ ਜੋਅ ਬਾਈਡਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫੋਨ ਕਰਕੇ ਫੌਰੀ ਮਦਦ ਦੀ ਪੇਸ਼ਕਸ਼ ਕੀਤੀ। ਅਮਰੀਕੀ ਸਨਅਤ ਨੇ 40 ਲੱਖ ਡਾਲਰ ਦੀ ਮੱਦਦ ਕੀਤੀ ਜਦ ਕਿ ਫੈਡੈਕਸ ਦੇ 4 ਜਹਾਜ਼ਾਂ ਵਿਚ ਅੱਤ ਜਰੂਰੀ ਮੈਡਕੀਲ ਸਾਜ ਸਮਾਨ ਭੇਜਿਆ ਗਿਆ।



*ਸਨਫਰਾਂਸਿਸਕੋ ਵੈਲੀ ਵਿਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਦੇ ਸਵਾਗਤ ਮੌਕੇ ਮੰਚ ਉਪਰ ਇੰਡੀਅਨ ਐਸੋਸੀਏਸ਼ਨ ਲਾਸ ਏਂਜਲਸ ਦੇ ਅਹੁਦੇਦਾਰ ਤੇ ਸਮਰਥਕ ਨਜਰ ਆ ਰਹੇ ਹਨ।*

ਉਨਾਂ ਕਿਹਾ ਕਿ ਭਵਿੱਖ ਭਾਰਤ ਤੇ ਅਮਰੀਕਾ ਦੇ ਸਬੰਧਾਂ ਉਪਰ ਨਿਰਭਰ ਕਰਦਾ ਹੈ। ਸਨਫਰਾਂਸਿਸਕੋ ਸਥਿਤ ਭਾਰਤ ਦੇ ਕੌਂਸਲ ਜਨਰਲ ਡਾ. ਨਾਗੇਂਦਰ ਪ੍ਰਸਾਦ ਨੇ ਆਪਣੇ ਸਬੋਧਨ ਵਿਚ ਕਿਹਾ ਕਿ ਭਾਰਤੀ ਰਾਜਦੂਤ ਅਮਰੀਕਾ ਦੇ ਬਣੇ ਹੋਏ ਫੌਜੀ ਹੈਲੀਕਾਪਟਰਾਂ ਦੀ ਸਪੁਰਦਗੀ ਲੈਣ ਲਈ ਕੈਲੀਫੋਰਨੀਆ ਆਏ ਹਨ ਜੋ ਹੈਲੀਕਾਪਟਰ ਭਾਰਤੀ ਸਮੁੰਦਰੀ ਫੌਜ ਦੇ ਹਵਾਲੇ ਕੀਤੇ ਜਾਣਗੇ। ਉਨਾਂ ਕਿਹਾ ਕਿ ਸਮਾਗਮ ਵਿਚ ਵੱਡੀ ਪੱਧਰ ਉਪਰ ਲੋਕਾਂ ਦੀ ਸ਼ਮੂਲੀਅਤ ਭਾਰਤੀਆਂ ਦੀ ਭਾਰਤ ਪ੍ਰਤੀ ਖਿੱਚ ਦਾ ਪ੍ਰਤੀਕ ਹੈ। ਉਨਾਂ ਕਿਹਾ ਕਿ ਕੌਂਸਲਖਾਨਾ ਭਾਰਤੀ-ਅਮਰੀਕੀਆਂ ਦੀ ਸੇਵਾ ਵਿਚ ਹਰ ਵੇਲੇ ਖੁਲਾ ਹੈ। ਸਮਾਗਮ ਨੂੰ ਕਾਂਗਰਸ ਦੇ ਮੈਂਬਰ ਬਰਾਡੇ ਸ਼ੇਰਮਨ ਤੇ ਜਿਮੀ ਗੋਮਜ ਨੇ ਵੀ ਸੰਬੋਧਨ ਕੀਤਾ। ਉਨਾਂ ਕਿਹਾ ਕਿ ਉਨਾਂ ਦੇ ਦਫਤਰ ਭਾਰਤੀ-ਅਮਰੀਕੀ ਭਾਈਚਾਰੇ ਦੀ ਲੋੜੀਂਦੀ ਸਹਾਇਤਾ ਕਰਨ ਵਾਸਤੇ ਹਮੇਸ਼ਾ ਤਿਆਰ ਹਨ।

## ਮਿਸ਼ਨ-2022 ਵਿਚ ਅਕਾਲੀ ਦਲ ਦੀ ਸੰਭਾਵੀ ਜਿੱਤ ਦਾ ਮਾਮਲਾ

# ਕੀ ਸੁਖਬੀਰ ਬਾਦਲ ਦਾ ਦੋ ਡਿਪਟੀ ਮੁੱਖ ਮੰਤਰੀ ਬਣਾਉਣ ਦਾ ਫਾਰਮੂਲਾ ਫਿਟ ਬੈਠੇਗਾ ?

**✪ ਬਾਦਲ ਦਲ ਕਿਸਾਨੀ ਵੋਟਾਂ ਨੂੰ ਖਿੱਚਣ ਲਈ ਕਿਸਾਨੀ ਸੰਘਰਸ਼ ਵਿਚ ਕੁੱਦਿਆ ✪ ਖੇਤੀ ਕਾਨੂੰਨਾਂ ਖ਼ਿਲਾਫ਼ ਸੰਸਦ ਦੇ ਬਾਹਰ ਅਕਾਲੀ ਦਲ ਦਾ ਪ੍ਰਦਰਸ਼ਨ, ਕਿਹਾ- 'ਅੰਨਦਾਤਾ ਨਾਲ ਇਨਸਾਫ਼ ਕਰੋ' ✪ ਭਾਜਪਾ ਦੇ ਸੀਨੀਅਰ ਆਗੂ ਕੇਡੀ ਭੰਡਾਰੀ ਜੋਸ਼ੀ ਤੇ ਕਿਸਾਨਾਂ ਦੇ ਹੱਕ ਵਿਚ ✪ ਅਗਲੀ ਵਿਧਾਨ ਸਭਾ ਚੋਣ ਦੀ ਜਿੱਤ ਹਾਰ ਦਾ ਫੈਸਲਾ ਕਿਸਾਨੀ ਭਾਈਚਾਰੇ ਦਾ ਮੂਡ ਕਰੇਗਾ**

**ਬਲਵਿੰਦਰ ਪਾਲ ਸਿੰਘ ਪ੍ਰੋਫੈਸਰ**

ਬੇਅਦਬੀ ਦੇ ਮਾਮਲਿਆਂ ਨੂੰ ਲੈ ਕੇ ਵਿਵਾਦਾਂ 'ਚ ਘਿਰੀ ਤੇ ਧੜਿਆਂ 'ਚ ਵੰਡੀ ਜਾ ਚੁੱਕੀ ਸ਼੍ਰੋਮਣੀ ਅਕਾਲੀ ਦਲ (ਬ) ਦੇ ਕੌਮੀ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਅਗਲੇ ਵਰੇ ਹੋਣ ਜਾ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਵੱਲ ਜਿਸ ਤਰਾਂ ਆਪਣਾ ਧਿਆਨ ਕੇਂਦਰਿਤ ਕੀਤਾ ਜਾ ਰਿਹਾ, ਉਸ ਤੋਂ ਸਹਿਜੇ ਇਹ ਅੰਦਾਜ਼ਾ ਲਾ ਲਿਆ ਜਾਵੇ ਕਿ 2022 ਦੀਆਂ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਪੂਰੀ ਤਰਾਂ ਹੁਣ ਤੋਂ ਹੀ ਕਮਰ-ਕਸੀ ਬੈਠਾ ਹੈ। ਅਕਾਲੀ ਦਲ ਆਪਣੀ ਭਾਈਵਾਲ ਬਸਪਾ ਨਾਲ ਮਿਸ਼ਨ 2022 ਨੂੰ ਫਤਿਹ ਕਰਨਾ ਚਾਹੁੰਦਾ ਹੈ। ਛੋਟੇ ਬਾਦਲ ਇਸ ਵਾਰ ਆਪਣੀ ਮੁੱਖ ਰਾਸ਼ਟਰੀ ਸਿਆਸੀ ਪਾਰਟੀ ਕਾਂਗਰਸ ਨੂੰ ਠਿੱਬੀ ਲਾਉਣ ਲਈ ਹਰ ਤਰਾਂ ਦਾ ਸਿਆਸਤ ਨਾਲ ਜੁੜਿਆ ਦਾਅ-ਪੇਚ ਖੇਡਣ 'ਚ ਰਤੀ ਭਰੀ ਵੀ ਗੁਰੇਜ ਨਹੀਂ ਕਰਨਗੇ।ਪਰ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਤੇ ਇਸ ਕਾਰਨ ਨਿਰਾਸ਼ ਵੋਟ ਸੁਖਬੀਰ ਬਾਦਲ ਦੀ ਸਿਆਸਤ ਲਈ ਵੱਡਾ ਚੈਲਿੰਜ ਹੋਵੇਗੀ।

ਪਰ ਦੂਜੇ ਪਾਸੇ, ਜਿਸ ਤਰਾਂ ਧੜਾਧੜ ਅਕਾਲੀ ਦਲ-ਬਸਪਾ ਗੱਠਜੋੜ ਵੱਲੋਂ ਪੰਜਾਬ ਭਰ ਦੇ ਵੋਟਰਾਂ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕਰਨ ਲਈ ਸੁਖਬੀਰ ਬਾਦਲ ਆਪਣੀ ਸਿਆਸਤ ਦੀ ਫਿਰਕੀ ਘੁਮਾ ਰਹੇ ਹਨ, ਉਸ ਦਾ ਰਾਜਨੀਤੀ ਵਿਚ ਲਾਭ ਮਿਲਣ ਦੀ ਸੰਭਾਵਨਾ ਹੈ। ਇਸ ਦੀ ਪਹਿਲੀ ਮਿਸਾਲ ਜਿਥੇ ਬਸਪਾ ਨਾਲ ਗੱਠਜੋੜ ਤੋਂ ਮਿਲਦੀ ਹੈ, ਉਥੇ ਦੂਜੀ ਮਿਸਾਲ ਡੈਮੋਕ੍ਰੇਟਿਕ ਪਾਰਟੀ ਆਫ ਇੰਡੀਆ ਵੱਲੋਂ ਅਕਾਲੀ ਦਲ-ਬਸਪਾ ਗੱਠਜੋੜ ਦੀ ਪੰਜਾਬ ਵਿਧਾਨ ਸਭਾ ਚੋਣਾਂ 'ਚ ਪੂਰੀ ਹਮਾਇਤ ਕਰਨ ਦੇ ਕੀਤੇ ਐਲਾਨ ਤੋਂ ਸਾਹਮਣੇ ਆਉਂਦੀ ਹੈ।

ਜ਼ਿਕਰਯੋਗ ਹੈ ਕਿ ਕਾਂਗਰਸ 'ਚ ਚੱਲ ਰਹੇ ਕਲੇਸ਼ ਨੂੰ 3 ਮਹੀਨਿਆਂ ਦਾ ਸਮਾਂ ਜਿੱਥੇ ਬੀਤ ਚੁੱਕਾ ਹੈ, ਉਥੇ ਕਲੇਸ਼ ਤੋਂ ਕੌਮੀ ਪ੍ਰਧਾਨ ਸੁਖਬੀਰ ਬਾਦਲ ਪੂਰੀ ਤਰਾਂ ਫ਼ਾਇਦਾ ਚੁੱਕਦੇ ਹੋਏ ਪੰਜਾਬ ਦੀ ਸਿਆਸਤ 'ਚ ਆਪਣੀ ਪੈਠ ਬਣਾਉਣ ਨੂੰ ਤਰਜੀਹ ਦੇ ਰਹੇ ਹਨ। ਹੁਣ ਹਾਲ 'ਚ ਦਲਿਤ ਵੋਟ ਬੈਂਕ ਦੇ ਸਹਾਰੇ ਪੰਜਾਬ ਦੀ ਸੱਤਾ ਹਥਿਆਉਣ ਦੇ ਮੰਤਵ ਨਾਲ ਸੁਖਬੀਰ ਬਾਦਲ ਨੇ ਜਿਥੇ ਪਹਿਲਾਂ ਡਿਪਟੀ ਸੀ. ਐੱਮ. ਦਲਿਤ ਭਾਈਚਾਰੇ 'ਚੋਂ ਬਣਾਉਣ ਦਾ ਐਲਾਨ ਕੀਤਾ ਸੀ। ਇਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਹੁਣ ਸੂਬੇ ਦੇ ਹਿੰਦੂ ਵੋਟ ਬੈਂਕ ਨੂੰ ਵੀ ਆਪਣੇ ਨਾਲ ਜੋੜਨ ਦੇ ਮਨੋਰਥ ਨੂੰ ਲੈ ਕੇ ਸੁਖਬੀਰ ਵੱਲੋਂ ਦੂਜਾ ਡਿਪਟੀ ਸੀ. ਐੱਮ. ਹਿੰਦੂ ਚਿਹਰੇ ਨੂੰ ਬਣਾਉਣ ਦਾ ਐਲਾਨ ਕੀਤਾ ਹੈ ਤਾਂ ਜੋ ਹਿੰਦੂ ਵਰਗ ਨੂੰ ਅਕਾਲੀ ਦਲ ਨਾਲ ਜੋੜਿਆ ਜਾ ਸਕੇ ਤੇ ਭਾਜਪਾ ਵੋਟ ਬੈਂਕ ਦਾ ਖਾਪਾ ਪੂਰਾ ਕੀਤਾ ਜਾ ਸਕੇ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਅਕਾਲੀ ਦਲ-ਬਸਪਾ ਗੱਠਜੋੜ ਨੂੰ ਸਭ ਤੋਂ ਜ਼ਿਆਦਾ ਸ਼ਹਿਰੀ ਖੇਤਰ 'ਚ ਆਪਣਾ ਜਨ ਆਧਾਰ ਬਣਾਉਣ ਦੀ ਲੋੜ ਹੈ ਜੋ ਅਜੇ ਤੱਕ ਨਹੀਂ ਬਣ ਸਕਿਆ। ਇਸ ਲਈ ਸੁਖਬੀਰ ਬਾਦਲ ਉਪ ਮੁੱਖ ਮੰਤਰੀ ਹਿੰਦੂ ਨੂੰ ਬਣਾਉਣ ਦਾ ਫਾਰਮੂਲਾ ਅਪਣਾ ਰਹੇ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜਨ ਆਧਾਰ ਬਣਾਏ ਬਿਨਾਂ ਹਿੰਦੂਤਵ ਦਾ ਪੱਤਾ ਖੇਡਣਾ ਆਪਣੇ-ਆਪ 'ਚ ਬੇਸਮਝੀ ਵਾਲੀ ਗੱਲ ਹੋਵੇਗੀ। ਦੂਜੇ ਪਾਸੇ ਕਾਂਗਰਸ ਹਾਈਕਮਾਂਡ ਨੇ ਨਵਜੋਤ ਸਿੰਘ ਸਿੱਧੂ ਨੂੰ ਕਾਂਗਰਸ ਪੰਜਾਬ ਦਾ ਪ੍ਰਧਾਨ ਬਣਾ ਕੇ ਕੈਪਟਨ ਨੂੰ ਵੱਡੀ ਚੁਣੌਤੀ ਦਿੱਤੀ ਹੈ ਉਥੇ ਅਕਾਲੀ ਦਲ ਲਈ ਵੱਡੀ ਚੁਣੌਤੀ ਹੈ।ਸਿਆਸੀ ਮਾਹਿਰ ਹਾਲੇ ਵੀ ਸ਼ਸ਼ੋਪੰਜ ਵਿਚ ਹਨ ਕਿ ਪੰਜਾਬ 'ਚ 2022 ਦੀਆਂ ਚੋਣਾਂ ਕੌਣ ਜਿੱਤੇਗਾ ? ਇਸ ਦਾ ਕਾਰਨ ਹੈ ਕਿ ਪੰਜਾਬੀ ਸਭ ਪਾਰਟੀਆਂ ਤੋਂ ਨਿਰਾਸ਼ ਹਨ।



**ਕਿਸਾਨੀ ਸੰਘਰਸ਼ ਨੂੰ ਅਪਨਾਇਆ ਬਾਦਲ ਦਲ ਨੇ**

ਸੰਸਦ ਦਾ ਮਾਨਸੂਨ ਸੈਸ਼ਨ 19 ਜੁਲਾਈ ਤੋਂ ਸ਼ੁਰੂ ਹੋ ਗਿਆ ਹੈ, ਜੋ ਕਿ 13 ਅਗਸਤ ਤੱਕ ਚਲੇਗਾ। ਸੈਸ਼ਨ ਦਾ ਪਹਿਲਾ ਦਿਨ ਹੀ ਹੰਗਾਮੇਦਾਰ ਰਿਹਾ।

ਇਸ ਦਰਮਿਆਨ ਸ਼੍ਰੋਮਣੀ ਅਕਾਲੀ ਦਲ ਨੇ ਖੇਤੀ ਕਾਨੂੰਨਾਂ ਖ਼ਿਲਾਫ਼ ਸੰਸਦ ਦੇ ਬਾਹਰ ਵਿਰੋਧ ਪ੍ਰਦਰਸ਼ਨ ਕੀਤਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅੰਨਦਾਤਾ ਨਾਲ ਇਨਸਾਫ਼ ਕਰੋ। ਸੁਖਬੀਰ ਬਾਦਲ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਸਾਰੀਆਂ ਪਾਰਟੀਆਂ ਇਕਜੁੱਟ ਹੋ ਕੇ ਕੇਂਦਰ ਸਰਕਾਰ ਖ਼ਿਲਾਫ਼ ਖੜੀਆਂ ਹੋਣ ਅਤੇ ਕਾਨੂੰਨ ਵਾਪਸ ਲੈਣ ਦਾ ਦਬਾਅ ਬਣਾਇਆ ਜਾਵੇ।

ਓਧਰ ਸ਼੍ਰੋਮਣੀ ਅਕਾਲੀ ਦਲ ਦੀ ਨੇਤਾ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ 500 ਤੋਂ ਵੱਧ ਕਿਸਾਨ ਖ਼ੁਦਕੁਸ਼ੀਆਂ ਨਾਲ ਮਰ ਚੁੱਕੇ ਹਨ। ਅਸੀਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਕਰਾਂਗੇ।

ਦੱਸਣਯੋਗ ਹੈ ਕਿ ਬਾਦਲ ਦਲ ਨੇ ਅਗਲੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ ਕਿਸਾਨੀ ਸੰਘਰਸ਼ ਨੂੰ ਅਪਨਾ ਲਿਆ ਹੈ। ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨ ਪਿਛਲੇ 7 ਮਹੀਨਿਆਂ ਤੋਂ ਵਧੇਰੇ ਸਮੇਂ ਤੋਂ ਅੰਦੋਲਨ ਕਰ ਰਹੇ ਹਨ। ਕਿਸਾਨਾਂ ਦੀ ਮੰਗ ਹੈ ਕਿ ਖੇਤੀ ਕਾਨੂੰਨਾਂ ਨੂੰ ਸਰਕਾਰ ਵਾਪਸ ਲਵੇ ਅਤੇ ਘੱਟੋ-ਘੱਟ ਸਮਰਥਨ ਮੁੱਲ 'ਤੇ ਗਰੰਟੀ ਕਾਨੂੰਨ ਬਣਾਇਆ ਜਾਵੇ ਪਰ ਸਰਕਾਰ ਇਨਾਂ ਕਾਨੂੰਨਾਂ ਨੂੰ ਵਾਪਸ ਨਾ ਲੈਣ 'ਤੇ ਅੜੀ ਹੋਈ ਹੈ। ਸਰਕਾਰ ਦਾ ਕਹਿਣਾ ਹੈ ਕਿ ਖੇਤੀ ਕਾਨੂੰਨ ਵਾਪਸ ਨਹੀਂ ਹੋਣਗੇ, ਜੇਕਰ ਕਿਸਾਨ ਹੋਰ ਬਿੰਦੂਆਂ 'ਤੇ ਚਰਚਾ ਕਰਨਾ ਚਾਹੁੰਦੇ ਹਨ ਤਾਂ ਅਸੀਂ ਚਰਚਾ ਲਈ ਤਿਆਰ ਹਾਂ। ਦੂਜੇ ਪਾਸੇ ਅਕਾਲੀ ਦਲ ਬਾਦਲ ਇਸ ਕਾਨੂੰਨ ਨੂੰ ਰੱਦ ਕਰਨ ਲਈ ਮੋਦੀ ਸਰਕਾਰ ਉਪਰ ਦਬਾਅ ਪਾ ਰਿਹਾ। ਲਖੋਵਾਲ ਧੜਾ ਜੋ ਬਾਦਲ ਦਲ ਨਾਲ ਜੁੜਿਆ ਹੈ ਉਹ ਕਿਸਾਨੀ ਸੰਘਰਸ਼ ਵਿਚ ਹੈ। ਬਹੁਤਾ ਅਕਾਲੀ ਕੇਡਰ ਕਿਸਾਨੀ ਨਾਲ ਜੁੜਿਆ ਹੈ ਉਹ ਦਿੱਲੀ ਕਿਸਾਨੀ ਸੰਘਰਸ਼ ਵਿਚ ਸ਼ਾਮਲ ਹੈ। ਪਰ ਫਿਰ ਵੀ ਚੋਣਾਂ ਜਿੱਤਣਾ ਬਾਦਲ ਦਲ ਲਈ ਵੱਡੀ ਚੁਣੌਤੀ ਹੋਵੇਗਾ।

**ਪੰਜਾਬ ਦੀ ਰਾਜਨੀਤੀ ਕਿਧਰ ਨੂੰ**

ਪੰਜਾਬ ਦੀ ਰਾਜਨੀਤੀ ਏਨੀ ਖਤਰਨਾਕ ਮੋੜ 'ਤੇ ਹੈ ਕਿ ਰਾਜਨੀਤਕ ਮਾਹਿਰ ਚੋਣ ਨੀਤੀ ਪ੍ਰਬੰਧਕ ਅੰਦਾਜਾ ਨਹੀਂ ਲਗਾ ਸਕਦੇ ਕਿ ਰਾਜਨੀਤੀ ਕਿਧਰ ਨੂੰ ਜਾਵੇਗੀ ਤੇ ਕਿਹੜੀ ਪਾਰਟੀ ਸਫਲ ਹੋਵੇਗੀ। ਇਸ ਦਾ ਕਾਰਣ ਹੈ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਲੋਕ ਹਿਤਾਂ ਉਪਰ ਪੂਰੀਆਂ ਨਹੀਂ ਉਤਰੀਆਂ। ਰਾਜਨੀਤਕ ਤੇ ਸਤਾ ਹੰਕਾਰ ਬਿਲਕੁਲ ਖਤਰਨਾਕ ਹੁੰਦਾ ਹੈ।ਜੋ ਲੋਕਾਂ ਨੂੰ ਗੁਲਾਮ ਸਮਝਦਾ ਹੈ। ਇਹ ਸਤਾ ਹੰਕਾਰ ਲੁਟ ਖਸੁਟ ਅਨਿਆਂ ਦਾ ਸਭਿਆਚਾਰ ਪੈਦਾ ਕਰਦਾ ਹੈ।ਇਹੀ ਹੰਕਾਰ ਲੋਕ ਹਿਤੂ ਫੈਸਲੇ ਨਹੀਂ ਲੈਣ ਦਿੰਦਾ। ਪੰਜਾਬ ਦੇ ਲੋਕ ਸਭ ਰਾਜਨੀਤਕ ਪਾਰਟੀਆਂ ਤੋਂ ਨਿਰਾਸ਼ ਹਨ। ਪੰਜਾਬੀਆਂ ਦੇ ਮਨ ਵਿਚ ਰਾਜਨੀਤਕ ਲੀਡਰਸ਼ਿਪ ਪ੍ਰਤੀ ਬੇਗਾਨਗੀ ਪੈਦਾ ਹੋ ਚੁਕੀ ਹੈ। ਪੰਜਾਬ ਵਿਚ ਹਾਲੇ ਵੀ ਪੰਜਾਬ ਦੇ ਹੱਕ ਵਿਚ ਡਟਣ ਵਾਲੇ ਸਿਆਸਤਦਾਨਾਂ ਦੀ ਲੋੜ ਹੈ ਜੋ ਲੁਟ ਖਸੁਟ ਦੇ ਸਭਿਆਚਾਰ ਤੋਂ ਦੂਰ ਹੋਣ। ਕਿਸਾਨਾਂ ਦੀ ਹਮਾਇਤ ਕਰਨ ਦੇ ਮਾਮਲੇ ਵਿਚ ਸਾਬਕਾ ਭਾਜਪਾ ਮੰਤਰੀ ਅਨਿਲ ਜੋਸ਼ੀ ਜਿਨਾਂ ਨੂੰ ਪਾਰਟੀ ਨੇ ਅਨੁਸ਼ਾਸਨਹੀਣਤਾ ਦੇ ਦੋਸ਼ ਹੇਠ ਪਾਰਟੀ ਤੋਂ ਫਾਰਗ ਕਰ ਦਿੱਤਾ ਹੈ, ਨੇ ਹੁਣੇ ਜਿਹੇ ਗੁਰੂ ਘਰ ਮੱਥਾ ਟੇਕਿਆ ਹੈ।

ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਆਏ ਸ੍ਰੀ ਜੋਸ਼ੀ ਨੇ ਆਖਿਆ ਕਿ ਹੱਕ ਸੱਚ ਦੇ ਰਸਤੇ 'ਤੇ ਚੱਲਣ ਲਈ ਸਚੇ ਪਾਤਸ਼ਾਹ ਬਲ ਬਖਸ਼ੇ ਤਾਂ ਜੋ ਉਹ ਲੋਕਾਂ ਤੇ ਕਿਸਾਨਾਂ ਦੇ ਹੱਕਾਂ ਲਈ ਲੜਾਈ ਲੜ ਸਕਣ। ਉਨਾਂ ਸਪੱਸ਼ਟ ਕੀਤਾ ਕਿ ਫਿਲਹਾਲ ਕਿਸੇ ਵੀ ਸਿਆਸੀ ਪਾਰਟੀ ਨਾਲ ਜੁੜਨ ਬਾਰੇ ਕੋਈ ਫ਼ੈਸਲਾ ਨਹੀਂ ਕੀਤਾ ਹੈ। ਉਨਾਂ ਕਿਹਾ ਕਿ ਫਿਲਹਾਲ ਵਿਧਾਨ ਸਭਾ ਚੋਣਾਂ ਵਿਚ 6-7 ਮਹੀਨੇ ਦਾ ਸਮਾਂ ਹੈ ਅਤੇ ਚੋਣਾਂ ਨੇੜੇ ਆਉਣ 'ਤੇ ਇਸ ਬਾਰੇ ਫ਼ੈਸਲਾ ਕਰਨਗੇ। ਪਾਰਟੀ ਵਿਚੋਂ ਫਾਰਗ ਕੀਤੇ ਜਾਣ ਦੀ ਕਾਰਵਾਈ ਬਾਰੇ ਉਨਾਂ ਕਿਹਾ ਕਿ ਉਹ ਇਸ ਫ਼ੈਸਲੇ ਨਾਲ ਕੋਈ ਸ਼ਰਮਿੰਦਗੀ ਮਹਿਸੂਸ ਨਹੀਂ ਕਰ ਰਹੇ ਸਗੋਂ ਉਨਾਂ ਨੂੰ ਫ਼ਖ਼ਰ ਹੈ ਕਿ ਉਨਾਂ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ 500 ਤੋਂ ਵੱਧ ਕਿਸਾਨਾਂ ਲਈ ਹਾਅ ਦਾ ਨਾਅਰਾ ਮਾਰਿਆ ਹੈ। ਉਨਾਂ ਇਹ ਵੀ ਖੁਲਾਸਾ ਕੀਤਾ ਕਿ ਕਿਸਾਨ ਜਥੇਬੰਦੀ ਦੇ ਆਗੂ ਉਸ ਨੂੰ ਮਿਲੇ ਹਨ ਤੇ ਉਸ ਦੀ ਹੌਸਲਾ-ਅਫਜ਼ਾਈ ਕੀਤੀ ਹੈ ਅਤੇ ਦਿੱਲੀ ਮੋਰਚੇ ਵਿਚ ਆਉਣ ਵਾਸਤੇ ਵੀ ਕਿਹਾ ਹੈ। ਦੂਜੇ ਪਾਸੇ ਕੇਡੀ ਭੰਡਾਰੀ ਖੁਲਕੇ ਜੋਸ਼ੀ ਤੇ ਕਿਸਾਨਾਂ ਦੇ ਹੱਕ ਵਿਚ ਡੱਟ ਗਏ ਹਨ। ਕੇਡੀ ਭੰਡਾਰੀ ਨੇ ਭਾਜਪਾ ਲੀਡਰਸ਼ਿਪ ਨੂੰ ਅਪੀਲ ਕੀਤੀ ਕਿ ਉਹ ਸਾਬਕਾ ਮੰਤਰੀ ਤੇ ਸੀਨੀਅਰ ਆਗੂ ਅਨਿਲ ਜੋਸ਼ੀ ਨੂੰ ਪਾਰਟੀ ਵਿੱਚੋਂ ਕੱਢਣ ਦੇ ਮਾਮਲੇ ਨੂੰ ਮੁੜ ਵਿਚਾਰਨ। ਉਨਾਂ ਆਖਿਆ ਕਿ ਪੰਜਾਬੀ ਹੋਣ ਦੇ ਨਾਤੇ ਅਨਿਲ ਜੋਸ਼ੀ ਨੇ ਕਿਸਾਨਾਂ ਦੇ ਮੁੱਦੇ ਨੂੰ ਸਭ ਤੋਂ ਪਹਿਲਾਂ ਪਾਰਟੀ ਦੇ ਮੰਚ 'ਤੇ ਹੀ ਉਠਾਇਆ ਸੀ। ਉਨਾਂ ਨੇ ਇਹੀ ਗੱਲ ਕੀਤੀ ਸੀ ਕਿ ਜੋ ਹਾਲਾਤ ਬਣੇ ਹੋਏ ਹਨ ਉਸ ਨਾਲ ਪਾਰਟੀ ਨੂੰ ਨੁਕਸਾਨ ਹੋ ਰਿਹਾ ਹੈ। ਉਨਾਂ ਕਿਹਾ ਕਿ ਪੰਜਾਬ ਵਿੱਚ ਅਜਿਹਾ ਮਾਹੌਲ ਨਹੀਂ ਬਣਨਾ ਚਾਹੀਦਾ ਜਿਸ ਨਾਲ ਹਿੰਦੂ-ਸਿੱਖ ਭਾਈਚਾਰੇ ਦੀ ਸਾਂਝ ਨੂੰ ਸੱਟ ਵੱਜੇ। ਪੰਜਾਬੀ ਹੋਣ ਦੇ ਨਾਤੇ ਅਨਿਲ ਜੋਸ਼ੀ ਨੇ ਬਣਦਾ ਆਪਣਾ ਫ਼ਰਜ਼ ਨਿਭਾਇਆ ਹੈ। ਜ਼ਿਕਰਯੋਗ ਹੈ ਕਿ ਕੇਡੀ ਭੰਡਾਰੀ ਪਹਿਲਾਂ ਵੀ ਇਹ ਬਿਆਨ ਦੇ ਚੁੱਕੇ ਹਨ ਕਿ ਉਹ ਪਹਿਲਾਂ ਪੰਜਾਬੀ ਹਨ ਤੇ ਪੰਜਾਬ ਦੇ ਹੱਕਾਂ ਹਿੱਤਾਂ ਲਈ ਡੱਟ ਕੇ ਖੜਨਗੇ। ਸ੍ਰੀ ਭੰਡਾਰੀ ਨੇ ਕਿਹਾ ਕਿ ਕਿਸਾਨ ਵੀ ਉਨਾਂ ਨੇ ਭੈਣ-ਭਰਾ ਹਨ ਜੋ ਲੰਮੇ ਸਮੇਂ ਤੋਂ ਸੜਕਾਂ 'ਤੇ ਧਰਨਾ ਦੇ ਰਹੇ ਹਨ। ਖੇਤੀ ਕਾਨੂੰਨਾਂ ਦਾ ਮਸਲਾ ਹੱਲ ਹੋਣਾ ਚਾਹੀਦਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਜੋਸ਼ੀ ਪੰਜਾਬ ਤੇ ਪੰਜਾਬੀਆਂ ਪ੍ਰਤੀ ਇਮਾਨਦਾਰੀ ਰਖਣਗੇ ਜਰੂਰ ਸਫਲ ਹੋਣਗੇ। ਪੰਜਾਬ ਦਾ ਮਸਲਾ ਰਾਜਨੀਤੀ ਵਿਚ ਸਿੱਖ ਦਲਿਤ ਹਿੰਦੂ ਹੋਣਾ ਨਹੀਂ ਹੈ ਪੰਜਾਬ ਦੀ ਰਾਜਨੀਤੀ ਵਿਚ ਪੰਜਾਬ ਤੇ ਲੋਕ ਹਿੱਤਾਂ ਲਈ ਇਮਾਨਦਾਰ ਹੋਣਾ ਤੇ ਲੋਕਾਂ ਨੂੰ ਲੋਟੂ ਰਾਜਨੀਤੀ ਤੋਂ ਮੁਕਤ ਕਰਵਾਉਣਾ ਹੈ। ਪੰਜਾਬੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ ।ਆਪਣੇ ਭਵਿੱਖ ਤੇ ਹੋਂਦ ਲਈ ਸੁਚੇਤ ਹੋਣ ਦੀ ਲੋੜ ਹੈ। ਸਿਆਸੀ ਮਾਹਿਰਾਂ ਨੂੰ ਜਾਪਦਾ ਹੈ ਕਿ 2022 ਵਿਧਾਨ ਸਭਾ ਚੋਣਾਂ ਜਿੱਤਣ ਲਈ ਕਿਸਾਨ ਭਾਈਚਾਰਾ, ਪੰਜਾਬ ਮੁਦੇ ਅਹਿਮ ਭੂਮਿਕਾ ਨਿਭਾਉਣਗੇ।

# ਪੰਜਾਬ ਸਰਕਾਰ ਵੱਲੋਂ ਵਿਧਾਇਕਾਂ ਨੂੰ 'ਸਿਆਸੀ ਤੋਹਫਾ'

## 21 ਵਿਧਾਇਕਾਂ ਤੇ ਸੰਸਦ ਮੈਂਬਰਾਂ ਨੂੰ ਨਵੀਆਂ ਇਨੋਵਾ ਗੱਡੀਆਂ ਦਿੱਤੀਆਂ

**ਚੰਡੀਗੜ/ਏ.ਟੀ.ਨਿਊਜ਼ :** ਕੈਪਟਨ ਸਰਕਾਰ ਵੱਲੋਂ ਪੰਜਾਬ ਦੇ ਆਰਥਿਕ ਸੰਕਟ ਦੇ ਬਾਵਜੂਦ ਕਰੀਬ ੨੧ ਵਿਧਾਇਕਾਂ ਤੇ ਸੰਸਦ ਮੈਂਬਰਾਂ ਨੂੰ ਨਵੀਆਂ ਇਨੋਵਾ ਗੱਡੀਆਂ ਦਾ 'ਸਿਆਸੀ ਤੋਹਫਾ' ਦਿੱਤਾ ਗਿਆ ਹੈ। ਚਾਹੇ ਇਸ ਨੂੰ ਇਤਫ਼ਾਕ ਸਮਝੋ ਪਰ ਉਨਾਂ ਵਿਧਾਇਕਾਂ ਤੇ ਸੰਸਦ ਮੈਂਬਰਾਂ ਨੂੰ ਨਵੀਂ ਇਨੋਵਾ ਗੱਡੀ ਦਿੱਤੀ ਗਈ ਹੈ, ਜਿਨਾਂ ਦੀ ਗਿਣਤੀ ਕੈਪਟਨ ਕੈਂਪ ਵਿੱਚ ਕੀਤੀ ਜਾਂਦੀ ਹੈ। ਟਰਾਂਸਪੋਰਟ ਵਿਭਾਗ ਪੰਜਾਬ ਨੇ ਕਿਸੇ ਰੌਲੇ-ਰੱਪੇ ਦੇ ਡਰੋਂ ਕਈ ਇਨੋਵਾ ਗੱਡੀਆਂ ਦੀ ਡਲਿਵਰੀ ਮੁਹਾਲੀ ਦੀ ਇਨੋਵਾ ਏਜੰਸੀ ਤੋਂ ਹੀ ਕਰਾ ਦਿੱਤੀ ਹੈ। ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ ਅੱਧੀ ਦਰਜਨ ਸੰਸਦ ਮੈਂਬਰਾਂ ਅਤੇ ਇੱਕ ਦਰਜਨ ਤੋਂ ਉਪਰ ਵਿਧਾਇਕਾਂ ਨੂੰ ਇਨੋਵਾ ਦਿੱਤੀਆਂ ਹਨ। ਟਰਾਂਸਪੋਰਟ ਵਿਭਾਗ ਪੰਜਾਬ ਨੇ ਜੈੱਮ ਪੋਰਟਲ ਜ਼ਰੀਏ ਇਨਾਂ ਗੱਡੀਆਂ ਦੀ ਖ਼ਰੀਦ ਕੀਤੀ ਹੈ। ਸੂਤਰ ਦੱਸਦੇ ਹਨ ਕਿ ਮੁਹਾਲੀ ਦੀ ਏਜੰਸੀ ਤੋਂ ਇਨਾਂ ਗੱਡੀਆਂ ਦੀ ਡਲਿਵਰੀ ਲਈ ਗਈ ਹੈ, ਜਿਸ ਤੋਂ ਕਾਫੀ ਚਰਚੇ ਵੀ ਛਿੜੇ ਹਨ। ਦੱਸਦੇ ਹਨ ਕਿ ਇਨਾਂ 'ਚੋਂ ਬਹੁਤੀਆਂ ਗੱਡੀਆਂ ਦੀ ਰਜਿਸਟ੍ਰੇਸ਼ਨ ਵੀ ਜੁਲਾਈ ਦੇ ਪਹਿਲੇ ਹਫ਼ਤੇ ਦੀ ਹੋਈ ਹੈ ਪਰ ਸਰਕਾਰ ਨੇ ਅਲਾਟਮੈਂਟ ਰੋਕੀ ਹੋਈ ਸੀ। ਇਨਾਂ ਗੱਡੀਆਂ ਦੀ ਖਰੀਦ 'ਤੇ ਕਰੀਬ ਸਵਾ ਚਾਰ ਕਰੋੜ ਤੋਂ ਵੱਧ ਰਾਸ਼ੀ ਖਰਚ ਕੀਤੀ ਗਈ ਹੈ।

ਪਤਾ ਲੱਗਾ ਹੈ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਨੇੜਲੇ ਸਮਝੇ ਜਾਂਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਜਸਬੀਰ ਸਿੰਘ ਡਿੰਪਾ ਅਤੇ ਸੰਸਦ ਮੈਂਬਰ ਰਵਨੀਤ ਬਿੱਟੂ ਨੂੰ ਨਵੀਂ ਇਨੋਵਾ ਗੱਡੀ ਦਿੱਤੀ ਗਈ ਹੈ।

ਇਸੇ ਤਰਾਂ ਸੰਸਦ ਮੈਂਬਰ ਪਰਨੀਤ ਕੌਰ, ਡਾ. ਅਮਰ ਸਿੰਘ ਅਤੇ ਸੁਖਦੇਵ ਸਿੰਘ ਢੀਂਡਸਾ ਨੂੰ ਵੀ ਗੱਡੀ ਮਿਲੀ ਹੈ। ਇਵੇਂ ਹੀ ਵਿਧਾਇਕਾਂ 'ਚੋਂ ਗੁਰਕੀਰਤ ਸਿੰਘ ਕੋਟਲੀ, ਲਖਵੀਰ ਸਿੰਘ ਲੱਖਾ, ਗੁਰਪ੍ਰੀਤ ਸਿੰਘ, ਕਾਕਾ ਲੋਹਗੜ ਸਮੇਤ 15 ਵਿਧਾਇਕਾਂ ਨੂੰ ਇਨੋਵਾ ਗੱਡੀ ਦਿੱਤੀ ਗਈ ਹੈ। ਸੂਤਰ ਆਖਦੇ ਹਨ ਕਿ ਟਰਾਂਸਪੋਰਟ ਵਿਭਾਗ ਤਰਫੋਂ ਉਸ ਵੇਲੇ ਇਨਾਂ ਗੱਡੀਆਂ ਦੀ ਡਲਿਵਰੀ ਦਿੱਤੀ ਗਈ, ਜਦੋਂ ਨਵਜੋਤ ਸਿੱਧੂ ਦੀ ਪ੍ਰਧਾਨਗੀ ਸਬੰਧੀ ਕਾਂਗਰਸ 'ਚ ਅੰਦਰੂਨੀ ਕਲੇਸ਼ ਠੰਢਾ ਨਹੀਂ ਹੋਇਆ ਹੈ। ਵਿਧਾਇਕ ਗੁਰਕੀਰਤ ਸਿੰਘ ਕੋਟਲੀ ਦਾ ਕਹਿਣਾ ਸੀ ਕਿ ਉਨਾਂ ਵਿਧਾਇਕਾਂ ਨੂੰ ਸਕਿਉਰਿਟੀ ਵਹੀਕਲ ਮਿਲੇ ਹਨ, ਜਿਨਾਂ ਦੀਆਂ ਪੁਰਾਣੀਆਂ ਗੱਡੀਆਂ ਦੀ ਮਾਈਲੇਜ ਪੂਰੀ ਹੋ ਚੁੱਕੀ ਸੀ। ਉਨਾਂ ਕਿਹਾ ਕਿ ਕਿਸੇ ਸਿਆਸੀ ਏਜੰਡੇ ਤਹਿਤ ਗੱਡੀਆਂ ਦਿੱਤੇ ਜਾਣ ਦੇ ਦੋਸ਼ ਬੇਬੁਨਿਆਦ ਹਨ ਅਤੇ ਇਹ ਤਾਂ ਰੁਟੀਨ ਦੀ ਕਾਰਵਾਈ ਹੈ।



ਸਰਕਾਰੀ ਪੱਖ ਜਾਣਨ ਲਈ ਟਰਾਂਸਪੋਰਟ ਵਿਭਾਗ ਦੇ ਪ੍ਰਮੁੱਖ ਸਕੱਤਰ ਅਤੇ ਸਟੇਟ ਟਰਾਂਸਪੋਰਟ ਕਮਿਸ਼ਨਰ ਨੂੰ ਵਾਰ-ਵਾਰ ਫੋਨ ਕੀਤੇ ਗਏ ਪਰ ਉਨਾਂ ਫੋਨ ਚੁੱਕਿਆ ਨਹੀਂ।

**ਇਹ ਵੀ ਭ੍ਰਿਸ਼ਟਾਚਾਰ ਹੈ: ਚੀਮਾ**

ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਦਾ ਕਹਿਣਾ ਸੀ ਕਿ ਟਰਾਂਸਪੋਰਟ ਵਿਭਾਗ ਵੱਲੋਂ ਸਿਰਫ ਕੈਪਟਨ ਖੇਮੇ ਦੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ ਨੂੰ ਨਵੀਆਂ ਗੱਡੀਆਂ ਦੀ ਅਲਾਟਮੈਂਟ ਕਰਨੀ ਵੀ ਭ੍ਰਿਸ਼ਟਾਚਾਰ ਹੈ ਕਿਉਂਕਿ ਇੱਕ ਤਰੀਕੇ ਨਾਲ ਇਹ ਵਿਧਾਇਕਾਂ ਦੀ ਖਰੀਦ ਹੀ ਹੋ ਰਹੀ ਹੈ। ਉਨਾਂ ਕਿਹਾ ਕਿ ਗੱਡੀਆਂ ਰੁਟੀਨ ਵਿੱਚ ਮੈਰਿਟ ਦੇ ਆਧਾਰ 'ਤੇ ਸਭ ਨੂੰ ਮਿਲਣੀਆਂ ਚਾਹੀਦੀਆਂ ਹਨ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਕ ਪਾਸੇ ਪੰਜਾਬ ਉਪਰ ਤਿੰਨ ਲੱਖ ਕਰੋੜ ਦਾ ਕਰਜਾ ਹੈ ਦੂਸਰੇ ਪਾਸੇ ਵਿਧਾਇਕਾਂ ਨੂੰ ਨਵੀਆਂ ਗਡੀਆਂ ਦੇ ਕੇ ਪੰਜਾਬ ਦੇ ਖਜਾਨੇ ਉਪਰ ਭਾਰ ਪਾਇਆ ਜਾ ਰਿਹਾ ਹੈ।

# ਨਵਜੋਤ ਸਿੰਘ ਸਿੱਧੂ ਹੱਥ ਪੰਜਾਬ ਕਾਂਗਰਸ ਦੀ ਪ੍ਰਧਾਨਗੀ

## ✪ ਗਿਲਜ਼ੀਆਂ, ਡੈਨੀ, ਪਵਨ ਗੋਇਲ ਤੇ ਨਾਗਰਾ ਨੂੰ ਕਾਰਜਕਾਰੀ ਪ੍ਰਧਾਨ ਲਾਇਆ ✪ ਹਾਈਕਮਾਨ ਨੇ ਕੈਪਟਨ ਦੀਆਂ ਅਪੀਲਾਂ ਤੇ ਦਲੀਲਾਂ ਨੂੰ ਟਿਚ ਜਾਣਿਆ ✪ ਕੈਪਟਨ ਹਾਈਕਮਾਂਡ ਤੋਂ ਨਿਰਾਸ਼

**ਚੰਡੀਗੜ੍ਹ/ਏ.ਟੀ.ਨਿਊਜ਼ :** ਕਾਂਗਰਸ ਹਾਈਕਮਾਨ ਨੇ ਪੰਜਾਬ ਵਿਚ ਪਾਰਟੀ ਅੰਦਰ ਚੱਲ ਰਹੀ ਸਿਆਸੀ ਖਿੱਚੋਤਾਣ ਨੂੰ ਦਰਕਿਨਾਰ ਕਰਦਿਆਂ ਆਖ਼ਰਕਾਰ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾ ਦਿੱਤਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਿਆਸੀ ਅਪੀਲ ਤੇ ਦਲੀਲ ਨੂੰ ਅਣਗੌਲਿਆਂ ਕਰਦਿਆਂ ਹਾਈਕਮਾਨ ਨੇ ਪੰਜਾਬ ਵਿਚ ਨਵਜੋਤ ਸਿੱਧੂ ਨੂੰ ਪਾਰਟੀ ਦੀ ਕਮਾਨ ਸੌਂਪ ਦਿੱਤੀ ਹੈ।

ਕੁੱਲ ਹਿੰਦ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਏ. ਵੇਣੂਗੋਪਾਲ ਦੇ ਦਸਤਖ਼ਤਾਂ ਹੇਠ ਜਾਰੀ ਪੱਤਰ ਅਨੁਸਾਰ ਨਵਜੋਤ ਸਿੰਘ ਸਿੱਧੂ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਹੋਣਗੇ ਜਦੋਂ ਕਿ ਉਨਾਂ ਦੇ ਨਾਲ ਚਾਰ ਕਾਰਜਕਾਰੀ ਪ੍ਰਧਾਨ ਵੀ ਲਗਾਏ ਗਏ ਹਨ ਜਿਨਾਂ ਵਿੱਚ ਵਿਧਾਇਕ ਸੰਗਤ ਸਿੰਘ ਗਿਲਜ਼ੀਆਂ, ਵਿਧਾਇਕ ਸੁਖਵਿੰਦਰ ਸਿੰਘ ਡੈਨੀ, ਜ਼ਿਲਾ ਯੋਜਨਾ ਬੋਰਡ ਫ਼ਰੀਦਕੋਟ ਦੇ ਚੇਅਰਮੈਨ ਪਵਨ ਗੋਇਲ ਤੋਂ ਇਲਾਵਾ ਫ਼ਤਹਿਗੜ੍ਹ ਸਾਹਿਬ ਤੋਂ ਵਿਧਾਇਕ ਕੁਲਜੀਤ ਸਿੰਘ ਨਾਗਰਾ ਵੀ ਸ਼ਾਮਲ ਹਨ।

ਕਾਰਜਕਾਰੀ ਪ੍ਰਧਾਨਾਂ 'ਤੇ ਝਾਤ ਮਾਰੀਏ ਤਾਂ ਹਾਈਕਮਾਨ ਨੇ ਸੰਗਤ ਸਿੰਘ ਗਿਲਜ਼ੀਆਂ ਨੂੰ ਕਾਰਜਕਾਰੀ ਪ੍ਰਧਾਨ ਬਣਾ ਕੇ ਜਿੱਥੇ ਓਬੀਸੀ ਕੈਟਾਗਿਰੀ ਨੂੰ ਨੁਮਾਇੰਦਗੀ ਦਿੱਤੀ ਹੈ, ਉੱਥੇ ਹੀ ਦੋਆਬੇ ਨੂੰ ਵੀ ਪੰਜਾਬ ਕਾਂਗਰਸ ਦੀ ਮੁੱਖ ਧਾਰਾ ਵਿੱਚ ਰੱਖਿਆ ਹੈ। ਮਾਝੇ 'ਚੋਂ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਨੂੰ ਕਾਰਜਕਾਰੀ ਪ੍ਰਧਾਨ ਬਣਾ ਕੇ ਦਲਿਤ ਭਾਈਚਾਰੇ ਨੂੰ ਖ਼ੁਸ਼ ਕਰਨ ਦਾ ਯਤਨ ਕੀਤਾ ਹੈ। ਜੱਟ ਸਿੱਖ ਵਜੋਂ ਕੁਲਜੀਤ ਸਿੰਘ ਨਾਗਰਾ ਨੂੰ ਪਾਰਟੀ 'ਚ ਕਾਰਜਕਾਰੀ ਪ੍ਰਧਾਨ ਦਾ ਅਹੁਦਾ ਦਿੱਤਾ ਗਿਆ ਹੈ। ਹਿੰਦੂ ਚਿਹਰੇ ਵਜੋਂ ਜੈਤੋ ਮੰਡੀ ਦੇ ਟਕਸਾਲੀ ਕਾਂਗਰਸੀ ਪਰਿਵਾਰ ਨਾਲ ਸਬੰਧਤ ਪਵਨ ਗੋਇਲ ਨੂੰ ਕਾਰਜਕਾਰੀ ਪ੍ਰਧਾਨ ਬਣਾਇਆ ਗਿਆ ਹੈ। ਪੰਜਾਬ ਕਾਂਗਰਸ ਵਿੱਚ ਹੁਣ ਮਾਲਵੇ 'ਚੋਂ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੋਂ ਇਲਾਵਾ ਕੁਲਜੀਤ ਨਾਗਰਾ ਤੇ ਜ਼ਿਲਾ ਯੋਜਨਾ ਬੋਰਡ ਫ਼ਰੀਦਕੋਟ ਦੇ ਪਵਨ ਗੋਇਲ ਨੂੰ ਕਾਰਜਕਾਰੀ ਪ੍ਰਧਾਨ ਥਾਪ ਕੇ ਮਲਵਈ ਸਿਆਸਤ ਦੇ ਦਾਬੇ ਨੂੰ ਸਵੀਕਾਰਿਆ ਗਿਆ ਹੈ। ਸੂਤਰਾਂ ਅਨੁਸਾਰ ਚਾਰ ਕਾਰਜਕਾਰੀ ਪ੍ਰਧਾਨਾਂ 'ਚੋਂ ਸਿਰਫ਼ ਸੁਖਵਿੰਦਰ ਡੈਨੀ ਹੀ ਕੈਪਟਨ ਖੇਮੇ ਦੀ ਗਿਣਤੀ ਵਿੱਚ ਆਉਂਦੇ ਹਨ। ਹਾਲਾਂਕਿ, ਮੁੱਖ ਮੰਤਰੀ ਅਮਰਿੰਦਰ ਸਿੰਘ ਪਿਛਲੇ ਦਿਨਾਂ 'ਚ ਇਹ ਦਬਾਅ ਬਣਾ ਰਹੇ ਸਨ ਕਿ ਕਾਰਜਕਾਰੀ ਪ੍ਰਧਾਨ ਉਨਾਂ ਦੀ ਪਸੰਦ ਵਾਲੇ ਆਗੂ ਲਗਾਏ ਜਾਣ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਰਾਜਨੀਤਕ ਚੁਣੌਤੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਮਿਲੀ। ਜੇ ਕੈਪਟਨ ਪੰਜਾਬ ਦੇ ਪਾਣੀਆਂ ਲਈ ਲੜਨ ਵਾਲਾ ਪਹਿਲਾਂ ਵਾਂਗ ਖੂੰਡੇ ਵਾਲਾ ਸਰਦਾਰ ਹੁੰਦਾ ਤਾਂ ਉਹ ਰਾਜਨੀਤੀ ਵਿਚ ਨਾ ਗਵਾਚਦਾ। ਸਿੱਧੂ ਦਾ ਉਭਾਰ ਨਾ ਹੁੰਦਾ। ਸਿੱਧੂ ਦਾ ਉਭਾਰ ਹਾਈਕਮਾਂਡ ਕਾਰਨ ਹੈ। ਹਾਈਕਮਾਂਡ ਦੀ ਤਾਕਤ ਉਸ ਪਿਛੇ ਕੰਮ ਕਰ ਰਹੀ ਹੈ ਜੋ ਕੈਪਟਨ ਤੋਂ ਬੁਰੀ ਤਰਾਂ ਨਿਰਾਸ਼ ਹੈ।

ਮੁੱਖ ਮੰਤਰੀ ਕੈਪਟਨ ਦੇ ਤਮਾਮ ਵਿਰੋਧ ਦੇ ਬਾਵਜੂਦ ਕਾਂਗਰਸ ਹਾਈਕਮਾਨ ਨੇ ਜਿਸ ਤਰਾਂ ਸਿੱਧੂ ਨੂੰ ਕਾਂਗਰਸ ਦਾ ਪ੍ਰਧਾਨ ਬਣਾ ਦਿੱਤਾ ਹੈ ਅਤੇ ਉਹ ਲਗਾਤਾਰ ਸਾਰੇ ਮੰਤਰੀਆਂ, ਵਿਧਾਇਕਾਂ, ਸਾਬਕਾ ਪ੍ਰਧਾਨਾਂ ਆਦਿ ਨੂੰ ਮਿਲ ਕੇ ਆਪਣਾ ਕਾਫ਼ਲਾ ਵੱਡਾ ਕਰ ਰਹੇ ਹਨ, ਉਸ ਨਾਲ ਕੈਪਟਨ ਦੀ ਸਥਿਤੀ ਅਸਹਿਜ ਹੁੰਦੀ ਜਾ ਰਹੀ ਹੈ। ਕੈਪਟਨ ਦੇ ਆਪਣੇ ਅਤਿ ਨਜ਼ਦੀਗੀ ਸਾਥੀ ਵੀ ਹੁਣ ਸਿੱਧੂ ਖੇਮੇ 'ਚ ਚਲੇ ਗਏ ਹਨ। ਇਹ ਪਹਿਲੀ ਵਾਰ ਹੈ ਕਿ ਕੈਪਟਨ ਦੀ ਸਥਿਤੀ ਬਾਦਲਾਂ ਨਾਲੋਂ ਮਾੜੀ ਦਿਖਾਈ ਦੇ ਰਹੀ ਹੈ। ਹੁਣੇ ਜਿਹੇ ਕਾਂਗਰਸ ਦਾ ਪ੍ਰਦੇਸ਼ ਪ੍ਰਧਾਨ ਬਣਨ ਤੋਂ ਬਾਅਦ ਨਵਜੋਤ ਸਿੰਘ ਸਿੱਧੂ ਨੇ ਸੈਕਟਰ 2 ਸਥਿਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਘਰ ਦੇ ਲਾਗੇ ਆਪਣੀ ਤਾਕਤ ਦਿਖਾਈ ਹੈ। ਨਵੇਂ ਪ੍ਰਧਾਨ ਦੇ ਸਵਾਗਤ ਲਈ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦੇ ਸਰਕਾਰੀ ਘਰ ਹਾਈ ਟੀ ਪਾਰਟੀ ਰੱਖੀ ਗਈ, ਜਿਸ ਵਿਚ ਕਾਂਗਰਸ ਦੇ ਪੰਜ ਮੰਤਰੀਆਂ ਸਮੇਤ ਕਰੀਬ 35 ਵਿਧਾਇਕ ਪਹੁੰਚੇ ਸਨ। ਸਾਬਕਾ ਪ੍ਰਧਾਨ ਸੁਨੀਲ ਜਾਖੜ ਵੀ ਇਸ ਮੌਕੇ 'ਤੇ ਮੌਜੂਦ ਸਨ।ਹੁਣ ਤੱਕ ਕੈਪਟਨ ਦੀ ਹਮਾਇਤ ਕਰਨ ਵਾਲੇ ਗਿੱਲ ਵਿਧਾਨ ਸਭਾ ਦੇ ਵਿਧਾਇਕ ਕੁਲਦੀਪ ਵੈਦਿਆ ਤੇ ਭੋਆ ਦੇ ਵਿਧਾਇਕ ਜੋਗਿੰਦਰ ਪਾਲ ਵੀ ਇਸ ਮੌਕੇ 'ਤੇ ਮੌਜੂਦ ਸਨ। ਹਾਲਾਂਕਿ ਸਿੱਧੂ ਦੇ ਸ਼ਕਤੀ ਪ੍ਰਦਰਸ਼ਨ ਤੋਂ 11 ਮੰਤਰੀਆਂ ਨੇ ਦੂਰੀ ਬਣਾ ਕੇ ਰੱਖੀ।

ਇਸ ਤੋਂ ਪਹਿਲਾਂ ਸਿੱਧੂ ਨਵੇਂ ਨਿਯੁਕਤ ਕਾਰਜਕਾਰੀ ਪ੍ਰਧਾਨ ਕੁਲਜੀਤ ਨਾਗਰਾ ਦੇ ਮੋਹਾਲੀ ਸਥਿਤ ਨਿਵਾਸ 'ਤੇ ਗਏ। ਸਿੱਧੂ ਦੀ ਗੱਡੀ ਦਾ ਸਟੇਅਰਿੰਗ ਜਿੱਥੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੰਭਾਲਿਆ ਤਾਂ ਨਾਲ ਕੁਲਬੀਰ ਜ਼ੀਰਾ ਬੈਠੇ। ਨਾਗਰਾ ਦੇ ਇੱਥੇ ਕੇਕ ਕੱਟਣ ਤੋਂ ਬਾਅਦ ਸਿੱਧੂ ਦਾ ਕਾਫ਼ਲਾ ਜਿਵੇਂ-ਜਿਵੇਂ ਅੱਗੇ ਵਧਿਆ, ਵਿਧਾਇਕ ਤੇ ਕਾਂਗਰਸੀ ਆਗੂ ਉਨਾਂ ਨਾਲ ਜੁੜਦੇ ਰਹੇ। ਸਿੱਧੂ ਯੂਥ ਕਾਂਗਰਸ ਦੇ ਪ੍ਰਦੇਸ਼ ਪ੍ਰਧਾਨ ਤੇ ਕੈਪਟਨ ਦੇ ਕਰੀਬੀ ਬਰਿੰਦਰ ਢਿਲੋਂ ਦੇ ਘਰ ਵੀ ਪਹੁੰਚੇ। ਉਸ ਤੋਂ ਬਾਅਦ ਉਹ ਸੁਨੀਲ ਜਾਖੜ, ਕੈਬਨਿਟ ਮੰਤਰੀ ਰਜ਼ੀਆ ਸੁਲਤਾਨਾ ਦੇ ਇੱਥੇ ਹੁੰਦੇ ਹੋਏ ਬਾਜਵਾ ਦੀ ਕੋਠੀ ਪਹੁੰਚੇ। ਇੱਥੇ ਉਨਾਂ ਦੇ ਸਵਾਗਤ ਲਈ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਸੁਖਬਿੰਦਰ ਸਿੰਘ ਸਰਕਾਰੀਆ, ਚਰਨਜੀਤ ਸਿੰਘ ਚੰਨੀ ਸਮੇਤ ਤਿੰਨ ਦਰਜਨ ਦੇ ਕਰੀਬ ਵਿਧਾਇਕ ਮੌਜੂਦ ਸਨ।



ਬਾਜਵਾ ਦੀ ਕੋਠੀ 'ਤੇ ਸਿੱਧੂ ਦੀ ਹਮਾਇਤ 'ਚ ਪੰਜ ਮੰਤਰੀ ਤੇ 35 ਦੇ ਕਰੀਬ ਵਿਧਾਇਕਾਂ ਨੇ ਇਕਜੁੱਟ ਹੋ ਕੇ ਇਹ ਸੰਕੇਤ ਦੇ ਦਿੱਤਾ ਕਿ ਉਹ ਕਾਂਗਰਸ ਹਾਈਕਮਾਨ ਦੇ ਫ਼ੈਸਲੇ ਦੇ ਨਾਲ ਹਨ। ਸਿੱਧੂ ਨੇ ਬਾਅਦ ਵਿਚ ਰਜਿੰਦਰ ਕੌਰ ਭੱਠਲ ਦੇ ਪੈਰ ਛੂਹ ਕੇ ਉਨਾਂ ਦਾ ਅਸ਼ੀਰਵਾਦ ਲਿਆ। ਬਾਅਦ 'ਚ ਸਿੱਧੂ ਚੰਨੀ ਦੇ ਨਾਲ ਉਨਾਂ ਦੀ ਕਾਰ 'ਚ ਬੈਠ ਕੇ ਸਪੀਕਰ ਰਾਣਾ ਕੇਪੀ ਤੇ ਵਿਧਾਇਕ ਰਣਦੀਪ ਨਾਭਾ ਦੇ ਘਰ ਵੀ ਗਏ। ਸਿੱਧੂ ਨੇ ਇਸ ਦੌਰਾਨ ਸਾਰਿਆਂ ਨੂੰ ਸਹਿਯੋਗ ਕਰਨ ਦੀ ਮੰਗ ਕੀਤੀ। ਇਸ ਮੌਕੇ ਨਵੇਂ ਕਾਰਜਕਾਰੀ ਪ੍ਰਧਾਨ ਸੁਖਵਿੰਦਰ ਸਿੰਘ ਡੈਨੀ, ਸੰਗਤ ਸਿੰਘ ਗਿਲਜੀਆਂ ਤੇ ਪਵਨ ਗੋਇਲ ਮੌਜੂਦ ਨਹੀਂ ਸਨ ।

ਸਿੱਧੂ ਦੀ ਹਮਾਇਤ 'ਚ ਭਾਵੇਂ ਪੰਜ ਮੰਤਰੀਆਂ ਸਮੇਤ ਕਰੀਬ 35 ਵਿਧਾਇਕ ਇਕਜੁੱਟ ਹੋਏ ਪਰ ਮੁੱਖ ਮੰਤਰੀ ਕੈਪਟਨ ਸਮੇਤ 11 ਮੰਤਰੀਆਂ ਤੇ 34 ਵਿਧਾਇਕਾਂ ਨੇ ਫ਼ਿਲਹਾਲ ਦੂਰੀ ਬਣਾ ਕੇ ਰੱਖੀ। ਇਸ ਮੌਕੇ ਸਿੱਧੂ ਨੇ ਕੈਪਟਨ ਨੂੰ ਮਿਲਣ ਦੀ ਜ਼ਹਿਮਤ ਨਹੀਂ ਕੀਤੀ। ਹਾਲਾਂਕਿ ਮੁੱਖ ਮੰਤਰੀ ਨੇ ਵੀ ਪ੍ਰਧਾਨ ਬਣਨ ਦੇ ਬਾਅਦ ਹਾਲੇ ਤੱਕ ਸਿੱਧੂ ਨੂੰ ਵਧਾਈ ਨਹੀਂ ਦਿੱਤੀ।

**ਇਹ ਵਿਧਾਇਕ ਸਨ ਮੌਜੂਦ**

ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ, ਸੁਖਬਿੰਦਰ ਸਿੰਘ ਸਰਕਾਰੀ, ਚਰਨਜੀਤ ਸਿੰਘ ਚੰਨੀ, ਰਜ਼ੀਆ ਸੁਲਤਾਨਾ ਤੋਂ ਇਲਾਵਾ ਵਿਧਾਇਕਾਂ 'ਚ ਪਰਮਿੰਦਰ ਪਿੰਕੀ, ਕੁਲਜੀਤ ਸਿੰਘ ਨਾਗਰਾ, ਤਰਸੇਮ ਡੀਸੀ, ਅਮਰਿੰਦਰ ਸਿੰਘ ਰਾਜਾ ਵੜਿੰਗ, ਨਾਜਰ ਸਿੰਘ ਮਾਨਸ਼ਾਹੀਆ, ਧਰਮਵੀਰ ਅਗਨੀਹੋਤਰੀ, ਕੁਸ਼ਲਦੀਪ ਸਿੰਘ ਢਿਲੋਂ, ਸਤਕਾਰ ਕੌਰ, ਨਿਰਮਲ ਸ਼ੁਤਰਾਣਾ, ਸੁਨੀਲ ਦੱਤੀ, ਦਬਿੰਦਰ ਘੁਬਾਇਆ, ਕੁਲਬੀਰ ਜ਼ੀਰਾ, ਬਰਿੰਦਰਮੀਤ ਸਿੰਘ ਪਾਹੜਾ, ਪ੍ਰੀਤਮ ਸਿੰਘ ਕੋਟਭਾਈ, ਦਰਸ਼ਨ ਬਰਾੜ, ਮਦਨਲਾਲ ਜਲਾਲਪੁਰ, ਸੁਰਜੀਤ ਧੀਮਾਨ, ਨੱਥੂ ਰਾਮ, ਜੋਗਿੰਦਰ ਪਾਲ, ਚੌਧਰੀ ਸੁਰਿੰਦਰ ਸਿੰਘ, ਸੁਖਜੀਤ ਸਿੰਘ ਕਾਕਾ ਲੋਹਗੜ, ਗੁਰਕੀਰਤ ਕੋਟਲੀ, ਲਖਬੀਰ ਸਿੰਘ ਲੱਖਾ, ਅਮਿਤ ਵਿਜ ਸਮੇਤ ਸੁਨੀਲ ਜਾਖੜ ਤੇ ਬਰਿੰਦਰ ਢਿੱਲੋਂ ਮੌਜੂਦ ਸਨ। ਕੈਪਟਨ ਦੀ ਨਾਰਾਜ਼ਗੀ ਵੱਲ ਹਾਈਕਮਾਂਡ ਖਿਆਲ ਕਰਦੀ ਹੈ ਜਾਂ ਨਹੀਂ ਇਹ ਆਉਣ ਵਾਲਾ ਸਮਾਂ ਦੱਸੇਗਾ। ਕੈਪਟਨ ਹਾਲੇ ਤੱਕ ਆਪਣਾ ਸਿਆਸੀ ਉਭਾਰ ਨਹੀਂ ਦਿਖਾ ਸਕੇ। ਹਾਲਾਂਕਿ ਵੱਡੇ ਬਾਦਲ ਨਾਲੋਂ ਵੱਧ ਪੰਜਾਬੀਆਂ ਦੀ ਪਸੰਦ ਕੈਪਟਨ ਸਨ। ਪਰ ਇਹ ਰਾਜ ਕਾਲ ਉਨਾਂ ਲਈ ਯੋਗ ਨਹੀ ਨਿਕਲਿਆ।ਸਿੱਧੂ ਦਾ ਰਾਜਨੀਤਕ ਉਭਾਰ ਕਿੰਨਾ ਵਿਸ਼ਾਲ ਹੋਵੇਗਾ, ਸਿੱਧੂ ਦੀਆਂ ਸਿਆਸੀ ਗਤੀਵਿਧੀਆਂ ਉਪਰ ਨਿਰਭਰ ਹੋਵੇਗਾ। ਕੀ ਉਹ ਪੰਜਾਬ ਦੇ ਹਕੀਕੀ ਮੁਦਿਆਂ ਵਲ ਧਿਆਨ ਦੇ ਸਕਣਗੇ ? ਪੰਜਾਬੀਆਂ ਦਾ ਦਿਲ ਜਿਤ ਸਕਣਗੇ ? ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਹਾਈਕਮਾਂਡ ਨੇ ਸਿੱਧੂ ਨੂੰ ਕੈਪਟਨ ਦੇ ਬਦਲ ਵਜੋਂ ਪੇਸ਼ ਕੀਤਾ ਹੈ। ਦੇਖਣਾ ਹੋਵੇਗਾ ਕਿ ਕੈਪਟਨ ਕੋਲ ਕੀ ਰਾਹ ਹੈ ?

**ਕਾਂਗਰਸ ਲਈ ਚੁਣੌਤੀਆਂ**

2017 ਦੇ ਮੈਨੀਫ਼ੈਸਟੋ ਤੋਂ ਲੈ ਕੇ ਹੁਣ ਤੱਕ ਪੰਜਾਬੀਆਂ ਨਾਲ ਕਾਂਗਰਸ ਨੇ ਕਈ ਵਾਅਦੇ ਕੀਤੇ, ਕਈ ਸੁਪਨੇ ਵਿਖਾਏ ਪਰ ਅਫ਼ਸੋਸ ਕਿ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ। ਬਿਜਲੀ, ਬੇਰੁਜ਼ਗਾਰੀ, ਕਰਜ਼ਾ ਮਾਫ਼ੀ ਤਾਂ ਪੰਜਾਬ ਦੇ ਮਾਫ਼ੀਆ ਨਾਲ ਜੁੜੇ ਹੋਏ ਹਨ। ਜੋ ਪੈਸੇ ਮਾਫ਼ੀਆ ਲੁੱਟ ਕੇ ਲੈ ਜਾਂਦਾ ਹੈ, ਜੇ ਉਹ ਸਰਕਾਰ ਦੇ ਹੱਥ ਵਿਚ ਆ ਜਾਣ ਤਾਂ ਸਰਕਾਰ 300 ਤਾਂ ਕੀ, 500 ਯੂਨਿਟ ਮੁਫ਼ਤ ਬਿਜਲੀ ਵੀ ਦੇ ਸਕਦੀ ਹੈ। ਬਰਗਾੜੀ ਦਾ ਮੁੱਦਾ ਪੈਸੇ ਨਾਲ ਨਹੀਂ ਜੁੜਿਆ ਹੋਇਆ, ਬਲਕਿ ਸੂਬੇ ਵਿਚ ਨਿਆਂ ਤੇ ਪਾਰਦਰਸ਼ਤਾ ਨਾਲ ਜੁੜਿਆ ਹੋਇਆ ਹੈ। ਭਾਵੇਂ ਬਰਗਾੜੀ ਦਾ ਮਾਮਲਾ ਭਾਵਨਾਵਾਂ ਨੂੰ ਠੇਸ ਪਹੁੰਚਣ ਦਾ ਮਾਮਲਾ ਹੈ ਪਰ

**ਬਾਕੀ ਸਫ਼ਾ 30 'ਤੇ**

# ਨਵਜੋਤ ਸਿੱਧੂ ਦੇ 'ਪਾਵਰ ਸ਼ੋਅ' ਵਿਚ 62 ਵਿਧਾਇਕ ਪਹੁੰਚੇ

## ✪ ਕੈਪਟਨ ਅਮਰਿੰਦਰ ਸਿੰਘ ਪਏ ਕਮਜ਼ੋਰ ✪ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਪੁੱਜੇ ਨਵਜੋਤ ✪ ਦਰਬਾਰ ਸਾਹਿਬ ਪਹੁੰਚਦਿਆਂ ਹੀ ਸਿੱਧੂ ਅਤੇ ਵਿਧਾਇਕਾਂ ਨੇ 'ਜੋ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰੇ ਲਾਏ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਬਣਾਏ ਜਾਣ ਤੋਂ ਬਾਅਦ ਨਵਜੋਤ ਸਿੰਘ ਸਿੱਧੂ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਏ। ਹੋਲੀ ਸਿਟੀ ਸਥਿਤ ਉਨਾਂ ਦੀ ਕੋਠੀ 'ਤੇ ਵਿਧਾਇਕਾਂ ਦਾ ਆਉਣਾ-ਜਾਣਾ ਸ਼ੁਰੂ ਹੋ ਗਿਆ ਹੈ। ਹੁਣ ਤਕ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਵਿਧਾਇਕ ਅਮਰਿੰਦਰ ਸਿੰਘ, ਵਿਧਾਇਕ ਰਾਜਾ ਵੜਿੰਗ, ਵਿਧਾਇਕ ਸੁਖਵਿੰਦਰ ਡੈਨੀ, ਜਗਦੇਵ ਸਿੰਘ ਕਮਲੂ, ਪਰਗਟ ਸਿੰਘ, ਮੇਅਰ ਕਰਮਜੀਤ ਸਿੰਘ ਆ ਚੁੱਕੇ ਹਨ। ਸਿੱਧੂ ਦੀ ਕੋਠੀ 'ਤੇ ਕਾਂਗਰਸ 83 ਵਿਚੋਂ 62 ਵਿਧਾਇਕ ਪਹੁੰਚ ਗਏ ਹਨ। ਅਜਿਹੇ ਵਿਚ ਸਿੱਧੂ ਮਜ਼ਬੂਤ ਦਿਖਾਈ ਦੇ ਰਹੇ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕੈਪਟਨ ਦੇ ਕੋਲੋਂ ਹਾਈਕਮਾਂਡ ਨੇ ਹੱਥ ਪਿਛੇ ਖਿੱਚ ਲਏ ਹਨ। ਕੈਪਟਨ ਹੁਣ ਕਮਜ਼ੋਰ ਪੈ ਗਏ ਹਨ। ਗੋਲਡਨ ਗੇਟ 'ਤੇ ਲੱਗੇ ਸ਼ਾਨਦਾਰ ਸਵਾਗਤ ਲਈ ਕਾਂਗਰਸ ਵਰਕਰਾਂ ਨੇ 'ਆ ਗਿਆ ਸਿੱਧੂ ਛਾ ਗਿਆ ਸਿੱਧੂ', 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ', 'ਕਾਂਗਰਸ ਜ਼ਿੰਦਾਬਾਦ' ਦੇ ਨਾਅਰੇ ਲਾਏ ਤੇ ਕਾਂਗਰਸ ਪਾਰਟੀ ਨੇ ਝੰਡੇ ਲਹਿਰਾ ਕੇ ਉਨਾਂ ਦਾ ਸਵਾਗਤ ਕੀਤਾ। 40 ਮਿੰਟ ਦੇ ਸਵਾਗਤ ਸਮਾਗਮ ਵਿਚ ਸਿੱਧੂ ਤੇ ਉਨਾਂ ਦੇ ਸਮਰਥਕ ਨੇ ਪੂਰੀ ਤਾਕਤ ਦਿਖਾਈ।

ਨਵਜੋਤ ਸਿੱਧੂ ਦੀ ਰਿਹਾਇਸ਼ 'ਤੇ ਪਹੁੰਚੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਕਾਂਗਰਸ ਹਾਈਕਮਾਂਡ ਨੇ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਇਆ। ਇਹ ਸਾਰਿਆਂ ਨੂੰ ਸਵੀਕਾਰ ਹੋਣਾ ਚਾਹੀਦਾ। ਕੈਪਟਨ ਅਮਰਿੰਦਰ ਸਿੰਘ ਹੁਣ ਸਿੱਧੂ ਨੂੰ ਮਾਫੀ ਮੰਗਣ ਨੂੰ ਕਹਿ ਰਹੇ ਹਨ। ਜੇ ਉਹ ਮਾਫ਼ੀ ਮੰਗਵਾਉਣਾ



ਚਾਹੁੰਦੇ ਸਨ ਤਾਂ ਸਿੱਧੂ ਦੇ ਪ੍ਰਧਾਨ ਬਣਨ ਤੋਂ ਪਹਿਲਾਂ ਆਪਣੀ ਗੱਲ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਦੇ ਸਾਹਮਣੇ ਰੱਖਦੇ।

ਸਿੱਧੂ-ਕੈਪਟਨ ਦੇ ਮਤਭੇਦ ਬਰਕਰਾਰ

ਪ੍ਰਧਾਨ ਨਿਯੁਕਤ ਹੋਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਸਿੱਧੂ ਕਾਂਗਰਸੀ ਨੇਤਾਵਾਂ ਨੂੰ ਮਿਲ ਰਹੇ ਹਨ। ਕਾਂਗਰਸੀ ਲੀਡਰ ਵੀ ਉਨਾਂ ਨੂੰ ਵਧਾਈਆਂ ਦੇਣ ਪਹੁੰਚ ਰਹੇ ਹਨ। ਪਰ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਇਸ ਵਿੱਚ ਕੋਈ ਵੀ ਹਿੱਸੇਦਾਰੀ ਨਜ਼ਰ ਨਹੀਂ ਆ ਰਹੀ। ਪੰਜਾਬ ਦੀ ਸਿਆਸਤ ਨੂੰ ਨੇੜਿਓਂ ਵੇਖਣ ਵਾਲੇ ਵਿਸ਼ਲੇਸ਼ਕ ਮੰਨਦੇ ਹਨ ਕਿ ਇੰਝ ਲਗਦਾ ਹੈ ਕਿ ਕੈਪਟਨ ਸੁਲਾਹ ਕਰਨ ਦੇ ਮੂਡ ਵਿੱਚ ਨਹੀਂ ਹੈ। ਕੈਪਟਨ ਅਮਰਿੰਦਰ ਸਿੰਘ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਵੱਲੋਂ ਟਵੀਟ ਵਿੱਚ ਲਿਖਿਆ ਗਿਆ ਕਿ ਜਦੋਂ ਤੱਕ ਸਿੱਧੂ ਕੈਪਟਨ ਖ਼ਿਲਾਫ਼ ਕੀਤੇ ਗਏ 'ਅਪਮਾਨਜਨਕ ਟਵੀਟਸ' ਅਤੇ ਸੋਸ਼ਲ ਮੀਡੀਆ ਰਾਹੀਂ ਕੀਤੇ ਗਏ ਤਿੱਖੇ ਹਮਲਿਆਂ ਲਈ ਮਾਫ਼ੀ ਨਹੀਂ ਮੰਗ ਲੈਂਦੇ ਉਹ ਸਿੱਧੂ ਨਾਲ ਮੁਲਾਕਾਤ ਨਹੀਂ ਕਰਨਗੇ। 19 ਜੁਲਾਈ ਨੂੰ ਨਵਜੋਤ ਸਿੰਘ ਸਿੱਧੂ ਆਪਣੇ ਨਾਲ ਥਾਪੇ ਗਏ 4 ਹੋਰ ਕਾਰਜਕਾਰੀ ਪ੍ਰਧਾਨਾਂ ਨੂੰ ਚੰਡੀਗੜ੍ਹ ਵਿੱਚ ਮਿਲੇ। 20 ਜੁਲਾਈ ਨੂੰ ਅਜ਼ਾਦੀ ਘੁਲਾਟੀਏ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਪਹੁੰਚੇ ਜਿੱਥੇ ਉਨਾਂ ਨੇ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਂਟ ਕੀਤੀ। ਸਿੱਧੂ ਨਾਲ ਜਿੱਥੇ ਲੋਕਾਂ ਦਾ ਵੱਡਾ ਇਕੱਠ ਨਜ਼ਰ ਆਇਆ ਉੱਥੇ ਹੀ ਦੂਜੇ ਪਾਸੇ ਕਿਸਾਨਾਂ ਨੇ ਵੀ ਉਨਾਂ ਨੂੰ ਕਾਲੇ ਝੰਡੇ ਵਿਖਾਏ। ਹਾਲਾਂਕਿ ਪੁਲਿਸ ਨੇ ਉਨਾਂ ਨੂੰ ਅੱਗੇ ਨਹੀਂ ਵਧਣ ਦਿੱਤਾ।

**ਛੇ ਵਜ਼ੀਰਾਂ ਨੇ ਸਿੱਧੂ ਤੋਂ ਪਾਸਾ ਵੱਟਿਆ**

ਕੈਪਟਨ ਖੇਮੇ ਨੇ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਸਿੱਧੂ ਨੂੰ ਲੈ ਕੇ ਮੂੰਹ ਖੋਲਣਾ ਸ਼ੁਰੂ ਕਰ ਦਿੱਤਾ ਹੈ। ਨਵਜੋਤ ਸਿੱਧੂ 'ਤੇ ਪਹਿਲਾ ਨਿਸ਼ਾਨਾ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਸਿੰਘ ਨੇ ਲਾਇਆ ਹੈ ਜਦੋਂ ਕਿ ਅੱਧੀ ਦਰਜਨ ਮੰਤਰੀ ਹਾਲੇ ਤੱਕ ਨਵਜੋਤ ਸਿੱਧੂ ਤੋਂ ਪਾਸਾ ਵੱਟ ਰਹੇ ਹਨ। ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਵੱਲੋਂ ਚਲਾਏ ਤੀਰ ਤੋਂ ਸੰਕੇਤ ਮਿਲਦੇ ਹਨ ਕਿ ਅਮਰਿੰਦਰ ਤੇ ਨਵਜੋਤ ਸਿੱਧੂ ਦਰਮਿਆਨ ਰੇੜਕਾ ਤੇ ਰੱਫੜ ਜਾਰੀ ਰਹੇਗਾ। ਪ੍ਰਧਾਨ ਨਵਜੋਤ ਸਿੱਧੂ ਨੇ ਵੀ ਹਾਲੇ ਤੱਕ ਮੁੱਖ ਮੰਤਰੀ ਅਮਰਿੰਦਰ ਸਿੰਘ ਨਾਲ ਮੁਲਾਕਾਤ ਕੀਤੇ ਜਾਣ ਨੂੰ ਲੈ ਕੇ ਭੇਤ ਹੀ ਰੱਖਿਆ ਹੋਇਆ ਹੈ। ਸਿੱਧੂ ਤਾਂ ਮੁੱਖ ਮੰਤਰੀ ਵੱਲੋਂ ਰੱਖੀ ਮੁਆਫੀ ਦੀ ਸ਼ਰਤ ਬਾਰੇ ਵੀ ਖੁੱਲ ਕੇ ਨਹੀਂ ਬੋਲ ਰਹੇ ਹਨ ਪ੍ਰੰਤੂ ਉਹ ਕੈਪਟਨ ਦੇ ਵਫਾਦਾਰਾਂ ਨਾਲ ਮੇਲ ਮਿਲਾਪ ਕਰਨ ਵਿਚ ਜੁਟੇ ਹੋਏ ਹਨ। ਅੰਦਰੋਂ ਅੰਦਰੀਂ ਦੋਹਾਂ ਧੜਿਆਂ ਵਿਚਾਲੇ ਸਿਆਸੀ ਖਿੱਚੋਤਾਣ ਦਾ ਮੁੱਢ ਬੱਝ ਚੁੱਕਾ ਹੈ। ਉਧਰ ਸਿੱਧੂ ਨੂੰ ਦੁਆਬੇ ਅਤੇ ਮਾਝੇ 'ਚੋਂ ਮਿਲੇ ਸਿਆਸੀ ਹੁੰਗਾਰੇ ਨੇ ਕਾਂਗਰਸ ਦੇ ਵਰਕਰਾਂ 'ਚ ਜੋਸ਼ ਭਰ ਦਿੱਤਾ ਹੈ। ਮਾਝਾ ਬ੍ਰਿਗੇਡ ਨੇ ਸਿੱਧੂ ਨੂੰ ਸਿਖ਼ਰ ਦੇਣ ਲਈ ਪੂਰਾ ਤਾਣ ਲਾਇਆ ਹੋਇਆ ਹੈ। ਵਜ਼ੀਰ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ ਅਤੇ ਸੁਖ ਸਰਕਾਰੀਆ ਲਈ ਹੁਣ ਇਹ ਵੱਕਾਰ ਦਾ ਸੁਆਲ ਬਣਿਆ ਹੋਇਆ ਹੈ। ਕੈਪਟਨ ਖੇਮੇ ਦੇ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੇ ਲਿਖਤੀ ਬਿਆਨ 'ਚ ਆਖਿਆ ਕਿ ਉਹ ਓਨੀ ਦੇਰ ਨਵਜੋਤ ਸਿੱਧੂ ਨਾਲ ਨਿੱਜੀ ਮੁਲਾਕਾਤ ਨਹੀਂ ਕਰਨਗੇ ਜਿੰਨੀ ਦੇਰ ਸਿੱਧੂ ਮੁੱਖ ਮੰਤਰੀ ਅਮਰਿੰਦਰ ਸਿੰਘ ਨਾਲ ਆਪਣੇ ਮਸਲੇ ਨਿਪਟਾ ਨਹੀਂ ਲੈਂਦੇ।

ਸੂਤਰ ਦੱਸਦੇ ਹਨ ਕਿ ਆਉਂਦੇ ਦਿਨਾਂ 'ਚ ਮੁੱਖ ਮੰਤਰੀ ਦੇ ਖਾਸ ਵੀ ਇਸੇ ਤਰਾਂ ਦਾ ਪੈਂਤੜਾ ਲੈ ਸਕਦੇ ਹਨ। ਅਹਿਮ ਸੂਤਰਾਂ ਅਨੁਸਾਰ ਸਿੱਧੂ ਅਗਲੀ ਚੋਣ ਪਟਿਆਲਾ (ਦਿਹਾਤੀ) ਤੋਂ ਲੜਨ ਦੇ ਇੱਛੁਕ ਦੱਸੇ ਜਾ ਰਹੇ ਹਨ ਜਿਥੋਂ ਬ੍ਰਹਮ ਮਹਿੰਦਰਾ ਦੇ ਲੜਕੇ ਵੱਲੋਂ ਵੀ ਚੋਣ ਲੜਨ ਦੀ ਤਿਆਰੀ ਕੀਤੀ ਜਾ ਰਹੀ ਹੈ।

# ਸਿੱਧੂ ਲਈ ਪ੍ਰਧਾਨਗੀ ਕਰਨਾ ਕੰਢਿਆਂ ਦਾ ਰਾਹ, ਕੈਪਟਨ ਕਮਜ਼ੋਰ ਪਏ

**ਦਰਬਾਰਾ ਸਿੰਘ ਕਾਹਲੋਂ**

ਲੰਬੀ ਰਾਜਨੀਤਕ ਕਵਾਇਦ ਤੋਂ ਬਾਅਦ ਪਾਰਟੀ ਦੀ ਰਾਸ਼ਟਰੀ ਕਾਰਜਕਾਰੀ ਚੇਅਰਪਰਸਨ ਸੋਨੀਆ ਗਾਂਧੀ ਨੇ ਸਾਬਕਾ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਨਿਯੁਕਤ ਕਰ ਕੇ ਪੰਜਾਬ ਕਾਂਗਰਸ ਦੀ ਉਲਝੀ ਤਾਣੀ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਹੈ। ਸਭ ਵਰਗਾਂ ਨੂੰ ਪ੍ਰਤੀਨਿਧਤਾ ਦੇਣ ਦੀ ਮਨਸ਼ਾ ਅਤੇ ਪ੍ਰਧਾਨ ਦੇ ਚੁਣੌਤੀ ਭਰੇ ਕੰਮਾਂ ਦੀ ਸਹਾਇਤਾ ਲਈ ਚਾਰ ਕਾਰਜਕਾਰੀ ਪ੍ਰਧਾਨਾਂ ਦੀ ਨਿਯੁਕਤੀ ਵੀ ਕੀਤੀ ਗਈ ਹੈ।

ਕਾਰਜਕਾਰੀ ਪ੍ਰਧਾਨਾਂ ਵਿਚੋਂ ਸੰਗਤ ਸਿੰਘ ਗਿਲਜੀਆਂ ਪੱਛੜੀਆਂ ਸ਼੍ਰੇਣੀਆਂ, ਸੁਖਵਿੰਦਰ ਸਿੰਘ ਡੈਨੀ ਅਨੁਸੂਚਿਤ ਜਾਤੀਆਂ, ਪਵਨ ਗੋਇਲ ਹਿੰਦੂ ਵਰਗ ਅਤੇ ਕੁਲਦੀਪ ਸਿੰਘ ਨਾਗਰਾ ਜੱਟ ਸਿੱਖ ਵਰਗ ਨਾਲ ਸਬੰਧਤ ਹਨ। ਆਨਾਕਾਨੀ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਵੀ ਹਾਈਕਮਾਂਡ ਨਾਲ ਸਹਿਮਤ ਹੋ ਰਹੇ ਹਨ। ਪ੍ਰਧਾਨ ਵਜੋਂ ਨਿਯੁਕਤੀ ਨਾਲ ਜਨਵਰੀ 2017 ਵਿਚ ਭਾਜਪਾ ਤੋਂ ਕਾਂਗਰਸ 'ਚ ਸ਼ਾਮਲ ਹੋਏ ਸਾਬਕਾ ਕ੍ਰਿਕਟਰ, ਸ਼ੋਅਮੈਨ ਤੇ ਤੇਜ਼-ਤਰਾਰ ਆਗੂ ਸਿੱਧੂ ਦਾ ਪੰਜਾਬ ਦੀ ਰਾਜਨੀਤੀ ਵਿਚ ਮੁਕਾਮ ਹੁਣ ਚੜਤ ਵੱਲ ਜਾਪਦਾ ਹੈ। ਦੂਜੇ ਬੰਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਿਆਸੀ ਪਕੜ ਢਿੱਲੀ ਹੁੰਦੀ ਮਹਿਸੂਸ ਹੋ ਰਹੀ ਹੈ। ਉੱਥੇ ਹੀ ਕਾਂਗਰਸ ਦੀ ਰਾਸ਼ਟਰੀ ਕਾਰਜਕਾਰੀ ਚੇਅਰਪਰਸਨ ਸੋਨੀਆ ਗਾਂਧੀ ਇਕ ਤੀਰ ਨਾਲ ਕਈ ਨਿਸ਼ਾਨੇ ਵਿੰਨਦੀ ਵਿਖਾਈ ਦਿੱਤੀ। ਉਹ ਕਾਂਗਰਸ ਦੇ ਇਤਿਹਾਸ ਵਿਚ ਹੁਣ ਤਕ ਸਭ ਤੋਂ ਲੰਬਾ ਸਮਾਂ ਕਾਂਗਰਸ ਪ੍ਰਧਾਨ ਵਜੋਂ ਰਹੀ ਹੈ। ਪਹਿਲੀ ਨਜ਼ਰੇ ਇਸ ਸਿਆਸੀ ਕਵਾਇਦ ਨਾਲ ਉਸ ਨੇ ਆਪਣੇ ਲੰਬੇ ਉਤਰਾਅ-ਚੜ੍ਹਾਅ ਭਰੇ ਤਜਰਬੇ ਦਾ ਬਾਖ਼ੂਬੀ ਮੁਜ਼ਾਹਰਾ ਕੀਤਾ ਜਾਪਦਾ ਹੈ। ਕੈਪਟਨ ਅਮਰਿੰਦਰ ਸਿੰਘ ਸੰਨ 1997 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਵੱਲੋਂ ਟਿਕਟ ਨਾ ਦਿੱਤੇ ਜਾਣ ਤੋਂ ਬਾਅਦ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ। ਇਸ ਤੋਂ ਪਹਿਲਾਂ ਉਨਾਂ ਨੇ ਸਾਕਾ ਨੀਲਾ ਤਾਰਾ ਦੇ ਵਿਰੋਧ ਵਿਚ ਸੰਸਦ ਮੈਂਬਰੀ ਤੋਂ ਅਸਤੀਫ਼ਾ ਦੇ ਕੇ ਸਿੱਖਾਂ ਦੇ ਇਕ ਖ਼ਾਸ ਵਰਗ ਵਿਚ ਖ਼ਾਸ ਜਗਾ ਬਣਾ ਲਈ ਸੀ ਜੋ ਉਨਾਂ ਲਈ ਕਾਂਗਰਸ ਵਿਚ ਸਥਾਪਤ ਹੋਣ ਵਿਚ ਮਦਦਗਾਰ ਸਿੱਧ ਹੋਈ। ਸੰਨ 1999 ਵਿਚ ਕੈਪਟਨ ਨੂੰ ਪੰਜਾਬ ਕਾਂਗਰਸ ਕਮੇਟੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਸੰਨ 2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ ਉਨਾਂ ਦੀ ਪ੍ਰਧਾਨਗੀ ਹੇਠ ਚੋਣਾਂ ਜਿੱਤੀਆਂ ਅਤੇ ਉਹ ਮੁੱਖ ਮੰਤਰੀ ਬਣੇ। ਉਸ ਸਮੇਂ ਤੋਂ ਲੈ ਕੇ ਹੁਣ ਤਕ ਉਨਾਂ ਨੇ ਕਿਸੇ ਕਾਂਗਰਸੀ ਆਗੂ ਨੂੰ ਉੱਭਰਨ ਨਹੀਂ ਸੀ ਦਿੱਤਾ। ਉਹ ਅਕਸਰ ਹਾਈ ਕਮਾਨ ਨੂੰ ਅੱਖਾਂ ਵਿਖਾਉਂਦੇ ਰਹੇ ਤੇ ਸੰਨ 2017 ਦੀਆਂ ਚੋਣਾਂ ਤੋਂ ਪਹਿਲਾਂ ਉਨਾਂ ਨੇ ਵੱਖਰੀ ਇਲਾਕਾਈ ਪਾਰਟੀ ਦੇ ਗਠਨ ਦਾ ਡਰਾਵਾ ਦੇ ਦਿੱਤਾ ਸੀ।

ਓਧਰ ਨਵਜੋਤ ਸਿੰਘ ਸਿੱਧੂ ਵੀ ਕਾਂਗਰਸ ਵਿਚ ਮੁੱਖ ਮੰਤਰੀ ਦੇ ਅਹੁਦੇ 'ਤੇ ਅੱਖ ਰੱਖਦਿਆਂ ਸ਼ਾਮਲ ਹੋਏ ਸਨ। ਵੈਸੇ ਸੰਨ 2017 ਵਿਚ ਹੀ ਆਮ ਆਦਮੀ ਪਾਰਟੀ ਨੇ ਉਨਾਂ ਨੂੰ ਇਹ ਪੁਜ਼ੀਸ਼ਨ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਦੂਜੇ ਪਾਸੇ ਸਾਢੇ ਕੁ ਚਾਰ ਸਾਲਾਂ ਦੌਰਾਨ ਕੈਪਟਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪੰਜਾਬੀਆਂ ਨਾਲ ਕੀਤੇ ਗਏ ਜ਼ਿਆਦਾਤਰ ਵਾਅਦੇ ਪੂਰੇ ਨਾ ਕਰਨ ਕਾਰਨ ਲੋਕਾਂ ਵਿਚ ਸਰਕਾਰ ਪ੍ਰਤੀ ਰੋਹ ਦੇਖਣ ਨੂੰ ਮਿਲ ਰਿਹਾ ਹੈ। ਕੈਬਨਿਟ ਵਿੱਚੋਂ ਅਸਤੀਫ਼ਾ ਦੇ ਕੇ ਬਾਹਰ ਨਿਕਲੇ ਨਵਜੋਤ ਸਿੰਘ ਸਿੱਧੂ ਨੂੰ ਹੁਣ ਆਪਣੀ ਪਾਰਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਘਰ-ਘਰ ਨੌਕਰੀ ਦੇ ਕੀਤੇ ਦਾਅਵੇ, ਕੇਬਲ, ਰੇਤ-ਬਜਰੀ, ਟਰਾਂਸਪੋਰਟ, ਕੇਬਲ ਮਾਫ਼ੀਆ, ਬਿਜਲੀ ਅਤੇ ਭ੍ਰਿਸ਼ਟਾਚਾਰ ਆਦਿ ਮੁੱਦਿਆਂ 'ਤੇ ਖੁੱਲ ਕੇ ਬੋਲਣ ਅਤੇ ਗਾਂਧੀ ਪਰਿਵਾਰ ਆਧਾਰਿਤ ਹਾਈ ਕਮਾਨ ਨੂੰ ਪ੍ਰਭਾਵਿਤ ਕਰਨ ਦਾ ਮੌਕਾ ਮਿਲ ਗਿਆ ਹੈ। ਪਿਛਲੇ ਸਾਢੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਕੈਪਟਨ ਨੇ ਆਪਣੀ ਸਰਕਾਰ ਦੀ ਕਾਰਗੁਜ਼ਾਰੀ ਸੁਧਾਰਨ, ਵਿਧਾਇਕਾਂ, ਮੰਤਰੀਆਂ ਅਤੇ ਕਾਂਗਰਸ ਆਗੂਆਂ ਨੂੰ ਵਿਸ਼ਵਾਸ ਵਿਚ ਲੈਣ ਦੀ ਥਾਂ ਆਪਣੇ ਨਿੱਜੀ 25-26 ਸਹਾਇਕਾਂ, ਅਫ਼ਸਰਸ਼ਾਹਾਂ 'ਤੇ ਟੇਕ ਰੱਖਣ ਦੀ ਗ਼ਲਤੀ ਕੀਤੀ। ਸੱਠ ਤੋਂ ਵੱਧ ਕਾਂਗਰਸੀ ਵਿਧਾਇਕ ਤਿੰਨ ਮੈਂਬਰੀ ਪੰਜਾਬ ਕਾਂਗਰਸ ਕਾਟੋ-ਕਲੇਸ਼ ਨਿਵਾਰਨ ਕਮੇਟੀ ਅਤੇ ਰਾਹੁਲ ਗਾਂਧੀ ਅੱਗੇ ਕਪਤਾਨ ਸਾਹਿਬ ਵਿਰੁੱਧ ਭੁਗਤੇ। ਪੱਚੀ ਜਨਵਰੀ, 1986 ਨੂੰ ਭਜਨ ਲਾਲ, ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਵਾਂਗ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਚੰਡੀਗੜ ਪੰਜਾਬ ਨੂੰ ਦੇਣ ਵਿਰੁੱਧ ਅਸਤੀਫ਼ੇ ਦੀ ਧਮਕੀ ਵਾਂਗ ਕੈਪਟਨ ਅਮਰਿੰਦਰ ਸਿੰਘ ਨੇ ਸੋਨੀਆ ਗਾਂਧੀ ਨੂੰ ਨਵਜੋਤ ਸਿੱਧੂ ਨੂੰ ਪ੍ਰਧਾਨ ਬਣਾਉਣ ਵਿਰੁੱਧ ਪੱਤਰ ਲਿਖ ਦਿੱਤਾ ਸੀ।

ਇਹ ਚਾਲ ਉਲਟੀ ਪੈ ਗਈ। ਆਖ਼ਰ 10 ਵਿਧਾਇਕਾਂ ਅਤੇ ਐੱਮਪੀ ਪ੍ਰਤਾਪ ਸਿੰਘ ਬਾਜਵਾ ਰਾਹੀਂ 10 ਸੰਸਦ ਮੈਂਬਰਾਂ ਦੀ ਲਾਮਬੰਦੀ ਆਦਿ ਵਰਗੇ ਉਨਾਂ ਦੇ ਹੱਥਕੰਡੇ ਵੀ ਬੁਰੀ ਤਰਾਂ ਨਾਕਾਮ ਹੋ ਗਏ। ਉਨਾਂ ਦੇ ਪਿਛਲੇ ਸਾਢੇ 4 ਸਾਲ ਤੋਂ ਚਹੇਤੇ ਮੰਤਰੀ ਰਹੇ ਤ੍ਰਿਪਤ ਰਾਜਿੰਦਰ ਬਾਜਵਾ ਅਤੇ ਸੁਖਜਿੰਦਰ



ਸਿੰਘ ਰੰਧਾਵਾ ਉਨਾਂ ਦੀ ਪਿੱਠ ਵਿਚ ਬਰੂਟਸ ਦੀ ਤਰਾਂ ਖੰਜਰ ਖੋਭਦੇ ਵੇਖੇ ਗਏ। ਕੈਪਟਨ ਸਾਹਿਬ ਦਾ ਹਾਲ ਇਹ ਹੋਇਆ : 'ਜਿਨ ਸਫੀਨੋਂ ਨੇ ਤੋੜਾ ਥਾ ਕਭੀ ਮੌਜੋਂ ਕਾ ਗਰੂਰ, ਡੂਬੀ ਵਹੀਂ ਯਹਾਂ ਦਰਿਆ ਮੇਂ ਤੁਗਿਆਨੀ ਨਾ ਥੀ।' ਗੱਲ ਨਵਜੋਤ ਸਿੱਧੂ ਦੀ ਕੀਤੀ ਜਾਵੇ ਤਾਂ ਚੁਣੌਤੀਆਂ ਉਨਾਂ ਲਈ ਵੀ ਘੱਟ ਨਹੀਂ ਹਨ। ਕਾਂਗਰਸ ਪਾਰਟੀ ਦੇ ਕਈ ਟਕਸਾਲੀ ਨੇਤਾ ਜੋ ਪ੍ਰਧਾਨਗੀ ਦੇ ਦਾਅਵੇਦਾਰ ਸਨ ਜੋ ਅੰਦਰੋ-ਅੰਦਰ ਉਨਾਂ ਦੀਆਂ ਜੜਾਂ ਵੱਢਣਗੇ। ਉਨਾਂ ਦਾ ਤਰਕ ਵਾਜਿਬ ਲੱਗਦਾ ਹੈ ਕਿ ਕੁਝ ਸਾਲ ਪਹਿਲਾਂ ਕਾਂਗਰਸ ਵਿਚ ਸ਼ਾਮਲ ਹੋਏ ਨਵਜੋਤ ਸਿੱਧੂ ਪੁਰਾਣੇ ਨੇਤਾਵਾਂ ਨੂੰ ਪਛਾੜ ਕੇ ਪ੍ਰਧਾਨ ਥਾਪੇ ਗਏ ਹਨ। ਜਿਵੇਂ ਸਿੱਧੂ ਸਾਹਿਬ ਪੰਜਾਬ ਦੇ ਪ੍ਰਧਾਨ 'ਥੋਪੇ' ਜਾਂ ਥਾਪੇ ਗਏ ਹਨ, ਉਸ ਪ੍ਰਕਿਰਿਆ ਨਾਲ ਕਾਂਗਰਸ ਦੇ ਰਾਜਨੀਤਕ ਸੱਭਿਆਚਾਰ ਦੇ ਵਿਦੇਸ਼ੀ ਵਿਸ਼ਲੇਸ਼ਕ ਦਾ ਕਥਨ ਸੱਚ ਸਾਬਤ ਹੋਇਆ ਕਿ ਕਾਂਗਰਸ ਪਾਰਟੀ ਕਦੇ ਵੀ ਲੋਕਤੰਤਰੀ ਸੰਗਠਨ ਨਹੀਂ ਰਹੀ।

ਖ਼ੈਰ, ਹੁਣ ਸਿੱਧੂ ਨੂੰ ਫਰਵਰੀ-ਮਾਰਚ, 2022 ਵਿਚ ਹੋ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਹੀ 18 ਨੁਕਾਤੀ ਮੁੱਦਿਆਂ 'ਤੇ ਅਮਲ ਕਰਵਾਉਣਾ ਹੋਵੇਗਾ ਅਤੇ ਸੱਤਾ ਵਿਰੋਧੀ ਲੋਕ ਰੋਹ ਠੱਲਣਾ ਪਵੇਗਾ। ਪੰਜਾਬ ਕਾਂਗਰਸ ਪਾਰਟੀ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਕਈ ਵਾਅਦੇ ਕੀਤੇ ਸਨ ਜੋ ਵਫ਼ਾ ਨਹੀਂ ਹੋਏ। ਵੱਡਾ ਸਵਾਲ ਇਹ ਵੀ ਹੈ ਕਿ ਕੀ ਸਿੱਧੂ ਕੈਪਟਨ ਅਮਰਿੰਦਰ ਸਿੰਘ ਸਮੇਤ ਸਭ ਨੂੰ ਨਾਲ ਲੈ ਕੇ ਚੱਲ ਸਕਣਗੇ ? ਕੀ ਉਹ ਉਸ ਸਿਸਟਮ ਨੂੰ ਬਦਲ ਸਕਣਗੇ ਜਿਸ ਵਿਰੁੱਧ ਉਹ ਦੁਹਾਈ ਦਿੰਦੇ ਰਹੇ ਹਨ ? ਕੇਂਦਰ ਅਤੇ ਸੂਬਾ ਸਰਕਾਰ ਦਾ ਕੋਹਿਆ ਅਤੇ ਸਤਾਇਆ ਪੰਜਾਬ ਦਾ ਹਰ ਵਰਗ ਅੱਜ-ਕੱਲ ਸੜਕਾਂ 'ਤੇ ਹੈ। ਕਿਸਾਨੀ ਸੰਘਰਸ਼ ਕਰ ਰਹੀ ਹੈ। ਕੱਚੇ ਮੁਲਾਜ਼ਮ, ਆਂਗਨਵਾੜੀ ਵਰਕਰ, ਛੇਵੇਂ ਪੇਅ ਕਮਿਸ਼ਨ ਦੇ ਧੋਖੇ ਤੋਂ ਬੇਜ਼ਾਰ ਸਮੁੱਚਾ ਮੁਲਾਜ਼ਮ ਅਤੇ ਪੈਨਸ਼ਨਰ ਵਰਗ, ਡਾਕਟਰ, ਸਨਅਤੀ ਕਾਮੇ, ਵਪਾਰੀ, ਸਨਅਤਕਾਰ, ਗਰੀਬ ਅਤੇ ਪਛੜੇ ਲੋਕ ਤੇ ਬੇਰੁਜ਼ਗਾਰ ਸੜਕਾਂ 'ਤੇ ਹਨ। ਉਹ ਕੈਪਟਨ ਦਾ ਮੋਤੀ ਮਹੱਲ, ਮਹਿੰਦਰਾ ਫਾਰਮ ਸਿਸਵਾਂ ਘੇਰਦੇ ਪੁਲਿਸ ਤੋਂ ਕੁਟਾਪਾ ਖਾ ਰਹੇ ਹਨ। ਉਹ ਹੁਣ ਨਵਜੋਤ ਸਿੱਧੂ ਦਾ ਘਰ ਘੇਰਨ ਲੱਗਣਗੇ। ਉਹ ਵਾਅਦੇ, ਸ਼ਗੂਫੇ, ਜੁਮਲੇ, ਚੁਟਕਲੇ ਨਹੀਂ ਸੁਣਨਗੇ। ਉਹ ਤਾਂ ਆਪਣੀਆਂ ਮੰਗਾਂ ਦਾ ਨਿਵਾਰਨ ਚਾਹੁਣਗੇ।

ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ-ਬਸਪਾ ਗੱਠਜੋੜ, ਸੰਯੁਕਤ ਅਕਾਲੀ ਦਲ, ਲੋਕ ਇਨਸਾਫ਼ ਪਾਰਟੀ, ਖੱਬੇ-ਪੱਖੀ ਅਤੇ ਤਾਕਤਵਰ ਚੇਤੰਨ ਕਿਸਾਨੀ ਸਿੱਧੂ ਦੇ ਬੋਲ-ਕੁਬੋਲਾਂ ਦੀਆਂ ਸੋਨੀਆ ਗਾਂਧੀ, ਰਾਹੁਲ ਗਾਂਧੀ, ਡਾ. ਮਨਮੋਹਨ ਸਿੰਘ ਬਾਰੇ ਕੈਸਟਾਂ ਉਵੇਂ ਹੀ ਗਲੀ-ਗਲੀ ਵਜਾਉਣਗੇ ਜਿਵੇਂ ਕੈਪਟਨ ਦੇ ਵਫਾ ਨਾ ਹੋ ਸਕੇ ਵਾਅਦਿਆਂ ਦੀਆਂ ਕੈਸਟਾਂ ਵਜਾਉਂਦੇ ਜਨਤਕ ਲਾਮਬੰਦੀ ਕਰ ਰਹੇ ਹਨ। ਪੈਟਰੋਲ-ਡੀਜ਼ਲ, ਗੈਸ, ਬਿਜਲੀ, ਰੋਟੀ-ਕੱਪੜਾ ਆਮ ਪੰਜਾਬੀ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ। ਪਰਵਾਸੀ ਪੰਜਾਬੀ ਕਵੀ ਡਾ: ਲੋਕ ਰਾਜ ਰਾਜਨੀਤੀਵਾਨਾਂ ਵੱਲੋਂ ਬਰਬਾਦ ਪੰਜਾਬ ਬਾਰੇ ਲਿਖਦੇ ਹਨ:

'ਵਗਦੀ ਏ ਰਾਵੀ ਵਿਚ ਫੁੱਲ ਵੇ ਗੁਲਾਬ ਦਾ
ਡੋਬਿਆ ਸਿਆਸਤਾਂ ਨੇ ਬੇੜਾ ਵੇ ਪੰਜਾਬ ਦਾ।'

ਸਿੱਧੂ ਸਾਹਿਬ, ਤੁਸਾਂ ਤਿੰਨ ਵਾਰ ਸੰਸਦ ਮੈਂਬਰ, ਹੁਣ ਵਿਧਾਇਕ ਅਤੇ ਦੋ ਸਾਲ ਮੰਤਰੀ ਰਹਿੰਦੇ ਹੋਏ ਤਾਂ ਪੰਜਾਬ ਲਈ ਕੁਝ ਕੀਤਾ ਨਹੀਂ। ਆਮ ਲੋਕਾਂ ਦੀ ਪਹੁੰਚ ਤੋਂ ਦੂਰ ਵੀਵੀਆਈਪੀ ਤੇ ਅੰਗ ਰੱਖਿਅਕਾਂ ਦੇ ਪਿੰਜਰੇ ਵਿਚ ਬੰਦ ਰਹੇ। ਕੀ ਹੁਣ ਤੁਸੀਂ ਇਸ ਸਿਸਟਮ 'ਚੋਂ ਬਾਹਰ ਨਿਕਲ ਸਕੋਗੇ ? ਜੇ ਉਨਾਂ ਨੇ ਆਪਣੇ ਕੰਮ ਕਰਨ ਦੀ ਸ਼ੈਲੀ ਬਦਲ ਕੇ ਲੋਕਾਂ ਵਿਚ ਖੁੱਲ ਕੇ ਵਿਚਰਨਾ ਸ਼ੁਰੂ ਕਰ ਦਿੱਤਾ ਤਾਂ ਨਿਸ਼ਚੇ ਹੀ ਜਿੱਤ ਉਨਾਂ ਦੀ ਕਦਮ-ਬੋਸੀ ਕਰੇਗੀ। ਜੇ ਉਹ 'ਲਾਫਟਰ ਸ਼ੋਆਂ' ਵਿਚ ਮਸ਼ਰੂਫ਼ ਰਹੇ ਤਾਂ ਪ੍ਰਧਾਨਗੀ ਉਨਾਂ ਲਈ ਕੰਡਿਆਂ ਦਾ ਤਾਜ ਸਾਬਿਤ ਹੋਵੇਗੀ।

## ਖੇਤੀ ਕਾਨੂੰਨਾਂ ਖਿਲਾਫ਼...

ਡਿਪਟੀ ਸਪੀਕਰ ਮਨਜੀਤ ਰਾਏ ਸਨ। ਦੂਜੇ ਸੈਸ਼ਨ ਵਿੱਚ ਸਪੀਕਰ ਯੋਗੇਂਦਰ ਯਾਦਵ ਅਤੇ ਡਿਪਟੀ ਸਪੀਕਰ ਹਰਮੀਤ ਕਾਦੀਆਂ ਜਦਕਿ ਤੀਸਰੇ ਸੈਸ਼ਨ ਵਿੱਚ ਸਪੀਕਰ ਸ਼ਿਵ ਕੱਕਾ ਅਤੇ ਡਿਪਟੀ ਸਪੀਕਰ ਰਾਮਿੰਦਰ ਪਟਿਆਲਾ ਸਨ। ਕਿਸਾਨ ਸੰਸਦ ਨੇ ਭਾਜਪਾ ਆਗੂ ਅਤੇ ਕੇਂਦਰੀ ਮੰਤਰੀ ਮੀਨਾਕਸ਼ੀ ਲੇਖੀ ਵੱਲੋਂ ਕਿਸਾਨ ਸੰਸਦ ਵਾਲਿਆਂ ਨੂੰ ਮਵਾਲੀ ਕਹਿਣ ਖਿਲਾਫ਼ ਨਿੰਦਾ ਪ੍ਰਸਤਾਵ ਪੇਸ਼ ਕੀਤਾ। ਕਿਸਾਨ ਸੰਸਦ ਆਕਾਸ਼ ਗੁੰਜਾਊ ਨਾਅਰਿਆਂ ਨਾਲ 12 ਵਜੇ ਸ਼ੁਰੂ ਹੋਈ ਅਤੇ ਸ਼ਾਮ 5 ਵਜੇ ਸਮਾਪਤ ਹੋਈ। ਸਭ ਤੋਂ ਪਹਿਲਾਂ ਮੋਰਚੇ ਦੇ ਸ਼ਹੀਦ ਕਿਸਾਨਾਂ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਸੈਸ਼ਨ ਦੀ ਸ਼ੁਰੂਆਤ ਹਨਨ ਮੌਲਾ ਨੇ ਕਰਵਾਈ ਜਿਸ ਦੌਰਾਨ ਏਪੀਐੱਮਸੀ ਮੰਡੀਆਂ ਤੋੜਨ ਲਈ ਲਿਆਂਦੇ ਕਾਨੂੰਨ 'ਤੇ ਬਹਿਸ ਹੋਈ। ਬਹਿਸ ਦੀ ਸ਼ੁਰੂਆਤ ਪ੍ਰੇਮ ਸਿੰਘ ਭੰਗੂ ਨੇ ਕੀਤੀ। ਉਧਰ ਸੰਸਦ ਮੈਂਬਰਾਂ ਨੇ ਕਿਸਾਨ ਅੰਦੋਲਨ ਦੇ ਸਮਰਥਨ 'ਚ ਸੰਸਦ ਦੇ ਬਾਹਰ ਮਹਾਤਮਾ ਗਾਂਧੀ ਦੇ ਬੁੱਤ ਅੱਗੇ ਪ੍ਰਦਰਸ਼ਨ ਕੀਤਾ। ਉਹ ਕਿਸਾਨਾਂ ਵੱਲੋਂ ਜਾਰੀ ਕੀਤੇ ਗਏ ਪੀਪਲਜ਼ ਵਿਪ ਦਾ ਜਵਾਬ ਦੇ ਰਹੇ ਸਨ। ਕਈ ਸੰਸਦ ਮੈਂਬਰਾਂ ਨੇ ਕਿਸਾਨ ਸੰਸਦ ਦਾ ਦੌਰਾ ਵੀ ਕੀਤਾ। ਸੰਯੁਕਤ ਕਿਸਾਨ ਮੋਰਚੇ ਨੇ ਸੰਸਦ ਮੈਂਬਰਾਂ ਦਾ ਕਿਸਾਨੀ ਸੰਘਰਸ਼ ਵਿੱਚ ਸਮਰਥਨ ਦੇਣ ਲਈ ਧੰਨਵਾਦ ਕੀਤਾ ਪਰ ਉਨਾਂ ਨੂੰ ਮੰਚ ਤੋਂ ਬੋਲਣ ਦਾ ਸਮਾਂ ਨਹੀਂ ਦਿੱਤਾ ਗਿਆ।

**ਕੈਪਟਨ ਵੱਲੋਂ ਮੀਨਾਕਸ਼ੀ ਲੇਖੀ ਦੇ ਅਸਤੀਫ਼ੇ ਦੀ ਮੰਗ**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁਜ਼ਾਹਰਕਾਰੀ ਕਿਸਾਨਾਂ ਨੂੰ 'ਮੱਵਾਲੀ' ਕਹਿਣ ਵਾਲੀ ਕੇਂਦਰੀ ਮੰਤਰੀ ਮੀਨਾਕਸ਼ੀ ਲੇਖੀ ਦੇ ਅਸਤੀਫ਼ੇ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਨੇ ਪਿਛਲੇ ਅੱਠ ਮਹੀਨਿਆਂ ਤੋਂ ਕੇਂਦਰੀ ਖੇਤੀ ਕਾਨੂੰਨਾਂ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਪ੍ਰਤੀ ਮਾੜੀ ਸ਼ਬਦਾਵਲੀ ਵਰਤੇ ਜਾਣ 'ਤੇ ਭਾਰਤੀ ਜਨਤਾ ਪਾਰਟੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਤੋਂ ਪਾਰਟੀ ਦੀ 'ਕਿਸਾਨ ਵਿਰੋਧੀ ਮਾਨਸਿਕਤਾ' ਝਲਕਦੀ ਹੈ। ਉਨਾਂ ਕਿਹਾ, 'ਮੀਨਾਕਸ਼ੀ ਲੇਖੀ ਨੂੰ ਇਸ ਤਰਾਂ ਕਿਸਾਨਾਂ ਨੂੰ ਬਦਨਾਮ ਕਰਨ ਦਾ ਕੋਈ ਹੱਕ ਨਹੀਂ ਹੈ।'

**ਕੇਂਦਰ ਅੜੀ ਛੱਡਣ ਨੂੰ ਤਿਆਰ ਨਹੀਂ**

ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਸਾਨਾਂ ਨੂੰ ਮੁੜ ਸੱਦਾ ਦਿੱਤਾ ਹੈ ਕਿ ਉਹ ਅੰਦੋਲਨ ਦਾ ਰਾਹ ਛੱਡ ਕੇ ਗੱਲਬਾਤ ਲਈ ਅੱਗੇ ਆਉਣ। ਉਨਾਂ ਦਾਅਵਾ ਕੀਤਾ ਕਿ ਦੇਸ਼ ਦੇ ਕਿਸਾਨਾਂ ਨੇ ਤਿੰਨੋਂ ਖੇਤੀ ਕਾਨੂੰਨਾਂ ਦੀ ਹਮਾਇਤ ਕੀਤੀ ਹੈ। ਜੰਤਰ-ਮੰਤਰ 'ਤੇ ਕਿਸਾਨ ਸੰਸਦ ਬਾਰੇ ਪੁੱਛੇ ਜਾਣ 'ਤੇ ਤੋਮਰ ਨੇ ਕਿਹਾ ਕਿ ਜੇਕਰ ਕਿਸਾਨ ਖੇਤੀ ਕਾਨੂੰਨਾਂ 'ਚ ਕੋਈ ਖਾਮੀਆਂ ਲੈ ਕੇ ਆਉਂਦੇ ਹਨ ਤਾਂ ਸਰਕਾਰ ਉਨਾਂ 'ਤੇ ਗੱਲਬਾਤ ਲਈ ਰਾਜ਼ੀ ਹੈ। ਜੇਕਰ ਕਿਸਾਨ ਆਪਣੀ ਤਜਵੀਜ਼ ਲੈ ਕੇ ਆਉਂਦੇ ਹਨ ਤਾਂ ਅਸੀਂ ਉਸ 'ਤੇ ਚਰਚਾ ਕਰਨ ਲਈ ਤਿਆਰ ਹਾਂ।' ਕਿਸਾਨਾਂ ਪ੍ਰਤੀ ਸਰਕਾਰ ਦੇ ਸੰਵੇਦਨਸ਼ੀਲ ਹੋਣ ਦਾ ਦਾਅਵਾ ਕਰਦਿਆਂ ਮੰਤਰੀ ਨੇ ਕਿਹਾ ਕਿ ਪਿਛਲੇ ਸੱਤ ਸਾਲਾਂ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਖੇਤੀ ਸੈਕਟਰ 'ਚ ਕਈ ਵੱਡੇ ਕਦਮ ਪੁੱਟੇ ਗਏ ਹਨ ਜਿਨਾਂ ਦਾ ਲਾਭ ਦੇਸ਼ ਦੇ ਕਾਸ਼ਤਕਾਰਾਂ ਨੂੰ ਹੋ ਰਿਹਾ ਹੈ।

# ਭਾਰਤ ਵਿਚ 300 ਤੋਂ ਵੱਧ ਮੋਬਾਈਲ ਨੰਬਰ ਹੈਕ ਕੀਤੇ ਜਾਣ ਦੀ ਸੰਭਾਵਨਾ

## ਭਾਰਤ ਸਰਕਾਰ ਨੇ ਕੀਤਾ ਇਨਕਾਰ

**ਲੰਡਨ/ਏ.ਟੀ.ਨਿਊਜ਼:**-ਇਕ ਕੌਮਾਂਤਰੀ ਮੀਡੀਆ ਸੰਗਠਨ ਨੇ ਖੁਲਾਸਾ ਕੀਤਾ ਹੈ ਕਿ ਸਿਰਫ ਸਰਕਾਰੀ ਏਜੰਸੀਆਂ ਨੂੰ ਹੀ ਵੇਚੇ ਜਾਣ ਵਾਲੇ ਇਜ਼ਰਾਇਲ ਦੇ ਖੁਫੀਆ ਸਾਫਟਵੇਅਰ ਜ਼ਰੀਏ ਹੋ ਸਕਦਾ ਹੈ ਕਿ ਭਾਰਤ ਦੇ 2 ਕੇਂਦਰੀ ਮੰਤਰੀਆਂ, 40 ਤੋਂ ਵੱਧ ਪੱਤਰਕਾਰਾਂ, ਵਿਰੋਧੀ ਧਿਰ ਦੇ 3 ਨੇਤਾਵਾਂ ਤੇ ਇਕ ਜਸਟਿਸ ਸਮੇਤ ਵੱਡੀ ਗਿਣਤੀ ਵਿਚ ਕਾਰੋਬਾਰੀਆਂ ਤੇ ਮਨੁੱਖੀ ਅਧਿਕਾਰ ਕਾਰਕੁੰਨਾਂ ਦੇ 300 ਤੋਂ ਵੱਧ ਮੋਬਾਈਲ ਨੰਬਰ ਹੈਕ ਕੀਤੇ ਗਏ ਹੋਣ। ਹਾਲਾਂਕਿ ਭਾਰਤ ਸਰਕਾਰ ਨੇ ਆਪਣੇ ਪੱਧਰ 'ਤੇ ਖਾਸ ਲੋਕਾਂ ਦੀ ਨਿਗਰਾਨੀ ਸਬੰਧੀ ਦੋਸ਼ਾਂ ਨੂੰ ਖਾਰਜ ਕੀਤਾ ਹੈ ।ਸਰਕਾਰ ਨੇ ਕਿਹਾ ਹੈ ਕਿ ਇਸ ਸਬੰਧੀ ਕੋਈ ਵੀ ਠੋਸ ਆਧਾਰ ਜਾਂ ਸੱਚਾਈ ਨਹੀਂ ਹੈ। ਭਾਰਤੀ ਮੀਡੀਆ ਅਦਾਰੇ ਦਿ ਵਾਇਰ ਅਤੇ 16 ਹੋਰ ਕੌਮਾਂਤਰੀ ਮੀਡੀਆ ਅਦਾਰਿਆਂ ਨੇ ਮਿਲ ਕੇ ਇੱਕ ਜਾਂਚ ਕੀਤੀ ਹੈ ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਜ਼ਰਾਇਲ ਦੀ ਜਸੂਸੀ ਤਕਨੀਕ ਨਾਲ ਜੁੜੀ ਕੰਪਨੀ ਜ਼ਰੀਏ 300 ਦੇ ਕਰੀਬ ਭਾਰਤੀ ਲੋਕਾਂ ਦੇ ਮੋਬਾਇਲਾਂ ਦੀ ਜਸੂਸੀ ਕੀਤੀ ਗਈ ਹੈ।

ਇਨਾਂ ਵਿੱਚ ਮੰਤਰੀ, ਵਿਰੋਧੀ ਧਿਰ ਦੇ ਨੇਤਾ, ਪੱਤਰਕਾਰ, ਕਾਨੂੰਨੀ ਅਦਾਰਿਆਂ ਨਾਲ ਜੁੜੇ ਵਿਅਕਤੀ, ਵਪਾਰੀ, ਵਿਗਿਆਨੀ, ਮਨੁੱਖੀ ਅਧਿਕਾਰ ਕਾਰਕੁੰਨ ਸ਼ਾਮਿਲ ਹਨ।

ਦਿ ਵਾਇਰ ਦੇ ਮੁਤਾਬਿਕ, 'ਡੇਟਾਬੇਸ ਵਿੱਚ ਭਾਰਤ ਦੇ 40 ਪੱਤਰਕਾਰ, ਤਿੰਨ ਵਿਰੋਧੀ ਧਿਰ ਦੇ ਨੇਤਾ, ਇੱਕ ਸੰਵਿਧਾਨਿਕ ਅਹੁਦੇ 'ਤੇ ਬੈਠੇ ਵਿਅਕਤੀ, ਮੋਦੀ ਸਰਕਾਰ ਦੇ ਦੋ ਮੰਤਰੀ ਅਤੇ ਸੁਰੱਖਿਆ ਏਜੰਸੀਆਂ ਦੇ ਮੌਜੂਦਾ ਤੇ ਸਾਬਕਾ ਮੁਖੀ ਸਣੇ ਕਈ ਵਪਾਰੀ ਸ਼ਾਮਿਲ ਹਨ।'

ਜਾਂਚ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਨਾਂ ਹਸਤੀਆਂ ਦੇ ਫੋਨਾਂ ਨੂੰ ਪੇਗਾਸਸ ਸੌਫਟਵੇਅਰ ਜ਼ਰੀਏ ਨਿਗਰਾਨੀ ਅਧੀਨ ਰੱਖਿਆ ਗਿਆ ਸੀ।

ਭਾਰਤ ਸਰਕਾਰ ਨੇ ਪੇਗਾਸਸ ਜ਼ਰੀਏ ਕਿਸੇ ਵੀ ਵਿਅਕਤੀ ਦੀ ਜਸੂਸੀ ਕਰਨ ਦੇ ਇਲਜ਼ਾਮਾਂ ਨੂੰ ਖਾਰਜ ਕੀਤਾ ਹੈ।

ਇਜ਼ਰਾਇਲੀ ਕੰਪਨੀ ਐੱਨਐੱਸਓ ਪੇਗਾਸਸ ਸੌਫਟਵੇਅਰ ਨੂੰ ਬਣਾਉਂਦੀ ਹੈ ਅਤੇ ਉਹ ਦਾਅਵਾ ਕਰਦੀ ਹੈ ਕਿ ਉਸ ਦੇ ਕਲਾਈਂਟ ਕੇਵਲ ਸਰਕਾਰਾਂ ਜਾਂ ਸਰਕਾਰੀ ਏਜੰਸੀਆਂ ਹੁੰਦੀਆਂ ਹਨ। ਕੰਪਨੀ ਨੇ ਇਨਾਂ ਸਾਰਿਆਂ ਇਲਜ਼ਾਮਾਂ ਨੂੰ ਖਾਰਜ ਕੀਤਾ ਹੈ। ਕੰਪਨੀ ਦਾਅਵਾ ਕਰਦੀ ਹੈ ਕਿ ਉਸ ਦਾ ਮਕਸਦ 'ਅਪਰਾਧ ਤੇ ਅੱਤਵਾਦ ਖਿਲਾਫ਼ ਲੜਨਾ' ਹੈ।

**ਭਾਰਤ ਸਰਕਾਰ ਦਾ ਪ੍ਰਤੀਕਰਮ**

ਭਾਰਤ ਸਰਕਾਰ ਨੇ ਇਸ ਰਿਸਰਚ ਨੂੰ ਖਾਰਿਜ ਕਰ ਦਿੱਤਾ ਹੈ। ਭਾਰਤ ਸਰਕਾਰ ਨੇ ਬਿਆਨ ਵਿੱਚ ਕਿਹਾ ਹੈ ਕਿ ਸਰਕਾਰ ਦੇ ਆਈਟੀ ਮੰਤਰੀ ਵੱਲੋਂ ਸੰਸਦ ਵਿੱਚ ਇਹ ਸਾਫ ਤੌਰ 'ਤੇ ਕਿਹਾ ਗਿਆ ਹੈ ਕਿ ਉਨਾਂ ਦੀਆਂ ਏਜੰਸੀਆਂ ਵੱਲੋਂ ਕਿਸੇ ਤਰੀਕੇ ਦੀ ਅਣਅਧਿਕਾਰਤ ਨਿਗਰਾਨੀ ਨਹੀਂ ਰੱਖੀ ਗਈ ਹੈ। ਭਾਰਤ ਸਰਕਾਰ ਨੇ ਕਿਹਾ, 'ਸਰਕਾਰ ਵੱਲੋਂ ਲੋਕਾਂ ਦੀ ਨਿਗਰਾਨੀ ਰੱਖਣ ਦੇ ਇਲਜ਼ਾਮ ਬੇਬੁਨਿਆਦ ਹਨ। ਪਹਿਲਾਂ ਵੀ ਇਹ ਦਾਅਵਾ ਕੀਤਾ ਗਿਆ ਸੀ ਕਿ ਭਾਰਤ ਸਰਕਾਰ ਵੱਲੋਂ ਪੇਗਾਸਸ ਦਾ ਇਸਤੇਮਾਲ ਕੀਤਾ ਗਿਆ ਹੈ। ਇਨਾਂ ਰਿਪੋਰਟਾਂ ਦਾ ਕੋਈ ਆਧਾਰ ਸਾਬਿਤ ਨਹੀਂ ਹੋਇਆ ਹੈ।' ਭਵਿੱਖ ਵਿੱਚ ਕਈ ਨਾਮ ਸਾਹਮਣੇ ਆ ਸਕਦੇ ਹਨ।

ਪੈਰਿਸ ਦੀ ਇੱਕ ਮੀਡੀਆ ਸੰਸਥਾ ਫੌਰਬਿਡੇਨ ਸਟੋਰੀਜ਼ ਨੇ ਉਨਾਂ ਲੋਕਾਂ ਦੀ ਸੂਚੀ ਹਾਸਲ ਕੀਤੀ ਸੀ ਜਿਨਾਂ ਦੇ ਫੋਨ ਦੀ ਜਾਸੂਸੀ ਕਰਨ ਦਾ ਦਾਅਵਾ ਕੀਤਾ ਗਿਆ ਹੈ।

ਫੌਰਬੇਡਨ ਸਟੋਰੀਜ਼ ਦੇ ਸੰਸਥਾਪਕ ਲੌਰੇ ਰਿਸਰਡ ਨੇ ਬੀਬੀਸੀ ਦੇ ਸ਼ਸ਼ਾਂਕ ਚੌਹਾਨ ਨਾਲ ਫੋਨ 'ਤੇ ਗੱਲਬਾਤ ਦੌਰਾਨ ਕਿਹਾ, 'ਪੂਰੀ ਦੁਨੀਆਂ ਦੇ ਸੈਂਕੜੇ ਪੱਤਰਕਾਰ ਤੇ ਮਨੁੱਖੀ ਹੱਕਾਂ ਲਈ ਕੰਮ ਕਰਨ ਵਾਲੇ ਇਸ ਸਰਵੀਲੈਂਸ ਦੇ ਸ਼ਿਕਾਰ ਹਨ। ਇਹ ਦਿਖਾਉਂਦਾ ਹੈ ਕਿ ਪੂਰੀ ਦੁਨੀਆਂ ਵਿੱਚ ਲੋਕਤੰਤਰ ਉੱਤੇ ਹਮਲਾ ਹੋ ਰਿਹਾ ਹੈ।'

ਉਨਾਂ ਨੇ ਇਸ ਪੜਤਾਲ ਦੇ ਬਾਰੇ ਵਿੱਚ ਦੱਸਿਆ, 'ਸਾਨੂੰ ਬਹੁਤ ਸਾਰੇ ਟੈਲੀਫੋਨ ਨੰਬਰਾਂ ਦੀ ਲਿਸਟ ਮਿਲੀ ਸੀ। ਅਸੀਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਸੀ ਕਿ ਇਹ ਲਿਸਟ ਆਖਿਰ ਕਿੱਥੋਂ ਕੱਢੀ ਗਈ ਹੈ।'

'ਇਸ ਲਿਸਟ ਵਿੱਚ ਜਿੰਨੇ ਨੰਬਰ ਹਨ, ਉਨਾਂ ਦਾ ਇਹ ਮਤਲਬ ਨਹੀਂ ਹੈ ਕਿ ਉਹ ਸਾਰੇ ਨੰਬਰ ਹੈੱਕ ਕੀਤੇ ਗਏ ਹਨ। ਸਾਨੂੰ ਐਮਨੈਸਟੀ ਇੰਟਰਨੈਸ਼ਨਲ ਦੀ ਮਦਦ ਨਾਲ ਪਤਾ ਲਗਿਆ ਕਿ ਇਨਾਂ ਵਿੱਚੋਂ ਕੁਝ ਨੰਬਰਾਂ ਦੀ ਨਿਗਰਾਨੀ ਐੱਨਐੱਨਓ (ਪੇਗਾਸਸ ਬਣਾਉਣ ਵਾਲੀ ਇਜ਼ਰਾਇਲੀ ਕੰਪਨੀ ਕਰ ਰਹੀ ਸੀ।'

ਰਿਸਰਚਡ ਨੇ ਕਿਹਾ ਕਿ ਉਹ ਭਵਿੱਖ ਵਿੱਚ ਹੋਰ ਨਾਮਾਂ ਦੀ ਸੂਚੀ ਜਾਰੀ ਕਰਨਗੇ, ਉਨਾਂ ਦਾ ਕਹਿਣਾ ਸੀ ਕਿ ਪੰਜਾਹ ਤੋਂ ਵੱਧ ਦੇਸ਼ਾਂ ਵਿੱਚ ਚਲਾਏ ਗਏ ਇਸ ਸਰਵੀਲੈਂਸ ਅਭਿਆਨ ਦਾ ਦਾਇਰਾ ਕਾਫੀ ਵੱਡਾ ਹੈ।

ਉਨਾਂ ਨੇ ਕਿਹਾ, ਆਉਣ ਵਾਲੇ ਹਫ਼ਤਿਆਂ ਵਿਚ ਬਹੁਤ ਸਾਰੀ ਦਮਦਾਰ ਰਿਪੋਰਟਾਂ ਅਤੇ ਕਈ ਤਰਾਂ ਦੇ ਲੋਕਾਂ ਦੇ ਨਾਮ ਸਾਹਮਣੇ ਆਉਣਗੇ।

ਅੰਮ੍ਰਿਤਸਰ ਟਾਈਮਜ਼
AMRITSAR TIMES

23 ਜੁਲਾਈ 2021 ਤੋਂ 29 ਜੁਲਾਈ 2021

# ਪੈਗਾਸਸ ਪ੍ਰੋਜੈਕਟ ਅਤੇ ਮਨੁੱਖੀ ਅਜ਼ਾਦੀ ਦਾ ਧੁੰਦਲਾ ਭਵਿੱਖ

ਫਰਾਂਸ ਦੀ ਮੀਡੀਆ ਸੰਸਥਾ ਫੋਰਬਿਡਨ ਸਟੋਰੀਜ਼ ਅਤੇ ਐਮਨੈਸਟੀ ਇੰਟਰਨੈਸ਼ਨਲ ਨੂੰ 50,000 ਦੇ ਕਰੀਬ ਉਨਾਂ ਨੰਬਰਾਂ ਦੀ ਸੂਚੀ ਹਾਸਲ ਹੋਈ ਜਿਨਾਂ ਨੰਬਰਾਂ ਵਾਲਿਆਂ ਲੋਕਾਂ ਨੂੰ ਉਨਾਂ ਦੇ ਮੋਬਾਇਲਾਂ ਜਾਂ ਹੋਰ ਬਿਜਲ ਸਾਧਨਾਂ ਰਾਹੀਂ ਨਿਗਰਾਨੀ ਹੇਠ ਰੱਖੇ ਜਾ ਸਕਣ ਲਈ ਚੁਣਿਆ ਗਿਆ ਸੀ। ਇਸ ਸੂਚਨਾ ਉੱਤੇ ਕੀਤੀ ਗਈ ਵਿਸ਼ਵ ਪੱਧਰੀ ਖੋਜ ਨੂੰ 'ਦੀ ਪੈਗਾਸਸ ਪ੍ਰੌਜੈਕਟ' ਦਾ ਨਾਂ ਦਿੱਤਾ ਗਿਆ। ਇਸ ਕਾਰਜ ਵਿੱਚ ਇਨਾਂ ਦੋਵਾਂ ਸੰਸਥਾਵਾਂ ਦੇ ਨਾਲ ਦੁਨੀਆ ਦੇ ਚੋਟੀ ਦੇ 16 ਖਬਰੀ ਅਦਾਰੇ ਸ਼ਾਮਲ ਹੋਏ ਜਿਨਾਂ ਨੇ ਡੂੰਘਾਈ ਨਾਲ ਇਸ ਦੀ ਪੜਤਾਲ ਕੀਤੀ। ਇਨਾਂ ਖਬਰੀ ਅਦਾਰਿਆਂ ਨੇ 50000 ਜਣਿਆਂ ਦੀ ਸੂਚੀ ਵਿੱਚੋਂ 10 ਮੁਲਕਾਂ ਦੇ 1571 ਬੰਦਿਆਂ ਦੀ ਪਛਾਣ ਕੀਤੀ ਹੈ। ਇਨਾਂ ਵਿੱਚੋਂ ਗਿਣਤੀ ਦੇ ਫੋਨਾਂ ਦੀ ਫਾਰੈਂਸਿਕ ਜਾਂਚ ਕਰਕੇ 'ਪੈਗਾਸਸ' ਦੇ ਤੱਤ ਵੀ ਲੱਭੇ ਗਏ ਹਨ। ਪੈਗਾਸਸ ਇਜ਼ਰਾਇਲੀ ਕੰਪਨੀ ਐਨ.ਐਸ.ਓ ਦਾ ਬਣਾਇਆ ਇੱਕ ਕਿਸਮ ਦਾ ਸਾਈਬਰ ਹਥਿਆਰ ਹੈ ਜਿਸ ਰਾਹੀਂ ਕਿਸੇ ਵੀ ਬੰਦੇ ਦੇ ਮੋਬਾਇਲ ਜਾਂ ਕੰਪਿਊਟਰ ਵਿੱਚ ਘੁਸਪੈਠ ਕਰਕੇ ਨਿੱਜੀ ਜਿੰਦਗੀ ਬਾਰੇ ਅਮੁੱਲ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। ਕੰਪਨੀ ਦਾ ਕਹਿਣਾ ਹੈ ਕਿ ਇਹ ਸਾਫਟਵੇਅਰ ਸਿਰਫ ਪਹਿਲੋਂ ਹੀ ਪਰਖੀਆਂ ਚੁਣਵੀਆਂ ਸਰਕਾਰਾਂ ਨੂੰ ਵੇਚਿਆ ਜਾਂਦਾ ਹੈ।

'ਦ ਵਾਇਰ' ਨੇ ਭਾਰਤ ਵਿੱਚੋਂ ਦੱਸ ਬੰਦਿਆਂ ਦੀ ਪਛਾਣ ਕੀਤੀ ਹੈ ਜਿਨਾਂ ਦੇ ਫੋਨ 'ਚ ਪੈਗਾਸਸ ਵਾਇਰਸ ਦੇ ਕਣ ਜਾਂ ਲੱਛਣ ਹਨ। ਜਿਕਰਯੋਗ ਹੈ ਕਿ ਤਕਨੀਕੀ ਫਰਕ ਕਰਕੇ ਐਂਡਰਾਇਡ ਸਿਸਟਮ ਵਿੱਚੋਂ ਇਸ ਸਾਫਟਵੇਅਰ ਦੀ ਪਛਾਣ ਕਰਨੀ ਔਖੀ ਅਤੇ ਕਈ ਵਾਰ ਵੱਸੋਂ ਬਾਹਰੀ ਵੀ ਹੈ। ਪੰਜਾਬ ਵਿੱਚੋਂ ਨਿਗਰਾਨੀ ਲਈ ਚੁਣੇ ਗਏ ਨੰਬਰਾਂ ਵਿੱਚੋਂ ਰੋਜ਼ਾਨਾ ਪਹਿਰੇਦਾਰ ਅਖਬਾਰ ਦੇ ਸੰਪਾਦਕ ਸ. ਜਸਪਾਲ ਸਿੰਘ ਹੇਰਾਂ ਅਤੇ ਸਿੱਖ ਪੱਤਰਕਾਰ ਭੁਪਿੰਦਰ ਸਿੰਘ ਸੱਜਣ ਦਾ ਨੰਬਰ ਸ਼ਾਮਲ ਹੈ। ਸ. ਜਸਪਾਲ ਸਿੰਘ ਹੇਰਾਂ ਦੇ ਐਂਡਰਾਇਡ ਫੋਨ ਦੀ ਵੀ ਜਾਂਚ ਕੀਤੀ ਗਈ ਪਰ ਇਸ ਵਿੱਚੋਂ ਇਸ ਸਾਫਟਵੇਅਰ ਦਾ ਕੋਈ ਨਿਸ਼ਾਨ ਨਹੀਂ ਮਿਲਿਆ। 'ਗਾਰਡੀਅਨ' ਅਖਬਾਰ ਮੁਤਾਬਕ ਪੂਰੀ ਦੁਨੀਆ ਦੇ 180 ਪੱਤਰਕਾਰਾਂ ਦੇ ਨੰਬਰ ਇਸ ਸੂਚਨਾ ਭੰਡਾਰ ਵਿੱਚੋਂ ਪ੍ਰਾਪਤ ਹੋਏ ਹਨ।

'ਦ ਵਾਇਰ' ਦੀ 18 ਜੁਲਾਈ ਨੂੰ ਛਪੀ ਖਬਰ ਮੁਤਾਬਕ ਨਿਗਰਾਨੀ ਲਈ ਚੁਣੇ ਗਏ ਲੋਕਾਂ ਦੇ ਨੰਬਰਾਂ ਦੇ ਥੱਬੇ ਵਿੱਚੋਂ ਭਾਰਤ ਦੇ ਵਸਨੀਕ 40 ਤੋਂ ਵੱਧ ਪੱਤਰਕਾਰਾਂ ਅਤੇ ਵੱਖ-ਵੱਖ ਖੇਤਰਾਂ ਨਾਲ ਸਬੰਧਤ 300 ਬੰਦਿਆਂ ਦੇ ਨਾਮ ਸਾਹਮਣੇ ਆਏ ਹਨ, ਜੋ ਲੜੀਵਾਰ ਰੂਪ ਵਿੱਚ ਜਾਰੀ ਕੀਤੇ ਜਾ ਰਹੇ ਹਨ। ਇਸ ਵਿੱਚ ਰਾਹੁਲ ਗਾਂਧੀ, ਪ੍ਰਸ਼ਾਂਤ ਕਿਸ਼ੋਰ, ਚੋਣ ਕਮਿਸ਼ਨਰ ਅਸ਼ੋਕ ਲਵਾਸਾ ਦੇ ਨਾਲ-ਨਾਲ ਮੌਜੂਦਾ ਸਰਕਾਰ ਦੇ ਦੋ ਮੰਤਰੀਆਂ ਦੇ ਨਾਮ ਵੀ ਹਨ। ਸੂਚੀ 'ਚ ਨੰਬਰ ਦਾ ਹੋਣਾ, ਇਸ ਗੱਲ ਦਾ ਕੋਈ ਪੱਕਾ ਸਬੂਤ ਨਹੀਂ ਦਿੰਦਾ ਕਿ ਉਸ ਨੰਬਰ 'ਤੇ ਨਿਗਰਾਨੀ ਵਾਲਾ ਯੰਤਰ ਚਲਾਇਆ ਗਿਆ ਸੀ ਜਾਂ ਨਹੀਂ, ਇਸ ਦਾ ਪਤਾ ਤਾਂ ਇਕੱਲੇ-ਇਕੱਲੇ ਮੋਬਾਇਲ ਦੀ ਸੂਖਮ ਜਾਂਚ ਤੋਂ ਬਾਅਦ ਹੀ ਲਾਇਆ ਜਾ ਸਕਦਾ ਹੈ।

ਸਰਕਾਰ ਦੀ ਵਿਰੋਧਤਾ ਕਰਨ ਵਾਲੇ ਬੰਦਿਆਂ ਦੀ ਵੱਡੇ ਪੱਧਰ 'ਤੇ ਨਿਗਰਾਨੀ ਬਾਰੇ ਖਦਸ਼ਾ ਤਾਂ 2019 ਵਿੱਚ ਹੀ ਹੋ ਗਿਆ ਸੀ ਜਦੋਂ ਵਟਸਐਪ ਨੇ ਭਾਰਤੀ ਸੂਚਨਾ ਅਤੇ ਬਿਜਲਈ ਮੰਤਰਾਲੇ ਨੂੰ 121 ਜਣਿਆਂ ਦੇ ਫੋਨਾਂ 'ਚ ਹੋਈ ਘੁਸਪੈਠ ਬਾਰੇ ਦੱਸਿਆ ਸੀ। ਇਹ ਖੁਲਾਸਾ ਸਰਕਾਰ ਦੀ ਸੁਹਿਰਦਤਾ ਨੂੰ ਵੀ ਵੱਡੇ ਸ਼ੱਕ ਦੇ ਘੇਰੇ 'ਚ ਲਿਆਉਂਦਾ ਹੈ। ਭਾਰਤ ਵਿੱਚ ਨਿਗਰਾਨ ਢਾਂਚੇ ਦੀਆਂ ਜੜਾਂ ਕਿੰਨੀਆਂ ਕੁ ਡੂੰਘੀਆਂ ਹਨ ਇਸ ਗੱਲ ਦਾ ਅੰਦਾਜਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਨਿਗਰਾਨੀ ਲਈ ਚੁਣੇ ਗਏ ਨੰਬਰਾਂ ਵਿੱਚ ਭਾਰਤ ਦੇ ਚੀਫ ਜਸਟਿਸ ਖਿਲਾਫ ਜਿਣਸੀ ਸ਼ੋਸ਼ਣ ਦੀ ਸ਼ਿਕਾਇਤ ਕਰਨ ਵਾਲੀ ਸੁਪਰੀਮ ਕੋਰਟ 'ਚ ਨੌਕਰੀ ਕਰਦੀ ਬੀਬੀ ਅਤੇ ਰਿਸ਼ਤੇਦਾਰਾਂ ਦਾ ਨਾਮ ਵੀ ਸ਼ਾਮਲ ਹੈ। ਨਿਗਰਾਨੀ ਲਈ ਚੁਣੇ ਗਏ ਨੰਬਰਾਂ ਦੀ ਚੋਣ ਮਾਰਚ 20 17 ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਲਗਭਗ ਇਜ਼ਰਾਇਲ ਦੌਰੇ ਦੇ ਮੌਕੇ ਹੀ ਸ਼ੁਰੂ ਹੋਈ ਸੀ। ਭਾਰਤ ਸਰਕਾਰ ਵੱਲੋਂ ਹਾਲੇ ਤੱਕ ਇਸ ਬਾਰੇ ਕੋਈ ਤਸੱਲੀਬਖਸ਼ ਜਵਾਬ ਨਹੀਂ ਦਿੱਤਾ ਗਿਆ ਅਤੇ ਨਾ ਹੀ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਭਾਰਤ ਪੈਗਾਸਸ ਦਾ ਗਾਹਕ ਹੈ ਜਾਂ ਨਹੀਂ।

ਸਰਕਾਰਾਂ ਵੱਲੋਂ ਵਿਰੋਧੀ ਆਗੂਆਂ ਜਾਂ ਨੁਕਸਾਨਦੇਹ ਜਾਪਦੇ ਲੋਕਾਂ ਦੀ ਵੱਖੋ-ਵੱਖਰੇ ਤਰੀਕਿਆਂ ਨਾਲ ਸੂਹ ਰੱਖਣੀ ਜਾਂ ਨਿਗਰਾਨੀ ਕਰਨੀ ਕੋਈ ਨਵਾਂ ਵਰਤਾਰਾ ਨਹੀਂ ਹੈ ਖਾਸ ਕਰਕੇ ਭਾਰਤ ਵਿੱਚ ਤਾਂ ਇਸ ਨੂੰ ਆਮ ਰੁਝਾਨ ਮੰਨ ਲਿਆ ਗਿਆ ਹੈ। ਜਿੱਥੇ ਅਜੋਕੇ ਸੰਸਾਰ ਵਿੱਚ ਖਾਸ ਕਰਕੇ ਪੱਛਮੀ ਮੁਲਕਾਂ ਵਿੱਚ (ਪ੍ਰਾਈਵੇਸੀ) ਨਿੱਜਤਾ ਦੇ ਹੱਕ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾਂਦਾ ਹੈ, ਉੱਥੇ ਗੈਰ-ਪੱਛਮੀ ਮੁਲਕਾਂ ਵਿੱਚ ਇਸ ਦੀ ਚਰਚਾ ਲਈ ਦਿਨੋ-ਦਿਨ ਥਾਂ ਘਟਦੀ ਹੀ ਜਾ ਰਹੀ ਹੈ।

ਪੈਗਾਸਸ ਦੇ ਮਹਾਂ-ਅਭਿਆਨ ਦੇ ਜੱਗ ਜਾਹਰ ਹੋਣ ਤੋਂ ਬਾਅਦ ਦੁਨੀਆਂ ਵਿੱਚ ਆਪਣੀ ਹੋਂਦ ਲਈ ਜੂਝ ਰਹੀਆਂ ਧਿਰਾਂ ਲਈ ਵੀ ਨਵੇਂ ਸਵਾਲ ਖੜੇ ਹੋ ਗਏ ਹਨ। ਸਰਕਾਰੀ ਜਬਰ ਤੋਂ ਬਗੈਰ ਤਕਨੀਕ ਜਾਂ ਬਿਜਲ ਮਾਧਿਅਮਾਂ ਰਾਹੀਂ ਆਪਣੀ ਵਿਚਾਰਧਾਰਾ ਪ੍ਰਚਾਰਨਾ ਵੀ ਹੁਣ ਪਹਿਲਾਂ ਜਿਹਾ ਨਹੀਂ ਰਿਹਾ। ਭੀਮਾ-ਕੋਰੇਗਾਉਂ ਨਾਲ ਸਬੰਧਤ ਦਲਿਤ ਅਤੇ ਖੱਬੇਪੱਖੀ ਬੁੱਧੀਜੀਵੀਆਂ ਦੇ ਕੰਪਿਊਟਰਾਂ ਵਿੱਚ ਦੂਰੋਂ ਹੀ ਬਣਾਉਟੀ ਸਬੂਤ ਪਾਉਣ ਦੀ ਖਬਰ ਹਾਲੇ ਨਵੀਂ ਹੀ ਹੈ। ਇਸ ਮੌਕੇ ਵਿਚਾਰਾਂ ਦੇ ਜ਼ੋਰ 'ਤੇ ਸਥਾਪਤੀ ਦਾ ਵਿਰੋਧ ਕਰਨਾ ਹੋਰ ਵੀ ਮੁਸ਼ਕਲ ਹੋ ਗਿਆ ਹੈ।

ਇਸ ਖੁਲਾਸੇ ਨਾਲ ਸੰਸਾਰੀਕਰਣ ਅਤੇ ਆਰਥਿਕ ਨੇੜਤਾ ਦੇ ਵਰਤਾਰੇ ਮੂਹਰੇ ਨੇਸ਼ਨ ਸਟੇਟ ਦੀ ਤਾਕਤ ਦੇ ਖੁਰਣ ਦੇ ਪ੍ਰਵਚਨ ਨੂੰ ਵੀ ਭਾਰੀ ਸੱਟ ਵੱਜੀ ਹੈ। ਐਨ.ਐਸ.ਓ ਪ੍ਰਮਾਣੂ ਹਥਿਆਰਾਂ ਵਾਂਗ ਹੀ ਸਾਈਬਰ ਹਥਿਆਰ ਹੈ ਜੋ ਇਜ਼ਰਾਇਲ ਸਟੇਟ ਦੀ ਨਿਗਰਾਨੀ ਹੇਠ ਸਿਰਫ ਰਾਜਾਂ ਨੂੰ ਹੀ ਵੇਚਿਆ ਜਾਂਦਾ ਹੈ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਸੰਸਾਰੀਕਰਣ ਨੇ ਨੇਸ਼ਨ ਸਟੇਟ ਦੀ ਅਜਾਰੇਦਾਰੀ ਨੂੰ ਘਟਾਉਣ ਦੀ ਥਾਵੇਂ ਮਨੁੱਖੀ ਭਵਿੱਖ ਦੀ ਸਮੁੱਚੀ ਮੁਖਤਿਆਰੀ ਇਸ ਅਤਿ-ਹਿੰਸਕ ਸ਼ਹਿ ਨੂੰ ਦੇ ਦਿੱਤੀ ਹੈ। ਇਸ ਵੇਲੇ ਦੁਨੀਆਂ ਵਿਚਲੀਆਂ ਸਰਬੱਤ ਦਾ ਭਲਾ ਲੋਚਦੀਆਂ ਜੁਝਾਰੂ ਧਿਰਾਂ ਨੂੰ ਇਕੱਠੇ ਹੋ ਕੇ ਮਨੁੱਖਤਾ ਦੀ ਅਜ਼ਾਦੀ ਦੀ ਮੁਹਿੰਮ ਵਿੱਢਣੀ ਚਾਹੀਦੀ ਹੈ। ਸਿੱਖ ਵਿਚਾਰਵਾਨਾਂ ਨੂੰ ਇਸ ਵਰਤਾਰੇ ਸਬੰਧੀ ਨਵੇਂ ਸਿਰਿਉਂ ਸੰਵਾਦ ਕਰਨ ਦੀ ਪਹਿਲਕਦਮੀ ਕਰਨੀ ਚਾਹੀਦੀ ਹੈ। ਸਮਾਜ ਵਿੱਚ ਵੀ ਇਸ ਉੱਤੇ ਗੰਭੀਰ ਵਿਚਾਰ ਚੱਲਣੀ ਚਾਹੀਦੀ ਹੈ ਜਿਸ ਵਿੱਚੋਂ ਮਨੁੱਖੀ ਅਜ਼ਾਦੀ ਦੇ ਦਿਖ ਰਹੇ ਧੁੰਦਲੇ ਭਵਿੱਖ ਨੂੰ ਦੂਰ ਕਰਨ ਲਈ ਕੁਝ ਸਾਰਥਿਕ ਕਦਮ ਨਿਕਲ ਸਕਣ।

# ਪੈਗਾਸਸ ਸਪਾਈਵੇਅਰ ਸਬੰਧੀ ਮੋਦੀ ਸਰਕਾਰ ਦੀ ਭੂਮਿਕਾ ਸ਼ੱਕੀ

**ਅਭੈ ਕੁਮਾਰ ਅਭੈ**

ਜੇਕਰ ਧੂੰਆਂ ਦਿਖਾਈ ਦੇ ਰਿਹਾ ਹੈ ਤਾਂ ਅੱਗ ਵੀ ਕਿਤੇ ਜ਼ਰੂਰ ਲੱਗੀ ਹੋਵੇਗੀ। ਇਸ ਲਈ ਇਸ ਖ਼ਬਰ ਨੂੰ ਸਿਰੇ ਤੋਂ ਖ਼ਾਰਜ ਕਰਨਾ ਉਚਿਤ ਨਹੀਂ ਹੋਵੇਗਾ ਕਿ ਪੈਗਾਸਸ ਸਪਾਈਵੇਅਰ ਰਾਹੀਂ ਕਾਂਗਰਸੀ ਆਗੂ ਰਾਹੁਲ ਗਾਂਧੀ ਸਮੇਤ ਕਈ ਸਿਆਸਤਦਾਨਾਂ, ਮੰਤਰੀਆਂ, ਪੱਤਰਕਾਰਾਂ, ਕਾਰਕੁੰਨਾਂ ਅਤੇ ਇਕ ਸੁਪਰੀਮ ਕੋਰਟ ਦੇ ਜੱਜ ਦੀ ਜਾਸੂਸੀ ਕੀਤੀ ਗਈ ਸੀ (ਅਤੇ ਸ਼ਾਇਦ ਹੁਣ ਵੀ ਹੋ ਰਹੀ ਹੋਵੇ)। ਅਖ਼ਬਾਰਾਂ ਦੀਆਂ ਰਿਪੋਰਟਾਂ ਤੋਂ ਪਤਾ ਲਗਦਾ ਹੈ ਕਿ ਲਗਭਗ 1000 ਭਾਰਤੀ ਫੋਨ ਨੰਬਰਾਂ ਨੂੰ ਨਿਗਰਾਨੀ ਹੇਠ ਲਿਆਂਦਾ ਗਿਆ ਸੀ, ਜਿਨਾਂ ਵਿਚੋਂ ਕਰੀਬ 300 ਦੀ ਪੁਸ਼ਟੀ ਹੋ ਚੁੱਕੀ ਹੈ।

ਇਹ ਅਖ਼ਬਾਰੀ ਰਿਪੋਰਟ ਕਈ ਕਾਰਨਾਂ ਤੋਂ ਭਰੋਸੇਯੋਗ ਹੈ। ਇਕ, ਇਹ ਕੌਮਾਂਤਰੀ ਸਹਿਯੋਗਾਤਮਕ ਜਾਂਚ ਦਾ ਨਤੀਜਾ ਹੈ, ਜਿਸ ਵਿਚ ਅਮਨੈਸਟੀ ਇੰਟਰਨੈਸ਼ਨਲ ਅਤੇ ਫੋਰਬੀਡਨ ਸਟੋਰੀਜ਼ (ਪੈਰਿਸ ਵਿਖੇ ਗ਼ੈਰ-ਮੁਨਾਫ਼ੇ ਵਾਲਾ ਮੀਡੀਆ) ਸ਼ਾਮਿਲ ਹੈ। ਦੋ, ਇਨਾਂ ਰਿਪੋਰਟਾਂ ਦੀ ਦੁਨੀਆ ਭਰ ਦੀਆਂ 16 ਫ਼ੀਸਦੀ ਪ੍ਰਸਿੱਧ ਮੀਡੀਆ ਸੰਸਥਾਵਾਂ ਨੇ ਮੁੜ ਜਾਂਚ ਕੀਤੀ ਹੈ ਅਤੇ ਆਖ਼ਰੀ ਇਹ ਕਿ ਯੂਨੀਵਰਸਿਟੀ ਆਫ ਟੋਰਾਂਟੋ ਦੀ ਸਨਮਾਨਿਤ ਸਿਟੀਜ਼ਨ ਲੈਬ ਨੇ ਸਮਾਰਟ ਫੋਨਾਂ ਦੀ ਤਕਨੀਕੀ ਸਮੀਖਿਆ ਕਰਨ ਤੋਂ ਬਾਅਦ ਉਨਾਂ ਵਿਚ ਸਪਾਈਵੇਅਰ ਦੀ ਮੌਜੂਦਗੀ ਦੀ ਪੁਸ਼ਟੀ ਕੀਤੀ ਹੈ ਅਤੇ ਉਸ ਦੇ ਕੰਮ ਕਰਨ ਦੇ ਤਰੀਕੇ ਦੀ ਵੀ ਵਿਆਖਿਆ ਕੀਤੀ ਹੈ। ਇਕ ਮਿਸ ਕਾਲ ਦੇ ਕੇ ਸਪਾਈਵੇਅਰ ਨੂੰ ਟਾਰਗੇਟਿਡ ਸਮਾਰਟ ਫੋਨ ਵਿਚ ਸਥਾਪਤ ਕਰ ਦਿੱਤਾ ਜਾਂਦਾ ਹੈ, ਇਸ ਤੋਂ ਬਾਅਦ ਸਬੰਧਤ ਵਿਅਕਤੀ ਦਾ ਪੂਰਾ ਡਾਟਾ, ਉਸ ਦੀ ਗੱਲਬਾਤ, ਉਹ ਕਿਥੇ ਆਉਂਦਾ ਜਾਂਦਾ ਹੈ, ਆਦਿ ਦੀ ਜਾਸੂਸੀ ਕਰਨਾ ਆਸਾਨ ਹੋ ਸਕਦਾ ਹੈ, ਜਿਸ ਤੋਂ ਇਹ ਪਤਾ ਲੱਗ ਜਾਂਦਾ ਹੈ ਕਿ ਉਹ ਵਿਅਕਤੀ ਕਿਸ ਨਾਲ ਕਿੱਥੇ ਮੁਲਾਕਾਤ ਕਰ ਰਿਹਾ ਹੈ।

ਇਸ ਲਈ ਇਸ ਸੰਦਰਭ ਵਿਚ ਇਲੈਕਟ੍ਰਾਨਿਕਸ ਅਤੇ ਇਨਫਰਮੇਸ਼ਨ ਟੈਕਨਾਲੋਜੀ ਮੰਤਰੀ ਅਸ਼ਵਨੀ ਵੈਸ਼ਨਵ, ਜੋ ਖ਼ੁਦ 2017 ਵਿਚ ਨਿਗਰਾਨੀ ਹੇਠ ਸਨ, ਦਾ ਲੋਕ ਸਭਾ ਵਿਚ ਦਿੱਤਾ ਬਿਆਨ ਸ਼ੱਕ ਨੂੰ ਘੱਟ ਕਰਨ ਦੀ ਥਾਂ ਹੋਰ ਵਧਾਉਂਦਾ ਹੈ। ਉਨਾਂ ਨੇ ਆਪਣੇ ਬਿਆਨ ਵਿਚ ਮੁੱਖ ਤੌਰ 'ਤੇ ਦੋ ਗੱਲਾਂ 'ਤੇ ਜ਼ੋਰ ਦਿੱਤਾ ਇਕ, 'ਇਹ ਭਾਰਤੀ ਲੋਕਤੰਤਰ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ, ਕਿਉਂਕਿ ਇਸ ਤਰਾਂ ਦੇ ਦਾਅਵੇ ਅਤੀਤ ਵਿਚ ਝੂਠੇ ਸਾਬਤ ਹੋਏ ਹਨ।' ਦੂਸਰਾ ਇਹ ਕਿ ਉਹ ਉਸੇ 'ਸਪੱਸ਼ਟੀਕਰਨ' ਨੂੰ ਦੁਹਰਾਉਂਦੇ ਰਹੇ ਜੋ ਮੀਡੀਆ ਰਿਪੋਰਟਾਂ ਦੇ ਸਿਲਸਿਲੇ ਵਿਚ ਪੈਗਾਸਸ ਸਪਾਈਵੇਅਰ ਬਣਾਉਣ ਵਾਲੀ ਕੰਪਨੀ ਨੇ ਦਿੱਤਾ ਹੈ। ਦਰਅਸਲ ਵੈਸ਼ਨਵ ਨੇ ਸਿਰਫ ਏਨਾ ਹੀ ਦੱਸਣਾ ਸੀ ਕਿ, ਕੀ ਭਾਰਤ ਸਰਕਾਰ ਨੇ ਪੈਗਾਸਸ ਸਪਾਈਵੇਅਰ ਖ਼ਰੀਦਿਆ ਹੈ ਜਾਂ ਨਹੀਂ ਪਰ ਉਨਾਂ ਨੇ ਇਹ ਨਹੀਂ ਦੱਸਿਆ। ਨਾਲ ਹੀ 'ਲੋਕਤੰਤਰ ਨੂੰ ਬਦਨਾਮ ਕਰਨ ਦੀ ਕੋਸ਼ਿਸ਼' ਵਰਗੀਆਂ ਗੱਲਾਂ ਕਿਸੇ ਸਵਾਲ ਦਾ ਜਵਾਬ ਨਹੀਂ ਹੁੰਦੀਆਂ, ਖ਼ਾਸ ਕਰਕੇ ਜਦੋਂ ਪੈਗਾਸਸ ਸਪਾਈਵੇਅਰ ਵਲੋਂ ਜਾਸੂਸੀ ਦੇ ਦੋਸ਼ ਲਗਭਗ 50 ਦੇਸ਼ਾਂ ਦੀਆਂ ਸਰਕਾਰਾਂ 'ਤੇ ਲੱਗੇ ਹੋਣ। ਫਿਰ ਜੇ ਕੋਈ 'ਦਾਅਵਾ ਅਤੀਤ ਵਿਚ ਝੂਠਾ ਸਾਬਤ ਹੋਇਆ' ਹੋਵੇ ਤਾਂ ਇਹ ਇਸ ਗੱਲ ਦੀ ਜ਼ਮਾਨਤ ਨਹੀਂ ਹੈ ਕਿ ਮੌਜੂਦਾ ਜਾਂ ਭਵਿੱਖ ਵਿਚ ਵੀ ਅਜਿਹਾ ਦਾਅਵਾ ਹੀ ਝੂਠਾ ਸਾਬਤ ਹੋਵੇਗਾ।

ਸੰਖੇਪ ਵਿਚ ਗੱਲ ਸਿਰਫ ਏਨੀ ਹੀ ਹੈ ਕਿ ਸਰਕਾਰ 2019 ਦੀ ਤਰਾਂ ਇਸ ਵਾਰ ਵੀ ਕੋਈ ਸਿੱਧਾ ਅਤੇ ਸਪੱਸ਼ਟ ਜਵਾਬ ਨਹੀਂ ਦੇ ਰਹੀ। ਧਿਆਨ ਦੇਣ ਵਾਲੀ ਗੱਲ ਹੈ ਕਿ ਪੈਗਾਸਸ ਸਪਾਈਵੇਅਰ ਬਣਾਉਣ ਵਾਲੀ ਇਜ਼ਰਾਈਲੀ ਕੰਪਨੀ ਐਨ.ਐਸ.ਓ. ਗਰੁੱਪ ਆਪਣਾ ਇਹ ਸਾਫਟਵੇਅਰ ਸਿਰਫ ਸਰਕਾਰਾਂ ਨੂੰ ਵੇਚਦੀ ਹੈ ਅਤੇ ਇਹ ਵੀ ਸਿਰਫ ਅੱਤਵਾਦੀ ਸਰਗਰਮੀਆਂ ਨੂੰ ਰੋਕਣ ਅਤੇ ਜਾਂਚ ਲਈ ਉਨਾਂ ਦੀ ਜਾਸੂਸੀ ਕਰਨ ਲਈ। ਇਸ ਦੀ ਵਰਤੋਂ ਕਰਨ ਲਈ ਇਜ਼ਰਾਈਲ ਦੇ ਰੱਖਿਆ ਮੰਤਰੀ ਦੀ ਮਨਜ਼ੂਰੀ ਲੈਣੀ ਹੁੰਦੀ ਹੈ, ਕਿਉਂਕਿ ਪੈਗਾਸਸ ਇਕ ਸਾਈਬਰ ਹਥਿਆਰ ਹੈ, ਜਿਸ ਲਈ ਆਰਮਜ਼ ਐਕਸਪੋਰਟ ਲਾਇਸੰਸ ਦੀ ਜ਼ਰੂਰਤ ਹੁੰਦੀ ਹੈ। ਪਰ ਬਹੁਤ ਸਾਰੀਆਂ ਸਰਕਾਰਾਂ ਇਸ ਦੀ ਦੁਰਵਰਤੋਂ ਰਾਜਨੀਤਕ ਅਤੇ ਹੋਰ ਜਾਸੂਸੀ ਕਰਨ ਲਈ ਕਰਦੀਆਂ ਹਨ, ਜਿਸ ਦਾ ਸੰਭਾਵਿਤ ਰਾਸ਼ਟਰੀ ਸੁਰੱਖਿਆ ਜਾਂਚ ਨਾਲ ਕੋਈ ਸਬੰਧ ਨਹੀਂ ਹੁੰਦਾ। ਇਸ ਲਈ ਪੈਗਾਸਸ ਸਪਾਈਵੇਰ ਨੂੰ ਲੈ ਕੇ ਵਾਰ-ਵਾਰ ਗੰਭੀਰ ਸਵਾਲ ਉੱਠਦੇ ਹਨ। ਪੈਗਾਸਸ 2019 ਵਿਚ ਵੀ ਸੁਰਖੀਆਂ ਵਿਚ ਸੀ। ਪਰ ਇਸ ਵਾਰ ਇਹ ਵੱਡਾ ਮੁੱਦਾ ਬਣ ਕੇ ਉੱਭਰਿਆ ਹੈ। ਪਹਿਲਾਂ ਵਾਂਗ ਇਸ ਵਾਰ ਵੀ ਭਾਰਤ ਉਸ ਦੀ ਬਦਨਾਮ ਸੂਚੀ ਵਿਚ ਸ਼ਾਮਿਲ ਹੈ। ਭਾਰਤ ਸਰਕਾਰ ਦੀਆਂ ਏਜੰਸੀਆਂ ਨੇ ਪੈਗਾਸਸ ਨੂੰ ਖ਼ਰੀਦਿਆ (ਅਤੇ ਵਰਤੋਂ ਕੀਤੀ) ਜਾਂ ਨਹੀਂ, ਇਹ ਗੱਲ ਇਕ ਭਰੋਸੇਯੋਗ ਜਾਂਚ ਰਾਹੀਂ ਤੈਅ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਦਾਅ 'ਤੇ ਇਕ ਅਹਿਮ ਸਵਾਲ ਹੈ ਕੀ ਸਿਆਸਤਦਾਨਾਂ, ਪੱਤਰਕਾਰਾਂ, ਕਾਰਕੁੰਨਾਂ ਆਦਿ ਦੀ ਸਰਕਾਰੀ ਤੌਰ 'ਤੇ ਜਾਸੂਸੀ ਕੀਤੀ ਗਈ ?

ਸੰਤੁਸ਼ਟ ਕਰਨ ਵਾਲੇ ਜਵਾਬ ਦੀ ਗ਼ੈਰ-ਮੌਜੂਦਗੀ ਵਿਚ ਇਹ ਸਵਾਲ ਲਗਾਤਾਰ ਉੱਠਦਾ ਰਹੇਗਾ। ਧਿਆਨ ਰਹੇ ਕਿ ਅਕਤੂਬਰ 2019 ਵਿਚ ਇਹ ਗੱਲ ਰੌਸ਼ਨੀ ਵਿਚ ਆਈ ਸੀ ਕਿ ਭੀਮਾ ਕੋਰੇਗਾਉਂ ਜਾਂਚ ਨਾਲ ਜੁੜੇ ਕਈ ਕਾਰਕੁੰਨਾਂ ਨੂੰ ਪੈਗਾਸਸ ਸਪਾਈਵੇਅਰ ਰਾਹੀਂ ਟਾਰਗੈਟ ਕੀਤਾ ਗਿਆ ਸੀ ਕਿ ਉਨਾਂ ਦੇ ਵਟਸਐਪ 'ਤੇ ਮਿਸ ਕਾਲ ਕੀਤੀ ਗਈ ਅਤੇ ਉਨਾਂ ਦੇ ਸਮਾਰਟ ਫੋਨ 'ਤੇ ਸਪਾਈਵੇਅਰ ਸਥਾਪਤ ਕਰ ਦਿੱਤਾ ਗਿਆ। ਜਦੋਂ ਇਸ 'ਤੇ ਕਾਫੀ ਰੌਲਾ ਪਿਆ ਤਾਂ ਸਰਕਾਰ ਨੇ ਜਾਂਚ ਦਾ ਭਰੋਸਾ ਦਿੱਤਾ ਸੀ। ਉਸ ਜਾਂਚ ਦਾ ਕੀ ਹੋਇਆ, ਕਿਸੇ ਨੂੰ ਕੁਝ ਪਤਾ ਨਹੀਂ। ਖੈਰ, ਉਹ ਸਰਕਾਰਾਂ ਵੀ ਇਮਾਨਦਾਰ ਨਹੀਂ ਹਨ, ਜੋ ਪੈਗਾਸਸ ਦੀ ਸੂਚੀ 'ਤੇ ਨਹੀਂ ਹਨ। ਤਕਨੀਕੀ ਤੌਰ 'ਤੇ ਵਿਕਸਿਤ ਦੇਸ਼ਾਂ ਕੋਲ ਜਾਸੂਸੀ ਕਰਨ ਲਈ ਕਈ ਸਾਫਟਵੇਅਰ ਯੰਤਰ ਹਨ। ਪਿਛਲੇ ਸਾਲ ਅਮਰੀਕਾ ਦੇ ਕੋਰਟ ਆਫ ਅਪੀਲਜ਼ ਨੇ ਕਿਹਾ ਕਿ ਉਸ ਦੀ ਕੌਮੀ ਸੁਰੱਖਿਆ ਏਜੰਸੀ ਨੇ ਜੋ ਵੱਡੀ ਗਿਣਤੀ ਵਿਚ ਘਰੇਲੂ ਫੋਨਾਂ ਨੂੰ ਨਿਗਰਾਨੀ ਹੇਠ 'ਤੇ ਰੱਖਿਆ, ਉਹ ਅਮਲ ਗ਼ੈਰ-ਸੰਵਿਧਾਨਕ ਸੀ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਅਕਤੂਬਰ 2019 ਵਿਚ ਵਟਸਐਪ ਨੇ ਐਨ.ਐਸ.ਓ. ਗਰੁੱਪ, ਜਿਸ ਦਾ ਪੈਗਾਸਸ ਸਾਫਟਵੇਅਰ ਹੈ, ਦੇ ਵਿਰੁੱਧ ਅਮਰੀਕਾ ਵਿਚ ਮੁਕੱਦਮਾ ਜਿੱਤਿਆ ਸੀ, ਜਿਸ ਦਾ ਸਬੰਧ ਉਸ ਦੇ ਐਨਕ੍ਰਿਪਟਿਡ ਮੈਸੈਜਿੰਗ (ਸੁਨੇਹੇ ਦੀ ਗੁਪਤਤਾ ਕਾਇਮ ਰੱਖਣ ਵਾਲੀ) ਐਪ ਦੀ ਉਲੰਘਣਾ ਨਾਲ ਸੀ।

ਇਸ ਤੋਂ ਉਲਟ, ਮਾਈਕਰੋਸਾਫਟ ਨੇ ਐਲਾਨ ਕੀਤਾ ਹੈ ਕਿ ਉਸ ਨੇ ਆਪਣੇ ਉਤਪਾਦਾਂ ਵਿਚ ਉਸ ਮੈਲਵੇਅਰ ਵਿਰੁੱਧ ਸੁਰੱਖਿਆ ਕਵਚ ਵਿਕਸਿਤ ਕੀਤਾ ਹੈ, ਜਿਸ ਨਾਲ ਪੱਤਰਕਾਰਾਂ ਅਤੇ ਮਨੁੱਖੀ ਅਧਿਕਾਰਾਂ ਦੇ ਕਾਰਕੁੰਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਨਾਗਰਿਕਾਂ ਦੀ ਨਿੱਜਤਾ ਨੂੰ ਇਸ ਤਰਾਂ ਦੀ ਜਾਸੂਸੀ ਨਾਲ ਲੋਕਤੰਤਰ ਵਿਚ ਹੀ ਸੁਰੱਖਿਅਤ ਰੱਖਿਆ ਜਾ ਸਕਦਾ ਹੈ। ਇਸ ਲਈ ਭਾਰਤ ਸਮੇਤ ਸਾਰੇ ਲੋਕਤੰਤਰਿਕ ਦੇਸ਼ਾਂ ਨੂੰ ਇਸ ਸਿਲਸਿਲੇ ਵਿਚ ਪਹਿਲ ਕਰਨੀ ਚਾਹੀਦੀ ਹੈ। ਲੋਕਤੰਤਰਿਕ ਦੇਸ਼ਾਂ ਨੂੰ ਮਿਲ ਕੇ ਪ੍ਰਾਈਵੇਟ ਸਪਾਈਵੇਅਰ ਦੀ ਵਰਤੋਂ 'ਤੇ ਪਾਬੰਦੀ ਲਗਾਉਣੀ ਚਾਹੀਦੀ ਹੈ। ਅਜਿਹਾ ਕਰਨ ਨਾਲ ਜਾਇਜ਼ ਸੁਰੱਖਿਆ ਜ਼ਰੂਰਤਾਂ ਨਾਲ ਸਮਝੌਤਾ ਨਹੀਂ ਹੋਵੇਗਾ, ਸਿਰਫ ਸੱਤਾ ਦੀ ਸ਼ੱਕੀ ਦੁਰਵਰਤੋਂ ਤੋਂ ਸੁਰੱਖਿਅਤ ਰਹਿਣ ਦੇ ਰਸਤੇ ਨਿਕਲਣਗੇ। ਭਾਰਤ ਵਿਚ ਨਿੱਜੀ ਡਾਟਾ ਸੁਰੱਖਿਆ ਕਾਨੂੰਨ ਦੀ ਲੋੜ ਹੈ, ਤਾਂ ਕਿ ਨਾਜਾਇਜ਼ ਘੁਸਪੈਠ ਤੋਂ ਕਾਨੂੰਨੀ ਸੁਰੱਖਿਆ ਮਿਲ ਸਕੇ। ਦਸੰਬਰ 2019 ਵਿਚ ਸੰਸਦ ਵਿਚ ਡਾਟਾ ਸੁਰੱਖਿਆ ਬਿੱਲ ਪੇਸ਼ ਕੀਤਾ ਗਿਆ ਸੀ, ਜੋ ਅਜੇ ਤੱਕ ਵਿਚਾਰ ਅਧੀਨ ਹੈ। ਇਸ ਬਿੱਲ ਵਿਚਲੀਆਂ ਕਮੀਆਂ ਨੂੰ ਦੂਰ ਕਰਕੇ ਪਾਸ ਕਰਨ ਦੀ ਲੋੜ ਹੈ।

ਕਿਉਂਕਿ ਇਹ ਬਿੱਲ ਪੀੜਤ ਨੂੰ ਕੋਈ ਰਾਹਤ ਨਹੀਂ ਦਿੰਦਾ, ਜਦੋਂ ਕਿ ਅੱਜ ਕਈ ਤਰਾਂ ਦੇ ਸਪਾਈਵੇਅਰ ਇਕ ਆਮ ਆਦਮੀ ਵੀ ਆਸਾਨੀ ਨਾਲ ਹਾਸਲ ਕਰ ਸਕਦਾ ਹੈ। ਇਸ ਬਿੱਲ ਵਿਚ ਕਿਹਾ ਗਿਆ ਹੈ ਕਿ ਡਾਟਾ ਉਲੰਘਣ ਦੀ ਸਥਿਤੀ ਵਿਚ ਸਰਵਿਸ ਪ੍ਰੋਵਾਈਡਰ ਨੂੰ ਰੈਗੂਲੇਟਰ ਨੂੰ ਸੂਚਿਤ ਕਰਨਾ ਹੋਵੇਗਾ। ਹੋਣ ਵਾਲੇ ਨੁਕਸਾਨ ਦੀ ਗੰਭੀਰਤਾ ਨੂੰ ਦੇਖਦਿਆਂ ਰੈਗੂਲੇਟਰ ਤੈਅ ਕਰੇਗਾ ਕਿ ਪੀੜਤ ਨੂੰ ਜਾਣਕਾਰੀ ਦਿੱਤੀ ਜਾਏ ਜਾਂ ਨਹੀਂ। ਨਾਲ ਹੀ ਬਿੱਲ ਵਿਚ ਰਾਸ਼ਟਰੀ ਸੁਰੱਖਿਆ ਦੀ ਦੁਹਾਈ ਦਿੰਦਿਆਂ ਸਰਕਾਰੀ ਏਜੰਸੀਆਂ ਨੂੰ ਵੀ ਵੱਖ ਰੱਖਿਆ ਗਿਆ ਹੈ। ਕੁੱਲ ਮਿਲਾ ਕੇ ਇਹ ਬਿੱਲ ਬਹੁਤ ਕਮਜ਼ੋਰ ਹੈ, ਇਸ ਦੀ ਥਾਂ ਨਵਾਂ ਬਿੱਲ ਲਿਆਉਣਾ ਚਾਹੀਦਾ ਹੈ, ਖ਼ਾਸ ਕਰਕੇ ਇਸ ਲਈ ਵੀ ਕਿਉਂਕਿ ਟੈਲੀਗ੍ਰਾਫ ਕਾਨੂੰਨ ਅਤੇ ਸੂਚਨਾ ਤਕਨੀਕੀ ਕਾਨੂੰਨ ਤਹਿਤ ਨਿਗਰਾਨੀ ਦੀਆਂ ਸ਼ਕਤੀਆਂ ਨੂੰ ਕੰਟਰੋਲ ਕਰਨ ਲਈ ਕੋਈ ਪ੍ਰਬੰਧ ਨਹੀਂ ਹੈ। ਪਰ ਇਸ ਤੋਂ ਪਹਿਲਾਂ ਸਰਕਾਰ ਦੀ ਤਰਜੀਹ 'ਪੈਗਾਸਸ ਪ੍ਰਾਜੈਕਟ' ਵਿਚ ਕੀਤੇ ਗਏ ਦਾਅਵਿਆਂ ਦੀ ਤਹਿ ਤੱਕ ਪਹੁੰਚਣਾ ਹੋਣਾ ਚਾਹੀਦਾ ਹੈ। ਨਾਲ ਹੀ ਸਰਕਾਰ ਨੂੰ ਇਸ ਸਬੰਧੀ ਵੀ ਸਪੱਸ਼ਟ ਜਵਾਬ ਦੇਣਾ ਚਾਹੀਦਾ ਹੈ ਕਿ ਉਸ ਨੇ ਪੈਗਾਸਸ ਸਪਾਈਵੇਅਰ ਖ਼ਰੀਦ ਕੇ ਇਸਤੇਮਾਲ ਕੀਤਾ ਹੈ ਜਾਂ ਨਹੀਂ।

# ਪੈਗਾਸਸ ਸਪਾਈਵੇਅਰ ਮਾਮਲਾ ਭਾਰਤੀ ਜਮਹੂਰੀਅਤ ਲਈ ਖ਼ਤਰਨਾਕ

**ਰਜਿੰਦਰ ਸਿੰਘ ਪੁਰੇਵਾਲ**

ਦੀ ਵਾਸ਼ਿੰਗਟਨ ਪੋਸਟ, ਦੀ ਗਾਰਡੀਅਨ ਸਣੇ ਦੁਨੀਆ ਭਰ ਦੀਆਂ 17 ਨਿਊਜ਼ ਵੈੱਬਸਾਈਟਾਂ ਨੇ ਬੀਤੇ ਐਤਵਾਰ ਪਰਦਾਫਾਸ਼ ਕੀਤਾ ਸੀ ਕਿ ਇਜ਼ਰਾਈਲ ਦੇ ਐੱਨ ਐੱਸ ਓ ਗਰੁੱਪ ਦੇ ਪੈਗਾਸਸ ਨਾਮੀ ਜਾਸੂਸੀ ਸਾਫ਼ਟਵੇਅਰ ਰਾਹੀਂ ਵੱਖ-ਵੱਖ 36 ਦੇਸ਼ਾਂ ਦੇ 1500 ਤੋਂ ਵੱਧ ਲੋਕਾਂ ਦੀ ਜਾਸੂਸੀ ਕੀਤੀ ਗਈ ਸੀ। ਇਨਾਂ ਵਿੱਚ ਪੱਤਰਕਾਰ, ਧਾਰਮਿਕ ਹਸਤੀਆਂ, ਸਿੱਖਿਆ ਸ਼ਾਸਤਰੀ, ਵਿਰੋਧੀ ਧਿਰ ਦੇ ਆਗੂ ਤੇ ਸਰਕਾਰੀ ਅਧਿਕਾਰੀ, ਕੁਝ ਦੇਸ਼ਾਂ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਕੈਬਨਿਟ ਮੰਤਰੀ ਸ਼ਾਮਲ ਹਨ। ਪਹਿਲੀ ਖ਼ਬਰ ਅਨੁਸਾਰ ਇਨਾਂ ਵਿੱਚ ਭਾਰਤ ਦੇ 40 ਪੱਤਰਕਾਰ ਵੀ ਸ਼ਾਮਲ ਹਨ। ਹੁਣ ਇਸ ਲਿਸਟ ਵਿਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। 'ਦੀ ਵਾਇਰ' ਦੀ ਤਾਜ਼ਾ ਰਿਪੋਰਟ ਅਨੁਸਾਰ ਜਾਸੂਸੀ ਕਰਨ ਵਾਲਿਆਂ ਦੇ ਨਿਸ਼ਾਨੇ ਉੱਤੇ ਰਾਹੁਲ ਗਾਂਧੀ, ਪ੍ਰਸ਼ਾਂਤ ਕਿਸ਼ੋਰ, ਅਭਿਸ਼ੇਕ ਬੈਨਰਜੀ (ਮਮਤਾ ਬੈਨਰਜੀ ਦਾ ਭਤੀਜਾ) ਤੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਰਹੇ ਰੰਜਨ ਗੋਗੋਈ ਉੱਤੇ ਬਲਾਤਕਾਰ ਦਾ ਦੋਸ਼ ਲਾਉਣ ਵਾਲੀ ਔਰਤ, ਸਾਬਕਾ ਚੋਣ ਕਮਿਸ਼ਨਰ ਅਸ਼ੋਕ ਲਵਾਸਾ ਸਮੇਤ ਦੋ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਤੇ ਪ੍ਰਹਲਾਦ ਪਟੇਲ ਵੀ ਸਨ।ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ, ਉਨਾਂ ਦੇ ਨਿੱਜੀ ਸਕੱਤਰ ਤੇ ਪੰਜ ਦੋਸਤਾਂ ਤੱਕ ਦੇ ਫੋਨਾਂ ਨੂੰ ਵੀ ਟੇਪ ਕੀਤਾ ਗਿਆ ਹੈ।

ਚੋਣ ਕਮਿਸ਼ਨਰ ਅਸ਼ੋਕ ਲਵਾਸਾ ਦੀ ਕਾਲ ਵੀ ਟੇਪ ਹੋਈ ਹੈ। ਕਾਰਨ ਦਸਿਆ ਜਾ ਰਿਹਾ ਹੈ ਕਿ ਉਸ ਨੇ ਪ੍ਰਧਾਨ ਮੰਤਰੀ ਵੱਲੋਂ ਚੋਣ ਜ਼ਾਬਤੇ ਦੀ ਉਲੰਘਣਾ ਉੱਤੇ ਸੰਵਿਧਾਨਕ ਨਜ਼ਰੀਏ ਤੋਂ ਆਪਣੀ ਰਾਏ ਰੱਖੀ ਸੀ।

ਮੀਡੀਆ ਰਿਪੋਰਟਾਂ ਮੁਤਾਬਕ 'ਦਿ ਵਾਇਰ' ਦੇ ਸਹਿ-ਸੰਸਥਾਪਕ ਸਿਧਾਰਥ ਵਰਦਰਾਜਨ ਵੀ ਦੁਨੀਆ ਭਰ ਦੇ ਉਨਾਂ ਕਾਰਕੁਨਾਂ, ਪੱਤਰਕਾਰਾਂ, ਰਾਜਨੇਤਾਵਾਂ ਅਤੇ ਵਕੀਲਾਂ ਵਿੱਚ ਸ਼ਾਮਲ ਹਨ ਜੋ ਜਾਸੂਸੀ ਸਾਫਟਵੇਅਰ 'ਪੈਗਾਸਸ' ਦੇ ਨਿਸ਼ਾਨੇ 'ਤੇ ਸਨ। ਨਿਊਜ਼ ਵੈਬਸਾਈਟ 'ਦਿ ਵਾਇਰ' ਅਨੁਸਾਰ ਕੰਪਨੀ ਦੇ ਕਲਾਈਂਟਸ ਦੀ ਜਿਨਾਂ ਲੋਕਾਂ ਵਿੱਚ ਦਿਲਚਸਪੀ ਸੀ, ਉਨਾਂ ਨਾਲ ਜੁੜੇ 50,000 ਨੰਬਰਾਂ ਦਾ ਇੱਕ ਡੇਟਾਬੇਸ ਲੀਕ ਹੋਇਆ ਹੈ ਅਤੇ ਉਸ ਵਿੱਚ 300 ਤੋਂ ਜ਼ਿਆਦਾ ਨੰਬਰ ਭਾਰਤੀ ਲੋਕਾਂ ਦੇ ਹਨ।

ਯਾਦ ਰਹੇ ਕਿ ਸਾਲ 2019 ਵਿੱਚ ਜਦੋਂ ਵੱਟਸਐਪ ਨੇ ਇਸ ਗੱਲ ਦੀ ਪੁਸ਼ਟੀ ਕੀਤੀ, ਉਸ ਦੇ ਕੁਝ ਯੂਜ਼ਰਜ਼ ਨੂੰ ਸਪਾਈਵੇਅਰ ਜ਼ਰੀਏ ਟਾਰਗੈੱਟ ਕੀਤਾ ਗਿਆ ਤਾਂ ਭਾਰਤ ਸਮੇਤ ਦੁਨੀਆਂ ਭਰ ਦੇ ਕਈ ਦੇਸ਼ਾਂ ਵਿੱਚ ਇਸ ਨੂੰ ਲੈ ਕੇ ਹੰਗਾਮਾ ਮਚਿਆ ਸੀ।ਉਸ ਵਕਤ ਹੈਕਿੰਗ ਦੀ ਇਸ ਘਟਨਾ ਵਿੱਚ ਭਾਰਤ ਦੇ 121 ਯੂਜ਼ਰਜ਼ ਨੂੰ ਟਾਰਗੈੱਟ ਕੀਤਾ ਗਿਆ ਸੀ ਜਿਨਾਂ ਵਿੱਚ ਐਕਟੀਵਿਸਟ, ਸਕਾਲਰ ਤੇ ਪੱਤਰਕਾਰ ਸ਼ਾਮਲ ਸਨ। ਮਾਹਿਰਾਂ ਦਾ ਕਹਿਣਾ ਸੀ ਕਿ ਭਾਰਤ ਵਿੱਚ ਇਸ ਘਟਨਾ ਦੇ ਪਿੱਛੇ ਸਰਕਾਰੀ ਏਜੰਸੀਆਂ ਦੀ ਭੂਮਿਕਾ ਹੋ ਸਕਦੀ ਹੈ।ਉਦੋਂ ਵੱਟਸਐਪ ਨੇ ਐੱਨਐੱਸਓ ਗਰੁੱਪ 'ਤੇ ਮੁਕੱਦਮਾ ਦਾਇਰ ਕੀਤਾ ਸੀ ਤੇ ਆਪਣੇ ਯੂਜ਼ਰਜ਼ ਦੇ 1400 ਮੋਬਾਇਲ ਫੋਨਾਂ 'ਤੇ ਪੈਗਾਸਸ ਸਪਾਈਵੇਅਰ ਜ਼ਰੀਏ ਸਾਈਬਰ ਹਮਲਾ ਕਰਨ ਦਾ ਦੋਸ਼ ਲਾਇਆ ਸੀ।




ਹਾਲਾਂਕਿ, ਡੇਟਾਬੇਸ ਜਨਤਕ ਹੋਣ ਦੀ ਨਵੀਂ ਘਟਨਾ ਨੂੰ ਲੈ ਕੇ ਇਹ ਗੱਲ ਸਾਫ਼ ਨਹੀਂ ਹੈ ਕਿ ਲੀਕ ਕਿੱਥੋਂ ਹੋਇਆ, ਹੈਕਿੰਗ ਲਈ ਕਿਸ ਨੇ ਆਦੇਸ਼ ਦਿੱਤਾ ਸੀ ਅਤੇ ਅਸਲ ਵਿੱਚ ਕਿੰਨੇ ਮੋਬਾਈਲ ਫੋਨ ਹੈਕਿੰਗ ਦਾ ਸ਼ਿਕਾਰ ਹੋ ਗਏ।ਸਾਲ 2019 ਦੀ ਤਰਾਂ ਇਸ ਵਾਰ ਵੀ ਐੱਨਐੱਸਓ ਗਰੁੱਪ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਉਸ ਨੇ ਕੋਈ ਗ਼ਲਤ ਕੰਮ ਕੀਤਾ ਹੈ।

ਕੰਪਨੀ ਦੇ ਇੱਕ ਬੁਲਾਰੇ ਨੇ ਕਿਹਾ, 'ਪੈਗਾਸਸ ਦੀ ਦੁਰਵਰਤੋਂ ਦੇ ਸਾਰੇ ਭਰੋਸੇਮੰਦ ਦਾਅਵਿਆਂ ਦੀ ਅਸੀਂ ਜਾਂਚ ਜਾਰੀ ਰੱਖਾਂਗੇ ਅਤੇ ਇਸ ਪੜਤਾਲ ਦੇ ਜੋ ਵੀ ਨਤੀਜੇ ਆਉਣਗੇ, ਉਸ ਦੇ ਆਧਾਰ 'ਤੇ ਅਸੀਂ ਜ਼ਰੂਰੀ ਕਦਮ ਚੁੱਕਾਂਗੇ।'

ਠੀਕ ਇਸੇ ਤਰਾਂ ਭਾਰਤ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਵੀ ਕਿਸੇ ਕਿਸਮ ਦੀ ਅਣਅਧਿਕਾਰਤ ਨਿਗਰਾਨੀ ਦੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

ਭਾਰਤ ਵਿੱਚ ਕੇਂਦਰ ਅਤੇ ਰਾਜ ਸਰਕਾਰ ਦੇ ਗ੍ਰਹਿ ਮੰਤਰਾਲੇ ਦੇ ਸਭ ਤੋਂ ਸੀਨੀਅਰ ਅਧਿਕਾਰੀ ਦੇ ਆਦੇਸ਼ ਨਾਲ ਹੀ 'ਦੇਸ਼ ਦੀ ਪ੍ਰਭੂਸੱਤਾ ਅਤੇ ਏਕਤਾ ਦੇ ਹਿੱਤ ਵਿੱਚ' ਫੋਨ ਟੈਪਿੰਗ ਕੀਤੀ ਜਾ ਸਕਦੀ ਹੈ।ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਰਿਪੋਰਟ ਨੂੰ 'ਵਿਘਨ ਪਾਉਣ ਵਾਲਿਆਂ ਵੱਲੋਂ ਅੜਚਣਾਂ ਖੜੀਆਂ ਕਰਨ ਵਾਲਿਆਂ ਲਈ ਤਿਆਰ ਕੀਤੀ ਗਈ ਰਿਪੋਰਟ' ਕਿਹਾ ਹੈ। ਸਰਕਾਰੀ ਧਿਰ ਵੱਲੋਂ ਇਹ ਵੀ ਕਿਹਾ ਗਿਆ ਕਿ ਇਹ ਰਿਪੋਰਟ ਜਾਣ-ਬੁੱਝ ਕੇ ਸੰਸਦ ਦੇ ਮਾਨਸੂਨ ਇਜਲਾਸ ਤੋਂ ਪਹਿਲਾਂ ਜਾਰੀ ਕੀਤੀ ਗਈ, ਗ੍ਰਹਿ ਮੰਤਰੀ ਨੇ ਕਿਹਾ, 'ਆਪ ਕਰੋਨੋਲੋਜੀ (ਘਟਨਾਕ੍ਰਮ) ਸਮਝੀਏ।

ਸਾਲ 2019 ਵਾਲੇ ਜਾਸੂਸੀ ਦੇ ਮਾਮਲੇ ਨੂੰ ਲੈ ਕੇ ਜਦੋਂ ਸੰਸਦ ਵਿੱਚ ਬਹਿਸ ਹੋਈ ਤਾਂ ਵਿਰੋਧੀ ਸੰਸਦ ਮੈਂਬਰ ਕੇ ਕੇ ਰਾਗੇਸ਼ ਨੇ ਸਰਕਾਰ ਤੋਂ ਪੈਗਾਸਸ ਦੇ ਬਾਰੇ ਕਈ ਸਪੱਸ਼ਟ ਸਵਾਲ ਪੁੱਛੇ ਸਨ।

'ਪੈਗਾਸਸ ਭਾਰਤ ਕਿਵੇਂ ਆਇਆ? ਸਰਕਾਰ ਦੇ ਖ਼ਿਲਾਫ਼ ਲੜ ਰਹੇ ਲੋਕਾਂ ਨੂੰ ਟਾਰਗੈੱਟ ਕਿਉਂ ਕੀਤਾ ਜਾ ਰਿਹਾ ਹੈ? ਕੋਈ ਇਸ ਗੱਲ 'ਤੇ ਕਿਵੇਂ ਯਕੀਨ ਕਰੇਗਾ ਕਿ ਦੇਸ਼ ਦੇ ਰਾਜਨੀਤਕ ਨੇਤਾਵਾਂ ਦੀ ਜਾਸੂਸੀ ਲਈ ਸਾਫਟਵੇਅਰ ਦੀ ਵਰਤੋਂ ਦੇ ਪਿੱਛੇ ਸਰਕਾਰ ਦੀ ਕੋਈ ਭੂਮਿਕਾ ਨਹੀਂ ਹੈ?'

ਭਾਰਤ ਵਿੱਚ ਲਗਭਗ ਦਸ ਏਜੰਸੀਆਂ ਅਜਿਹੀਆਂ ਹਨ ਜਿਨਾਂ ਨੂੰ ਕਾਨੂੰਨੀ ਤੌਰ 'ਤੇ ਲੋਕਾਂ ਦੇ ਫੋਨ ਟੈਪ ਕਰਨ ਦਾ ਅਧਿਕਾਰ ਹੈ। ਇਨਾਂ ਵਿੱਚ ਭਾਰਤ ਦੀ ਸਭ ਤੋਂ ਤਾਕਤਵਰ 134 ਸਾਲ ਪੁਰਾਣੀ ਸਰਕਾਰੀ ਏਜੰਸੀ ਇੰਟੈਲੀਜੈਂਸ ਬਿਓਰੋ ਹੈ। ਕੱਟੜਪੰਥੀ ਹਮਲਿਆਂ ਦੇ ਡਰ ਨੂੰ ਦੇਖਦੇ ਹੋਏ ਕੀਤੀ ਜਾਣ ਵਾਲੀ ਨਿਗਰਾਨੀ ਦੇ ਇਲਾਵਾ ਆਈਬੀ ਵੱਡੇ ਅਹੁਦੇ 'ਤੇ ਨਿਯੁਕਤ ਹੋਣ ਵਾਲੇ ਜੱਜ ਵਰਗੇ ਅਧਿਕਾਰੀਆਂ ਦੇ ਪਿਛੋਕੜ ਦੀ ਜਾਂਚ ਕਰਦਾ ਹੈ।

ਸਾਲ 1990 ਵਿੱਚ ਚੰਦਰਸ਼ੇਖਰ ਨੇ ਇਲਜ਼ਾਮ ਲਗਾਇਆ ਕਿ ਉਸ ਸਮੇਂ ਦੀ ਸਰਕਾਰ ਨੇ 27 ਸਿਆਸਤਦਾਨਾਂ ਦੇ ਫੋਨ ਟੈਪ ਕਰਾਏ ਸਨ ਜਿਨਾਂ ਵਿੱਚ ਉਨਾਂ ਦਾ ਨੰਬਰ ਵੀ ਸ਼ਾਮਲ ਸੀ। ਸਾਲ 2010 ਵਿੱਚ ਕਾਰਪੋਰੇਟ ਲੋਬੀਸਟ ਨੀਰਾ ਰਾਡੀਆ ਦੀ ਵੱਡੇ ਸਿਆਸਤਦਾਨਾਂ, **ਬਾਕੀ ਸਫ਼ਾ 30 'ਤੇ**

# ਕੀ ਉੱਤਰ ਪ੍ਰਦੇਸ਼ ਵਿਚ ਵਿਰੋਧੀ ਪਾਰਟੀਆਂ ਭਾਜਪਾ ਨੂੰ ਚੁਣੌਤੀ ਦੇ ਸਕਦੀਆਂ ਹਨ ?

## ✪ ਅੰਦਰੂਨੀ ਕਲੇਸ਼ ਦੇ ਬਾਵਜੂਦ ਭਾਜਪਾ 250 ਤੋਂ 300 ਤੱਕ ਸੀਟਾਂ ਜਿੱਤ ਸਕਣ ਵਾਲੀ ਪਾਰਟੀ ✪ ਕਾਂਗਰਸ ਤੇ ਸਮਾਜਵਾਦੀ ਕੋਲ ਕੋਈ ਉਚਿਤ ਰਣਨੀਤੀ ਨਹੀਂ ✪ ਬਸਪਾ ਦੀ ਸੀਟ ਜਿੱਤਣ ਦੀ ਦਰ ਘੱਟੋ-ਘੱਟ 3 ਗੁਣਾ ਘਟੀ

**ਅਭੈ ਦੂਬੇ**

ਹਾਲ ਹੀ ਵਿਚ ਚੋਣ ਮਾਹਿਰ ਵਿਦਵਾਨ ਸੰਜੇ ਕੁਮਾਰ ਨੇ ਹਿਸਾਬ-ਕਿਤਾਬ ਲਗਾ ਕੇ ਦੱਸਿਆ ਹੈ ਕਿ ਉੱਤਰ ਪ੍ਰਦੇਸ਼ ਵਿਚ ਭਾਜਪਾ ਨੂੰ ਉਦੋਂ ਤੱਕ ਨਹੀਂ ਹਰਾਇਆ ਜਾ ਸਕਦਾ, ਜਦੋਂ ਤੱਕ ਉਸ ਦੇ ਵੋਟ 10 ਤੋਂ 12 ਫ਼ੀਸਦੀ ਘੱਟ ਨਾ ਹੋ ਜਾਣ। ਸੰਜੇ ਕੁਮਾਰ ਨੇ ਇਹ ਵਿਸ਼ਲੇਸ਼ਣ ਵੀ ਪੇਸ਼ ਕੀਤਾ ਹੈ ਕਿ ਭਾਜਪਾ ਨੂੰ ਵਿਧਾਨ ਸਭਾ ਚੋਣਾਂ ਵਿਚ ਲੋਕ ਸਭਾ ਦੇ ਮੁਕਾਬਲੇ ਵੋਟ ਘੱਟ ਜ਼ਰੂਰ ਮਿਲਦੇ ਹਨ ਪਰ ਕਿਸੇ ਵੀ ਸੂਬੇ ਵਿਚ ਉਸ ਦੇ ਵੋਟ ਫ਼ੀਸਦੀ ਵਿਚ ਇਹ ਗਿਰਾਵਟ ਏਨੀ ਜ਼ਿਆਦਾ ਨਹੀਂ ਹੁੰਦੀ, ਜਿੰਨੀ ਉੱਤਰ ਪ੍ਰਦੇਸ਼ ਵਿਚ ਵਿਰੋਧੀ ਧਿਰ ਨੂੰ ਜਿਤਾਉਣ ਲਈ ਜ਼ਰੂਰੀ ਹੈ। ਅਜਿਹੀ ਸਥਿਤੀ ਵਿਚ ਸਵਾਲ ਉੱਠਦਾ ਹੈ ਕਿ ਉੱਤਰ ਪ੍ਰਦੇਸ਼ ਵਿਚ ਗ਼ੈਰ-ਭਾਜਪਾ ਪਾਰਟੀਆਂ ਕੋਲ ਅਜਿਹੀ ਕਿਹੜੀ ਰਣਨੀਤੀ ਹੈ, ਜਿਸ ਵਿਚ ਭਾਜਪਾ ਦੇ ਗਰਾਫ਼ ਨੂੰ ਏਨਾ ਹੇਠਾਂ ਗਿਰਾਉਣ ਦੀ ਸੰਭਾਵਨਾ ਹੋਵੇ। ਮੇਰਾ ਵਿਚਾਰ ਹੈ ਕਿ ਹੁਣ ਤੱਕ ਕਿਸੇ ਵੀ ਪਾਰਟੀ ਕੋਲ ਅਜਿਹੀ ਕੋਈ ਰਣਨੀਤੀ ਦਿਖਾਈ ਨਹੀਂ ਦੇ ਰਹੀ ਜਿਸ ਨਾਲ ਕਿ ਉੱਤਰ ਪ੍ਰਦੇਸ਼ ਵਿਚ ਸੱਤਾ-ਤਬਦੀਲੀ ਦੀ ਉਮੀਦ ਪੈਦਾ ਹੋ ਸਕੇ। ਆਪਣੇ ਅੰਦਰੂਨੀ ਕਲੇਸ਼ ਦੇ ਬਾਵਜੂਦ ਭਾਜਪਾ 250 ਤੋਂ 300 ਤੱਕ ਸੀਟਾਂ ਜਿੱਤ ਸਕਣ ਵਾਲੀ ਪਾਰਟੀ ਬਣੀ ਹੋਈ ਹੈ।

2007 ਵਿਚ ਪੂਰਾ ਬਹੁਮਤ ਹਾਸਲ ਕਰਕੇ ਸਰਕਾਰ ਬਣਾਉਣ ਵਾਲੀ ਮਾਇਆਵਤੀ ਅਤੇ ਉਨਾਂ ਦੀ ਬਹੁਜਨ ਸਮਾਜ ਪਾਰਟੀ ਦੀ ਉਦਾਹਰਨ 'ਤੇ ਗ਼ੌਰ ਕਰਨ ਨਾਲ ਇਹ ਗੱਲ ਹੋਰ ਸਪੱਸ਼ਟ ਹੋ ਜਾਂਦੀ ਹੈ। ਮਾਇਆਵਤੀ ਨੂੰ 2012 ਵਿਚ ਕਰੀਬ 23 ਫ਼ੀਸਦੀ ਵੋਟਾਂ ਅਤੇ 90 ਤੋਂ ਜ਼ਿਆਦਾ ਸੀਟਾਂ ਮਿਲੀਆਂ ਸਨ। 2017 ਵਿਚ ਉਨਾਂ ਨੂੰ 22 ਫ਼ੀਸਦੀ ਵੋਟਾਂ ਮਿਲੀਆਂ ਅਤੇ ਸੀਟਾਂ ਘਟ ਕੇ 20 ਦੇ ਅੰਕੜੇ ਤੱਕ ਆ ਗਈਆਂ। ਅਜਿਹਾ ਕਿਉਂ ਹੋਇਆ? ਇਸ ਲਈ ਹੋਇਆ ਕਿ ਭਾਰਤੀ ਜਨਤਾ ਪਾਰਟੀ ਨੇ ਆਪਣੀਆਂ ਵੋਟਾਂ ਵਧਾ ਕੇ 40 ਫ਼ੀਸਦੀ ਦੇ ਨੇੜੇ-ਤੇੜੇ ਪਹੁੰਚਾ ਦਿੱਤੀਆਂ। ਨਤੀਜੇ ਵਜੋਂ ਬਸਪਾ ਦੇ ਸੀਟ ਜਿੱਤਣ ਦੀ ਦਰ ਘੱਟੋ-ਘੱਟ 3 ਗੁਣਾ ਘਟ ਗਈ। ਇਕ ਤਰਾਂ ਨਾਲ ਭਾਜਪਾ ਨੇ ਏਨੀ ਵੱਡੀ ਚੋਣਾਵੀ ਗੋਲਬੰਦੀ ਕਰਕੇ ਸੂਬੇ ਦੇ ਚੋਣਾਵੀ ਗਣਿਤ ਨੂੰ ਪੂਰੀ ਤਰਾਂ ਬਦਲ ਦਿੱਤਾ। ਹੁਣ 20 ਫ਼ੀਸਦੀ ਤੋਂ 30 ਫ਼ੀਸਦੀ ਵੋਟ ਪ੍ਰਾਪਤ ਕਰਨ ਵਾਲੀ ਪਾਰਟੀ ਨੂੰ ਸਰਕਾਰ ਬਣਾਉਣ ਦੀ ਕਲਪਨਾ ਨਹੀਂ ਕਰਨੀ ਚਾਹੀਦੀ। 2007 ਵਿਚ ਬਹੁਜਨ ਸਮਾਜ ਪਾਰਟੀ ਨੂੰ ਅਤੇ 2012 ਵਿਚ ਸਮਾਜਵਾਦੀ ਪਾਰਟੀ ਨੂੰ 30 ਫ਼ੀਸਦੀ ਦੇ ਨੇੜੇ ਵੋਟਾਂ ਮਿਲੀਆਂ ਸਨ ਅਤੇ ਉਨਾਂ ਨੇ ਪੂਰਨ ਬਹੁਮਤ ਦੀਆਂ ਸਰਕਾਰਾਂ ਬਣਾਈਆਂ ਸਨ। ਨਵੇਂ ਹਾਲਾਤ ਵਿਚ ਅਜਿਹਾ ਨਹੀਂ ਹੋ ਸਕਦਾ। ਉੱਤਰ ਪ੍ਰਦੇਸ਼ ਵਿਚ ਭਾਜਪਾ ਦੇ ਮੁਕਾਬਲੇ ਸਰਕਾਰ ਬਣਾਉਣ ਲਈ ਇਨਾਂ ਪਾਰਟੀਆਂ ਨੂੰ ਘੱਟੋ-ਘੱਟ 35 ਫ਼ੀਸਦੀ ਵੋਟਾਂ ਦਾ ਟੀਚਾ ਨਿਰਧਾਰਤ ਕਰਨਾ ਚਾਹੀਦਾ ਹੈ। ਏਨੇ ਵੋਟ ਇਨਾਂ ਨੂੰ ਇਤਿਹਾਸ ਵਿਚ ਕਦੇ ਪ੍ਰਾਪਤ ਨਹੀਂ ਹੋਏ ਅਤੇ ਭਾਜਪਾ ਜੇਕਰ ਕਮਜ਼ੋਰ ਵੀ ਹੁੰਦੀ ਹੈ ਤਾਂ ਵੀ ਉਹ 35 ਫ਼ੀਸਦੀ ਤੋਂ ਵਧੇਰੇ ਵੋਟਾਂ ਹਾਸਲ ਕਰ ਸਕਦੀ ਹੈ।

ਇਕ ਰਾਜਨੀਤਕ ਸਮੀਖਿਅਕ ਨੇ ਮੈਨੂੰ ਕਿਹਾ ਹੈ ਕਿ ਗ਼ੈਰ-ਭਾਜਪਾ ਪਾਰਟੀਆਂ ਕੁੱਲ ਮਿਲਾ ਕੇ ਆਪਣੀ ਬਾਜ਼ੀ ਉਨਾਂ ਵੋਟਾਂ ਵਿਚ ਖੇਡ ਰਹੀਆਂ ਹਨ, ਜੋ ਭਾਜਪਾ ਦੇ ਖ਼ਿਲਾਫ਼ ਭੁਗਤਦੀਆਂ ਰਹੀਆਂ ਹਨ। ਭਾਵ ਉਹ ਮੁਸਲਮਾਨ, ਯਾਦਵ ਅਤੇ ਜਾਟਵ ਵੋਟਾਂ ਵਿਚਾਲੇ ਵਿਚਰਦੇ ਦਿਖਾਈ ਦੇ ਰਹੇ ਹਨ। ਮੈਂ ਸਮਝਦਾ ਹਾਂ ਕਿ ਇਹ ਸਮੀਖਿਆ ਉੱਚਿਤ ਨਹੀਂ ਹੈ। ਅਖਿਲੇਸ਼ ਯਾਦਵ ਪੱਛਮੀ ਉੱਤਰ ਪ੍ਰਦੇਸ਼ ਵਿਚ ਜਾਟ ਸਮਰਥਨ ਵਾਲੇ ਰਾਸ਼ਟਰੀ ਲੋਕਦਲ ਅਤੇ ਭਾਜਪਾ ਤੋਂ ਨਾਰਾਜ਼ ਛੋਟੀਆਂ-ਛੋਟੀਆਂ ਪਛੜੀ ਜਾਤੀਆਂ ਦੀਆਂ ਪਾਰਟੀਆਂ ਦਾ ਗੱਠਜੋੜ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸਿਧਾਂਤਕ ਤੌਰ 'ਤੇ ਦੇਖੀਏ ਤਾਂ ਇਹ ਇਕ ਚੰਗੀ ਕੋਸ਼ਿਸ਼ ਹੈ। ਜੇਕਰ ਸਮਾਜਵਾਦੀ ਪਾਰਟੀ ਅਜਿਹਾ ਕਰ ਸਕੇ ਤਾਂ ਭਾਵੇਂ ਉਹ ਅਗਲੀਆਂ ਚੋਣਾਂ ਨਾ ਜਿੱਤੇ ਪਰ ਉਹ ਸਮਾਜਿਕ ਨਿਆਂ ਦੀ ਰਾਜਨੀਤੀ ਵਿਚ ਨਵੀਂ ਜਾਨ ਫੂਕ ਸਕੇਗੀ। ਯਾਦਵ ਵੋਟਾਂ ਦੇ ਨਾਲ ਜਾਟ ਵੋਟਰ, ਨਿਸ਼ਾਦ ਵੋਟਰ ਅਤੇ ਹੋਰ ਗ਼ੈਰ-ਯਾਦਵ ਪਛੜੇ ਭਾਈਚਾਰੇ ਜੁੜਨਗੇ ਤਾਂ ਉਹੀ ਨਜ਼ਾਰਾ ਬਣੇਗਾ ਜੋ ਕਦੇ ਮੁਲਾਇਮ ਸਿੰਘ ਯਾਦਵ ਦੀ ਅਗਵਾਈ ਵਿਚ ਬਣਿਆ ਕਰਦਾ ਸੀ। ਉਸ ਜ਼ਮਾਨੇ ਵਿਚ ਮੁਲਾਇਮ ਸਿੰਘ ਯਾਦਵ ਅਸਲ ਵਿਚ ਪਛੜੀਆਂ ਜਾਤਾਂ ਦੇ ਨੇਤਾ ਦੇ ਰੂਪ ਵਿਚ ਉੱਭਰਦੇ ਸਨ। ਇਸੇ ਤਰਾਂ ਮਾਇਆਵਤੀ ਕੋਸ਼ਿਸ਼ ਕਰ ਰਹੀ ਹੈ ਕਿ ਕਿਸੇ ਤਰਾਂ ਬ੍ਰਾਹਮਣਾਂ ਦੀ ਨਾਰਾਜ਼ਗੀ ਦਾ ਲਾਭ ਚੁੱਕ ਕੇ ਹਿੰਦੂ ਏਕਤਾ ਨਾਲ ਬ੍ਰਾਹਮਣ ਵੋਟਾਂ ਨੂੰ ਆਪਣੇ ਵੱਲ ਖਿੱਚ ਲਵੇ। ਇਸ ਲਈ ਉਨਾਂ ਨੇ ਟੀ.ਵੀ. 'ਤੇ ਆ ਕੇ ਇਕ ਅਪੀਲ ਵੀ ਜਾਰੀ ਕੀਤੀ ਹੈ। ਉਨਾਂ ਨੇ ਬ੍ਰਾਹਮਣਾਂ ਨੂੰ 2007 ਦੀ ਯਾਦ ਦਿਵਾਈ, ਜਦੋਂ ਉਨਾਂ ਦੇ ਸਮਰਥਨ ਨਾਲ ਬਸਪਾ ਦੀ ਸਰਕਾਰ ਬਣੀ ਸੀ। ਬਸਪਾ ਪ੍ਰਤੀ ਹਮਦਰਦੀ ਰੱਖਣ ਵਾਲੇ ਸੋਚ ਸਕਦੇ ਹਨ ਕਿ ਇਹ ਰਣਨੀਤੀ ਜੇਕਰ ਉਸ ਸਮੇਂ ਸਫਲ ਹੋ ਸਕਦੀ ਸੀ ਤਾਂ ਇਸ ਸਮੇਂ ਕਿਉਂ ਨਹੀਂ?



ਇਥੇ ਪੁੱਛਣਯੋਗ ਸਵਾਲ ਇਹ ਹੈ ਕਿ, ਕੀ ਅਖਿਲੇਸ਼ ਅਤੇ ਮਾਇਆਵਤੀ ਦੀਆਂ ਇਹ ਕੋਸ਼ਿਸ਼ਾਂ ਭਾਜਪਾ ਦੀ ਗੱਡੀ ਨੂੰ ਪੈਂਚਰ ਕਰ ਸਕਣਗੀਆਂ? ਅੱਜ ਦੀ ਤਰੀਕ ਵਿਚ ਅਜਿਹਾ ਸੰਭਵ ਹੁੰਦਾ ਦਿਖਾਈ ਨਹੀਂ ਦੇ ਰਿਹਾ। ਕਾਰਨ ਇਹ ਹੈ ਕਿ ਅਖਿਲੇਸ਼ ਜੇਕਰ ਪਛੜੀਆਂ ਜਾਤੀਆਂ ਨੂੰ ਗੋਲਬੰਦੀ ਕਰਦੇ ਦਿਖਣਗੇ ਤਾਂ ਉਸ ਦੇ ਖ਼ਿਲਾਫ਼ ਉੱਚੀਆਂ ਜਾਤੀਆਂ ਦਾ ਇਕ ਜ਼ਬਰਦਸਤ ਪ੍ਰਤੀਕਰਮ ਹੋਣ ਦਾ ਖਦਸ਼ਾ ਰਹੇਗਾ। ਉੱਤਰ ਪ੍ਰਦੇਸ਼ ਵਿਚ ਭਾਜਪਾ ਲੰਮੇ ਅਰਸੇ ਤੋਂ ਉੱਚੀਆਂ ਜਾਤੀਆਂ ਦੀ ਸੁਭਾਵਿਕ ਪਾਰਟੀ ਦੇ ਤੌਰ 'ਤੇ ਰਾਜਨੀਤੀ ਕਰ ਰਹੀ ਹੈ। ਨਾ ਸਿਰਫ ਬ੍ਰਾਹਮਣ, ਠਾਕੁਰ ਅਤੇ ਵੈਸ਼ ਉਸ ਨੂੰ ਵੋਟ ਦਿੰਦੇ ਹਨ, ਸਗੋਂ ਕਾਇਸਥ, ਭੂਮੀਹਰ ਅਤੇ ਅਜਿਹੀਆਂ ਸਾਰੀਆਂ ਜਾਤੀਆਂ ਉਸ ਨੂੰ ਵੋਟ ਦਿੰਦੀਆਂ ਹਨ, ਜਿਨਾਂ ਦਾ ਆਪਣਾ ਅਕਸ 'ਉੱਚੀਆਂ ਜਾਤੀਆਂ' ਦਾ ਹੈ। ਅਖਿਲੇਸ਼ ਦੀ ਗੋਲਬੰਦੀ ਵਿਚ ਜੇਕਰ ਕਿਸੇ ਤਰਾਂ ਨਾਲ ਬ੍ਰਾਹਮਣ ਵੀ ਸ਼ਾਮਿਲ ਹੋ ਸਕਣ ਤਾਂ ਉਹ ਆਪਣੇ ਖਿਲਾਫ਼ ਉੱਚੀਆਂ ਜਾਤੀਆਂ ਦਾ ਪ੍ਰਤੀਕਰਮ ਰੋਕ ਸਕਣਗੇ। ਇਸੇ ਤਰਾਂ ਮਾਇਆਵਤੀ ਨੇ ਬ੍ਰਾਹਮਣਾਂ ਨੂੰ ਆਪਣੇ ਵੱਲ ਖਿੱਚਣ ਦੀ ਕਾਰਵਾਈ ਵਿਚ ਬਹੁਤ ਦੇਰ ਕਰ ਦਿੱਤੀ ਹੈ। ਵਿਕਾਸ ਦੂਬੇ ਦੇ ਐਨਕਾਊਂਟਰ ਦੇ ਸਮੇਂ ਤੋਂ ਉਹ ਇਹ ਗੱਲ ਕਹਿ ਰਹੀ ਹੈ ਕਿ ਬ੍ਰਾਹਮਣ ਭਾਜਪਾ ਦੀ ਯੋਗੀ ਸਰਕਾਰ ਤੋਂ ਦੁਖੀ ਹਨ। ਉਨਾਂ ਦੀ ਗੱਲ ਇਕ ਹੱਦ ਤੱਕ ਸਹੀ ਵੀ ਹੈ ਪਰ ਉਨਾਂ ਨੂੰ ਦੱਸਣਾ ਚਾਹੀਦਾ ਹੈ ਕਿ ਬ੍ਰਾਹਮਣ ਦੋਸਤੀ ਸੰਮੇਲਨ ਦੀ ਰਣਨੀਤੀ ਅਖ਼ਤਿਆਰ ਕਰਨ ਵਿਚ ਉਨਾਂ ਨੂੰ ਏਨੀ ਦੇਰ ਕਿਉਂ ਲੱਗੀ? ਚੋਣਾਂ ਤੋਂ ਠੀਕ ਪਹਿਲਾਂ ਤਾਂ ਪਾਰਟੀਆਂ ਨਾਲ ਗੱਠਜੋੜ ਹੁੰਦਾ ਹੈ, ਜੇਕਰ ਕਿਸੇ ਭਾਈਚਾਰੇ ਜਾਂ ਜਾਤ ਨਾਲ ਦੋਸਤੀ ਕਰਨੀ ਹੋਵੇ ਤਾਂ ਉਸ ਲਈ ਕਾਫੀ ਪਹਿਲਾਂ ਤੋਂ ਕੋਸ਼ਿਸ਼ਾਂ ਕਰਨੀਆਂ ਹੁੰਦੀਆਂ ਹਨ। ਕੀ ਮਾਇਆਵਤੀ ਭੁੱਲ ਗਈ ਹੈ ਕਿ 2007 ਵਿਚ ਬ੍ਰਾਹਮਣਾਂ ਨੇ ਉਨਾਂ ਨੂੰ ਵੋਟ ਉਦੋਂ ਦਿੱਤੇ ਸਨ, ਜਦੋਂ ਉਨਾਂ ਨੇ 3 ਸਾਲ ਪਹਿਲਾਂ ਤੋਂ ਇਸੇ ਤਰਾਂ ਦੇ ਪ੍ਰੋਗਰਾਮਾਂ ਰਾਹੀਂ ਉਕਤ ਵਿਸ਼ੇਸ਼ ਸਮਾਜ ਨੂੰ ਭਰੋਸੇ 'ਚ ਲੈ ਲਿਆ ਸੀ। ਮੌਜੂਦਾ ਸਥਿਤੀ ਵਿਚ ਬ੍ਰਾਹਮਣਾਂ ਨੂੰ ਜੇਕਰ ਕੋਈ ਹੋਰ ਬਿਹਤਰ ਟਿਕਾਣਾ ਨਾ ਮਿਲਿਆ ਤਾਂ ਉਹ ਰੋ-ਪਿੱਟ ਕੇ ਫਿਰ ਤੋਂ ਆਪਣੀ ਰਵਾਇਤੀ ਪਾਰਟੀ ਭਾਜਪਾ ਨੂੰ ਹੀ ਵੋਟ ਦੇ ਦੇਣਗੇ।

ਇਹ ਵੀ ਇਕ ਪੁੱਛਣ ਵਾਲਾ ਸਵਾਲ ਹੈ ਕਿ ਕਾਂਗਰਸ ਉੱਤਰ ਪ੍ਰਦੇਸ਼ ਦੇ ਮੈਦਾਨ ਵਿਚ ਕੀ ਕਰ ਰਹੀ ਹੈ? ਇਸ ਦਾ ਉੱਤਰ ਇਹ ਹੈ ਕਿ ਕਾਂਗਰਸ ਕੋਲ ਕੋਈ ਉਚਿਤ ਰਣਨੀਤੀ ਨਹੀਂ ਹੈ। ਉਂਜ ਕਾਂਗਰਸ ਚਾਹੇ ਤਾਂ ਉੱਤਰ ਪ੍ਰਦੇਸ਼ ਦੀ ਚੋਣਾਵੀ ਰਾਜਨੀਤੀ ਵਿਚ ਭਾਜਪਾ ਨੂੰ ਪ੍ਰੇਸ਼ਾਨ ਜ਼ਰੂਰ ਕਰ ਸਕਦੀ ਹੈ। **ਬਾਕੀ ਸਫ਼ਾ 30 'ਤੇ**

# ਪੰਜਾਬ ਚੋਣਾਂ : ਬਾਹਰਮੁੱਖੀ ਵਿਸ਼ਲੇਸ਼ਣ

**ਅਮਰਜੀਤ ਅਰਪਨ**

ਪੰਜਾਬ ਇਸ ਵੇਲੇ ਡਾਢੇ ਔਖੇ ਦੌਰ ਵਿੱਚੋਂ ਲੰਘ ਰਿਹਾ ਹੈ।ਜਿੱਥੇ ਇਸ ਸੂਬੇ ਨੂੰ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਇਸ ਸੂਬੇ ਦੀ ਰਾਜਨੀਤੀ ਵੀ ਔਝੜੇ ਪਈ ਹੋਈ ਹੈ। ਸੱਚ ਜਿਵੇਂ ਮੂੰਹ ਛੁਪਾਈ ਖਲੋਤਾ ਹੋਵੇ, ਕੂੜ ਦੇ ਬੱਦਲ ਚੌਫੇਰੇ ਮੰਡਰਾ ਰਹੇ ਹੋਣ, ਪੰਜਾਬ ਦਾ ਦ੍ਰਿਸ਼ ਕੁੱਝ ਏਦਾਂ ਦਾ ਲੱਗ ਰਿਹਾ ਹੈ। ਸੱਤਾ ਯੁੱਧ ਪਿੱਛੇ ਹੁਆਂਕੀ ਰਾਜਨੀਤੀ ਕੀ ਕੀ ਪਾਪੜ ਵੇਲ ਰਹੀ ਹੈ, ਉਹ ਅਸੀਂ ਇਸ ਵੇਲੇ ਨੰਗੀਆਂ ਅੱਖਾਂ ਨਾਲ ਵੇਖ ਰਹੇ ਹਾਂ। ਇਕ ਦੂਜੇ ਨੂੰ ਕਿਵੇਂ ਠਿੱਬੀਆਂ ਲਾਈਆਂ ਜਾ ਰਹੀਆਂ ਨੇ, ਜਿਵੇਂ ਲੱਗ ਰਿਹਾ ਹੋਵੇ ਕਿ ਲੋਕ ਸੇਵਾ ਨਹੀਂ ਬਲਕਿ ਲੋਕਾਂ ਦਾ ਮੇਵਾ ਲੁੱਟਣ ਜਾ ਰਹੇ ਹੋਣ। ਇਨਾਂ ਧਿਰਾਂ ਨੂੰ ਐਵੇਂ ਲੱਗ ਰਿਹੈ ਜਿਵੇਂ ਸੱਤਾ ਨਾ ਮਿਲੀ ਤਾਂ ਜ਼ਿੰਦਗੀ ਖਤਮ ਹੋ ਜਾਵੇਗੀ। ਲੋਕਾਂ ਵਾਸਤੇ ਲੜਨਾ, ਲੋਕਾਂ ਵਾਸਤੇ ਮਰਨਾ ਤੇ ਲੋਕ ਸੇਵਾ ਦਾ ਸੰਕਲਪ ਜਿਵੇਂ ਉਡ-ਪੁਡ ਗਿਆ ਹੋਵੇ। ਇਹ ਸੱਤਾਵਾਨ ਇਵੇਂ ਲੱਗਦੇ ਜਿਵੇਂ ਪ੍ਰੋਫੈਸ਼ਨਲ ਟੋਲੇ ਹੋਣ ਜੋ ਲੋਕ ਨੀਤੀ ਭੁੱਲ ਕੇ ਬਦਨੀਤੀ ਤੇ ਉਤਰ ਪਏ ਹੋਣ। ਸੱਤਾ ਜਿਵੇਂ ਇਨਾਂ ਦੇ ਸਿਰ 'ਤੇ ਸੁਆਰ ਹੋਵੇ। ਅਫ਼ਸਰਸ਼ਾਹੀ ਲੋਕ ਸੇਵਾ ਵਾਲਾ ਕਿਰਦਾਰ ਭੁੱਲ ਚੁੱਕੀ ਹੈ। ਰਾਜਨੀਤੀ, ਅਫਸਰਸ਼ਾਹੀ, ਭੂ-ਮਾਫੀਆ,ਸ਼ਰਾਬ ਮਾਫੀਆ, ਰੇਤਾ-ਬਜਰੀ ਮਾਫੀਆ ਆਪਸ ਵਿੱਚ ਮਿਲਕੇ ਜਿਵੇਂ ਪੂਰੇ ਸਿਸਟਮ 'ਤੇ ਕਾਬਜ਼ ਹੋ ਗਏ ਹੋਣ। ਲੋਕਾਂ ਵਿਚ ਤ੍ਰਾਹ ਤ੍ਰਾਹ ਮੱਚੀ ਹੋਈ ਹੈ। ਲੋਕਾਂ ਦੀ ਪੁਕਾਰ ਕੋਈ ਸੁਣ ਨਹੀਂ ਰਿਹਾ। ਨੌਜਵਾਨ ਨੌਕਰੀ ਲੈਣ ਖਾਤਰ ਟੈਂਕੀਆਂ 'ਤੇ ਚੜ ਕੇ ਮਰਨ ਵਰਤ ਲਈ ਬੈਠੇ ਨੇ। ਇਹ ਦੁਖੀ ਹੋਏ ਨਸ਼ੇ ਦੀ ਖੱਡ ਵਿਚ ਡਿੱਗ ਰਹੇ ਨੇ, ਤੰਗ ਹੋਏ ਬਾਹਰ ਨੂੰ ਦੌੜੇ ਜਾ ਰਹੇ ਨੇ, ਕੀ ਸਾਡੀ ਰਾਜਨੀਤੀ ਇਹ ਸਭ ਕੁੱਝ ਸੋਚ ਰਹੀ ਹੈ ? ਕੀ ਪੰਜਾਬ ਦੀ ਰਾਜਨੀਤੀ ਏਸ ਦੁੱਖ ਨੂੰ ਅਜੰਡੇ ਤੇ ਲਿਆਵੇਗੀ ? ਜਿਵੇਂ ਇਹ ਚਾਲੇ ਚੱਲ ਰਹੀ ਹੈ ਇਸ ਤੋਂ ਉਮੀਦ ਕਰਨੀ ਤਾਂ 'ਗਧੇ ਦੇ ਸਿਰ ਤੋਂ ਸਿੰਗ ਲੱਭਣ' ਵਾਲੀ ਗੱਲ ਹੈ।

ਅਕਾਲੀ ਦਲ ਬਾਦਲ ਆਪਣੀ ਔਧ ਮੁਕਾ ਚੁੱਕਾ ਹੈ। ਇਹਦੀ ਹਾਲਤ ਤਾਂ ਇਸ ਵੇਲੇ 'ਤਾਲੋਂ ਗੁੱਥੀ ਡੂਮਣੀ ਮਾਰੇ ਤਾਲ ਬੇਤਾਲ' ਵਾਲੀ ਬਣੀ ਹੋਈ ਹੈ। ਕਾਂਗਰਸ ਆਪਸ ਵਿੱਚ 'ਛਿੱਤਰੀਂ ਦਾਲ ਵੰਡ' ਰਹੀ ਹੈ। ਇਸ ਪਾਰਟੀ ਦੀ ਸਾਰੀ ਦੀ ਸਾਰੀ ਰਾਜਨੀਤੀ ਇਸ ਵੇਲੇ ਜਿਵੇਂ ਕੈਪਟਨ ਤੇ ਸਿੱਧੂ ਦੀਆਂ ਦੋ ਟੀਮਾਂ ਦਾ ਅਖਾੜਾ ਬਣ ਚੁੱਕੀ ਹੋਵੇ। ਅਕਾਲੀ ਦਲ ਬਾਦਲ ਵਿਚੋਂ ਨਿਕਲਿਆ ਢੀਂਡਸਾ ਬ੍ਰਹਮਪੁਰਾ ਧੜਾ ਵੀ ਜਿਵੇਂ ਸਾਹੋ ਸਾਹੀ ਹੋਇਆ ਦੂਰ ਖਲੋਤਾ ਨਜ਼ਰ ਆ ਰਿਹਾ ਹੋਵੇ। ਆਮ ਆਦਮੀ ਪਾਰਟੀ ਕੋਈ ਚਮਤਕਾਰ ਨਹੀਂ ਵਿਖਾ ਸਕੇਗੀ, ਇਉਂ ਭਾਸ ਰਿਹੈ। ਕੇਜਰੀਵਾਲ ਦਾ ਬਿਜਲੀ ਦੇ ਤਿੰਨ ਸੌ ਯੂਨਿਟਾਂ ਦਾ ਸ਼ੁੰਗੂਫਾ ਹਵਾ ਵਿਚ ਲਟਕਿਆ ਲੱਗ ਰਿਹੈ। ਇਉਂ ਲੱਗ ਰਿਹੈ ਜਿਵੇਂ ਪੰਜਾਬ ਦੀ ਫਿਜ਼ਾ ਅੰਦਰ ਧੁੜ ਉੱਡ ਰਹੀ ਹੋਵੇ ਅਤੇ ਦ੍ਰਿਸ਼ ਏਦਾਂ ਵਿਖਾਈ ਦੇ ਰਿਹੈ ਜਿਵੇਂ ਇਸ ਧੂੜ ਅੰਦਰ ਹਰੇਕ ਆਪਣਾ ਆਪਣਾ ਟੱਟੂ ਭਜਾ ਰਿਹਾ ਹੋਵੇ।

ਇਸ ਦੋਖੀ ਫਿਜ਼ਾ ਅੰਦਰ ਕੋਈ ਉਮੀਦ ਦੀ ਕਿਰਨ ਅਗਰ ਵਿਖਾਈ ਦੇ ਰਹੀ ਹੈ ਤਾਂ ਉਹ ਹੈ ਕਿਸਾਨ ਲਹਿਰ ਵਿਚੋਂ ਕੋਈ ਨਵੀਂ ਲੀਡਰਸ਼ਿਪ ਦਾ ਉਭਾਰ ਤੇ ਲੋਕਾਂ ਦਾ ਰੁੱਖ। ਇਸ ਵੇਲੇ ਸੰਯੁਕਤ ਮੋਰਚੇ ਦੀ ਲੀਡਰਸ਼ਿਪ ਸਿਧਿਆਂ ਰਾਜਨੀਤੀ ਵਿੱਚ ਨਹੀਂ ਆਉਣਾ ਚਾਹੁੰਦੀ, ਹਾਲਾਂਕਿ ਬੱਤੀ ਜਥੇਬੰਦੀਆਂ ਵਿਚੋਂ ਕਾਫ਼ੀ ਕਿਸਾਨੀ ਧੜੇ ਕਿਸੇ ਨਾ ਕਿਸੇ



ਰਾਜਨੀਤਕ ਪਾਰਟੀ ਨਾਲ ਜੁੜੇ ਹੋਏ ਹਨ। ਪਰ ਇਸ ਵੇਲੇ ਰਾਜਨੀਤੀ ਵਿੱਚ ਸਿੱਧਾ ਕੁੱਦਣਾ ਉਨਾਂ ਦੀ ਕੂਟਨੀਤਕ ਮਜਬੂਰੀ ਹੈ। ਪਰ ਅਖੀਰੀ ਤੌਰ 'ਤੇ ਰਾਜਨੀਤਕ ਵਰਤਾਰੇ ਨੂੰ ਥਾਂ ਸਿਰ ਲਿਆਉਣਾ ਵੀ ਤਾਂ ਰਾਜਨੀਤੀ ਦੀ ਹੀ ਮੁਥਾਜੀ ਹੈ। ਰਾਜਨੀਤੀ ਬਿਨਾਂ ਸਰਨਾਂ ਵੀ ਨਹੀਂ। ਅਗਰ ਚੰਗੀ ਲੀਡਰਸ਼ਿਪ ਲੋਕਾਂ ਵਿਚੋਂ ਨਹੀਂ ਆਉਂਦੀ ਤਾਂ 'ਸ਼ਿਕਾਰ ਮਾਰੂ ਰਾਜਨੀਤੀ' ਨੇ ਸੱਤਾ ਤੇ ਸੁਆਰ ਹੋਈ ਰਹਿਣੈ। ਇਸ ਵੇਲੇ ਪੰਜਾਬ ਦੀ ਲੋਕ ਸੱਥ ਵਿਚ ਇਹ ਵਿਚਾਰ ਮੱਘ ਰਿਹੈ ਕਿ ਕੀ ਪੰਜਾਬ ਦੇ ਲੋਕ ਉਭਾਰ ਵਿਚੋਂ ਕਿਸੇ ਚੰਗੀ ਰਾਜਨੀਤੀ ਦੀ ਸੰਭਾਵਨਾ ਹੈ ? ਇਸ ਪ੍ਰਸ਼ਨ ਦਾ ਉੱਤਰ ਸਾਨੂੰ ਪੰਜਾਬ ਦੇ ਇਸ ਵੇਲੇ ਦੇ ਜੀਣ ਥੀਣ ਦੇ ਵਿਸ਼ਲੇਸ਼ਣ ਵਿਚੋਂ ਮਿਲੇਗਾ ਜੋ ਇਸ ਵੇਲੇ ਡੂੰਘੇ ਨਿਘਾਰ ਵੱਲ ਹੈ। ਪੰਜਾਬ ਦਾ ਇੰਨਫਰਾ ਸਟਰੱਕਚਰ ਪੂਰੇ ਦਾ ਪੂਰਾ ਨਿੱਘਰ ਚੁੱਕਾ ਹੈ। ਸਿਹਤ, ਸਿਖਿਆ, ਰੁਜ਼ਗਾਰ, ਖੇਤੀ, ਵਾਤਾਵਰਨ ਦੀ ਸਮੱਸਿਆ ਦਾ ਅਜੋਕੀ ਰਾਜਨੀਤੀ ਕੋਲ ਕੋਈ ਹੱਲ ਨਹੀਂ ਤੇ ਲੋਕਾਂ ਦੀ ਵੀ ਇਨਾਂ ਤੋਂ ਨਾਉਮੀਦੀ ਬਣੀ ਹੋਈ ਹੈ।

ਪਿਛਲੇ ਲੰਮੇ ਸਮੇਂ ਤੋਂ ਸੰਕਟਗ੍ਰਸਤ ਪੰਜਾਬ ਕਿਸੇ ਨਵੇਂ ਬਦਲ ਦੀ ਤਲਾਸ਼ ਵਿਚ ਹੈ ਜੋ ਇਸ ਵੇਲੇ ਕਿਸਾਨੀ ਲਹਿਰ ਦੇ ਚਲਦਿਆਂ ਮਹਿਸੂਸ ਕੀਤਾ ਜਾ ਰਿਹਾ ਹੈ। ਪੰਜਾਬ ਚੋਣਾਂ ਲਈ ਸਮਾਂ ਨਜ਼ਦੀਕ ਆ ਰਿਹਾ ਹੈ, ਪਰ ਕਿਸੇ ਨਵੇਂ ਉਠ ਰਹੇ ਰਾਜਨੀਤਕ ਮੰਚ ਦੀ ਉਸਾਰੀ ਵੱਲ ਭਰਵੇਂ ਕਦਮ ਅਜੇ ਪੁੱਟੇ ਨਹੀਂ ਜਾ ਰਹੇ। ਹੋਣਾ ਤਾਂ ਇਹ ਚਾਹੀਦੈ ਕਿ ਸਮਰਪਿਤ, ਇਮਾਨਦਾਰ ਤੇ ਦੂਰਦ੍ਰਿਸ਼ਟੀ ਵਾਲੀਆਂ ਸ਼ਖ਼ਸੀਅਤਾਂ ਦਾ ਫੌਰੀ ਕੋਈ ਮੰਚ ਕਿਸੇ ਨਰੋਏ ਅਜੰਡੇ ਥੱਲੇ ਬਣੇ। ਇਹ ਅਜੰਡਾ ਖੇਤੀ ਤੋਂ ਇਲਾਵਾ ਸਮੁੱਚੇ ਪੰਜਾਬ ਦੇ ਵੱਖ ਵੱਖ ਅੰਗਾਂ ਦੇ ਵਿਕਾਸ ਮਾਡਲ ਤੇ ਉਸਰਿਆ ਹੋਵੇ ਜਿਸ ਵਿਚੋਂ ਭਵਿੱਖ ਦੇ ਪੰਜਾਬ ਦੇ ਦਰਸ਼ਨ ਸਾਫ ਵਿਖਾਈ ਦੇਣ। ਏਦਾਂ ਦੀ ਸਾਫ ਸੁਥਰੀ ਤੇ ਵਿਕਾਸ ਦੇ ਅਜੰਡੇ 'ਤੇ ਕੋਈ ਲੀਡਰਸ਼ਿਪ ਉਭਰਦੀ ਹੈ ਤਾਂ ਪੂਰੀ ਸੰਭਾਵਨਾ ਹੈ ਕਿ ਪੰਜਾਬ ਦੇ ਲੋਕਾਂ ਦਾ ਇਨਾਂ ਨੂੰ ਭਰਵਾਂ ਸਾਥ ਮਿਲੇਗਾ। ਲੋਕ ਅੱਕੇ ਹੋਏ ਨੇ, ਲੋਕ ਦੁਖੀ ਨੇ, ਉਨਾਂ ਨੂੰ ਕੋਈ ਰਸਤਾ ਵਿਖਾਈ ਨਹੀਂ ਦੇ ਰਿਹਾ। ਉਨਾਂ ਦੀ ਛਟਪਟਾਹਟ ਦੱਸ ਰਹੀ ਹੈ ਕਿ ਉਹ ਪ੍ਰੰਪਰਕ ਲੀਡਰਸ਼ਿਪ ਤੋਂ ਖਹਿੜਾ ਛਡਾਉਣਾ ਚਾਹੁੰਦੇ ਨੇ। ਕਿਸਾਨੀ ਅੰਦੋਲਨ ਵਿਚ ਉਠਿਆ ਲੋਕ ਉਭਾਰ ਉਨਾਂ ਦੇ ਦੁੱਖ ਵਿਚੋਂ ਨਿਕਲਿਐ।ਇਸ ਤਰਾਂ ਦੇ ਉਭਾਰ ਇਤਿਹਾਸ ਵਿੱਚ ਕਦੇ ਕਦੇ ਆਉਂਦੇ ਹਨ। ਪੰਜਾਬ ਦੇ ਚਿੰਤਕਾਂ, ਵਿਦਿਆਰਥੀਆਂ, ਨੌਜਵਾਨਾਂ ਤੇ ਹੋਰ ਜਾਗਰੂਕ ਕਾਰਕੁਨਾਂ ਵੱਲੋਂ ਜਲਦੀ ਇਸ ਬਾਰੇ ਸਿਰ ਜੋੜ ਕੇ ਸੋਚਣ ਦਾ ਤੇ ਸਿਆਸਤ ਨੂੰ ਨਵਾਂ ਬਦਲ ਦੇਣ ਦਾ ਵੇਲਾ ਹੈ। ਅਗਰ ਕਿਸੇ ਬਦਲ ਦੀ ਉਸਾਰੀ ਲਈ ਲੋਕ ਉਭਾਰ ਜੁੜਦਾ ਹੈ ਤਾਂ ਮਜਬੂਰਨ ਸੰਯੁਕਤ ਮੋਰਚੇ ਨੂੰ ਵੀ ਇਨਾਂ ਦੇ ਹੱਕ ਵਿੱਚ ਸਿਧਿਆਂ ਜਾਂ ਅਸਿਧਿਆਂ ਇਸ਼ਾਰਾ ਕਰਨਾ ਪਵੇਗਾ। ਸਮੇਂ ਨੂੰ ਹੱਥੋਂ ਨਹੀਂ ਜਾਣ ਦੇਣਾ ਚਾਹੀਦਾ ਅਤੇ ਸਮਾਂ ਹੋਕਾ ਦੇ ਰਿਹੈ ਕਿ ਆਉ ਪੰਜਾਬੀਓ ! ਮੈਦਾਨੇ ਜੰਗ ਤੁਹਾਡੇ ਕਦਮਾਂ ਦੀ ਆਹਟ ਦੀ ਬਿੜਕ ਲੈ ਰਿਹੈ। ਗਰਦ ਭਰਿਆ ਭਵਿੱਖ ਤਾਂ ਸਾਹਮਣੇ ਖਲੋਤੈ। ਸਾਡੀਆਂ ਨਵੀਆਂ ਨਸਲਾਂ ਕਿੰਨੀਆਂ ਖੁਆਰੀਆਂ ਝੱਲਣਗੀਆਂ ? ਇਹਦਾ ਉੱਤਰ ਤਾਂ ਫਿਰ ਕਾਲੇ ਸਮਿਆਂ ਦੀ ਲਹੂ ਭਿੱਜੀ ਇਬਾਰਤ ਹੀ ਦੱਸ ਪਾਏਗੀ

# ਚੋਣਾਂ ਕਰਕੇ ਹਰ ਸਿਆਸੀ ਅੱਖ ਕਿਸਾਨ ਅੰਦੋਲਨ ਵੱਲ

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਭਾਰਤ ਵਿੱਚ ਪੰਜਾਬ ਸਮੇਤ ਪੰਜ ਸੂਬਿਆਂ ਵਿੱਚ ਅਗਲੇ ਸਾਲ ਦੇ ਸ਼ੁਰੂ ਵਿੱਚ ਚੋਣਾਂ ਹੋਣ ਜਾ ਰਹੀਆਂ ਹਨ। ਰਵਾਇਤੀ ਪਾਰਟੀਆਂ ਨੇ ਹੁਣ ਤੋਂ ਹੀ ਆਪਣੇ ਕਮਰਕੱਸੇ ਕਰਨੇ ਸ਼ੁਰੂ ਕਰ ਦਿੱਤੇ ਹਨ। ਕਈ ਪਾਰਟੀਆਂ ਨੇ ਅਗੇਤ ਤਿਆਰੀਆਂ ਖਿੱਚਣ ਲਈ ਆਪਣੀਆਂ ਸਹਿਯੋਗੀ ਪਾਰਟੀਆਂ ਲੱਭ ਕੇ ਸਮਝੌਤਾ ਕਰ ਲਿਆ ਹੈ। ਉਨਾਂ ਆਪਸ ਵਿੱਚ ਸੀਟਾਂ ਦੀ ਵੰਡ ਵੀ ਕਰ ਲਈ ਹੈ ਅਤੇ ਉਮੀਦਵਾਰਾਂ ਨੇ ਆਪਣੇ ਸੰਪਰਕ ਵੀ ਸ਼ੁਰੂ ਕਰ ਦਿੱਤੇ ਹਨ। ਹਲਕੇ ਵਿੱਚ ਆਪਣੇ ਦਫਤਰ ਖੋਲਣੇ ਸ਼ੁਰੂ ਕਰ ਦਿੱਤੇ ਹਨ।

ਠੀਕ ਇਸੇ ਤਰਾਂ ਕਿਸੇ ਪਾਰਟੀ ਨੇ ਕਿਸੇ ਹੋਰ ਪਾਰਟੀ ਨਾਲ ਸਮਝੌਤਾ ਨਾ ਕਰਨ ਕਰਕੇ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ। ਕਿਸੇ ਪਾਰਟੀ ਨੇ ਐਤਕੀਂ ਆਪਣੀ ਵਾਰੀ ਪੱਕੀ ਸਮਝਦੇ ਹੋਏ ਆਪਣੇ ਪਾਰਟੀ ਦੇ ਉਮੀਦਵਾਰਾਂ ਦੇ ਵੱਡੇ-ਵੱਡੇ ਬੋਰਡ ਲਾਉਣੇ ਸ਼ੁਰੂ ਕਰ ਦਿੱਤੇ ਹਨ। ਆਪਣੇ ਪ੍ਰਚਾਰ ਵਿੱਚ ਜਨਤਾ-ਲੁਭਾਉਣੇ ਨਾਅਰੇ ਅਤੇ ਵਾਅਦੇ ਵੀ ਕਰਨੇ ਸ਼ੁਰੂ ਕਰ ਦਿੱਤੇ ਹਨ। 'ਆਪ' ਵਾਲਿਆਂ ਦਿੱਲੀ ਮਾਡਲ ਦਿਖਾ ਕੇ ਵੋਟਾਂ ਲੈਣ ਲਈ ਝੋਲੀਆਂ ਅੱਡਣੀਆਂ ਸ਼ੁਰੂ ਕਰ ਦਿੱਤੀਆਂ ਹਨ। ਉਨਾਂ ਮੁਤਾਬਕ ਦਿੱਲੀ ਵਾਂਗ ਪੰਜਾਬ ਵਿੱਚ ਵੀ ਆਉਣ ਵਾਲੇ ਸਮੇਂ ਵਿੱਚ ਸਭ ਕੁਝ ਠੀਕ-ਠਾਕ ਕਰ ਦਿੱਤਾ ਜਾਵੇਗਾ। ਉਨਾਂ ਮੁਤਾਬਕ ਪਾਣੀ, ਬਿਜਲੀ, ਸਰਕਾਰੀ ਸਕੂਲ, ਸਰਕਾਰੀ ਹਸਪਤਾਲ ਅਤੇ ਡਿਸਪੈਂਸਰੀਆਂ, ਸਭ ਦਾ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਇਲਾਜ, ਦੋ ਸੌ ਦੀ ਬਜਾਏ ਤਿੰਨ ਸੌ ਯੂਨਿਟ ਬਿਜਲੀ ਨਿਰਵਿਘਨ ਮੁਫ਼ਤ ਦਿੱਤੀ ਜਾਵੇਗੀ। ਦਿੱਲੀ ਵਾਂਗ ਦੇਸ਼ ਤੋਂ ਕੁਰਬਾਨ ਹੋਣ ਵਾਲੇ ਫ਼ੌਜੀ ਸਿਪਾਹੀ ਆਦਿ ਨੂੰ ਇੱਕ ਕਰੋੜ ਮੁਆਵਜ਼ਾ ਬਿਨਾਂ ਕਿਸੇ ਭੇਦਭਾਵ ਦੇ ਦਿੱਤਾ ਜਾਵੇਗਾ। ਉਂਝ ਜਨਤਾ ਲਈ ਅਜ਼ਮਾ ਕੇ ਦੇਖਣ ਵਾਲੀਆਂ ਰਹਿੰਦੀਆਂ ਪਾਰਟੀਆਂ ਵਿੱਚੋਂ ਇਹ ਸਭ ਤੋਂ ਅੱਗੇ ਆਉਂਦੀ ਲਗਦੀ ਹੈ।

ਸੂਬੇ ਵਿੱਚ ਰਾਜ ਕਰਦੀ ਪਾਰਟੀ ਵਿੱਚ ਚੋਣਾਂ ਤੋਂ ਪਹਿਲਾਂ ਜਿੰਨਾ ਘਮਸਾਨ ਅੱਜ ਪਿਆ ਮਿਲਦਾ ਹੈ, ਉਹ ਪਹਿਲਾਂ ਘੱਟ ਹੀ ਦੇਖਣ ਨੂੰ ਮਿਲਦਾ ਸੀ। ਸੂਬੇ ਵਿੱਚ ਮੁੱਖ ਧੜੇ ਦੋ ਮਿਲਦੇ ਹਨ। ਇੱਕ ਦੀ ਅਗਵਾਈ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਕਰ ਰਿਹਾ ਹੈ ਅਤੇ ਦੂਜੇ ਧੜੇ ਦੀ ਅਗਵਾਈ ਨਵਜੋਤ ਸਿੰਘ ਸਿੱਧੂ ਬਿਨਾਂ ਕਿਸੇ ਸਰਕਾਰੀ ਪਾਵਰ ਦੇ ਕਰ ਰਿਹਾ ਹੈ। ਪੰਜਾਬ ਕਾਂਗਰਸ ਹੀ ਦੋ ਗੁੱਟਾਂ ਵਿੱਚ ਵੰਡੀ ਹੋਈ ਨਹੀਂ ਦਿਸਦੀ, ਬਲਕਿ ਕਾਂਗਰਸ ਹਾਈਕਮਾਂਡ ਵੀ ਦੋ ਗੁੱਟਾਂ ਵਿੱਚ ਦਿਸਦੀ ਹੈ। ਜੇਕਰ ਕੈਪਟਨ ਅਮਰਿੰਦਰ ਸਿੰਘ ਉੱਤੇ ਸੋਨੀਆ ਗਾਂਧੀ ਦਾ ਹੱਥ ਲਗਦਾ ਹੈ ਤਾਂ ਪ੍ਰਿਯੰਕਾ ਗਾਂਧੀ ਦਾ ਚਹੇਤਾ ਨਵਜੋਤ ਸਿੱਧੂ ਬਣਿਆ ਬੈਠਾ ਹੈ। ਰਾਹੁਲ ਘੱਟੋ-ਘੱਟ ਕਾਂਗਰਸ ਦੇ ਭਵਿੱਖ ਬਾਰੇ ਚਿੰਤਤ ਲੱਗਦਾ ਹੈ।

ਸਿਆਸੀ ਪੰਡਿਤਾਂ ਦੀ ਭਵਿੱਖਬਾਣੀ ਮੁਤਾਬਕ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਨੇ ਸਮੇਤ ਆਪਣੀ ਕੈਬਨਿਟ ਦੇ, ਕੋਈ ਅਜਿਹਾ ਮਾਅਰਕੇ ਵਾਲਾ ਕੰਮ ਨਹੀਂ ਕੀਤਾ, ਜਿਸ ਕਰਕੇ ਜਨਤਾ ਦੁਬਾਰਾ ਉਸ ਨੂੰ ਮੌਕਾ ਦੇਵੇ। ਕਾਂਗਰਸ ਦੀ ਹਾਈ ਕਮਾਂਡ ਵੀ ਮੰਨਦੀ ਹੈ ਕਿ ਪੰਜਾਬ ਵਿੱਚ ਮੁੱਖ ਮੰਤਰੀ ਨੇ ਆਪੇ ਕੀਤੇ ਵਾਅਦੇ ਵੀ ਪੂਰੇ ਨਹੀਂ ਕਿਤੇ, ਜਿਸ ਤੋਂ ਨਾ ਕਾਂਗਰਸੀ ਸੰਤੁਸ਼ਟ ਹਨ, ਨਾ ਜਨਤਾ ਜਨਾਰਦਨ ਰਾਜ਼ੀ ਹੈ। ਇਸੇ ਕਰਕੇ ਹਾਈਕਮਾਂਡ ਨੇ 18 ਨੁਕਾਤੀ ਪ੍ਰੋਗਰਾਮ ਵੋਟਾਂ ਤੋਂ ਪਹਿਲਾਂ ਪੂਰਾ ਕਰਨ ਨੂੰ ਆਖਿਆ ਹੈ।

ਅੱਜ-ਕੱਲ ਪੰਜਾਬ ਸਰਕਾਰ ਬਿਜਲੀ ਸੰਕਟ ਕਾਰਨ ਘਿਰੀ ਪਈ ਹੈ। ਇਸਦਾ ਫੌਰਨ ਹੱਲ ਕਿਸੇ ਪਾਸ ਵੀ ਨਹੀਂ ਲਗਦਾ। ਇਸ ਸਬੰਧੀ ਸਿੱਧੂ ਦੇ ਟਵੀਟ ਅਤੇ ਟਿੱਪਣੀਆਂ ਲੋਕਾਂ ਨੂੰ ਕੁਝ ਰਾਹਤ ਦਿੰਦੇ ਵਿਖਾਈ ਦੇ ਰਹੇ ਹਨ। ਜਿਵੇਂ ਸਿੱਧੂ ਨੇ ਪਿਛਲੇ ਸਮੇਂ ਵਿੱਚ ਸਭ ਤਰਾਂ ਦੇ ਮਾਫ਼ੀਏ ਨਾਲ ਨਜਿੱਠਣ ਦੀ ਗੱਲ ਕਰਕੇ ਸਰਕਾਰ ਨੂੰ ਹਲੂਣਿਆ ਹੈ, ਇਸ ਨਾਲ ਆਮ ਲੋਕਾਂ ਵਿੱਚ ਇੱਕ 'ਸਿੱਧੂ ਸੁਨੇਹਾ' ਗਿਆ ਹੈ ਕਿ ਸਾਰੇ ਤਰਾਂ ਦੇ ਮਾਫ਼ੀਏ ਨਾਲ ਸਖ਼ਤੀ ਨਾਲ ਨਜਿੱਠਣ ਤੋਂ ਇਲਾਵਾ ਅਜੋਕੇ ਕੁਸ਼ਾਸਨ ਦਾ ਕੋਈ ਹੱਲ ਨਹੀਂ ਹੈ। ਸਭ ਜਾਣਦੇ ਹਨ ਕਿ 75/25 ਰਾਜ ਕਰਦੀਆਂ ਪਾਰਟੀਆਂ ਜਦ ਪੰਜਾਬ ਵਿੱਚ ਟਰਾਂਸਪੋਰਟ ਮਹਿਕਮੇ ਨੂੰ ਇਸ ਤਰਾਂ ਚਲਾਉਂਦੀਆਂ ਹਨ, ਜਿਸ ਰਾਹੀਂ ਸਰਕਾਰੀ ਟਰਾਂਸਪੋਰਟ ਘਾਟੇ ਵਿੱਚ ਹੈ ਅਤੇ ਪ੍ਰਾਈਵੇਟ ਮੁਨਾਫ਼ੇ ਵਿੱਚ। ਸਭ ਜਾਣਦੇ ਹਨ ਜਿਸ ਬਾਰੇ ਸਰਕਾਰਾਂ ਅਣਜਾਣ ਬਣੀਆਂ ਰਹਿੰਦੀਆਂ ਹਨ ਕਿ ਇੱਕ-ਇੱਕ ਪਰਮਿਟ 'ਤੇ ਕਿੰਨੀਆਂ-ਕਿੰਨੀਆਂ ਬੱਸਾਂ ਚੱਲ ਰਹੀਆਂ ਹਨ। ਜੇਕਰ ਇਸ 'ਤੇ ਕਾਬੂ ਪਾ ਕੇ, ਪ੍ਰਮਿਟ ਜਨਤਾ ਵਿੱਚ ਨਹੀਂ ਵੰਡੇ ਜਾਂਦੇ ਹਨ ਤਾਂ ਸਰਕਾਰ ਦੀ ਥੂਹ-ਥੂਹ ਹੁੰਦੀ ਰਹੇਗੀ। ਵਰਨਾ ਉਦੋਂ ਤਕ ਹਰ ਸਰਕਾਰ ਆਪਣਾ ਦਿਵਾਲਾ ਕਢਾਉਂਦੀ ਰਹੇਗੀ। ਸਾਡੀ ਜਾਣਕਾਰੀ ਮੁਤਾਬਕ ਜੇਕਰ ਜਨਤਾ ਨੇ ਕਾਂਗਰਸ ਨੂੰ ਦੁਬਾਰਾ ਮੌਕਾ ਦੇਣ ਦਾ ਮਨ ਬਣਾਇਆ ਤਾਂ ਉਹ ਸਿਰਫ਼ ਤੇ ਸਿਰਫ਼ ਸਿੱਧੂ ਕਰਕੇ ਹੋਵੇਗਾ, ਨਾ ਕਿ ਮੌਜੂਦਾ ਸਰਕਾਰ ਕਰਕੇ। ਸਿੱਧੂ ਪਾਸ ਪੰਜਾਬ ਮਾਡਲ ਦਾ ਵੀਜ਼ਨ ਹੈ। ਹੁਣ ਜ਼ਰਾ ਇਸ ਚਾਰਟ 'ਤੇ ਧਿਆਨ ਮਾਰ ਕੇ ਦੇਖੋ ਕਿ ਕਿਵੇਂ ਵੱਖ-ਵੱਖ ਪਾਰਟੀਆਂ ਵਿੱਚ ਰਹਿੰਦੇ ਹੋਏ ਕਿਵੇਂ ਰਲ ਕੇ ਸਭ ਨੇ ਟਰਾਂਸਪੋਰਟ 'ਤੇ ਕਬਜ਼ਾ ਕੀਤਾ ਹੋਇਆ ਹੈ। ਚੋਰ ਚੋਰ ਕਿਵੇਂ ਮਸੇਰ ਭਾਈ ਬਣੇ ਹੋਏ ਹਨ।

1. ਸੁਖਬੀਰ ਬਾਦਲ ਮਾਲਕ ਹੈ 230 ਬੱਸਾਂ ਦਾ।
2. ਅਮਰਜੀਤ ਸਮਰਾ ਕਾਂਗਰਸ ਮਾਲਕ ਹੈ 43 ਬੱਸਾਂ ਦਾ।
3. ਨਿਰਮਲ ਕਾਹਲੋਂ ਸਾਬਕਾ ਸਪੀਕਰ ਮਾਲਕ ਹੈ 40 ਬੱਸਾਂ ਦਾ।
4. ਜਗਦੀਸ਼ ਸਾਹਨੀ ਬੀ ਜੇ ਪੀ ਮਾਲਕ ਹੈ 27 ਬੱਸਾਂ ਦਾ।
5. ਅਵਤਾਰ ਹੈਨਰੀ ਕਾਂਗਰਸ ਮਾਲਕ ਹੈ 80 ਬੱਸਾਂ ਦਾ।
6. ਹਰਦੀਪ ਡਿੰਪਾ ਅਕਾਲੀ ਮਾਲਕ ਹੈ 60 ਬੱਸਾਂ ਦਾ।
7. ਕਿੱਕੀ ਢਿੱਲੋਂ ਕਾਂਗਰਸ ਮਾਲਕ ਹੈ 30 ਬੱਸਾਂ ਦਾ।
8. ਮਨਪ੍ਰੀਤ ਬਾਦਲ ਕਾਂਗਰਸ ਮਾਲਕ ਹੈ 4 ਬੱਸਾਂ ਦਾ।

ਕੁੱਲ ਬੱਸਾਂ : 514

ਜੇਕਰ ਇਹੀ ਬੱਸਾਂ ਦੇ ਪਰਮਿਟ ਆਮ ਲੋੜਵੰਦ ਜਨਤਾ ਵਿੱਚ ਦਿੱਤੇ ਜਾਣ ਤਾਂ ਅਜਿਹਾ ਕਰਨ ਨਾਲ ਜਿੱਥੇ ਟਰਾਂਸਪੋਰਟ ਮਾਫ਼ੀਆ ਖ਼ਤਮ ਹੋਣ ਵੱਲ ਵਧੇਗਾ, ਉੱਥੇ ਹੀ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਹੋਵੇਗਾ।

ਭਾਜਪਾ, ਜੋ ਅਕਾਲੀਆਂ ਨਾਲ ਸਰਕਾਰ ਵਿੱਚ ਰਹਿ ਕੇ ਰਾਜ-ਭਾਗ ਦਾ ਅਨੰਦ ਮਾਣਦੀ ਰਹੀ, ਉਹੀ ਭਾਜਪਾ ਅੱਜ-ਕੱਲ ਆਪਣੀ ਹੋਂਦ ਬਚਾਉਣ ਲਈ ਬੇਸੁਰੇ ਹੱਥ-ਪੈਰ ਮਾਰ ਰਹੀ ਹੈ। ਉਹ ਸ਼ਕਲੋਂ ਸਿੱਖ ਦਿਖਾਈ ਦਿੰਦੇ ਬੰਦਿਆਂ ਨੂੰ ਭਾਜਪਾ ਵਿੱਚ ਸ਼ਾਮਲ ਕਰ ਰਹੇ ਹਨ। ਉਹ ਉਨਾਂ ਸਿੱਖਾਂ ਨੂੰ ਆਪਣੇ ਵੱਲ ਆਕਰਸ਼ਿਤ ਕਰ ਰਹੇ ਹਨ, ਜੋ ਸਮੇਂ-ਸਮੇਂ ਸਿਰ ਵੱਡੇ-ਵੱਡੇ ਸਰਕਾਰੀ ਅਹੁਦਿਆਂ 'ਤੇ ਬਿਰਾਜਮਾਨ ਰਹੇ। ਉਹ ਵੱਖ-ਵੱਖ ਪਾਰਟੀਆਂ ਵਿੱਚੋਂ ਕਾਣੇ ਮੀਣੇ ਅਤੇ ਦਾਗੀਆਂ ਨੂੰ ਆਪਣੀਆਂ ਵਾਸ਼ਿੰਗ ਮਸ਼ੀਨਾਂ ਵਿੱਚ ਪਾ ਕੇ ਪਵਿੱਤਰ ਕਰਨ ਲਈ ਆਪਣੇ ਵੱਲ ਖਿੱਚ ਕਰ ਰਹੇ ਹਨ, ਪਰ ਕਿਸਾਨੀ ਅੰਦੋਲਨ ਆਪਣੇ ਸਿਖ਼ਰ 'ਤੇ ਹੋਣ ਕਰਕੇ ਪੰਜਾਬ ਵਿੱਚ ਕੋਈ ਉਨਾਂ ਨੂੰ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਮੂੰਹ ਲਾਉਣ ਲਈ ਤਿਆਰ ਨਹੀਂ। ਪਰ ਫੇਰ ਵੀ ਬੀ ਜੇ ਪੀ ਆਖ ਰਹੀ ਹੈ ਕਿ ਅਸੀਂ ਪੰਜਾਬ ਵਿੱਚ 117 ਸੀਟਾਂ 'ਤੇ ਹੀ ਚੋਣ ਲੜਾਂਗੇ।

ਰਹੀ ਗੱਲ ਪੰਜਾਬ ਦੀਆਂ ਲੈਫਟ ਪਾਰਟੀਆਂ ਦੀ, ਜਿਨਾਂ ਪਾਸ ਆਪਣੇ ਵਿੱਤ ਮੁਤਾਬਕ ਆਪੋ-ਆਪਣਾ ਸੰਗਠਨ ਹੈ, ਕੇਡਰ ਹੈ। ਇਹ ਕੇਡਰ ਅੱਜ ਕੱਲ ਕਿਸਾਨ ਅੰਦੋਲਨ ਕਰਕੇ ਇਸ ਵਿੱਚ ਵਧ-ਚੜ ਕੇ ਸ਼ਮੂਲੀਅਤ ਕਰ ਰਿਹਾ ਹੈ। ਇਸ ਫਰੰਟ ਨੇ ਅਜੇ ਤੱਕ ਚੋਣ ਸਰਗਰਮੀਆਂ ਨੂੰ ਪਹਿਲ ਨਹੀਂ ਦਿੱਤੀ । ਲਗਦਾ ਹੈ ਉਹ ਆਪਣੀ ਜਿੱਤ-ਹਾਰ ਨੂੰ ਕਿਸਾਨੀ ਅੰਦੋਲਨ ਨਾਲ ਜੋੜ ਚੁੱਕੇ ਹਨ। ਪੰਜਾਬ ਵਿੱਚ ਜਿਹੜੀਆਂ ਪਾਰਟੀਆਂ ਚੋਣਾਂ ਲਈ ਕਮਰਕੱਸੇ ਵੀ ਕਰ ਚੁੱਕੀਆਂ ਹਨ, ਉਨਾਂ ਦੀਆਂ ਨਜ਼ਰਾਂ ਕਿਸਾਨ ਅੰਦੋਲਨ ਵੱਲ ਲੱਗੀਆਂ ਹੋਈਆਂ ਹਨ। ਹਰ ਸਿਆਸੀ ਪਾਰਟੀ ਕਿਸਾਨ ਅੰਦੋਲਨ ਤੋਂ ਫਾਇਦਾ ਉਠਾਉਣ ਲਈ ਹੱਥ-ਪੈਰ ਮਾਰ ਰਹੀ ਹੈ। ਪਰ ਅੰਦੋਲਨ ਦੀ ਲੀਡਰਸ਼ਿੱਪ ਨੇ ਆਪਣੀ ਨੀਤੀ ਸਾਫ਼ ਕਰ ਦਿੱਤੀ ਹੈ ਕਿ ਚੋਣਾਂ ਨਾਲ ਸਾਡਾ ਦੂਰ ਦਾ ਵਾਸਤਾ ਵੀ ਨਹੀਂ ਹੈ। ਕਿਸਾਨ ਅੰਦੋਲਨ ਦੀ ਸਮੂਹਿਕ ਲੀਡਰਸ਼ਿੱਪ ਨੇ ਤਾਂ ਇੱਥੋਂ ਤਕ ਆਖਿਆ ਹੈ ਕਿ ਹਰਿਆਣਵੀ ਲੀਡਰ ਚੜੂਨੀ, ਜਿਸ ਨੇ ਪੰਜਾਬ ਵਿੱਚ ਕਿਸਾਨਾਂ ਨੂੰ ਚੋਣ ਲੜਨ ਲਈ ਆਖਿਆ ਸੀ, ਬਾਬਤ ਇੱਕ ਅਵਾਜ਼ ਹੋ ਕੇ ਆਖਿਆ ਹੈ, ਇਹ ਰਾਏ ਉਸ ਦੀ ਆਪਣੀ ਨਿੱਜੀ ਹੋ ਸਕਦੀ ਹੈ, ਕਿਸਾਨ ਅੰਦੋਲਨ ਦੀ ਸਮੁੱਚੀ ਲੀਡਰਸ਼ਿਪ ਦੀ ਨਹੀਂ। ਅੱਜ ਤੱਕ ਕਿਸਾਨ ਅੰਦੋਲਨ ਦੀ ਸਮੁੱਚੀ ਲੀਡਰਸ਼ਿਪ ਨੇ ਸਾਫ਼ ਕਰ ਦਿੱਤਾ ਹੈ ਕਿ ਚੋਣਾਂ ਵਿੱਚ ਹਿੱਸਾ ਲੈਣਾ ਤਾਂ ਦੂਰ ਦੀ ਗੱਲ ਹੈ, ਇਸ ਬਾਰੇ ਸੋਚਣਾ ਵੀ ਅਸੰਭਵ ਹੈ। ਉਨਾਂ ਅੱਗੇ ਆਖਿਆ ਕਿ ਕਿਸਾਨ ਅੰਦੋਲਨ ਆਪਣੀ ਮੰਜ਼ਿਲ ਵੱਲ ਠੀਕ-ਠਾਕ ਵਧ ਰਿਹਾ ਹੈ, ਜਿਸਦਾ ਸਬੂਤ ਅੰਦੋਲਨ ਦਾ ਅੱਜ ਤਕ ਇੱਕਮੁਠ ਰਹਿਣਾ ਅਤੇ ਮੋਦੀ ਵੱਲੋਂ ਹਰ ਮਿੰਟ ਨਿੱਜੀਕਰਨ ਵੱਲ ਲਾਉਣਾ, ਰੁਕਿਆ ਪਿਆ ਹੈ। ਪਿਛਲੇ ਦਿਨੀਂ ਆਪਣੀ ਲੋਕ ਪ੍ਰਿਅਤਾ ਘਟਦੀ ਦੇਖ ਕੇ ਜੋ ਦਾਅ ਮੋਦੀ ਨੇ ਆਪਣੇ ਕੈਬਨਿਟ ਵਿੱਚ ਵਾਧਾ-ਘਾਟਾ ਕਰਕੇ ਖੇਡਿਆ ਹੈ, ਉਹ ਵੀ ਉਸ ਤਾਸ਼ ਵਾਂਗ ਹੈ, ਜਿਸ ਵਿੱਚੋਂ ਰੰਗ ਵਾਲੇ ਪੱਤੇ ਗਾਇਬ ਕਰਕੇ, ਬੇਰੰਗੀ ਪੱਤੇ ਅਤੇ ਜੋਕਰ ਭਰ ਦਿੱਤੇ ਜਾਣ। ਉਸ ਤਾਸ਼ ਨੂੰ ਜਿੰਨੀ ਵਾਰੀ ਮਰਜ਼ੀ ਪੀਹ-ਪੀਹ ਕੇ ਵੰਡੋ, ਰਿਜ਼ਲਟ ਜ਼ੀਰੋ ਹੀ ਹੋਵੇਗਾ। ਕਾਰਨ, ਨਵੀਂ ਕੈਬਨਿਟ ਨੂੰ ਵੀ ਮੋਦੀ ਨੇ ਫਰੀ ਹੈਂਡ ਰਹਿਣ ਨਹੀਂ ਦੇਣਾ। ਪਹਿਲਾਂ ਵਾਂਗ ਜੀ ਹਜ਼ੂਰੀ ਹੀ ਕਰਵਾਉਣੀ ਹੈ। ਇਸ ਕਰਕੇ ਆਓ, ਆਪਾਂ ਸਭ ਰੰਗ ਦੇ ਇਕੱਠੇ ਹੋ ਕੇ ਆਉਣ ਵਾਲੀਆਂ ਚੋਣਾਂ ਵਿੱਚੋਂ ਬੀ ਜੇ ਪੀ ਸਰਕਾਰਾਂ ਦਾ ਖਾਤਮਾ ਕਰਨ ਵਿੱਚ ਯੋਗਦਾਨ ਪਾਈਏ।


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed




# ਧੀ ਦਾ ਵਿਸ਼ਵਾਸ 'ਮੇਰੀ ਯਾਦ''



ਊਅੰਜੂਜੀਤ

ਮੇਰੀ ਬੇਟੀ 24 ਵਰੇ ਦੀ ਜਰਮਨੀ ਦੇਸ਼ ਦੀ ਜੰਮਪਲ ਹੈ। ਉਹ ਹੁਣ ਤੱਕ ਕਿਸੇ ਰੱਬ ਨੂੰ, ਧਰਮ ਨੂੰ, ਕਿਸੇ ਆਕਾਰ ਨੂੰ ਨਹੀਂ ਮੰਨਦੀ। ਬੱਸ ਉਸ ਨੂੰ ਆਪਣੇ ਦਿਲ ਦੀ ਭਾਸ਼ਾ ਸਮਝ ਆਉਂਦੀ ਹੈ। ਉਹ ਨਿਯਮਾਂ ਦੀ ਪਾਬੰਦ, ਜ਼ਿੰਮੇਵਾਰ ਇਨਸਾਨ ਹੈ। ਇੱਥੇ ਦੇ ਬੱਚਿਆਂ ਨੂੰ ਝੂਠ ਬੋਲਣ ਦੀ ਆਦਤ ਨਹੀਂ ਹੁੰਦੀ। ਸੋ ਉਹ ਵੀ ਸੱਚ ਦੇ ਬਹੁਤ ਨੇੜੇ ਹੈ।

ਇੱਥੇ ਦੇ ਬੱਚੇ ਆਪਣੇ ਹੱਥੀਂ ਆਪ ਆਪਣਾ ਕਾਰਜ ਕਰਨ ਵਾਲੇ ਹੁੰਦੇ ਹਨ। ਨਫਰਤ, ਦੂਈ ਦਵੈਸ਼ ਤੋਂ ਕੋਸਾਂ ਦੂਰ। ਹਰ ਸਾਹ ਲੈਣ ਵਾਲੀ ਸ਼ੈ ਦਾ ਸਤਿਕਾਰ ਕਰਦੇ ਹਨ ਅਤੇ ਉਹ ਆਪਣੀ ਜ਼ਿੰਦਗੀ ਆਪਣੇ ਢੰਗ ਨਾਲ ਜੀਣ ਦੇਣ ਦੇ ਉਪਾਸ਼ਕ ਹੁੰਦੇ ਹਨ।

ਜਦ ਮੇਰੀ ਬੇਟੀ ਛੋਟੀ ਸੀ ਤਾਂ ਮੈਂ ਉਸ ਨੂੰ ਗੁਰੂਘਰ ਨਾਲ ਲੈ ਜਾਂਦੀ ਸੀ। ਹਿੰਦੂ ਧਰਮ ਵਾਲੀ ਆਰਤੀ ਵੀ ਸਿਖਾਈ ਸੀ, ਕੁਝ ਇੱਕ ਦੋ ਮੰਤਰਾਂ ਦੇ ਰੱਟੇ ਵੀ ਲਵਾਏ ਸੀ। ਸ਼ਾਮ ਪੈਂਦੀ ਸੀ ਤਾਂ ਉਹ ਆਰਤੀ ਗਾਉਣ ਲੱਗ ਪੈਂਦੀ ਸੀ ਕਿਉਂਕਿ ਮੈਂ ਉਸ ਨੂੰ ਯਾਦ ਕਰਾਉਂਦੀ ਸੀ ਕਿ ਸੰਧਿਆ ਦਾ ਵੇਲਾ ਹੈ, ਰੱਬ ਦਾ ਨਾਂ ਲੈਣਾ ਹੈ। ਉਹ ਨਿਆਣੀ ਮਤ ਦੀ ਸੀ ਤੇ ਮੇਰੀ ਕਮਾਂਡ ਹੇਠ ਉਹ ਸਭ ਕੁਝ ਕਰਦੀ ਸੀ, ਜੋ ਮੈਂ ਉਸ ਨੂੰ ਕਹਿੰਦੀ ਸੀ। ਇੱਕ ਦਿਨ ਮੈਥੋਂ ਪੁੱਛਣ ਲੱਗੀ, 'ਮਾਂ, ਮੈਂ ਹੋਰ ਕਿੰਨੀ ਦੇਰ ਤੁਹਾਡੇ ਕਹਿਣ 'ਤੇ ਸਭ ਕੁਝ ਕਰਨਾ ਹੈ ?'

ਸਵਾਲ ਡੂੰਘਾ ਸੀ ਤੇ ਬਗਾਵਤ ਭਰਿਆ ਵੀ।

ਹਰ ਮਾਪਾ ਆਪਣੇ ਬੱਚਿਆਂ ਵਾਸਤੇ ਉਹ ਸਭ ਕੁਝ ਕਰਦਾ ਹੈ, ਜਿਸ ਦੀ ਘਾਟ ਉਸ ਨੂੰ ਆਪਣੇ ਮਾਪਿਆਂ ਕੋਲੋਂ ਰਹਿ ਗਈ ਹੁੰਦੀ ਹੈ। ਮੇਰੀ ਮਾਂ ਬਹੁਤ ਸਖ਼ਤ ਮਿਜ਼ਾਜ ਸੀ ਤੇ ਅੱਜ ਵੀ ਹੈ। ਮੈਂ ਆਪਣੀ ਜ਼ਿੰਦਗੀ ਦੇ ਬਹੁਤ ਸਾਰੇ ਫੈਸਲੇ ਮਾਂ ਦੀ ਰਜ਼ਾਮੰਦੀ ਵਿੱਚ ਕੀਤੇ ਹਨ। ਮੇਰੇ ਅੰਦਰ ਬਗਾਵਤ ਉੱਠਦੀ ਸੀ ਪਰ ਹਿੰਮਤ ਨਹੀਂ ਸੀ ਪੈਂਦੀ। ਇਸੇ ਕਰਕੇ ਮੇਰੀ ਮਾਂ ਨੇ ਜਿੱਥੇ ਮੈਨੂੰ ਮਾਂ ਬਣ ਕੇ ਪਿਆਰ ਦਿੱਤਾ ਉੱਥੇ ਉਹ ਕਈ ਗੱਲਾਂ ਵਿੱਚ ਉੱਕ ਗਈ ਕਿ ਧੀਆਂ ਬਹੁਤ ਨਰਮ ਮਿਜਾਜ਼ ਦੀਆਂ ਹੁੰਦੀਆਂ ਹਨ। ਜਦ ਆਈ 'ਤੇ ਅੜ ਜਾਣ ਤਾਂ ਜਜ਼ਬਾਤੀ ਹੋ ਕੇ ਪੱਥਰ ਦੀ ਸਿਲ ਵੀ ਬਣ ਜਾਂਦੀਆਂ ਹਨ।

ਖੈਰ! ਮੈਂ ਆਪਣੀ ਧੀ ਨੂੰ ਕਿਹਾ, 'ਪੁੱਤ, ਤੂੰ ਅਜ਼ਾਦ ਹੈਂ। ਤੇਰੇ ਲਈ ਜ਼ਰੂਰੀ ਨਹੀਂ ਮੇਰੀ ਗੱਲ ਮੰਨਣੀ। ਮੇਰਾ ਫਰਜ਼ ਹੈ ਤੈਨੂੰ ਸਮਝਾਉਣਾ। ਅੱਗਿਉਂ ਤੂੰ ਉਹ ਹੀ ਕਰ, ਜੋ ਤੈਨੂੰ ਸਹੀ ਲੱਗੇ। ਪਰ ਕਿਸੇ ਦਾ ਨੁਕਸਾਨ ਨਾ ਹੋਵੇ ਅਤੇ ਤੇਰਾ ਕੀਤਾ ਫੈਸਲਾ ਭਵਿੱਖ ਵਿੱਚ ਤੇਰੇ ਲਈ ਪਛਤਾਵੇ ਵਾਲਾ ਨਾ ਬਣ ਜਾਵੇ।'

ਉਸ ਨੇ ਉਸੇ ਦਿਨ ਬਾਲਕੋਨੀ ਵਿੱਚ ਖੜੀ ਨੇ ਕਿਹਾ, 'ਮਾਂ, ਮੈਂ ਤੇਰੇ ਨਾਲ ਵਾਅਦਾ ਕਰਦੀ ਆਂ, ਮੈਂ ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਸੋਚ ਵਿਚਾਰ ਕਰੂੰਗੀ। ਤੇਰੀ ਸਲਾਹ ਵੀ ਲਉਂਗੀ ਪਰ ਤੂੰ ਮੈਨੂੰ ਕੋਈ ਵੀ ਕੰਮ ਜਬਰਦਸਤੀ ਕਰਨ ਨੂੰ ਨਹੀਂ ਕਹੂੰਗੀ।' ਸਾਡਾ ਦੋਹਾਂ ਮਾਵਾਂ ਧੀਆਂ ਦਾ ਉਸ ਦਿਨ ਇਕਰਾਰਨਾਮਾ ਹੋ ਗਿਆ।

ਉਸ ਦਿਨ ਮਗਰੋਂ ਉਸ ਨੇ ਸ਼ਾਮ ਵੇਲੇ ਦੀ ਆਰਤੀ ਕਰਨੀ ਛੱਡ ਦਿੱਤੀ। ਮੈਂ ਵੀ ਪੁੱਛਣਾ ਛੱਡ ਦਿੱਤਾ ਕਿ ਆਰਤੀ ਕਿਉਂ ਨਹੀਂ ਕੀਤੀ। ਇੱਕ ਦਿਨ ਰਾਤ ਨੂੰ ਅਚਾਨਕ ਜਦੋਂ ਮੈਂ ਸੌਣ ਲੱਗੀ ਬੇਟੀ ਦੇ ਕਮਰੇ ਵਿੱਚ ਗਈ ਤਾਂ ਉਹ ਹੱਥ ਜੋੜ ਕੇ ਬੈੱਡ 'ਤੇ ਬੈਠੀ ਮੂੰਹ ਵਿੱਚ ਕੁਝ ਬੋਲ ਰਹੀ ਸੀ। ਮੈਂ ਦਰ ਖੋਲੇ ਤੇ ਉਸੇ ਤਰਾਂ ਫਿਰ ਮੁੜ ਆਈ ਕਿ ਉਹਦਾ ਧਿਆਨ ਭੰਗ ਨਾ ਹੋਵੇ।

ਕੁਝ ਦੇਰ ਮਗਰੋਂ ਬੇਟੀ ਨੇ ਮੈਨੂੰ ਕਮਰੇ ਵਿੱਚੋਂ ਅਵਾਜ਼ ਮਾਰੀ ਤੇ ਕਹਿਣ ਲੱਗੀ, 'ਮਾਂ, ਰੱਬ ਨੂੰ ਜਰਮਨ ਭਾਸ਼ਾ ਦੀ ਸਮਝ ਆਉਂਦੀ ਆ ?' ਮੈਂ ਕਿਹਾ, 'ਹਾਂ ਬਿਲਕੁਲ ਆਉਂਦੀ ਆ।' ਮੇਰੀ ਗੱਲ ਸੁਣ ਕੇ ਉਹ ਹੱਸ ਪਈ। ਫੇਰ ਮੈਂ ਪੁੱਛਿਆ, 'ਕੀ ਤੂੰ ਰੋਜ਼ ਰਾਤ ਵੇਲੇ ਜੋਦੜੀ ਕਰਦੀ ਆਂ ?'

ਬੇਟੀ ਕਹਿਣ ਲੱਗੀ, 'ਹਾਂ।'

'ਕੀ ਕਹਿੰਦੀ ਹੁੰਦੀ ਆਂ ਰੱਬ ਨੂੰ ?' ਮੈਂ ਹੈਰਾਨੀ ਨਾਲ ਪੁੱਛਿਆ।

'ਕੁਝ ਵੀ ਨਹੀਂ, ਬੱਸ ਇਹ ਹੀ ਕਿ, ਰੱਬ ਜੀ ! ਤੁਸੀਂ ਆਪਣਾ ਖਿਆਲ ਰੱਖਣਾ। ਬੱਸ ਮਾਂ, ਮੈਂ ਇਹ ਕਹਿੰਦੀ ਆਂ। ਨਾਲੇ ਮੇਰੀਆਂ ਸੋਚਾਂ ਵਾਲਾ ਰੱਬ ਤੁਹਾਡੀਆਂ ਮੂਰਤੀਆਂ ਤੇ ਫੋਟੋ ਵਿਚਲੇ ਰੱਬ ਵਰਗਾ ਨੀ ਹੈ।' ਬੇਟੀ ਨੇ ਬਹੁਤ ਭੋਲੇ ਅੰਦਾਜ਼ ਵਿੱਚ ਕਿਹਾ।



'ਫੇਰ ਕਿੱਦਾਂ ਦਾ ਆ ਤੇਰਾ ਰੱਬ ?' ਮੈਂ ਪੁੱਛਿਆ।

'ਉਹ ਬਹੁਤ ਖ਼ੂਬਸੂਰਤ ਆ ਮਾਂ, 'ਤੇ ਬਹੁਤ ਸੋਹਣਾ ਆ, ਉਹ ਬਜ਼ੁਰਗ ਵੀ ਨਹੀਂ ਹੈ, ਜਵਾਨ ਆ।' ਕਹਿ ਕੇ ਮੈਨੂੰ ਦੇਖ ਕੇ ਉਹ ਹੱਸ ਪਈ।

ਉਸ ਦਿਨ ਦੇ ਕੁਝ ਦਿਨਾਂ ਮਗਰੋਂ ਪਾਕਿਸਤਾਨ ਵਿੱਚ ਮਸਜਿਦ ਵਿੱਚ ਬਹੁਤ ਵੱਡਾ ਬੰਬ ਧਮਾਕਾ ਹੋਇਆ। ਕਈ ਸਕੂਲੀ ਬੱਚੇ ਮਾਰੇ ਗਏ। ਇੱਕ ਬੱਚੇ ਦੇ ਮੋਬਾਇਲ ਵਿੱਚ ਬੱਚੇ ਵੱਲੋਂ ਮਰਨ ਤੋਂ ਪਹਿਲਾਂ ਆਪਣੀ ਅੰਮੀ ਲਈ ਸੁਨੇਹਾ ਸੀ- ਅੰਮੀ ਮੈਂ ਸਕੂਲ ਸੇ ਆ ਰਹਾਂ ਹੂੰ। ਕਿਸੇ ਬੱਚੇ ਨੇ ਟੈਲੀਫੋਨ ਦੀ ਨਾਂ ਲਿਸਟ ਵਿੱਚ ਆਪਣੀ ਮਾਂ ਦੇ ਮੋਬਾਇਲ ਨੰਬਰ ਨੂੰ 'ਮੇਰੀ ਅੰਮੀ ਜਾਨ' ਲਿਖ ਕੇ ਭਰਿਆ ਸੀ।

ਉਸ ਦਿਨ ਬੇਗੁਨਾਹ ਬੱਚਿਆਂ ਦੀਆਂ ਮੌਤਾਂ ਦੇਖ ਕੇ ਧਰਤੀ ਦੀ ਹਰ ਕੰਨੀ ਹਿੱਲ ਗਈ ਸੀ। ਮੇਰੀ ਧੀ ਸਕੂਲੋਂ ਆਈ, ਆ ਕੇ ਮੇਰੇ ਗਲ ਲੱਗ ਕੇ ਰੋਈ, ਤੇ ਫਿਰ ਮੈਥੋਂ ਪੁੱਛਿਆ, 'ਅੱਜ ਦੀ ਖਬਰ ਸੁਣੀ ਆ ਮਾਂ ?'

ਮੈਂ ਭਰੇ ਗਚ ਨਾਲ ਕਿਹਾ, 'ਬਹੁਤ ਮਾੜਾ ਹੋਇਆ।'

ਉਸ ਨੇ ਰੋਂਦੀ ਹੋਈ ਨੇ ਕਿਹਾ, 'ਮਾਂ, ਤੂੰ ਕਹਿੰਦੀ ਸੀ ਇਸ ਮੂਰਤੀ ਵਿਚਲਾ ਰੱਬ ਸਭ ਦੀ ਰੱਖਿਆ ਕਰਦਾ ਆ। ਮੈਂ ਵੀ ਮੰਨਦੀ ਰਹੀ। ਮੈਂ ਰੋਜ਼ ਰਾਤ ਨੂੰ ਕਹਿੰਦੀ ਰਹੀ, ਰੱਬ ਜੀ, ਤੁਸੀਂ ਆਪਣਾ ਖਿਆਲ ਰੱਖਣਾ। ਕਿੱਥੇ ਆ ਰੱਬ ਜਿਹਨੇ ਉਹ ਸਾਰੇ ਬੱਚੇ ਮਾਰ ਦਿੱਤੇ ਜਿਨਾਂ ਦੀਆਂ ਮਾਵਾਂ ਉਡੀਕਦੀਆਂ ਸਨ।.. ਮਾਂ, ਮੇਰੇ ਕੋਲ ਅੱਜ ਤੋਂ ਬਾਅਦ ਕਿਸੇ ਰੱਬ ਦੀ ਗੱਲ ਨਾ ਕਰੀਂ। ਉਹ ਕਿਤੇ ਨਹੀਂ ਹੈ।' ਉਹ ਦਿਨ ਗਿਆ, ਮੇਰੀ ਧੀ ਨੇ ਰੱਬ ਨੂੰ ਮੰਨਣਾ ਛੱਡ ਦਿੱਤਾ ਤੇ ਅੱਜ ਤੱਕ ਵੀ ਉਹ ਆਪਣੇ ਵਿਸ਼ਵਾਸ ਉੱਤੇ ਕਾਇਮ ਹੈ।

ਮੈਂ ਕਦੇ ਕਦੇ ਨਵਾਂ ਪਰਚਾ ਖੋਲ ਕੇ ਉਸ ਤੋਂ ਪੁੱਛਦੀ ਹੁੰਦੀ ਹਾਂ, 'ਕੀ ਕਹਿੰਦਾ ਤੇਰਾ ਰੱਬ ਤੈਨੂੰ ?'

ਉਹ ਅੱਗਿਓਂ ਕਹੇਗੀ, 'ਮਾਂ, ਜਦ ਉਹ ਮੈਨੂੰ ਆਪਣੀ ਹੋਂਦ ਦਾ ਯਕੀਨ ਦਿਵਾ ਦੇਵੇਗਾ, ਜਦ ਦੁਨੀਆਂ ਵਿੱਚ ਸਭ ਕੁਝ ਠੀਕ ਹੋਣਾ ਸ਼ੁਰੂ ਹੋ ਜਾਵੇਗਾ, ਫੇਰ ਮੈਂ ਉਸ ਨੂੰ ਮੰਨਣ ਲੱਗ ਜਾਊਂਗੀ। ਤਦ ਤਕ ਮੈਂ ਆਪਣੇ ਆਪ ਨੂੰ ਸੁਣਦੀ ਰਹੂੰਗੀ, ਆਪਣੇ ਆਪ 'ਤੇ ਵਿਸ਼ਵਾਸ ਕਰਦੀ ਰਹੂੰਗੀ।'

ਸੱਚੀ ਗੱਲ ਹੈ ! ਕਈ ਵਾਰ ਤਾਂ ਦੁਨੀਆਂ ਵਿੱਚ ਵਧ ਰਹੇ ਜੁਲਮਾਂ ਨੂੰ ਦੇਖ ਕੇ ਰੱਬ ਤੋਂ ਪੁੱਛਣ ਨੂੰ ਦਿਲ ਕਰਦਾ ਹੁੰਦਾ ਹੈ ਕਿ ਜੇ ਤੂੰ ਸਰਵਸ਼ਕਤੀਮਾਨ ਹੈਂ ਫਿਰ ਤੈਨੂੰ ਕਿਸ ਸਿਫਾਰਸ਼ ਦੀ ਲੋੜ ਆ ? ਸਭ ਕੁਝ ਜੇ ਤੇਰੇ ਹੱਥ ਵੱਸ ਹੈ ਤਾਂ ਫਿਰ ਦੇਰ ਕਿਸ ਗੱਲ ਦੀ ਆ ? ਸਾਰਾ ਕੁਝ ਨੌ ਵਰ ਨੌ ਕਰ ਦੇ ਤਾਂ ਕਿ ਤੇਰਾ ਪਰਦਾ ਵੀ ਰਹਿ ਜਾਵੇ ਤੇ ਸ਼ਰਧਾਲੂਆਂ ਦਾ ਵਿਸ਼ਵਾਸ ਵੀ।

---

# 'ਟੁੱਟਦੇ ਤਾਰੇ'

ਕੁਲਵੰਤ ਘੋਲੀਆ
੯੫੧੭੨-੯੦੦੦੬

ਕਹਾਣੀ

ਪੁੱਤ ਕੱਦ ਤੱਕ ਸੱਚਾਈ ਤੋਂ ਮੂੰਹ ਮੋੜੇਗਾ, ਉਹ ਚਲੀ ਗਈ, ਕਦੇ ਵਾਪਿਸ ਨਹੀਂ ਆਵੇਗੀ। ਆਪਣਾ ਨਹੀਂ, ਪਰ ਇਸ ਮਾਸੂਮ ਬਾਰੇ ਤਾਂ ਸੋਚ, ਬਿਨ ਮਾਵਾਂ ਤੋਂ ਧੀਆਂ ਅਧੂਰੀਆਂ ਹੀ ਹੁੰਦੀਆਂ ਨੇ, ਇੱਕ ਮਾਂ ਹੀ ਹੈ ਜੋ ਆਪਣੀ ਧੀ ਲਈ ਮਾਂ, ਬਾਪ, ਸਹੇਲੀ, ਬਣ ਹਰ ਫਰਜ਼ ਪੂਰਾ ਕਰਦੀ ਏ।ਅੱਜ ਤਾਂ ਇਹ ਨਿਆਣੀ ਏ, ਕੱਲ ਨੂੰ ਵੱਡੀ ਹੋਵੇਗੀ। ਸਵਾਲ ਕਰੇਗੀ, ਪਰ ਉਸ ਸਮੇਂ ਤੇਰੇ ਕੋਲ ਇਸ ਦੇ ਸਵਾਲਾਂ ਦੇ ਜਵਾਬ ਨਹੀਂ ਹੋਣੇ । ਆਪਣੇ ਅਤੇ ਆਪਣੀ ਧੀ ਦੇ ਭਲੇ ਲਈ ਮੇਰੀ ਮਨ ਤੂੰ ਦੂਜਾ ਵਿਆਹ ਕਰਵਾ ਲੈ। ਦੂਜੇ ਵਿਆਹ ਦਾ ਨਾਮ ਸੁਣਦੇ ਹੀ ਹਰਜੀਤ ਅੱਖਾਂ ਭਰ ਆਇਆ, ਨਹੀਂ ਮਾਂ, ਸੀਮਾ ਚਾਹੇ ਇਸ ਦੁਨੀਆਂ ਵਿਚ ਨਾ ਹੋਵੇ, ਪਰ ਮੇਰੇ ਲਈ ਅੱਜ ਵੀ ਉਹ ਮੇਰੇ ਕੋਲ ਹੀ ਹੈ।ਦੋ ਕੁ ਸਾਲ ਦੀ ਹੀ ਹੋਈ ਸੀ ਪਰੀ, ਜਦੋਂ ਕੈਂਸਰ ਦੀ ਬਿਮਾਰੀ ਨਾਲ ਸੀਮਾ ਦੀ ਮੌਤ ਹੋ ਗਈ। ਅੱਜ ਤਿੰਨ ਸਾਲ ਹੋ ਗਏ ਇਸ ਗੱਲ ਨੂੰ ਹਰਜੀਤ ਦੇ ਘਰ ਵਾਲੇ ਜ਼ੋਰ ਪਾਉਂਦੇ ਕਿ ਦੂਜਾ ਵਿਆਹ ਕਰਵਾ ਲੈ ਪਰ ਹਰਜੀਤ ਨਾ ਮੰਨਿਆ, ਪਰੀ ਵੀ ਹੋਰ ਬੱਚਿਆਂ ਨੂੰ ਵੇਖ ਵੇਖ ਮਾਂ ਮਾਂ ਆਖਦੀ ਫਿਰਦੀ ਰਹਿੰਦੀ। ਆਖਰ ਇੱਕ ਧੀ ਲਈ ਮਾਂ ਦੀ ਕਮੀ ਮਹਿਸੂਸ ਹੋਣਾ ਲਾਜ਼ਮੀ ਸੀ। ਪਰੀ ਰਾਤ ਨੂੰ ਆਪਣੇ ਪਾਪਾ ਨਾਲ ਹੀ ਸੌਂਦੀ ਅਤੇ ਅਕਸਰ ਪੁੱਛਦੀ ?

ਪਾਪਾ ਮੰਮੀ ਕਿੱਥੇ ਏ ?

ਪੁੱਤ ਮੰਮੀ ਉਹ ਰੱਬ ਕੋਲ ਗਈ ਏ, ਹਰਜੀਤ ਹੱਥ ਅਸਮਾਨ ਵੱਲ ਕਰ ਦਿੰਦਾ, ਪਾਪਾ ਮੰਮੀ ਉੱਥੇ ਕੀ ਕਰਦੀ ਏ ? ਪੁੱਤ ਮੰਮੀ ਉੱਥੇ ਤਾਰਾ ਬਣ ਗਈ ਏ ਅਤੇ ਜਲਦੀ ਵਾਪਸ ਆ ਜਾਵੇਗੀ। ਮਾਸੂਮ ਜਿਹੀ ਪਰੀ ਸੱਚਮੁੱਚ ਤਾਰਿਆਂ ਵਿੱਚੋਂ ਆਪਣੀ ਮੰਮੀ ਨੂੰ ਲੱਭਦੀ ਰਹਿੰਦੀ। ਧੀ ਨੂੰ ਝੂਠਾ ਦਿਲਾਸਾ ਦੇ ਹਰਜੀਤ ਵੀ ਤਾਰਿਆਂ ਦੀ ਦੁਨੀਆਂ ਵਿੱਚ ਗਵਾਚ ਜਾਂਦਾ। ਅਕਸਰ ਹੀ ਪਰੀ ਰਾਤ ਨੂੰ ਉੱਠ ਕੇ ਵਿਹੜੇ ਵਿਚਕਾਰ ਜਾ ਖੜਦੀ, ਆਵਾਜ਼ਾਂ ਮਾਰਦੀ,



ਮੰਮੀ ਮੰਮੀ ਮੈਂ ਇਧਰ ਖੜੀ ਆਂ, ਆਹ ਵੇਖ ਤੇਰੀ ਪਰੀ, ਕਦੇ ਕਦੇ ਪਰੀ ਤਰਲਾ ਜਿਹਾ ਕਰਦੀ ਅਤੇ ਕਦੇ ਕਦੇ ਮੰਮੀ ਨੂੰ ਗੁੱਸੇ ਨਾਲ ਕਹਿੰਦੀ, 'ਤੈਨੂੰ ਪਤਾ ਨਹੀਂ ਲੱਭਦਾ।

ਅਚਾਨਕ ਹਰਜੀਤ ਦੀ ਅੱਖ ਖੁੱਲੀ, ਦੇਖਿਆ ਪਰੀ ਇਕੱਲੀ ਹੀ ਵਿਹੜੇ ਵਿੱਚ ਖੜੀ ਏ, ਪੁੱਤ ਕੀ ਗੱਲ ਹੈ, ਕਿਸ ਨੂੰ ਆਵਾਜ਼ਾਂ ਮਾਰ ਰਹੀ ਏ।ਪਾਪਾ ਮੰਮੀ ਆਈ ਸੀ ? ਤੁਸੀਂ ਕਿਹਾ ਸੀ ਨਾ ਮੰਮੀ ਤਾਰਾ ਬਣ ਗਈ ਏ ਅਤੇ ਇੱਕ ਦਿਨ ਵਾਪਿਸ ਆਵੇਗੀ। ਅੱਜ ਸੱਚੀਂ ਮੰਮੀ ਤਾਰਾ ਬਣੀ ਰੱਬ ਕੋਲੋਂ ਵਾਪਸ ਆ ਰਹੀ ਸੀ, ਪਰ ਫਿਰ ਪਤਾ ਨਹੀਂ ਕਿੱਧਰ ਗੁਆਚ ਗਈ, ਮੈਨੂੰ ਪਤਾ ਏ ਮੰਮੀ ਘਰ ਭੁੱਲ ਗਈ ਤਾਂ ਹੀ ਤਾਂ ਮੈਂ ਆਵਾਜ਼ਾਂ ਮਾਰਦੀ ਆਂ। ਧੀ ਦੀ ਮਾਸੂਮੀਅਤ ਨੇ ਹਰਜੀਤ ਦਾ ਤ੍ਰਾਹ ਕੱਢ ਦਿੱਤਾ, ਹਉਕੇ, ਹੰਝੂ ਬੱਸ ਅੱਜ ਸਬਰ ਦਾ ਬੰਨ ਟੁੱਟ ਗਿਆ। ਕਿੰਨਾ ਚਿਰ ਹਰਜੀਤ ਧੀ ਨੂੰ ਗੱਲ ਲਾ ਰੋਈ ਗਿਆ। ਧੀਏ ਆਖਰ ਕੱਦ ਤੱਕ ਝੂਠ ਦਾ ਸਹਾਰਾ ਲਵਾਂਗੇ।

ਕਦੇ ਮਰੇ ਅਤੇ 'ਟੁੱਟਦੇ ਤਾਰੇ' ਦੀ ਘਰ ਵਾਪਸੀ ਨਹੀਂ ਹੁੰਦੀ। ਆਪਣੇ ਪਾਪਾ ਨੂੰ ਇਸ ਤਰਾਂ ਰੋਂਦੇ ਵੇਖ ਪਰੀ ਵੀ ਸਮਝ ਗਈ ਕਿ ਮੰਮੀ ਕਦੇ ਵਾਪਸ ਨਹੀਂ ਆਵੇਗੀ ਅਤੇ ਅੱਜ ਉਹ ਮਾਸੂਮ ਬਿਨ ਮਾਂ ਦੀ ਧੀ ਵੀ ਵਿਲਕ ਉੱਠੀ। ਸ਼ਾਇਦ ਉਹ ਵੀ 'ਟੁੱਟਦੇ ਤਾਰੇ' ਦੀ ਸੱਚਾਈ ਜਾਣ ਗਈ ਸੀ।

---

# ਧੀਆਂ ਦਾ ਪਿਆਰ ਅਨਮੋਲ



ਹਰਮਨਪ੍ਰੀਤ ਸਿੰਘ
ਮੋ. 98550-10005

ਕੁਦਰਤ ਦੀ ਕਾਇਨਾਤ ਵਿਚ ਸਭ ਤੋਂ ਖ਼ੂਬਸੂਰਤ ਸ਼ਬਦ ਮਾਂ ਹੈ ਤੇ ਮਾਂ ਦਾ ਦੂਜਾ ਰੂਪ 'ਧੀ'! ਸਾਡੇ ਸਮਾਜਕ ਤੇ ਭਾਈਚਾਰਕ ਰਿਸ਼ਤਿਆਂ ਵਿਚ ਖਾਸ 'ਥਾਂ ਰੱਖਦੀਆਂ ਨੇ ਇਹ ਧੀਆਂ, ਸੰਸਾਰਕ ਰਿਸ਼ਤਿਆਂ ਨੂੰ ਆਪਸ ਵਿਚ ਜੋੜੀ ਰੱਖਣ ਦੀ ਕਾਬਲੀਅਤ ਰੱਖਦੀਆਂ ਨੇ ਇਹ ਧੀਆਂ, ਸਮਾਂ ਬੀਤਦੇ ਪਤਾ ਹੀ ਨਹੀਂ ਚੱਲਦਾ ਕਦੋ ਨਿੱਕੀਆਂ-ਨਿੱਕੀਆਂ ਬਾਤਾਂ ਪਾਉਂਦੀਆਂ ਤੇ ਕਦੋਂ ਵੱਡੀਆਂ ਹੋ ਜਾਂਦੀਆਂ ਨੇ ਇਹ ਧੀਆਂ, ਤਾਂ ਹੀ ਤਾਂ ਕਹਿੰਦੇ ਨੇ ਕਿ ਧੀਆਂ ਤੇ ਧਰੇਕਾਂ ਕਦੋਂ ਵੱਡੀਆਂ ਹੋ ਗਈਆਂ ਪਤਾ ਹੀ ਨਹੀਂ ਲੱਗਾ। ਪਰਿਵਾਰਕ ਰਿਸ਼ਤਿਆਂ ਵਿਚ ਇਤਫ਼ਾਕ, ਪਿਆਰਾ ਬਣਾਈ ਰੱਖਣ ਦਾ ਅਹਿਮ ਰੋਲ ਅਦਾ ਕਰਦੀਆਂ ਨੇ ਇਹ ਧੀਆਂ, ਜੇ ਦੇਖਿਆ ਜਾਵੇ ਤਾਂ ਪਰਿਵਾਰ ਵਿਚ ਪਿਓ, ਪੁੱਤ ਅਤੇ ਦੋ-ਚਾਰ ਭਰਾਵਾਂ ਵਿਚ ਇਕ ਧੁਰਾ ਹੁੰਦੀਆਂ ਨੇ ਇਹ ਧੀਆਂ, ਤਾਂ ਹੀ ਤਾਂ ਕਹਿੰਦੇ ਨੇ ਕਿ ਧੀਆਂ-ਭੈਣਾਂ ਸਭ ਦੀਆਂ ਸਾਂਜੀਆਂ ਹੁੰਦੀਆਂ ਨੇ ! ਪਿਆਰ ਦਾ ਦਿਖਾਵਾ ਨਹੀਂ ਕਰਦੀਆਂ ਮੈਂ ਤਾਂ ਕਹਾਂਗਾ ਕਿ ਸਭ ਤੋਂ ਅਨਮੋਲ ਰਿਸ਼ਤਿਆਂ ਵਿਚੋਂ ਹੁੰਦਾ ਹੈ ਧੀਆਂ ਦਾ



ਰਿਸ਼ਤਾ। ਸੰਸਾਰ ਵਿਚ ਵਿਚਰਦਿਆਂ ਜਿੰਦਗੀ 'ਚ ਅਨੇਕਾਂ ਹੀ ਉਤਰਾਅ ਚੜਾ ਆਉਂਦੇ ਹਨ, ਅਨੇਕਾਂ ਹੀ ਮੁਸ਼ਕਿਲ ਆਉਂਦੀਆਂ ਹਨ, ਪ੍ਰੰਤੂ ਇਨਾਂ ਧੀਆਂ ਨਾਲ ਬਿਤਾਏ ਕੁਝ ਪਲ, ਛਿਨ, ਘੜੀਆਂ ਸਾਰੀਆਂ ਚਿੰਤਾਵਾਂ ਉੱਡ-ਪੁੱਡ ਜਾਂਦੀਆਂ ਹਨ। ਮਾਂ ਤੋਂ ਮਗਰੋਂ ਇਕ ਧੀ ਹੈ ਜਿਸ ਕੋਲ ਬੈਠ ਦਿਲ ਨੂੰ ਸਕੂਨ ਮਿਲਦਾ ਹੈ। ਮੈਨੂੰ ਤਾਂ ਜਿਨਾਂ ਮਿੱਠਾ ਤੇ ਨਿੱਘਾ ਸ਼ਬਦ 'ਮਾਂ' ਲਗਦਾ ਹੈ ਉਨਾ ਹੀ ਮਿੱਠਾ ਤੇ ਨਿੱਘਾ ਸ਼ਬਦ 'ਧੀ' ਲੱਗਦਾ ਹੈ ਕਿਉ ਕਿ ਇਨਾਂ ਦੋਹਾਂ ਦਾ ਪਰਿਵਾਰ ਪ੍ਰਤੀ ਪਿਆਰ, ਸਤਿਕਾਰ ਤੇ ਫ਼ਿਕਰ ਕਦੀ ਮਾਪਿਆਂ ਨਹੀਂ ਜਾ ਸਕਦਾ। ਧੀਆਂ ਦਾ ਪਿਆਰ ਅਨਮੋਲ ਖਜਾਨੈ ਜਿਹਾ ਹੁੰਦਾ ਹੈ ਤੇ ਬੜਾ ਸਾਂਭ ਕੇ ਰੱਖਣਾ ਪੈਂਦਾ ਹੈ ਨਾਲ ਹੀ ਇੱਥੇ ਮਾਂ-ਬਾਪ ਦਾ ਇਹ ਫਰਜ਼ ਵੀ ਬਣਦਾ ਹੈ ਕਿ ਲਾਡਾਂ, ਪਿਆਰਾਂ ਨਾਲ ਪਾਲੀਆਂ ਧੀਆਂ ਨੂੰ ਚੰਗੀ ਸਿੱਖਿਆ ਤੇ ਸੰਸਕਾਰ ਦਿੱਤੇ ਜਾਣ ਤਾਂ ਜੋ ਉਨਾਂ ਨੂੰ ਦੁਨੀਆਂ-ਦਾਰੀ ਦੀ ਸਮਝ ਪੈ ਸਕੇ, ਚੰਗੈ-ਮਾੜੇ ਦੀ ਪਰਖ ਹੋ ਸਕੇ ਕਿਉਂਕਿ ਇਹ ਦੁਨੀਆ ਬਹੁਰੰਗੀ ਹੈ। ਜਿਵੇਂ ਕਿਹਾ ਜਾਂਦਾ ਹੈ ਕਿ ਮਾਂ ਦਾ ਪਿਆਰ ਨਸੀਬਾਂ ਵਾਲਿਆਂ ਨੂੰ ਮਿਲਦਾ ਹੈ ਉਵੇਂ ਹੀ ਧੀ ਦਾ ਪਿਆਰ ਵੀ ਬਿਨਾਂ ਨਸੀਬਾਂ ਤੋਂ ਨਹੀਂ ਮਿਲਦਾ। ਘਰ ਵਿਚ ਧੀ ਹੋਣ ਨਾਲ, ਘਰ ਵਿਚ ਪਿਆਰ, ਬੋਲਬਾਣੀ ਦਾ ਚੰਗਾ ਸਲੀਕਾ, ਲੱਜ-ਸ਼ਰਮ ਅਤੇ ਅਨੁਸਾਸ਼ਨ ਬਣਿਆ ਰਹਿੰਦਾ ਹੈ। ਅਕਸਰ ਕਿਹਾ ਜਾਂਦਾ ਕਿ ਮਾਂ ਰੱਬ ਦਾ ਦੂਜਾ ਰੂਪ ਹੁੰਦੀ ਹੈ ਤੇ ਮੈਂ ਕਹਾਂਗਾ ਕਿ ਧੀ ਉਸ ਰੂਪ (ਮਾਂ) ਦਾ ਰੂਪ ਹੁੰਦੀ ਹੈ।

ਪਰਿਵਾਰ ਨੂੰ ਜੋੜੀ ਰੱਖਣ ਵਾਲੀਆਂ ਕਦੀ ਨਾ ਅੱਕਣ, ਥੱਕਣ ਵਾਲੀਆਂ ਸੰਸਾਰ ਦੀਆਂ ਸਭ ਧੀਆਂ, ਧਿਆਣੀਆਂ ਨੂੰ ਮੇਰਾ ਸਲਾਮ।

# ਪੰਜਾਬੀ ਜ਼ੁਬਾਨ ਦਾ 'ਮਹਿਬੂਬ ਸ਼ਾਇਰ' ਸ਼ਿਵ ਕੁਮਾਰ ਬਟਾਲਵੀ !



**ਹਰਮਨਪ੍ਰੀਤ ਸਿੰਘ**
98550-10005

**ਮਾਂ, ਹੇ ਮੇਰੀ ਮਾਂ !**
**ਤੇਰੇ ਆਪਣੇ ਦੁੱਧ ਵਰਗਾ ਹੀ, ਤੇਰਾ ਸੁੱਚਾ ਹੈ ਨਾਂ**
**ਜੀਭ ਹੋ ਜਾਏ ਮਾਖਿਓਂ, ਹਾਏ ਨੀ ਤੇਰਾ ਨਾਂ ਲਿਆਂ**
**ਜੇ ਇਜਾਜ਼ਤ ਦਏਂ ਤਾਂ ਮੈਂ ਇਕ ਵਾਰੀ ਲੈ ਲਵਾਂ**
**ਮਾਘੀ ਦੀ ਹਾਏ ਸੁੱਚੜੀ, ਸੰਗਰਾਂਦ ਵਰਗਾ ਤੇਰਾ ਨਾਂ**
**ਮਾਂ ਤਾਂ ਹੁੰਦੀ ਹੈ ਛਾਂ, ਛਾਂ ਕਦੇ ਘਸਦੀ ਤੇ ਨਾ**
**ਮਾਂ, ਹੇ ਮੇਰੀ ਮਾਂ !**

ਇਕ ਮਾਂ ਲਈ ਇੰਨੇ ਕੋਮਲ, ਮਿੱਠੇ ਤੇ ਸੁੱਚੇ ਸ਼ਬਦ! ਇਹ ਸ਼ਿਵ ਹੀ ਲਿਖ ਸਕਦਾ ਸੀ, ਇਹ ਸ਼ਿਵ ਹੀ ਆਖ ਸਕਦਾ ਸੀ। ਮਾਤਾ ਸ਼ਾਂਤੀ ਦੇਵੀ ਦੀ ਕੁੱਖੋਂ ਜੰਮੇ ਸ਼ਿਵ ਕੁਮਾਰ ਬਟਾਲਵੀ ਦਾ ਜਨਮ ਪਿਤਾ ਕਿਸ਼ਨ ਗੋਪਾਲ ਦੇ ਘਰ ਸਿਆਲਕੋਟ ਜ਼ਿਲੇ ਦੀ ਤਹਿਸੀਲ ਸ਼ਕਰਗੜ੍ਹ ਦੇ ਬੜਾ ਪਿੰਡ ਲੋਹਟੀਆ (ਪਾਕਿਸਤਾਨ) ਵਿਚ 23 ਜੁਲਾਈ 1936 ਨੂੰ ਹੋਇਆ। ਮੁੱਢਲੀ ਸਿੱਖਿਆ ਸ਼ਿਵ ਕੁਮਾਰ ਨੇ ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਹੀ ਪ੍ਰਾਪਤ ਕੀਤੀ ਸੀ। ਸੰਨ 1947 ਦੀ ਭਾਰਤ, ਪਾਕਿਸਤਾਨ ਵੰਡ ਦੌਰਾਨ ਸ਼ਿਵ ਕੁਮਾਰ ਬਟਾਲਵੀ ਆਪਣੇ ਪਰਿਵਾਰ ਨਾਲ ਭਾਰਤ ਆ ਗਏ ਤੇ ਪੰਜਾਬ ਵਿਚ ਪੈਂਦੇ ਸ਼ਹਿਰ ਬਟਾਲੇ ਆ ਵਸੇ। ਉਸ ਵਕਤ ਸ਼ਿਵ ਦੀ ਉਮਰ ਲਗਭਗ 10-11 ਸਾਲ ਦੀ ਹੋਵੇਗੀ। ਸ਼ਿਵ ਨੇ ਬਟਾਲੇ ਆ ਆਪਣੀ ਸਿੱਖਿਆ ਮੁੜ ਸ਼ੁਰੂ ਕੀਤੀ ਤੇ ਬਟਾਲੇ ਆਰਮੀ ਹਾਈ ਸਕੂਲ ਤੋਂ ਸੰਨ 1953 ਵਿਚ ਦਸਵੀਂ ਪਾਸ ਕੀਤੀ। ਜਿੰਦਗੀ ਦੇ ਅਗਲੇ ਪੜਾਅ ਵਿਚ ਫ਼ਕੀਰਾਨਾ ਸੁਭਾਅ ਦਾ ਮਾਲਕ ਪਟਵਾਰੀ ਲੱਗ ਗਿਆ। ਸ਼ਾਇਰਾਨਾ ਮਿਜ਼ਾਜ ਦੇ ਸ਼ਿਵ ਨੇ ਸੰਨ 1960 ਵਿਚ ਪਟਵਾਰੀ ਦੀ ਨੌਕਰੀ ਨੂੰ ਅਲਵਿਦਾ ਆਖ ਲਗਭਗ ਛੇ ਸਾਲ ਸੰਨ 1966 ਤੱਕ ਬੇਰੁਜ਼ਗਾਰ ਰਿਹਾ ਤੇ ਦੂਜੇ ਪਾਸੇ ਉਸ ਦਾ ਗੀਤ, ਗ਼ਜ਼ਲਾਂ, ਕਵਿਤਾਵਾਂ ਵਿਚ ਪਕੜ ਹੋਰ ਮਜਬੂਤ ਹੁੰਦੀ ਗਈ ਤੇ ਹੁਣ ਸ਼ਿਵ ਕੁਮਾਰ 'ਸ਼ਿਵ' ਨਾ ਰਿਹਾ। ਹੁਣ 'ਸ਼ਿਵ' ਬਣ-ਚੁੱਕਾ ਸੀ, ਕਵੀ ਦਰਬਾਰਾ ਦੀ ਸ਼ਾਨ 'ਸ਼ਿਵ ਕੁਮਾਰ ਬਟਾਲਵੀ' ਤੇ ਸੰਨ 1966 ਵਿਚ ਸ਼ਿਵ ਕੁਮਾਰ ਬਟਾਲਵੀ ਨੇ ਸ਼ਹਿਰ ਬਟਾਲੇ ਦੀ ਸਟੇਟ ਬੈਂਕ ਆਫ ਇੰਡੀਆ ਦੀ ਬ੍ਰਾਂਚ ਵਿਚ ਕਲਰਕ ਦੀ ਨੌਕਰੀ ਅਰੰਭ ਕੀਤੀ। ਜ਼ਿਲਾ ਗੁਰਦਾਸਪੁਰ ਦੇ ਪਿੰਡ ਕੀੜੀ ਮੰਗਿਆਲ ਦੀ ਕੁੜੀ ਅਰੁਣਾ ਨਾਲ ਸੰਨ 1967 ਵਿਚ ਵਿਆਹ ਹੋਇਆ।

ਸੰਨ 1968 ਵਿਚ ਸ਼ਿਵ ਕੁਮਾਰ ਬਟਾਲਵੀ ਦੀ ਬਦਲੀ ਸਟੇਟ ਬੈਂਕ ਆਫ ਇੰਡੀਆ ਦੀ ਚੰਡੀਗੜ੍ਹ ਬ੍ਰਾਂਚ ਵਿਚ ਹੋ ਗਈ। ਫ਼ਕੀਰਾਨਾ ਸੁਭਾਅ ਦੇ ਮਾਲਕ ਸ਼ਿਵ ਦਾ ਮਨ ਕਲਰਕ ਦੀ ਨੌਕਰੀ ਵਿਚ ਨਹੀਂ ਸੀ ਲੱਗ ਰਿਹਾ। ਚੰਡੀਗੜ੍ਹ ਦੇ 21 ਸੈਕਟਰ ਦੇ ਇੱਕ ਕਿਰਾਏ ਦੇ ਘਰ ਵਿਚ ਰਹਿ ਉਹ ਗੀਤ, ਗ਼ਜ਼ਲਾਂ, ਕਵਿਤਾਵਾਂ ਲਿਖ ਰਿਹਾ ਸੀ ਜੋ ਅੱਜ ਦੇ ਦਿਨ ਤੱਕ ਕੋਈ ਲਿਖ ਨਾ ਸਕਿਆ।

**ਤੈਨੂੰ ਦਿਆਂ ਹੰਝੂਆਂ ਦਾ ਭਾੜਾ, ਨੀ ਪੀੜਾਂ ਦਾ ਪਰਾਗਾ ਭੁੰਨ ਦੇ**
**ਭੱਠੀ ਵਾਲੀਏ ।**
**ਭੱਠੀ ਵਾਲੀਏ ਚੰਬੇ ਦੀਏ ਡਾਲੀਏ, ਨੀ ਪੀੜਾਂ ਦਾ ਪਰਾਗਾ ਭੁੰਨ ਦੇ**
**ਭੱਠੀ ਵਾਲੀਏ ।**
**ਹੋ ਗਿਆ ਕੁਵੇਲਾ ਮੈਨੂੰ ਢਲ ਗਈਆਂ ਛਾਵਾਂ ਨੀ,**
**ਬੇਲਿਆਂ 'ਚੋਂ ਮੁੜ ਗਈਆਂ ਮੱਝੀਆਂ ਤੇ ਗਾਵਾਂ ਨੀ,**
**ਪਾਇਆ ਚਿੜੀਆਂ ਨੇ ਚੀਕ-ਚਿਹਾੜਾ, ਨੀ ਪੀੜਾਂ ਦਾ ਪਰਾਗਾ ਭੁੰਨ ਦੇ**
**ਭੱਠੀ ਵਾਲੀਏ ।**
**ਤੈਨੂੰ ਦਿਆਂ ਹੰਝੂਆਂ ਦਾ ਭਾੜਾ, ਨੀ ਪੀੜਾਂ ਦਾ ਪਰਾਗਾ ਭੁੰਨ ਦੇ**
**ਭੱਠੀ ਵਾਲੀਏ ।**

ਪੀੜਾਂ ਦਾ ਪਰਾਗਾ ਕਿਤਾਬ ਲਿਖਣ ਵਾਲਾ ਸ਼ਿਵ ਕੁਮਾਰ ਬਟਾਲਵੀ ਪ੍ਰਮਾਤਮਾ ਵਲੋਂ ਬਖ਼ਸ਼ੀ ਛੋਟੀ ਜਿਹੀ ਉਮਰ ਵਿਚ ਬਹੁਤ ਕੁਝ ਵੱਡਾ ਲਿਖ ਗਿਆ। ਸ਼ਿਵ ਦੀ ਸੁਰੀਲੀ ਆਵਾਜ਼ ਨੇ ਉਸ ਨੂੰ ਅਤੇ ਉਸ ਦੀਆਂ ਕਵਿਤਾਵਾਂ, ਗੀਤ, ਗ਼ਜ਼ਲਾਂ ਨੂੰ ਬਹੁਤ ਹੀ ਹਰਮਨ ਪਿਆਰਾ ਬਣਾ ਦਿੱਤਾ ਸੀ। ਸ਼ਿਵ ਕੁਮਾਰ ਬਟਾਲਵੀ ਦੀਆਂ ਕਾਵਿ ਰਚਨਾਵਾਂ : ਪੀੜਾਂ ਦਾ ਪਰਾਗਾ, ਲਾਜਵੰਤੀ, ਆਟੇ ਦੀਆਂ ਚਿੜੀਆਂ, ਮੈਨੂੰ ਵਿਦਾ ਕਰੋ, ਦਰਦਮੰਦਾਂ ਦੀਆਂ ਆਹੀਂ, ਲੂਣਾਂ, ਮੈਂ ਤੇ ਮੈਂ, ਆਰਤੀ ਅਤੇ ਬਿਰਹਾ ਤੂੰ ਸੁਲਤਾਨ ਬੇਹੱਦ ਮਕਬੂਲ ਹੋਈਆਂ ਕਾਵਿ ਰਚਨਾਵਾਂ ਸਨ ਵਧੇਰੇ ਕਰਕੇ ਸ਼ਿਵ ਕੁਮਾਰ ਬਟਾਲਵੀ ਆਪਣੀ ਰੋਮਾਂਟਿਕ ਕਵਿਤਾ ਲਈ ਜਾਣੇ ਜਾਂਦਾ ਸਨ ਤੇ ਅੱਜ ਵੀ ਜਾਣੇ ਜਾਂਦੇ ਹਨ ।

**23 ਜੁਲਾਈ ਜਨਮ ਦਿਵਸ 'ਤੇ ਵਿਸ਼ੇਸ਼**

ਸ਼ਿਵ ਕੁਮਾਰ ਬਟਾਲਵੀ ਨੂੰ ਸੰਨ 1967 ਵਿਚ ਸਾਹਿਤਕ ਅਕਾਦਮੀ ਪੁਰਸਕਾਰ ਮਿਲ ਗਿਆ ਸੀ ਤੇ ਉਹ ਇਹ ਪੁਰਸਕਾਰ ਪ੍ਰਾਪਤ ਕਰਨ ਵਾਲੇ ਸਭ ਤੋਂ ਛੋਟੀ ਉਮਰ ਦੇ ਲੇਖਕ ਸਨ। ਇਸ ਪੰਜਾਬੀ ਜ਼ੁਬਾਨ ਦੇ ਮਕਬੂਲ ਤੇ ਮਹਿਬੂਬ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੂੰ ਉਸ ਦੇ ਕੁਦਰਤ ਨਾਲ ਪ੍ਰੇਮ ਨੇ ਉਸ ਤੋਂ ਬਿਰਖਾਂ ਦੀ ਹੋਂਦ ਨੂੰ ਕੁਝ ਇੰਝ



ਲਿਖਵਾਇਆ :

**ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ ਕੁਝ ਰੁੱਖ ਲਗਦੇ ਮਾਵਾਂ,**
**ਕੁਝ ਰੁੱਖ ਨੂੰਹਾਂ ਧੀਆਂ ਲੱਗਦੇ ਕੁਝ ਰੁੱਖ ਵਾਂਗ ਭਰਾਵਾਂ,**
**ਕੁਝ ਰੁੱਖ ਮੇਰੇ ਬਾਬੇ ਵਾਕਣ ਪੱਤਰ ਟਾਵਾਂ ਟਾਵਾਂ,**
**ਕੁਝ ਰੁੱਖ ਮੇਰੀ ਦਾਦੀ ਵਰਗੇ ਚੂਰੀ ਪਾਵਣ ਕਾਵਾਂ,**
**ਕੁਝ ਰੁੱਖ ਯਾਰਾਂ ਵਰਗੇ ਲਗਦੇ ਚੁੰਮਾਂ ਤੇ ਗਲ ਲਾਵਾਂ,**
**ਇਕ ਮੇਰੀ ਮਹਿਬੂਬਾ ਵਾਕਣ ਮਿੱਠਾ ਅਤੇ ਦੁਖਾਵਾਂ,**
**ਕੁਝ ਰੁੱਖ ਮੇਰਾ ਦਿਲ ਕਰਦਾ ਏ ਮੋਢੇ ਚੁੱਕ ਖਿਡਾਵਾਂ,**
**ਕੁਝ ਰੁੱਖ ਮੇਰਾ ਦਿਲ ਕਰਦਾ ਏ ਚੁੰਮਾਂ ਤੇ ਮਰ ਜਾਵਾਂ,**
**ਕੁਝ ਰੁੱਖ ਜਦ ਵੀ ਰਲ ਕੇ ਝੂਮਣ ਤੇਜ਼ ਵਗਣ ਜਦ ਵਾਵਾਂ,**
**ਸਾਵੀ ਬੋਲੀ ਸਭ ਰੁੱਖਾਂ ਦੀ ਦਿਲ ਕਰਦਾ ਲਿਖ ਜਾਵਾਂ,**
**ਮੇਰਾ ਵੀ ਇਹ ਦਿਲ ਕਰਦਾ ਏ ਰੁੱਖ ਦੀ ਜੂਨੇ ਆਵਾਂ,**
**ਜੇ ਤੁਸਾਂ ਮੇਰਾ ਗੀਤ ਹੈ ਸੁਣਨਾ ਮੈਂ ਰੁੱਖਾਂ ਵਿਚ ਗਾਵਾਂ,**
**ਰੁੱਖ ਤਾਂ ਮੇਰੀ ਮਾਂ ਵਰਗੇ ਨੇ ਜਿਉਂ ਰੁੱਖਾਂ ਦੀਆਂ ਛਾਵਾਂ ।**

ਸ਼ਿਵ ਕੁਮਾਰ ਬਟਾਲਵੀ ਰਾਵੀ ਦਰਿਆ ਦਾ ਉਹ ਲਾਡਲਾ ਪੁੱਤਰ ਸੀ ਜਿਸ ਨੇ ਰਾਵੀ ਦੇ ਉਰਵਾਰ ਪਾਰ ਵਸਦੇ ਲੋਕਾਂ ਦੇ ਗੁਆਚਦੇ ਜਾ ਰਹੇ ਸ਼ਬਦਾਂ ਨੂੰ ਆਪਣੀ ਸ਼ਾਇਰੀ ਵਿਚ ਸੰਭਾਲਿਆ ਤੇ ਅੱਜ ਵੀ ਅਸੀਂ 'ਸ਼ਿਵ' ਦੇ ਗੀਤ, ਗ਼ਜ਼ਲਾਂ, ਕਵਿਤਾਵਾਂ ਵਿਚ ਸਿਰਫ ਪੰਜਾਬ ਨਹੀਂ ਸਗੋਂ ਸਮੁੱਚੀ ਕੁਦਰਤ ਦੇ ਦਰਸ਼ਨ ਕਰ ਸਕਦੇ ਹਾਂ । ਸ਼ਿਵ ਕੁਮਾਰ ਬਟਾਲਵੀ ਦੇ ਬੇਹੱਦ ਨਜ਼ਦੀਕ ਰਹਿਣ ਵਾਲੇ ਲੋਕ ਕਹਿੰਦੇ ਸਨ ਕਿ ਉਹ ਸਦਾ ਬਣ-ਠਣ ਕੇ ਰਹਿੰਦਾ ਸੀ। ਇਥੇ ਅਸੀਂ ਇਹ ਵੀ ਕਿਹਾ ਸਕਦੇ ਹਾਂ ਕਿ 'ਸ਼ਿਵ' ਪੰਜਾਬੀ ਸ਼ਾਇਰੀ ਦਾ ਪਹਿਲਾ ਮਾਡਰਨ ਸ਼ਾਇਰ ਸੀ। ਸ਼ਿਵ ਕੁਮਾਰ ਬਟਾਲਵੀ ਨੂੰ ਲੋਕ ਬਿਰਹਾ ਦਾ ਸ਼ਾਇਰ ਵੀ ਆਖਦੇ ਹਨ ਕਿਉਂਕਿ ਉਸ ਨੇ ਬਿਰਹਾ ਦਾ ਜ਼ਿਕਰ ਬਹੁਤ ਵਾਰ ਆਪਣੀਆਂ ਕਵਿਤਾਵਾਂ ਵਿਚ ਕੀਤਾ ਹੈ ਤੇ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਕੁਝ ਇੰਝ ਲਿਖਦਾ :

**ਲੋਕੀਂ ਪੂਜਣ ਰੱਬ ਮੈਂ ਤੇਰਾ ਬਿਰਹੜਾ**
**ਸਾਨੂੰ ਸੌ ਮੱਕਿਆਂ ਦਾ ਹੱਜ ਵੇ ਤੇਰਾ ਬਿਰਹੜਾ ।**
**ਲੋਕ ਕਹਿਣ ਮੈਂ ਸੂਰਜ ਬਣਿਆ ਲੋਕ ਕਹਿਣ ਮੈਂ ਰੋਸ਼ਨ ਹੋਇਆ**
**ਸਾਨੂੰ ਕੇਹੀ ਲਾ ਗਿਆ ਅੱਗ ਵੇ ਤੇਰਾ ਬਿਰਹੜਾ ।**

ਪੰਜਾਬੀ ਦੇ ਹਰਮਨ ਪਿਆਰੇ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਅੱਜ ਵੀ ਲੋਕਾਂ ਦੇ ਦਿਲਾਂ ਵਿਚ ਆਪਣੀਆਂ ਅਣਗਿਣਤ ਲਿਖਤਾਂ ਰਾਹੀਂ ਧੜਕ ਰਹੇ ਹਨ। ਆਖਰੀ ਸਮੇਂ ਉਨਾਂ ਨੂੰ ਇੰਗਲੈਂਡ ਦੀ ਆਬੋ-ਹਵਾ ਰਾਸ ਨਾ ਆਈ ਤੇ ਜਦੋਂ ਉਹ ਭਾਰਤ ਆਪਣੇ ਵਤਨ ਵਾਪਸ ਆਏ ਤਾਂ 6 ਮਈ, ਸੰਨ 1973 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਲਗਭਗ 37 ਸਾਲ ਦੀ ਭਰ ਜਵਾਨੀ ਵਿਚ ਇਸ ਸੰਸਾਰ ਨੂੰ ਛੱਡ ਜਾਦ ਵਾਲਾ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਜਾਪਦਾ ਹੈ ਅੱਜ ਵੀ ਸਾਡੇ ਵਿਚ ਆਪਣੀਆਂ ਲਿਖਤਾਂ ਰਾਹੀਂ ਹਾਜ਼ਰ ਹੈ ਤੇ ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਉਹ ਕਹਿ ਰਿਹਾ ਹੈ :

**ਅਸਾਂ ਤਾਂ ਜੋਬਨ ਰੁੱਤੇ ਮਰਨਾ ਮੁੜ ਜਾਣਾ ਅਸਾਂ ਭਰੇ ਭਰਾਏ**
**ਹਿਜਰ ਤੇਰੇ ਦੀ ਕਰ ਪਰਕਰਮਾ ਅਸਾਂ ਤਾਂ ਜੋਬਨ ਰੁੱਤੇ ਮਰਨਾ**
**ਜੋਬਨ ਰੁੱਤੇ ਜੋ ਵੀ ਮਰਦਾ ਫੁੱਲ ਬਣੇ ਜਾਂ ਤਾਰਾ**
**ਜੋਬਨ ਰੁੱਤੇ ਆਸ਼ਿਕ ਮਰਦੇ ਜਾਂ ਕੋਈ ਕਰਮਾਂ ਵਾਲਾ**
**ਜਾਂ ਉਹ ਮਰਨ ਕਿ ਜਿਨਾਂ ਲਿਖਾਏ ਹਿਜਰ ਧੁਰੋਂ ਵਿਚ ਕਰਮਾਂ**
**ਹਿਜਰ ਤੁਹਾਡਾ ਅਸਾਂ ਮੁਬਾਰਕ ਨਾਲ ਬਹਿਸ਼ਤੀਂ ਖੜਨਾ**
**ਅਸਾਂ ਤਾਂ ਜੋਬਨ ਰੁੱਤੇ ਮਰਨਾ ।**

ਪੰਜਾਬ ਤੇ ਪੰਜਾਬੀਅਤ ਦੇ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦਾ ਭਰ ਜਵਾਨੀ ਵਿਚ ਚਲੇ ਜਾਣ ਦਾ ਜਖਮ ਪੰਜਾਬੀ ਭਾਸ਼ਾ ਦੇ ਸਾਹਿਤਕਾਰਾਂ ਤੇ ਪਾਠਕ ਲਈ ਸਦਾ ਹਰਾ ਹੀ ਰਹੇਗਾ।

# ਪਰਵਾਸ ਜਾਣ ਲਈ ਪੰਜਾਬ ਦੇ ਉਜਾੜੇ ਦੀ ਪੀੜਾ

**ਅੰਮ੍ਰਿਤਪਾਲ ਸਮਰਾਲਾ**

ਭਾਰਤ ਦੀ ਰਾਜਨੀਤੀ ਗੰਧਲੀ ਹੋ ਚੁੱਕੀ ਹੈ, ਵਾਤਾਵਰਨ ਬੁਰੀ ਤਰਾਂ ਪ੍ਰਦੂਸ਼ਿਤ ਹੋ ਚੁੱਕਿਆ ਹੈ ਤੇ ਚਾਰੇ ਪਾਸੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਸਾਡੇ ਬਜ਼ੁਰਗ ਤਾਂ ਇਸ ਪੀੜਾ ਨੂੰ ਸਹਾਰ ਗਏ ਤੇ ਅਸੀਂ ਵੀ ਸਹਾਰ ਰਹੇ ਹਾਂ ਪਰ ਸਾਡੀ ਅੱਜ ਦੀ ਨੌਜਵਾਨ ਪੀੜੀ ਇਸ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਕਰ ਰਹੀ ਹੈ। ਹੋਵੇ ਵੀ ਕਿਉਂ ਨਾ, ਉਚੇਰੀਆਂ ਪੜ੍ਹਾਈਆਂ, ਵੱਡੀਆਂ ਡਿਗਰੀਆਂ ਤੇ ਵਿਗਿਆਨਕ ਯੁੱਗ ਦੇ ਧਾਰਨੀ ਨੌਜਵਾਨ ਘੱਟੋ-ਘੱਟ ਇਸ ਗੱਲ ਨੂੰ ਤਾਂ ਜਾਣਨ ਵਿਚ ਸਫਲ ਹੋ ਚੁੱਕੇ ਹਨ ਕਿ ਦੁਨੀਆ ਦੇ ਕਿਸ ਕੋਨੇ 'ਚ ਕਿਹੋ ਜਿਹੇ ਲੋਕ ਰਹਿੰਦੇ ਹਨ ਤੇ ਉੱਥੋਂ ਦੇ ਕਿਹੋ ਜਿਹੇ ਦਸਤੂਰ ਹਨ।

ਇਹ ਖ਼ੁਸ਼ੀ ਦੀ ਵੀ ਗੱਲ ਹੈ ਕਿ ਸਾਡੇ ਨੌਜਵਾਨ ਹੁਣ ਆਪਣੀ ਜ਼ਿੰਦਗੀ ਦੇ ਫ਼ੈਸਲੇ ਲੈਣ ਦੇ ਸਮਰੱਥ ਹੋ ਚੁੱਕੇ ਹਨ ਪਰ ਇੱਥੇ ਦੁੱਖ ਦੀ ਗੱਲ ਇਹ ਵੀ ਹੈ ਕਿ ਅਸੀਂ ਆਪਣੇ ਦੇਸ਼ ਦੇ ਸਿਸਟਮ ਨੂੰ ਉਨਾਂ ਦੇ ਫ਼ੈਸਲਿਆਂ ਦੇ ਅਨੁਕੂਲ ਨਹੀਂ ਰੱਖ ਸਕੇ। ਇੱਥੇ ਮਨੁੱਖ ਦੀਆਂ ਲਾਲਸਾਵਾਂ ਕਾਰਨ ਸਮਾਜ, ਸਿਆਸਤ ਅਤੇ ਵਾਤਾਵਰਨ ਸਮੇਤ ਸਭ ਕੁਝ ਪ੍ਰਦੂਸ਼ਿਤ ਹੋ ਚੁੱਕਿਆ ਹੈ। ਇਹੋ ਕਾਰਨ ਹੈ ਕਿ ਪੜ੍ਹਿਆ-ਲਿਖਿਆ ਨੌਜਵਾਨ ਵਰਗ ਵਿਦੇਸ਼ ਜਾਣ ਨੂੰ ਹੀ ਆਪਣਾ ਸੁਪਨਾ ਬਣਾ ਚੁੱਕਾ ਹੈ।

ਇਕ ਪਾਸੇ ਦੇਸ਼ ਦੇ ਫ਼ਿਕਰਮੰਦ ਲੋਕ ਦਲੀਲ ਦੇ ਰਹੇ ਹਨ ਕਿ ਜੇ ਪੜ੍ਹੇ-ਲਿਖੇ ਨੌਜਵਾਨ ਇਸੇ ਤਰਾਂ ਵਿਦੇਸ਼ਾਂ ਨੂੰ ਭੱਜਦੇ ਰਹੇ ਤਾਂ ਪਿੱਛੇ ਦੇਸ਼ ਦਾ ਕੀ ਬਣੇਗਾ ਪਰ ਦੂਜੇ ਪਾਸੇ ਵਿਦੇਸ਼ ਜਾਣ ਦੇ ਚਾਹਵਾਨ ਨੌਜਵਾਨ ਆਪਣੀ ਦਲੀਲ ਨਾਲ ਜਵਾਬ ਦਿੰਦੇ ਹਨ ਕਿ ਜੇ ਅਸੀਂ ਇਸ ਦੇਸ਼ ਵਿਚ ਰਹੇ ਤਾਂ ਸਾਡਾ ਕੀ ਬਣੇਗਾ? ਕੈਨੇਡਾ, ਆਸਟ੍ਰੇਲੀਆ ਤੇ ਅਮਰੀਕਾ ਵਰਗੇ ਦੇਸ਼ਾਂ 'ਚ ਜਾਣ ਨੂੰ



ਕਾਹਲ਼ੇ ਇਹ ਨੌਜਵਾਨ ਆਪਣੇ ਦੇਸ਼ 'ਚੋਂ 10+2 ਪਾਸ ਕਰਦਿਆਂ ਹੀ ਅੰਡਰ ਗ੍ਰੈਜੂਏਟ ਜਾਂ ਗ੍ਰੈਜੂਏਟ ਕੋਰਸਾਂ ਲਈ ਵਿਦੇਸ਼ਾਂ ਨੂੰ ਉਡਾਰੀ ਮਾਰ ਜਾਂਦੇ ਹਨ।

ਦੂਜੇ ਪਾਸੇ ਸਾਡੇ ਦੇਸ਼ 'ਚ ਰਹਿ ਕੇ ਨੌਜਵਾਨ ਗ੍ਰੈਜੂਏਟ ਜਾਂ ਹੋਰ ਉਚੇਰੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਨੌਕਰੀਆਂ ਲਈ ਦਰ-ਬ-ਦਰ ਠੋਕਰਾਂ ਖਾਣ ਲਈ ਮਜਬੂਰ ਹੋ ਜਾਂਦੇ ਹਨ। ਇਸੇ ਕਰਕੇ ਜਿਨਾਂ ਨੌਜਵਾਨਾਂ ਦੇ ਮਾਪਿਆਂ ਕੋਲ ਚੰਗੀ ਗੁੰਜਾਇਸ਼ ਹੁੰਦੀ ਹੈ, ਉਹ ਪਹਿਲਾਂ ਹੀ ਆਪਣੇ ਬੱਚਿਆਂ ਨੂੰ ਸਟੱਡੀ ਬੇਸ ਜਾਂ ਪੀ.ਆਰ. ਬੇਸ 'ਤੇ ਦੂਜੇ ਦੇਸ਼ਾਂ ਦਾ ਰਾਹ ਪੱਧਰਾ ਕਰ ਦਿੰਦੇ ਹਨ ਕਿਉਂਕਿ ਸਭ ਦਾ ਮੰਨਣਾ ਹੈ ਕਿ ਸਾਡੇ ਦੇਸ਼ 'ਚ ਬੱਚਿਆਂ ਦਾ ਭਵਿੱਖ ਸੁਰੱਖਿਅਤ ਨਹੀਂ ਹੈ।

ਇਕ ਚਪੜਾਸੀ ਦੀ ਅਸਾਮੀ ਲਈ ਜਦੋਂ ਲੱਖਾਂ ਦੀ ਤਦਾਦ ਵਿਚ ਫਾਰਮ ਭਰੇ ਜਾਂਦੇ ਹਨ ਤੇ ਉਨਾਂ ਵਿਚ ਵੀ ਬਹੁਗਿਣਤੀ ਗ੍ਰੈਜੂਏਟ ਤੇ ਪੋਸਟ ਗ੍ਰੈਜੂਏਟ ਨੌਜਵਾਨਾਂ ਦੀ ਹੋਵੇ ਤਾਂ ਤੁਸੀਂ ਸਹਿਜੇ ਹੀ ਅੰਦਾਜ਼ਾ ਲਾ ਸਕਦੇ ਹੋ ਕਿ ਨੌਜਵਾਨ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਕਿਉਂ ਨਾ ਹੋਣ। ਸਾਡੇ ਨੌਜਵਾਨਾਂ ਦਾ ਵਿਦੇਸ਼ਾਂ ਵੱਲ ਨੂੰ ਕੂਚ ਕਰਨ ਪਿੱਛੇ ਵੱਡਾ ਕਾਰਨ ਇਹ ਵੀ ਹੈ ਕਿ ਬਾਹਰਲੇ ਦੇਸ਼ਾਂ 'ਚ ਕੰਮ ਕਰਨ ਵਾਲਿਆਂ ਦੀ ਕਦਰ ਹੈ ਤੇ ਉਨਾਂ ਦੀ ਮਿਹਨਤ ਦਾ ਸਹੀ ਮੁੱਲ ਵੀ ਉਨਾਂ ਦੇ ਪੱਲੇ ਪੈਂਦਾ ਹੈ। ਇਨਾਂ ਨੌਜਵਾਨ ਮੁੰਡੇ-ਕੁੜੀਆਂ ਨੂੰ ਬਾਹਰਲੇ ਦੇਸ਼ਾਂ ਦਾ ਸਿਸਟਮ, ਨਿਯਮ, ਕਾਨੂੰਨ, ਸਾਫ਼-ਸੁਥਰਾ ਵਾਤਾਵਰਨ, ਬਰਾਬਰੀ ਵਾਲਾ ਮਾਹੌਲ ਵੀ ਪ੍ਰਭਾਵਿਤ ਕਰਦਾ ਹੈ, ਜੋ ਉਨਾਂ ਨੂੰ ਆਪਣੇ ਦੇਸ਼ 'ਚ ਕਿਧਰੇ ਵੀ ਨਜ਼ਰ ਨਹੀਂ ਆਉਂਦਾ। ਦਿਨ ਪ੍ਰਤੀ ਦਿਨ ਘਟਦੇ ਜਾ ਰਹੇ ਰੁਜ਼ਗਾਰ ਦੇ ਮੌਕਿਆਂ, ਮੰਦਹਾਲੀ ਦੀ ਭੇਂਟ ਚੜ੍ਹੇ ਵਪਾਰ, ਘਾਟੇ ਦਾ ਵਣਜ ਸਾਬਿਤ ਹੋ ਰਹੀ ਕਿਸਾਨੀ, ਬੇਹੱਦ ਮਹਿੰਗੀ ਹੋ ਰਹੀ ਸਿੱਖਿਆ ਪ੍ਰਣਾਲੀ ਅਤੇ ਸਿਖ਼ਰਾਂ ਨੂੰ ਛੋਹ ਰਹੇ ਭ੍ਰਿਸ਼ਟਾਚਾਰ ਨੂੰ ਦੇਖਦਿਆਂ ਸੂਬੇ ਦੇ ਨੌਜਵਾਨਾਂ ਨੇ ਵਿਦੇਸ਼ਾਂ ਵੱਲ ਰੁਖ਼ ਅਖਤਿਆਰ ਕਰ ਲਿਆ ਹੈ। ਹਰ ਸਾਲ ਲੱਖਾਂ ਵਿਦਿਆਰਥੀ 'ਆਈਲੈਟਸ' ਦਾ ਟੈਸਟ ਪਾਸ ਕਰਨ ਉਪਰੰਤ ਵੱਖ-ਵੱਖ ਦੇਸ਼ਾਂ ਦੇ ਸਫ਼ਾਰਤਖ਼ਾਨਿਆਂ 'ਚ ਅਰਜ਼ੀਆਂ ਦਿੰਦੇ ਹਨ, ਇਸੇ ਕਰਕੇ ਸੂਬੇ ਅੰਦਰ 'ਆਈਲੈਟਸ ਕੋਚਿੰਗ ਸੈਂਟਰਾਂ' ਦੀ ਭਰਮਾਰ ਦਿਨ-ਬ-ਦਿਨ ਵਧਦੀ ਜਾ ਰਹੀ ਹੈ, ਜਿੱਥੇ ਨੌਜਵਾਨਾਂ ਦੀਆਂ ਡਾਰਾਂ ਦੀਆਂ ਡਾਰਾਂ ਆਉਂਦੀਆਂ ਆਮ ਹੀ ਦਿਖਾਈ ਪੈਂਦੀਆਂ ਹਨ। ਜ਼ਿਆਦਾਤਰ ਨੌਜਵਾਨ ਮੁੰਡੇ-ਕੁੜੀਆਂ ਅਜਿਹੇ ਹੁੰਦੇ ਹਨ, ਜਿਨਾਂ ਕੋਲ ਵਿਦੇਸ਼ ਜਾਣ ਲਈ ਜਾਂ ਤਾਂ ਪੂਰਾ ਪੈਸਾ ਨਹੀਂ ਹੁੰਦਾ ਅਤੇ ਜਾਂ ਫਿਰ ਉਹ ਫੰਡ ਵਗੈਰਾ ਸ਼ੋਅ ਕਰਨ ਵਿਚ ਅਸਮਰੱਥ ਹੁੰਦੇ ਹਨ।

ਅਕਸਰ ਅਜਿਹੇ ਨੌਜਵਾਨ ਨੌਸਰਬਾਜ਼ ਏਜੰਟਾਂ ਦੇ ਧੱਕੇ ਚੜ੍ਹ ਕੇ ਜਿੱਥੇ ਆਪਣੀ ਆਰਥਿਕ ਲੁੱਟ ਕਰਵਾ ਬੈਠਦੇ ਹਨ, ਉੱਥੇ ਹੀ ਏਜੰਟਾਂ ਕੋਲ ਗਵਾਏ ਆਪਣੇ ਪੈਸਿਆਂ ਦਾ ਸਿਤਮ ਝੱਲਦਿਆਂ ਜਾਂ ਤਾਂ ਖ਼ੁਦਕੁਸ਼ੀ ਜਿਹੀ ਵਾਰਦਾਤ ਨੂੰ ਅੰਜਾਮ ਦੇ ਦਿੰਦੇ ਹਨ ਤੇ ਜਾਂ ਫਿਰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋ ਕੇ ਨਸ਼ਿਆਂ ਵਰਗੀਆਂ ਅਲਾਮਤਾਂ ਨੂੰ ਸਹੇੜ ਬੈਠਦੇ ਹਨ।

ਸੋ ਅੱਜ ਲੋੜ ਹੈ ਸੂਬਾ ਤੇ ਕੇਂਦਰ ਸਰਕਾਰਾਂ ਨੂੰ ਇਸ ਗੰਭੀਰ ਮਸਲੇ 'ਤੇ ਵਿਚਾਰ ਕਰਨ ਦੀ ਕਿ ਸਾਡੇ ਦੇਸ਼ ਦੇ ਹੋਣਹਾਰ ਨੌਜਵਾਨ ਵਿਦੇਸ਼ਾਂ ਵੱਲ ਕੂਚ ਕਿਉਂ ਕਰ ਰਹੇ ਹਨ? ਅਜਿਹੇ ਕੀ ਕਾਰਨ ਹਨ? ਇਸ ਪ੍ਰਤੀ ਉਨਾਂ ਨੂੰ ਗੰਭੀਰ ਮੰਥਨ ਕਰਨਾ ਪਵੇਗਾ। ਸਾਡੇ ਦੇਸ਼ ਦੇ ਹੁਕਮਰਾਨਾਂ ਨੂੰ ਇਮਾਨਦਾਰ ਹੋਣਾ ਪਵੇਗਾ ਤੇ ਸਾਨੂੰ ਵੀ ਆਪਣੇ ਨਿਜ਼ਾਮ ਨੂੰ ਖ਼ੁਦ ਸੁਧਾਰਨ ਲਈ ਲਾਮਬੰਦ ਹੋਣਾ ਪਵੇਗਾ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# ਸੰਦੂਕ ਦੀ ਮਾਲਕਣ

ਜੀਵਨ ਯਾਦ

## ਸ਼ਵਿੰਦਰ ਕੌਰ

ਮੇਰੇ ਬਚਪਨ ਵਿੱਚ ਆਮ ਤੌਰ ’ਤੇ ਸਾਰੇ ਘਰ ਕੱਚੇ ਹੁੰਦੇ ਸਨ। ਇਸੇ ਤਰਾਂ ਸਾਡਾ ਘਰ ਵੀ ਕੱਚਾ ਸੀ। ਘਰ ਵੜਦਿਆਂ ਵਿਹੜੇ ਦੇ ਇੱਕ ਪਾਸੇ ਆਏ ਗਏ ਲਈ ਬੈਠਕ ਤੇ ਉਸ ਨਾਲ ਰਸੋਈ। ਰਸੋਈ ਦੇ ਦੂਜੇ ਪਾਸੇ ਚੁੱਲਾ ਚੌਂਕਾ ਹੁੰਦਾ ਸੀ। ਅੱਗੇ ਪੂਰੀ ਵੱਡੀ ਸਬਾਤ ਸੀ, ਜਿਸਦੇ ਇੱਕ ਪਾਸੇ ਤਿੰਨ ਸੰਦੂਕ ਪਏ ਹੁੰਦੇ।

ਸਭ ਤੋਂ ਛੋਟਾ ਸੰਦੂਕ ਮੇਰੀ ਦਾਦੀ ਮਾਂ ਦਾ ਸੀ। ਅਗਲਾ ਸੰਦੂਕ ਜਿਸ ’ਤੇ ਫੱਟੀ ਲਾ ਕੇ ਡੱਬੇ ਪਾਏ ਹੋਏ ਸਨ ਅਤੇ ਉਨਾਂ ਡੱਬਿਆਂ ਵਿੱਚ ਪਿੱਤਲ ਦੀਆਂ ਫੁੱਲੀਆਂ ਲੱਗੀਆਂ ਹੋਈਆਂ ਸਨ, ਮੇਰੀ ਮਾਂ ਦਾ ਸੀ। ਤੀਸਰੇ ਸੰਦੂਕ ਉੱਤੇ ਡੱਬੇ ਤਾਂ ਪਾਏ ਹੋਏ ਸਨ ਪਰ ਦੋ ਡੱਬੇ ਜਿਨਾਂ ਵਿੱਚ ਸ਼ੀਸ਼ੇ ਲੱਗੇ ਹੋਏ ਸਨ, ਨੂੰ ਛੱਡ ਕੇ ਬਾਕੀ ਸਭ ਖਾਲੀ ਸਨ। ਇਸ ਸੰਦੂਕ ਨੂੰ ਅਸੀਂ ਹਮੇਸ਼ਾ ਬੰਦ ਹੀ ਦੇਖਦੇ ਸਾਂ। ਜਦੋਂ ਵੀ ਘਰ ਵਿੱਚ ਇਸ ਸੰਦੂਕ ਬਾਰੇ ਗੱਲ ਹੁੰਦੀ ਤਾਂ ਇਸ ਨੂੰ ‘ਗਨੀ ਕਾ ਸੰਦੂਕ’ ਕਿਹਾ ਜਾਂਦਾ ਸੀ।

ਮੈਂ ਅਤੇ ਮੇਰੀਆਂ ਭੈਣਾਂ ਜੇ ਕਦੇ ਇਸ ਨੂੰ ਖੋਲਣ ਲੱਗਦੀਆਂ ਤਾਂ ਸਾਡੀ ਦਾਦੀ ਇਸ ਨੂੰ ਖੋਲਣ ਤੋਂ ਮਨਾਂ ਕਰ ਦਿੰਦੀ। ਅਸੀਂ ਕਾਰਨ ਪੁੱਛਦੀਆਂ ਤਾਂ ਉਹ ਇਹ ਕਹਿ ਕੇ ਗੱਲ ਨਿਬੇੜ ਦਿੰਦੀ, ‘ਇਹ ਤਾਂ ਪੁੱਤ ਬੇਗਾਨੀ ਅਮਾਨਤ ਹੈ। ਮੈਂ ਚਾਹੁੰਦੀ ਹਾਂ ਕਿ ਜਦੋਂ ਇਸਦੀ ਮਾਲਕਣ ਇਸ ਨੂੰ ਲੈਣ ਆਵੇ ਤਾਂ ਉਸ ਨੂੰ ਇਹ ਉਸੇ ਤਰਾਂ ਪਿਆ ਮਿਲੇ, ਜਿਸ ਤਰਾਂ ਉਹ ਇਸ ਨੂੰ ਰੱਖ ਕੇ ਗਈ ਸੀ।’

ਮਨ ਵਿੱਚ ਆਉਂਦਾ ਕਿ ਇਸਦੀ ਮਾਲਕਣ ਕੌਣ ਹੋਊ? ਉਹ ਇਸ ਨੂੰ ਇੱਥੇ ਕਿਉਂ ਰੱਖ ਕੇ ਗਈ ਹੈ? ਪਰ ਬਚਪਨ ਹੁੰਦਾ ਹੀ ਬੇਪ੍ਰਵਾਹ ਹੈ। ਛੇਤੀ ਹੀ ਸਭ ਕੁਝ ਵਿਸਰ ਜਾਂਦਾ। ਜਿਉਂ ਜਿਉਂ ਅਸੀਂ ਵੱਡੇ ਹੁੰਦੇ ਗਏ ਤਾਂ ਪੰਜਾਬ ਦੀ ਹੋਈ ਵੰਡ ਬਾਰੇ, ਪੰਜਾਬੀਆਂ ਨਾਲ ਵਰਤੇ ਅਸਹਿ, ਅਕਹਿ, ਅਣਚਿਤਵੇ ਅਤੇ ਦੁਖਦਾਈ ਕਹਿਰ ਬਾਰੇ ਪੜਨ, ਜਾਨਣ ਦਾ ਮੌਕਾ ਮਿਲਿਆ। ਇਹ ਸਮਝ ਵੀ ਆ ਗਈ ਕਿ ਇਸ ਸੰਦੂਕ ਨੂੰ ਇੱਥੇ ਕਿਸੇ ਨੇ ਕਿਉਂ ਰੱਖਿਆ। ਹੁਣ ਇਸਦੀ ਮਾਲਕਣ ਇਸ ਨੂੰ ਲੈਣ ਕਦੇ ਨਹੀਂ ਆਵੇਗੀ। ਜਦੋਂ ਦਾਦੀ ਮਾਂ ਨੂੰ ਇਹ ਗੱਲ ਦੱਸਣੀ ਤਾਂ ਉਸ ਦਾ ਵਿਸ਼ਵਾਸ ਕਦੇ ਨਾ ਡੋਲਦਾ। ਅੱਗੋਂ ਉਸ ਨੇ ਸਾਨੂੰ ਗੁੱਸੇ ਹੋਣ ਲੱਗ ਪੈਣਾ। ਤੁਹਾਡੀ ਤਾਂ ਦੋ ਅੱਖਰ ਪੜ ਕੇ ਮੱਤ ਹੀ ਮਾਰੀ ਗਈ ਹੈ। ਸਦੀਆਂ ਤੋਂ ਸਾਡੇ ਨਾਲ ਵਸਦੇ ਸਾਡੇ ਹਮਸਾਏ ਬਿਗਾਨੇ ਕਿਵੇਂ ਹੋ ਗਏ। ਇਸੇ ਪਿੰਡ ’ਚ ਜੰਮੇ ਜਾਏ, ਵੱਡੇ ਹੋਏ ਹੁਣ ਉਨਾਂ ਨੂੰ ਆਪਣੇ ਪਿੰਡ ਆਪਣੇ ਘਰ ਆਉਣ ਤੋਂ ਭਲਾ ਕੌਣ ਰੋਕ ਸਕਦਾ ਹੈ? ਭੋਲੀ ਭਾਲੀ ਦਾਦੀ ਸਿਆਸਤ ਦੀਆਂ ਖੇਡਾਂ ਬਾਰੇ ਕੀ ਜਾਣਦੀ ਸੀ।

ਮੇਰੇ ਮਨ ਵਿੱਚ ਸੰਦੂਕ ਨੂੰ ਤੱਕ ਕੇ ਆਪ ਮੁਹਾਰੇ ਕਈ ਕੁਝ ਘੁੰਮਦਾ ਰਹਿੰਦਾ। ਕਦੇ ਲੱਗਦਾ ਕਿੰਨੀਆਂ ਰੀਝਾਂ ਅਤੇ ਚਾਵਾਂ ਨਾਲ ਮਾਪਿਆਂ ਨੇ ਆਪਣੀ ਧੀ ਰਾਣੀ ਨੂੰ ਇਹ ਸੰਦੂਕ ਬਣਾ ਕੇ ਦਿੱਤਾ ਹੋਵੇਗਾ। ਸਹੁਰੇ ਘਰ ਨਵੀਂ ਆਈ ਉਸ ਮੁਟਿਆਰ



ਨੂੰ, ਉਸ ਅਣਜਾਣ ਪਰਿਵਾਰ ਵਿੱਚ ਇਹ ਸੰਦੂਕ ਹੀ ਆਪਣੇਪਣ ਦਾ ਧਰਵਾਸ ਦਿੰਦਾ ਹੋਵੇਗਾ। ਧੁਰ ਅੰਦਰੋਂ ਇੱਕ ਰੂਹ ਦਾ ਰਿਸ਼ਤਾ ਇਸ ਨਾਲ ਜੁੜਿਆ ਹੋਵੇਗਾ। ਜਦੋਂ ਉਸ ਨੇ ਇਸਦੇ ਸ਼ੀਸ਼ਿਆਂ ਸਾਹਮਣੇ ਖੜ ਕੇ ਆਖਰੀ ਦਿਨ ਸਿਰ ਵਾਹੁੰਦਿਆਂ ਆਪਣੇ ਸੰਧੂਰੀ ਚਿਹਰੇ ਨੂੰ ਤੱਕਿਆ ਹੋਵੇਗਾ, ਉਸ ਨੂੰ ਕੀ ਪਤਾ ਸੀ ਕਿ ਅੱਜ ਇਸ ਰਿਸ਼ਤੇ ਦਾ ਆਖਰੀ ਦਿਨ ਹੈ। ਇਸ ਤੋਂ ਬਾਅਦ ਉਸ ਨੂੰ ਇਨਾਂ ਸ਼ੀਸ਼ਿਆਂ ਵਿੱਚ ਕਦੇ ਤੱਕਣਾ ਨਸੀਬ ਨਹੀਂ ਹੋਵੇਗਾ। ਜਦੋਂ ਉਸ ਦਾ ਪਰਿਵਾਰ ਇਸ ਸੰਦੂਕ ਨੂੰ ਸਾਡੇ ਘਰ ਰੱਖਣ ਆਇਆ ਹੋਵੇਗਾ ਤਾਂ ਭਰੇ ਗਲੇ ਅਤੇ ਸਿੱਲੀਆਂ ਅੱਖਾਂ ਨਾਲ ਉਹ ਇਸ ਵੱਲ ਕਿਵੇਂ ਨੀਝ ਨਾਲ ਤੱਕ ਰਹੀ ਹੋਵੇਗੀ।

ਕਦੇ ਅੱਖਾਂ ਸਾਹਮਣੇ ਉਹ ਦ੍ਰਿਸ਼ ਆ ਜਾਂਦਾ ਜਦੋਂ ਘਰਾਂ ਦੇ ਮਾਲਕ ਲੋੜੀਂਦੀਆਂ ਵਸਤਾਂ ਦੀ ਗਠੜੀ ਬੰਨ ਕੇ ਉਨਾਂ ਘਰਾਂ ਦੀ ਦਹਿਲੀਜ਼ ਟੱਪਣ ਲੱਗੇ ਹੋਣਗੇ, ਜਿਨਾਂ ਘਰਾਂ ਵਿੱਚ ਉਹਨਾਂ ਦਾ ਦਿਲ ਧੜਕਦਾ ਸੀ। ਜਿੱਥੇ ਨਿੱਤ ਨਵੇਂ ਸੁਪਨੇ ਪਨਪਦੇ ਸਨ। ਜਿਸਦੀਆਂ ਕੰਧਾਂ ਨਾਲ ਵੀ ਉਨਾਂ ਦਾ ਮੋਹ ਸੀ ਤਾਂ ਪਤਾ ਨਹੀਂ ਕਿੰਨੀ ਕੁ ਵਾਰ ਭਰੇ ਮਨਾਂ ਨਾਲ ਪਿਛਾਂਹ ਮੁੜ ਮੁੜ ਕੇ ਘਰ ਵੱਲ ਤੱਕਿਆ ਹੋਵੇਗਾ। ਕਦੇ ਲੱਗਦਾ, ਹੋ ਸਕਦਾ ਹੈ ਉਨਾਂ ’ਤੇ ਇਹ ਸੋਚ ਭਾਰੂ ਹੋਵੇ, ਚਾਰ ਦਿਨਾਂ ਦਾ ਰੌਲਾ ਗੌਲਾ ਹੈ, ਮੁੜ ਆਪਣੇ ਘਰਾਂ ਵਿੱਚ ਪਰਤ ਆਵਾਂਗੇ।

ਪਰ ਇੱਕ ਵਾਰ ਤਾਂ ਉਹ ਥਿੜਕਦੇ ਪੈਰਾਂ ਨਾਲ ਉਘੜ-ਦੁਘੜੇ ਰਾਹਾਂ ਦੇ ਪਾਂਧੀ ਬਣ ਤੁਰ ਪਏ ਸਨ। ਲੀਹੋਂ ਥਿੜਕੀ ਜ਼ਿੰਦਗੀ ਨੂੰ ਮੁੜ ਤਰਤੀਬ ਦੇਣ ਲਈ ਪਤਾ ਨਹੀਂ ਉਨਾਂ ਨੂੰ ਕਿੰਨੇ ਕੁ ਜ਼ਫ਼ਰ ਜਾਲਣੇ ਪਏ ਹੋਣਗੇ।

ਸਮਾਂ ਬੀਤਦਾ ਗਿਆ। ਦਾਦੀ ਸੰਦੂਕ ਦੀ ਮਾਲਕਣ ਦਾ ਰਾਹ ਤੱਕਦੀ ਇਸ ਜਹਾਨ ਤੋਂ ਤੁਰ ਗਈ। ਪੇਟੀਆਂ, ਅਲਮਾਰੀਆਂ ਦੇ ਮੋਹ ਅੱਗੇ ਸੰਦੂਕਾਂ ਦੀ ਵੁੱਕਤ ਘਟਦੀ ਗਈ। ਸੰਭਾਲ ਖੁਣੋ ਉਨਾਂ ਨੂੰ ਸਿਉਂਕ ਖਾ ਗਈ। ਆਧੁਨਿਕਤਾ ਦੇ ਚੱਕਰ ਵਿੱਚ ਫਸ ਕੇ ਕੋਠੀਆਂ ਬਣਾਉਣ ਦੀ ਖ਼ਾਹਿਸ਼ ਕੱਚੇ ਘਰਾਂ ਨੂੰ ਨਿਗਲ ਗਈ। ਆਪਣੀ ਆਪਣੀ ਗ੍ਰਹਿਸਥੀ ਵਿੱਚ ਖੁਭ ਕੇ ਸੰਦੂਕ ਚੇਤਿਆਂ ਵਿੱਚੋਂ ਵਿਸਰ ਗਿਆ।

ਕੁਝ ਕੁ ਦਿਨ ਪਹਿਲਾਂ ਮਿਸੀਸਾਗਾ (ਕੈਨੇਡਾ) ਤੋਂ ਚਾਚਾ ਜੀ ਨੇ ਫੋਨ ਕਰ ਕੇ ਦੱਸਿਆ ਕਿ ਆਪਣੇ ਨਾਲ ਦੇ ਪਿੰਡ ਬਾਰੇ ਇੱਕ ਵੀਡੀਓ ਫੇਸਬੁੱਕ ’ਤੇ ਘੁੰਮ ਰਹੀ ਹੈ ਜਿਸ ਵਿੱਚ ਪੱਛਮੀ ਪੰਜਾਬ ਤੋਂ ਇੱਕ ਬਜ਼ੁਰਗ ਉਸ ਪਿੰਡ ਨੂੰ ਯਾਦ ਕਰਕੇ ਉਸ ਬਾਰੇ ਗੱਲਾਂ ਕਰ ਰਿਹਾ ਹੈ। ਹੋ ਸਕਦਾ ਹੈ ਆਪਣੇ ਪਿੰਡ ਤੋਂ ਵੀ ਜੋ ਪਰਿਵਾਰ ਗਏ ਸਨ ਉਨਾਂ ਵਿੱਚੋਂ ਵੀ ਕੋਈ ਬਜ਼ੁਰਗ ਹੁਣ ਤੱਕ ਸਲਾਮਤ ਹੋਵੇ। ਇਸ ਬਾਰੇ ਕਿਵੇਂ ਪਤਾ ਲੱਗ ਸਕਦਾ ਹੈ? ਮੈਂ ਚਾਚਾ ਨੂੰ ਅਖ਼ਬਾਰ ਵਿੱਚੋਂ ਲੱਭ ਕੇ ਸਾਂਵਲ ਧਾਮੀ ਦਾ ਫੋਨ ਨੰਬਰ ਦੇ ਦਿੱਤਾ ਕਿ ਇਹ ਸ਼ਖਸ ਵੰਡ ਵੇਲੇ ਦੀਆਂ ਘਟਨਾਵਾਂ ਨੂੰ ਪੰਜਾਬੀ ਟ੍ਰਿਬਿਊਨ ਵਿੱਚ ਲਿਖਦਾ ਹੈ। ਇਸ ਨੂੰ ਫ਼ੋਨ ਕਰ ਕੇ ਪੁੱਛ ਲਵੋ। ਉਨਾਂ ਨੇ ਜਦੋਂ ਧਾਮੀ ਜੀ ਨੂੰ ਫੋਨ ਕੀਤਾ ਤਾਂ ਉਸ ਨੇ ਅੱਗੋਂ ਯਾਸਰ ਡੋਗਰ ਦਾ ਫੋਨ ਨੰਬਰ ਦੇ ਦਿੱਤਾ। ਯਾਸਰ ਡੋਗਰ ਪੱਛਮੀ ਪੰਜਾਬ ਵਿੱਚ ਇੱਧਰੋਂ ਗਏ ਪਰਿਵਾਰਾਂ ਦੀਆਂ ਵੀਡੀਓਜ਼ ਬਣਾ ਕੇ ਸਬੰਧਤ ਲੋਕਾਂ ਨੂੰ ਭੇਜਦਾ ਰਹਿੰਦਾ ਹੈ। ਜਦੋਂ ਚਾਚਾ ਜੀ ਨੇ ਉਸ ਨਾਲ ਗੱਲ ਕੀਤੀ ਤਾਂ ਉਸ ਨੇ ਸਾਡੇ ਪਿੰਡ ਨਾਲ ਸਬੰਧਤ ਪਰਿਵਾਰ ਲੱਭਣ ਲਈ ਹਾਮੀ ਭਰ ਦਿੱਤੀ।

ਕੁਝ ਦਿਨ ਹੀ ਲੰਘੇ ਸਨ ਕਿ ਯਾਸਰ ਡੋਗਰ ਨੇ ਸਾਡੇ ਪਿੰਡ ਦੇ ਸਾਹੀਵਾਲ ਜ਼ਿਲੇ ਵਿੱਚ ਰਹਿੰਦੇ ਪਚੰਨਵੇਂ ਸਾਲਾਂ ਦੇ ਬਜ਼ੁਰਗ ਖੁਸ਼ੀ ਮੁਹੰਮਦ ਨੂੰ ਲੱਭ ਲਿਆ। ਉਸ ਨਾਲ ਗੱਲਾਂ ਕਰਕੇ ਵੀਡੀਓ ਭੇਜ ਦਿੱਤੀ। ਨਾਲ ਹੀ ਉਸ ਦੇ ਪੋਤੇ ਤਨਵੀਰ ਦਾ ਫੋਨ ਨੰਬਰ ਦੇ ਕੇ ਉਸ ਨਾਲ ਗੱਲ ਕਰਨ ਨੂੰ ਕਿਹਾ। ਚਾਚਾ ਜੀ ਨੇ ਉਸ ਨਾਲ ਗੱਲ ਕੀਤੀ ਤਾਂ ਉਹ ਬਹੁਤ ਹੀ ਖੁਸ਼ ਹੋਏ।

ਚਾਚਾ ਜੀ ਨੇ ਜਦੋਂ ਮੈਨੂੰ ਦੱਸਿਆ ਤਾਂ ਮੇਰੇ ਸਾਹਮਣੇ ਭੁੱਲਿਆ ਵਿਸਰਿਆ ਸੰਦੂਕ ਯਾਦ ਆ ਗਿਆ। ਮੇਰੀ ਜਿਗਿਆਸਾ ਉਸ ਬਾਰੇ ਜਾਨਣ ਲਈ ਬੇਤਾਬ ਹੋ ਉੱਠੀ। ਮਨ ਵਿੱਚ ਐਨੀ ਕਾਹਲ ਪੈਦਾ ਹੋ ਗਈ ਕਿ ਕਿਹੜਾ ਵੇਲਾ ਹੋਵੇ ਮੈਂ ਬਾਬਾ ਜੀ ਨਾਲ ਗੱਲ ਕਰਾਂ ਤਾਂ ਜੋ ਉਸ ਸੰਦੂਕ ਦੀ ਮਾਲਕਣ ਬਾਰੇ ਜਾਣ ਸਕਾਂ। ਮੈਂ ਉਨਾਂ ਨੂੰ ਤਾਕੀਦ ਕੀਤੀ, ਜਦੋਂ ਵੀ ਹੁਣ ਗੱਲ ਕਰੋ, ਮੇਰੇ ਬਾਰੇ ਦੱਸਣਾ ਕਿ ਉਹ ਤੁਹਾਡੇ ਨਾਲ ਗੱਲ ਕਰਨੀ ਚਾਹੁੰਦੀ ਹੈ।

ਚਾਚਾ ਜੀ ਦੇ ਕਹਿਣ ’ਤੇ ਜਦੋਂ ਤਨਵੀਰ ਨੇ ਬਾਬਾ ਜੀ ਨਾਲ ਗੱਲ ਕਰਾਈ ਤਾਂ ਪਿੰਡ ਪ੍ਰਤੀ ਡੁੱਲ ਡੁੱਲ ਪੈਂਦਾ ਪਿਆਰ ਉਨਾਂ ਦੀਆਂ ਗੱਲਾਂ ਵਿੱਚੋਂ ਝਲਕ ਰਿਹਾ ਸੀ। ਉਹ ਪਿੰਡ ਦੇ ਬਸ਼ਿੰਦਿਆਂ, ਜੋ ਉਨਾਂ ਦੇ ਵੇਲੇ ਦੇ ਸਨ, ਬਾਰੇ ਜਾਨਣ ਲਈ ਉਤਾਵਲੇ ਸਨ। ਪਰ ਅਫਸੋਸ ਦੋ-ਤਿੰਨ ਨੂੰ ਛੱਡ ਕੇ ਹੋਰ ਕੋਈ ਵੀ ਜੀਵਤ ਨਹੀਂ ਸੀ। ਬਾਬਾ ਜੀ ਅੱਗੇ ਉਨਾਂ ਦੀ ਔਲਾਦ ਬਾਰੇ, ਉਨਾਂ ਦੀ ਰਾਜ਼ੀ ਖੁਸ਼ੀ ਬਾਰੇ ਬੜੇ ਤਿਹੁ ਨਾਲ ਗੱਲਬਾਤ ਕਰਦੇ ਰਹੇ। ਉਹ ਪਿੰਡ ਦੀ ਹਰ ਗਲੀ, ਨੁੱਕਰ ਵਿੱਚ ਫਿਰਦੇ ਬੋਹੜਾਂ, ਪਿੱਪਲਾਂ, ਖੂਹਾਂ ਟੋਭਿਆਂ ਬਾਰੇ ਗੱਲਾਂ ਕਰਦੇ ਭਾਵੁਕ ਹੋ ਰਹੇ ਸਨ। ਉਨਾਂ ਦੀ ਯਾਦ ਸ਼ਕਤੀ ਦੇਖ ਕੇ ਮੈਂ ਹੈਰਾਨ ਰਹਿ ਗਈ। ਪਿੰਡ ਬਾਰੇ ਗੱਲਾਂ ਕਰਦਿਆਂ ਉਨਾਂ ਦੇ ਬੋਲਾਂ ਵਿੱਚ ਟਸ ਟਸ ਕਰਦੀ ਚੀਸ ਅਨੁਭਵ ਕਰਕੇ ਮੇਰਾ ਮਨ ਵੀ ਭਰ ਆਇਆ ਸੀ। ਬਾਬਾ ਜੀ ਦਾ ਸਾਰਾ ਪਰਿਵਾਰ ਉਦਾਲੇ ਬੈਠਾ ਸਾਡੀਆਂ ਗੱਲਾਂ ਸੁਣ ਰਿਹਾ ਸੀ। ਉਨਾਂ ਨੇ ਦੱਸਿਆ, ‘ਤੇਰਾ ਦਾਦਾ ਮੇਰੇ ਭਰਾਵਾਂ ਦੀ ਥਾਂ ਲੱਗਦਾ ਸੀ, ਇਸ ਰਿਸ਼ਤੇ ਕਰਕੇ ਤੂੰ ਕੁੜੀਏ ਮੇਰੀ ਪੋਤੀ ਲਗਦੀ ਹੈਂ।’

ਫਿਰ ਬਾਬਾ ਜੀ ਦੀ ਪੋਤੀ ਅਜ਼ਰਾ

ਬਾਕੀ ਸਫ਼ਾ 30 ’ਤੇ

# ਪਾਣੀ ਦੇ ਵੱਧ ਰਹੇ ਸੰਕਟ ਲਈ ਕਿਸਾਨ ਜ਼ਿੰਮੇਵਾਰ ਨਹੀਂ

## ਡਾ. ਗਿਆਨ ਸਿੰਘ

ਪੱਤਰਕਾਰ ਐੱਸਪੀ ਸਿੰਘ ਨੇ ਵੱਟਸਐਪ ਸੁਨੇਹੇ ਵਿਚ ਪੰਜਾਬ ’ਚ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਖ਼ਤਰਨਾਕ ਹੱਦ ਤੱਕ ਹੇਠਾਂ ਜਾਣ ਬਾਰੇ ਇਕ ਸਰਕਾਰੀ ਅਫਸਰ ਦੀ ਚਿੰਤਾ ਸਾਂਝੀ ਕੀਤੀ। ਅਫਸਰ ਨੇ ਲਿਖਿਆ ਹੈ: ‘ਮੈਂ ਅੱਜ ਸੰਗਰੂਰ, ਬਰਨਾਲਾ, ਮੋਗਾ, ਫਿਰੋਜ਼ਪੁਰ ਇਲਾਕੇ ਦੇ ਦੌਰੇ ’ਤੇ ਸਾਂ। ਤਾਪਮਾਨ 45 ਡਿਗਰੀ ’ਤੇ ਪਹੁੰਚਿਆ ਹੋਇਆ ਸੀ, ਕੋਈ ਚਿੜੀ ਜਨੌਰ ਵੀ ਬਾਹਰ ਨਹੀਂ ਦਿਸ ਰਿਹਾ ਪਰ ਹਲਾਂ ਨਾਲ ਵਾਹ ਕੇ ਪੂਰੀ ਤਰਾਂ ਪੋਲੇ ਕੀਤੇ ਖੇਤਾਂ ਵਿਚ ਹਜ਼ਾਰਾਂ ਟਿਊਬਵੈੱਲ ਪਾਣੀ ਭਰਨ ਲਈ ਸੂਰਜ ਨਾਲ ਹਠਧਰਮੀ ਜੰਗ ਲੜ ਰਹੇ ਸਨ। ਲੱਗ ਰਿਹਾ ਸੀ ਕਿ ਮਾਤਾ ਧਰਤ ਮਹਤ ਦਾ ਪਾਣੀ ਪਿਤਾ ਦੀ ਹਾਜ਼ਰੀ ਵਿਚ ਉਸ ਦੇ ਪੁੱਤਰਾਂ ਵੱਲੋਂ ਬੇਸ਼ਰਮੀ ਨਾਲ ਚੀਰਹਰਨ ਕੀਤਾ ਜਾ ਰਿਹਾ ਹੋਵੇ। ਕਈ ਦਿਨਾਂ ਤੋਂ ਜੀਰੀ ਲਗਾ ਰਹੇ ਕੁਝ ਕਿਸਾਨਾਂ ਨਾਲ ਗੱਲਬਾਤ ਦੌਰਾਨ ਮਹਿਸੂਸ ਹੋਇਆ ਕਿ ਬਸ ਹੁਣ ਕਹਾਣੀ ਖ਼ਤਮ ਸਮਝੋ ਕਿਉਂਕਿ ਮਸਲਾ ਤਰਕ, ਕਾਨੂੰਨ, ਧਰਮ, ਦੁਨਿਆਵੀ ਸਿਆਣਪ ਅਤੇ ਸਮਾਜੀ ਇਖਲਾਕ ਦੇ ਮਾਨਵੀ ਚੌਖਟੇ ਤੋਂ ਬਹੁਤ ਅੱਗੇ ਲੰਘ ਚੁੱਕਿਆ ਹੈ। ਆਪਾ-ਧਾਪੀ ਦੇ ਇਸ ਦੌਰ ਵਿਚ ਪਾਣੀ ਬਾਰੇ ਜਾਗਰੂਕ ਹੋ ਕੇ ਪੰਜਾਬੀ ਸਭਿਅਤਾ ਨੂੰ ਬਚਾਉਣ ਲਈ ਕੋਈ ਸਿਆਣੀ ਗੱਲ ਸੁਣਨ ਨੂੰ ਤਿਆਰ ਨਹੀਂ। ਆਉਣ ਵਾਲੇ ਕੱਲ ਦਾ ਫਿਕਰ ਬਹੁਗਿਣਤੀ ਲਈ ਮਖੌਲ ਬਣ ਗਿਆ ਹੈ। ਅੱਜ ਜਦੋਂ ਕੁਦਰਤ ਨਾਲ ਹੁੰਦਾ ਖਿਲਵਾੜ ਅੱਖੀਂ ਦੇਖ ਨਾ ਹੋਇਆ ਤਾਂ ਤਿੱਖੜ ਦੁਪਹਿਰੀਂ ਕਾਰ ਦੀ ਪਿਛਲੀ ਸੀਟ ’ਤੇ ਨਮ ਹੋਈਆਂ ਅੱਖਾਂ ਬੰਦ ਕਰਕੇ ਬਾਬੇ ਨਾਨਕ ਅੱਗੇ ਸਰਬੱਤ ਦੇ ਭਲੇ ਅਤੇ ਲੋਕਾਈ ਨੂੰ ਸੁਮੱਤ ਬਖਸ਼ਣ ਦੀ ਅਰਦਾਸ ਕਰਨ ਲੱਗ ਪਿਆ।’ ਪੰਜਾਬ ਦੇ ਇਸ ਸਰਕਾਰੀ ਅਫਸਰ ਦੀ ਇਸ ਗੱਲ ਨਾਲ਼ ਕੋਈ ਅਸਹਿਮਤ ਨਹੀਂ ਹੋ ਸਕਦਾ ਕਿ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਹੱਦ ਤੱਕ ਹੇਠਾਂ ਗਿਆ ਹੈ ਅਤੇ ਮੁੱਖ ਕਾਰਨ ਪੰਜਾਬ ਵਿਚ ਜੀਰੀ/ਝੋਨੇ ਦੀ ਕਾਸ਼ਤ ਹੈ। ਇਸ ਅਫਸਰ ਦੀਆਂ ਕੁਝ ਵਿਚਾਰਾਂ ਨਾਲ ਬਿਲਕੁਲ ਸਹਿਮਤ ਨਹੀਂ ਹੋਇਆ ਜਾ ਸਕਦਾ : ਜਿਵੇਂ 1) ਮਾਤਾ ਧਰਤ ਮਹਤ ਦਾ ਪਾਣੀ ਪਿਤਾ ਦੀ ਹਾਜ਼ਰੀ ਵਿਚ ਉਸ ਦੇ ਪੁੱਤਰਾਂ ਵੱਲੋਂ ਬੇਸ਼ਰਮੀ ਨਾਲ਼ ਚੀਰਹਰਨ ਕੀਤਾ ਜਾ ਰਿਹਾ ਹੋਵੇ : 2) ਆਪਾ-ਧਾਪੀ ਦੇ ਇਸ ਦੌਰ ਵਿਚ ਪਾਣੀ ਬਾਰੇ ਜਾਗਰੂਕ ਹੋ ਕੇ ਪੰਜਾਬੀ ਸਭਿਅਤਾ ਨੂੰ ਬਚਾਉਣ ਲਈ ਕੋਈ ਸਿਆਣੀ ਗੱਲ ਸੁਣਨ ਨੂੰ ਤਿਆਰ ਨਹੀਂ : 3) ਜਦੋਂ ਕੁਦਰਤ ਨਾਲ਼ ਹੁੰਦਾ ਖਿਲਵਾੜ ਅੱਖੀਂ ਦੇਖ ਨਾ ਹੋਇਆ ਤਾਂ ਇਸ ਅਫਸਰ ਦਾ ਆਪਣੀਆਂ ਨਮ ਹੋਈਆਂ ਅੱਖਾਂ ਬੰਦ ਕਰਕੇ ... ਲੋਕਾਈ ਨੂੰ ਸੁਮੱਤ ਬਖਸ਼ਣ ਦੀ ਅਰਦਾਸ ਕਰਨਾ।

ਆਈਆਈਟੀ ਕਾਨਪੁਰ ਦੇ ਪ੍ਰੋ. ਰਾਜੀਵ ਸਿਨਹਾ ਤੇ ਉਨਾਂ ਦੀ ਨਿਗਰਾਨੀ ਹੇਠ ਕੰਮ ਕਰ ਰਹੇ ਪੀਐੱਚਡੀ ਖੋਜਾਰਥੀ ਸੁਨੀਲ ਕੁਮਾਰ ਜੋਸ਼ੀ ਦੀ ਅਗਵਾਈ ’ਚ ਕੀਤੇ ਤਾਜ਼ਾ ਖੋਜ ਅਧਿਐਨ ਤੋਂ ਸਾਹਮਣੇ ਆਇਆ ਹੈ ਕਿ ਪਾਣੀ ਦੇ ਡਿਗ ਰਹੇ ਪੱਧਰ ਦੇ ਮਾਮਲੇ ’ਚ ਪੰਜਾਬ ਤੇ ਹਰਿਆਣਾ ਖੇਤਰ ਸਭ ਤੋਂ ਵੱਧ ਮਾਰ ਝੱਲ ਰਿਹਾ ਹੈ। ਹਰਿਆਣੇ ’ਚ 1966-67 ਦੌਰਾਨ ਝੋਨੇ ਦੀ ਲਵਾਈ ਅਧੀਨ ਜਿਹੜਾ ਰਕਬਾ 192000 ਹੈਕਟੇਅਰ ਸੀ, 2017-28 ’ਚ 1422000 ਹੈਕਟੇਅਰ ਹੋ ਗਿਆ ਹੈ ਅਤੇ 1960-61 ’ਚ ਪੰਜਾਬ ’ਚ ਝੋਨੇ ਦੀ ਲਵਾਈ ਅਧੀਨ ਜਿਹੜਾ ਰਕਬਾ 227000 ਹੈਕਟੇਅਰ ਸੀ, ਉਹ 2017-18 ਵਿਚ ਵਧਕੇ 3064000 ਹੈਕਟੇਅਰ ਹੋ ਗਿਆ ਹੈ। ਇਸ ਅਧਿਐਨ ਅਨੁਸਾਰ ‘ਹਰੇ ਇਨਕਲਾਬ’ ਦੇ ਖੇਤੀਬਾੜੀ ਉਤਪਾਦਕਤਾ ਨੂੰ ਵਧਾਉਣ ਦੇ ਉਦੇਸ਼ ਦੀ ਪੂਰਤੀ ਧਰਤੀ ਹੇਠਲੇ ਪਾਣੀ ਦੀ ਲਗਾਤਾਰ ਵਰਤੋਂ ਅਤੇ ਉਸ ਦੇ ਲਗਾਤਾਰ ਤੇਜ਼ੀ ਨਾਲ ਡਿਗ ਰਹੇ ਪੱਧਰ ਲਈ ਜ਼ਿੰਮੇਵਾਰ ਹੈ।

ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿਗ ਰਹੇ ਪੱਧਰ ਦੇ ਕਈ ਕਾਰਨ ਹਨ। ਇਨਾਂ ਵਿਚੋਂ ਸਭ ਤੋਂ ਮਹੱਤਵਪੂਰਨ ਧਰਤੀ ਹੇਠਲੇ ਪਾਣੀ ਦੀ ਸਿੰਜਾਈ ਦੇ ਰੂਪ ਵਿਚ ਵਰਤੋਂ ਹੈ। ਡਾ. ਸੁਰਿੰਦਰ ਸਿੰਘ ਅਤੇ ਹਰਵਿੰਦਰ ਸਿੰਘ ਦੁਆਰਾ ਇਸੇ ਵਿਸ਼ੇ ਬਾਰੇ ਖੋਜ ਅਧਿਐਨ (2003) ‘ਗਰਾਊਂਡ ਵਾਟਰ ਡਿਵੈਲਮੈਂਟ ਇਨ ਪੰਜਾਬ’ ਤੋਂ ਇਹ ਸਾਹਮਣੇ ਆਇਆ ਕਿ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿਗ ਰਹੇ ਪੱਧਰ ਵਾਲੇ ਉਹ ਵਿਕਾਸ ਖੰਡ ਹਨ ਜਿਨਾਂ ਵਿਚ ਫ਼ਸਲਾਂ ਪੈਦਾ ਕਰਨ ਲਈ ਪਾਣੀ ਦੀ ਵਰਤੋਂ ਉਸ ਦੀ ਉਪਲਬਧ ਮਾਤਰਾ ਨਾਲੋਂ ਜ਼ਿਆਦਾ ਹੋ ਰਹੀ ਹੈ। ਫ਼ਸਲਾਂ ਦੇ ਜੋੜ (**crop combination**) ਅਤੇ ਧਰਤੀ ਹੇਠਲੇ ਪਾਣੀ ਦੇ ਸੰਤੁਲਨ ਵਿਚ ਗੂੜਾ ਸਬੰਧ ਹੈ। ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿਗ ਰਹੇ ਪੱਧਰ ਵਾਲ਼ੇ ਵਿਕਾਸ ਖੰਡਾਂ ਵਿਚ ਕਣਕ ਅਤੇ ਝੋਨੇ ਦੀ ਕਾਸ਼ਤ ਕੀਤੀ ਜਾਂਦੀ ਹੈ। ਇਹ ਫ਼ਸਲਾਂ ਕੁੱਲ ਬੀਜੇ ਰਕਬੇ ਦਾ ਤਿੰਨ-ਚੌਥਾਈ ਤੋਂ ਵੱਧ ਹਿੱਸਾ ਹਨ। ਪਾਣੀ ਦੇ ਪੱਧਰ ਲਈ ਝੋਨੇ ਹੇਠ ਆਇਆ ਰਕਬਾ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਝੋਨੇ ਦੀਆਂ ਜ਼ਿਆਦਾ ਝਾੜ ਵਾਲ਼ੀਆਂ ਕਿਸਮਾਂ ਲਈ ਸਿੰਜਾਈ ਦੀ ਲੋੜ ਨਰਮਾ/ਕਪਾਹ, ਮੱਕੀ ਅਤੇ ਹੋਰ ਬਹੁਤ ਸਾਰੀਆਂ ਫ਼ਸਲਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੁੰਦੀ ਹੈ। ਇਸ ਦਾ ਮੁੱਖ ਕਾਰਨ ਆਮ ਤੌਰ ’ਤੇ ਝੋਨੇ ਦੀ ਫ਼ਸਲ ਲਈ ਛੱਪੜ-ਸਿੰਜਾਈ ਦੀ ਵਿਧੀ ਦਾ ਪ੍ਰਚੱਲਤ ਹੋਣਾ ਹੈ।

ਚੀਰਹਰਨ ਵਾਲੇ ਵਿਚਾਰ ਦਾ ਸਪੱਸ਼ਟ ਅਰਥ ਹੈ ਕਿ ਪਾਣੀ ਦੇ ਡਿਗਦੇ ਪੱਧਰ ਲਈ ਸਿਰਫ਼ ਕਿਸਾਨ ਹੀ ਜ਼ਿੰਮੇਵਾਰ ਹਨ। ਇਸ ਮਸਲੇ ਬਾਬਤ ਇਤਿਹਾਸਕ ਤੌਰ ’ਤੇ ਪੰਜਾਬ ਵਿਚ ਫ਼ਸਲਾਂ ਦੇ ਜੋੜ ਅਤੇ ਮੁਲਕ ਦੀਆਂ ਲੋੜਾਂ ਲਈ ਉਨਾਂ ਵਿਚ ਕੀਤੇ/ਕਰਵਾਏ ਗਏ ਬਦਲਾਓ ਸਮਝਣੇ ਜ਼ਰੂਰੀ ਹਨ। ਦੂਜੀ ਪੰਜ ਸਾਲਾ ਯੋਜਨਾ ਵਿਚ ਮੁੱਖ ਤਰਜੀਹ ਖੇਤੀਬਾੜੀ ਖੇਤਰ ਤੋਂ ਬਦਲ ਕੇ ਉਦਯੋਗਿਕ ਖੇਤਰ ਨੂੰ ਦੇਣ ਦੇ ਨਤੀਜੇ ਕਾਰਨ ਮੁਲਕ ਵਿਚ ਅਨਾਜ ਪਦਾਰਥਾਂ ਦੀ ਭਾਰੀ ਥੁੜ ਕਾਰਨ ਅਮਰੀਕਾ ਤੋਂ ਪੀਐੱਲ 480 ਅਧੀਨ ਅਨਾਜ ਮੰਗਵਾਉਣ ਤੋਂ ਖਹਿੜਾ ਛੁਡਵਾਉਣ ਲਈ ਕੇਂਦਰ ਸਰਕਾਰ ਨੇ ‘ਖੇਤੀਬਾੜੀ ਦੀ ਨਵੀਂ ਜੁਗਤ’ ਨੂੰ ਅਪਨਾਉਣ ਦਾ ਫ਼ੈਸਲਾ ਕੀਤਾ। ਇਹ ਜੁਗਤ ਵੱਧ ਝਾੜ ਦੇਣ ਵਾਲ਼ੇ ਬੀਜਾਂ, ਯਕੀਨੀ ਸਿੰਜਾਈ, ਰਸਾਇਣਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ ਤੇ ਹੋਰ ਰਸਾਇਣਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਅਧੁਨਿਕ ਢੰਗਾਂ ਦਾ ਪੁਲੰਦਾ ਸੀ। ਇਸ ਜੁਗਤ ਦੀ ਰੂਹ ਵਪਾਰਕ/ਨਫ਼ੇ ਵਾਲ਼ੀ ਹੈ। ਇਹ ਜੁਗਤ ਅਪਨਾਉਣ ਬਾਰੇ ਫ਼ੈਸਲੇ ਤੋਂ ਬਾਅਦ ਕੇਂਦਰ ਸਰਕਾਰ ਨੇ ਇਸ ਨੂੰ ਤਰਜੀਹੀ ਤੌਰ ’ਤੇ ਪੰਜਾਬ ਵਿਚ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ। ਕੇਂਦਰ ਦੇ ਇਸ ਫ਼ੈਸਲੇ ਪਿੱਛੇ ਪੰਜਾਬ ਦੇ ਹਿੰਮਤੀ ਕਿਸਾਨ, ਖੇਤ ਮਜ਼ਦੂਰ, ਛੋਟੇ ਕਾਰੀਗਰ ਅਤੇ ਅਮੀਰ ਕੁਦਰਤੀ ਸਾਧਨ ਸਨ। ਪੰਜਾਬ ਵਿਚ ਖੇਤੀਬਾੜੀ ਦੀ ਇਸ ਜੁਗਤ ਨੂੰ ਸ਼ੁਰੂ ਕਰਨ ਸਦਕਾ ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿਚ ਇੰਨਾ ਵਾਧਾ ਹੋਇਆ ਕਿ ਕੇਂਦਰ ਸਰਕਾਰ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਬਾਰੇ ਵੱਡੀਆਂ ਸਮੱਸਿਆਵਾਂ ਤੋਂ ਖਹਿੜਾ ਛੁੱਟ ਗਿਆ। ਕੇਂਦਰ ਨੇ ਪੰਜਾਬ ਦੀ ਸ਼ਾਨਦਾਰ ਪ੍ਰਾਪਤੀ ਅਤੇ ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਨੂੰ ਦੇਖਦੇ ਹੋਏ 1973 ਤੋਂ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਅਤੇ ਉਨਾਂ ਕੀਮਤਾਂ ਉੱਪਰ ਕੇਂਦਰ ਸਰਕਾਰ ਵੱਲੋਂ ਯਕੀਨੀ ਖ਼ਰੀਦਦਾਰੀ ਦੀ ਨੀਤੀ ਦੁਆਰਾ ਝੋਨੇ ਦੀ ਫ਼ਸਲ ਪੰਜਾਬ ਦੇ ਕਿਸਾਨਾਂ ਦੇ ਸਿਰ ਮੜ ਦਿੱਤੀ। ਇਸ ਨਵੀਂ ਜੁਗਤ ਦੀ ਰੂਹ ਵਪਾਰਕ/ਨਫ਼ੇ ਵਾਲ਼ੀ ਹੋਣ, ਝੋਨੇ ਦੀ ਘੱਟੋ-ਘੱਟ ਕੀਮਤ ਸਾਉਣੀ ਦੀਆਂ ਹੋਰ ਫ਼ਸਲਾਂ ਦੇ ਮੁਕਾਬਲੇ ਉੱਚੀ ਰੱਖਣ ਅਤੇ ਉਸ ਉੱਪਰ ਯਕੀਨੀ ਖ਼ਰੀਦਦਾਰੀ ਕਾਰਨ ਪੰਜਾਬ ਵਿਚ ਝੋਨੇ ਅਧੀਨ ਰਕਬਾ ਤੇਜ਼ੀ ਨਾਲ਼ ਵਧਿਆ।

ਪੰਜਾਬ ਵਿਚ ਇਸ ਜੁਗਤ ਤੋਂ ਪਹਿਲਾਂ ਸਿੰਜਾਈ ਆਮ ਤੌਰ ’ਤੇ ਨਹਿਰਾਂ ਤੇ ਖੂਹਾਂ ਨਾਲ ਹੁੰਦੀ ਸੀ। 1960-61 ਵਿਚ ਪੰਜਾਬ ਵਿਚ ਟਿਊਬਵੈੱਲਾਂ ਦੀ ਗਿਣਤੀ ਸਿਰਫ਼ 7445 ਸੀ। ਮੁਲਕ ਦੀਆਂ ਅਨਾਜ ਲੋੜਾਂ ਪੂਰੀਆਂ ਕਰਨ ਲਈ ਝੋਨੇ ਦੀ ਫ਼ਸਲ ਪੰਜਾਬ ਦੇ ਕਿਸਾਨਾਂ ਸਿਰ ਮੜਨ ਕਾਰਨ ਅੱਜਕੱਲ ਪੰਜਾਬ ਵਿਚ ਟਿਊਬਵੈੱਲਾਂ ਦੀ ਗਿਣਤੀ 15 ਲੱਖ ਦੇ ਕਰੀਬ ਹੋ ਗਈ ਹੈ। ਇਸ ਲਈ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਪੱਧਰ ਲਈ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਅਤੇ ਉਨਾਂ ਲਈ ਮਾੜੀ ਭਾਸ਼ਾ ਵਰਤਣੀ ਕਿਸੇ ਵੀ ਤਰਾਂ ਜਾਇਜ਼ ਨਹੀਂ। ਇਸ ਤੋਂ ਇਹ ਜਾਪਦਾ ਹੈ, ਜਿਵੇਂ ਖੇਤੀਬਾੜੀ ਤੋਂ ਕੋਰਾ ਸ਼ਖ਼ਸ ਕਿਸੇ ਪੁਲ ਤੋਂ ਢਲਾਨ ਵੱਲ ਆ ਰਹੇ ਗੱਡੇ ਉੱਪਰਲੇ ਕਿਸਾਨ ਨੂੰ ਗੱਡੇ ਨੂੰ ਬਰੇਕਾਂ ਨਾ ਹੋਣ ਬਾਰੇ ਉਲਾਂਭਾ ਦੇ ਰਿਹਾ ਹੋਵੇ। ਸਾਨੂੰ ਪਤਾ ਹੋਣਾ ਚਾਹੀਦਾ ਕਿ ਢਲਾਨ ਵਿਚ ਜੇ ਕਿਸਾਨ ਕਿਸੇ ਵੀ ਤਰਾਂ ਗੱਡੇ ਨੂੰ ਬਰੇਕਾਂ ਲਾ ਦੇਵੇ ਤਾਂ

ਬਾਕੀ ਸਫ਼ਾ 31 ’ਤੇ

# ਅਜੋਕੇ ਯੁੱਗ ਵਿਚ ਸਿੱਖ ਬੀਬੀਆਂ ਦੀ ਭੂਮਿਕਾ

**ਯਸ਼ਪ੍ਰੀਤ ਕੌਰ**

**੬੯੧੪੭-੧੧੧੦੮**

ਅੱਜ ਦੇ ਤੇਜ਼ ਯੁੱਗ ਵਿਚ ਸਿੱਖ ਬੀਬੀ ਦੀ ਭੂਮਿਕਾ ਬਾਰੇ ਗੱਲ ਕਰਨ ਤੋਂ ਪਹਿਲਾਂ ਇਕ ਨਜ਼ਰ ਸਿੱਖ ਇਤਿਹਾਸ 'ਤੇ ਮਾਰਨ ਦੀ ਜ਼ਰੂਰਤ ਹੈ, ਅੱਜ ਦੀ ਗੱਲ ਕਰਨ ਤੋਂ ਪਹਿਲਾਂ ਇਹ ਵੇਖਣਾ, ਸਮਝਣਾ ਅਤਿਅੰਤ ਜ਼ਰੂਰੀ ਹੈ ਗੁਰੂ ਕਾਲ ਤੋਂ ਲੈ ਕੇ ਇਤਿਹਾਸ ਦੇ ਪੰਨਿਆਂ ਵਿਚ ਸਿੱਖ ਬੀਬੀ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਬੇਬੇ ਨਾਨਕੀ ਜੀ ਭਾਈ ਮਰਦਾਨਾ ਜੀ ਨੂੰ ਰਬਾਬ ਖਰੀਦਣ ਲਈ ਮਾਇਆ ਦੇ ਕੇ ਉਸ ਸਫਰ ਦੀ ਆਰੰਭਤਾ ਕਰਦੇ ਹਨ ਜਿਸ ਦੀ ਸੰਪੂਰਨਤਾ 1699 ਈ. ਨੂੰ ਤਖ਼ਤ ਸ੍ਰੀ ਕੇਸਗੜ ਸਾਹਿਬ ਵਿਖੇ ਖ਼ਾਲਸਾ ਪੰਥ ਦੀ ਸਥਾਪਨਾ ਅਤੇ ਅੰਮ੍ਰਿਤ-ਸੰਚਾਰ ਮੌਕੇ ਪਤਾਸਿਆਂ ਦੀ ਸੇਵਾ ਕਰ ਮਾਤਾ ਸਾਹਿਬ ਕੌਰ ਜੀ ਨੇ ਕੀਤੀ।

ਸਿੱਖ ਇਤਿਹਾਸ ਤੋਂ ਇਲਾਵਾ ਗੁਰਬਾਣੀ ਵਿਚ ਵੀ ਸਾਨੂੰ ਕਿੰਨੇ ਪ੍ਰਮਾਣ ਮਿਲਦੇ ਹਨ, ਜਿਥੇ ਬੀਬੀ ਨੂੰ ਸਤਿਕਾਰਿਆ ਗਿਆ। ਸਤਿਕਾਰ, ਇੱਜ਼ਤ ਦੇਣਾ ਤਾਂ ਬਰਾਬਰਤਾ ਤੋਂ ਵੀ ਕਿੰਨੀ ਉੱਚੀ ਗੱਲ ਹੈ, ਔਰਤ ਜੋ ਸਦੀਆਂ ਤੋਂ ਲਿਤਾੜੀ ਜਾ ਰਹੀ ਸੀ, ਜਿਸ ਨੂੰ ਇਨਸਾਨਾਂ ਵਾਂਗ ਜਿਉਣ ਦਾ ਹੱਕ ਵੀ ਨਹੀਂ ਸੀ, ਤਾਂ ਗੁਰੂ ਸਾਹਿਬ ਉਸ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦੇ ਹਨ ਕਿ ਔਰਤ ਮਰਦ ਵਿਚ ਕੋਈ ਭੇਦ ਨਹੀਂ ਹੈ:

**ਪੁਰਖ ਮਹਿ ਨਾਰਿ ਨਾਰਿ ਮਹਿ ।**
**ਪੁਰਖਾ ਬੂਝਹੁ ਬ੍ਰਹਮ ਗਿਆਨੀ ॥**

ਹੁਣ ਵਿਚਾਰ ਕਰਦੇ ਹਾਂ ਕਿ ਉਹ ਔਰਤ ਜਾਤ ਜਿਸ ਨੂੰ ਸਿੱਖ ਧਰਮ ਨੇ ਮਾਣ-ਮਰਿਆਦਾ ਅਤੇ ਸਤਿਕਾਰ ਦਿੱਤਾ ਕੀ ਆਪਣੇ ਇਸ ਸਤਿਕਾਰ ਨੂੰ ਬਹਾਲ ਰੱਖਦਿਆਂ ਹੋਇਆਂ ਅੱਜ ਦੀਆਂ ਸਿੱਖ ਮੁਟਿਆਰਾਂ ਧਰਮ ਅਤੇ ਸਮਾਜ ਦੇ ਵਿਕਾਸ ਵਿਚ ਆਪਣਾ ਸਹੀ ਯੋਗਦਾਨ ਪਾ ਰਹੀਆਂ ਹਨ? ਇਹ ਆਮ ਪ੍ਰਚਲਤ ਗੱਲ ਹੈ ਕਿ ਕੌਮਾਂ ਨੂੰ ਜ਼ਿੰਦਾ ਰੱਖਣ ਲਈ ਔਰਤ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ, ਪਰ ਇਹ ਕਿਵੇਂ ਹੋ ਸਕਦਾ ਹੈ, ਇਹ ਪਤਾ ਲਗਾਉਣ ਲਈ ਕੋਸ਼ਿਸ਼ ਕਰਦੇ ਹਾਂ ਹਰ ਉਸ ਛੋਟੀ-ਛੋਟੀ ਗੱਲ ਨੂੰ ਵਿਚਾਰਨ ਦੀ, ਜਿਸ ਨੂੰ ਆਮ ਤੌਰ 'ਤੇ ਅਸੀਂ ਅੱਖੋਂ ਪਰੋਖੇ ਕਰ ਦਿੰਦੇ ਹਾਂ।

**ਨਾਂਅ** : ਸਿੱਖਾਂ ਦੀ ਇਕ ਅੱਡਰੀ ਹੋਂਦ-ਹਸਤੀ ਵਜੋਂ ਇਕ ਵੱਖਰੀ ਪਛਾਣ ਦੇ ਰੂਪ ਹਰ ਇਕ ਲੜਕੇ ਦੇ ਨਾਂਅ ਨਾਲ 'ਸਿੰਘ' ਅਤੇ ਲੜਕੀ ਦੇ ਨਾਂਅ ਨਾਲ 'ਕੌਰ' ਲਗਾਉਣ ਦਾ ਹੁਕਮ ਹੈ, ਪਰ ਅੱਜ ਦੇ ਨੌਜਵਾਨ ਆਪਣੇ ਨਾਵਾਂ ਨਾਲ ਸਿੰਘ ਜਾਂ ਕੌਰ ਲਾਉਣ ਤੋਂ ਸ਼ਰਮਿੰਦਗੀ ਮਹਿਸੂਸ ਕਰਦੇ ਹਨ। ਅੱਧੇ ਅਧੂਰੇ ਨਾਂਅ ਲਿਖਣੇ, ਛੋਟੇ- ਛੋਟੇ ਨਾਂਅ ਲਿਖਣੇ ਅਤੇ ਸਿੰਘ-ਕੌਰ ਸ਼ਬਦ ਲਾਉਣ ਤੋਂ ਗੁਰੇਜ਼ ਕਰਨਾ ਇਕ ਫੈਸ਼ਨ ਬਣਦਾ ਜਾ ਰਿਹਾ ਹੈ। ਬਤੌਰ ਅਧਿਆਪਕ ਕਾਲਜ ਵਿਚ ਇਸ ਵਰਤਾਰੇ ਨਾਲ ਤਕਰੀਬਨ ਹਰ ਰੋਜ਼ ਸਾਹਮਣਾ ਹੁੰਦਾ ਹੈ, ਜੋ ਕਿ ਬਹੁਤ ਹੀ ਦੁੱਖ ਵਾਲੀ ਗੱਲ ਹੈ। ਅੱਜ ਕਲ ਤਾਂ ਨਾਂਅ ਹੀ ਇਸ ਤਰਾਂ ਦੇ ਰੱਖੇ ਜਾਣ ਲੱਗੇ ਹਨ ਕਿ ਪਤਾ ਹੀ ਨਹੀਂ ਚਲਦਾ ਕਿ ਇਹ ਸਿੱਖ ਬੱਚਾ ਹੈ, ਇੰਝ ਲਗਦਾ ਜਿਵੇਂ ਆਉਣ ਵਾਲੇ ਸਮੇਂ ਵਿਚ ਸਿੱਖ ਨਾਵਾਂ ਦਾ ਕਾਲ ਹੀ ਪੈ ਜਾਵੇਗਾ। ਮੇਰਾ ਨਿੱਜੀ ਵਿਚਾਰ ਹੈ ਕਿ ਹਰ ਸਿੱਖ ਮਾਂ ਦਾ ਫ਼ਰਜ਼ ਬਣਦਾ ਹੈ ਕਿ ਆਪਣੇ ਬੱਚਿਆਂ ਨੂੰ ਸ਼ੁਰੂ ਤੋਂ ਸਿੰਘ-ਕੌਰ ਸ਼ਬਦਾਂ ਦੀ ਮਹਾਨਤਾ ਬਾਰੇ ਦੱਸਿਆ ਜਾਵੇ। ਹਰ ਸਿੱਖ ਮਾਂ ਆਪਣਾ ਫ਼ਰਜ਼ ਪਛਾਣਦੇ ਹੋਏ ਆਪਣੇ ਬੱਚੇ ਦਾ ਨਾਂਅ ਹੀ ਇਸ ਤਰਾਂ ਦਾ ਰੱਖੇ ਕਿ ਜਿਸ ਨੂੰ ਸੁਣ ਕੇ ਜਾਂ ਪੜ ਕੇ ਹੀ ਪਤਾ ਲੱਗ ਜਾਵੇ ਕਿ ਇਹ ਸਿੱਖ ਬੱਚਾ ਹੈ।

ਪਹਿਰਾਵਾ : ਸਿੱਖ ਧਰਮ ਇਕ ਨਵੀਨ ਧਰਮ ਹੈ ਜੋ ਸਦੀਆਂ ਤੋਂ ਚਲੀਆਂ ਆਉਂਦੀਆਂ ਬੰਦਿਸ਼ਾਂ ਤੋਂ ਪਰੇ ਹੈ, ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ:

**ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ।**
**ਜਿਤੁ ਪੈਧੇ ਤਨੁ ਪੀੜੀਐ ।**
**ਮਨ ਮਹਿ ਚਲਹਿ ਵਿਕਾਰ ॥**

ਜਾਪਦਾ ਨਹੀਂ ਕਿ ਇਸ ਤੋਂ ਵੱਧ ਖੁੱਲੇ ਵਿਚਾਰ ਕਿਸੇ ਹੋਰ ਧਰਮ ਗ੍ਰੰਥ ਵਿਚ ਮਿਲਦੇ ਹਨ, ਕਿਸੇ ਵੀ ਤਰਾਂ ਦੇ ਪਹਿਰਾਵੇ ਦੀ ਮਨਾਹੀ ਨਹੀਂ, ਬਸ਼ਰਤੇ ਕਿ ਪਹਿਰਾਵਾ ਇਸ ਤਰਾਂ ਦਾ ਨਾ ਹੋਵੇ ਜਿਸ ਨਾਲ ਮਨ ਅਤੇ ਤਨ ਦੁਖੀ ਹੋਣ, ਇਨਸਾਨ ਦੇ ਆਪਣੇ ਜਾਂ ਦੂਸਰਿਆਂ ਦੇ ਮਨ ਵਿਚ ਕਿਸੇ ਤਰਾਂ ਦੇ ਕੋਈ ਬੁਰੇ ਵਿਕਾਰ ਪੈਦਾ ਹੋਣ। ਫਿਰ ਵੀ ਪਤਾ ਨਹੀਂ ਕਿਉਂ ਸਾਡੀਆਂ ਨੌਜਵਾਨ ਲੜਕੀਆਂ ਗ਼ਲਤ ਪਹਿਰਾਵੇ ਨੂੰ ਤਰਜੀਹ ਦਿੰਦੀਆਂ ਹਨ, ਕਿਉਂ ਅਸੀਂ ਆਪਣੇ ਬੱਚਿਆਂ ਨੂੰ ਸਹੀ ਪਹਿਰਾਵੇ ਬਾਰੇ ਦੱਸਣ ਵਿਚ ਅਸਫ਼ਲ ਰਹੇ ਹਾਂ।

**ਖਾਣ-ਪੀਣ** : ਪਹਿਰਾਵੇ ਦੀ ਤਰਾਂ ਸਿੱਖ ਧਰਮ ਵਿਚ ਖਾਣ-ਪੀਣ ਦੇ ਸਬੰਧ ਵਿਚ ਵੀ ਕੋਈ ਖਾਸ ਮਨਾਹੀ ਜਾਂ ਹਦਾਇਤ ਨਹੀਂ ਹੈ,

**ਬਾਬਾ ਹੋਰ ਖਾਣਾ ਖੁਸੀ ਖੁਆਰੁ ।**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥**

ਹਾਂ ਪਰਾਇਆ ਹੱਕ ਖਾਣ ਦੀ ਮਨਾਹੀ ਅਤੇ ਹੱਕ ਦੀ ਕਮਾਈ ਤੋਂ ਜੀਵਨ-ਗੁਜ਼ਾਰਾ ਕਰਨ ਦਾ ਹੁਕਮ ਜ਼ਰੂਰ ਹੈ, ਔਰਤ ਘਰ ਦੀ ਨੀਂਹ ਹੁੰਦੀ ਹੈ, ਜੇਕਰ ਹਰ ਔਰਤ ਇਨਾਂ ਗੁਣਾਂ ਵਿਚ ਪਰਪੱਕਤਾ ਰੱਖ ਪਰਿਵਾਰ ਪਾਲੇ ਤਾਂ ਨਿਸ਼ਚਿਤ ਰੂਪ ਵਿਚ ਸੁਚੱਜੇ ਸਮਾਜ ਦਾ ਵਿਕਾਸ ਹੋਵੇਗਾ।

**ਹਕੁ ਪਰਾਇਆ ਨਾਨਕਾ ।**
**ਉਸ ਸੂਅਰ ਉਸ ਗਾਇ ॥**

**ਕੇਸ** : ਇਸ ਧਰਤੀ ਉੱਤੇ ਅਨੇਕਾਂ ਹੀ ਧਰਮ ਹਨ। ਹਰ ਧਰਮ ਦੇ ਪੈਰੋਕਾਰਾਂ ਨੇ ਦੂਜਿਆਂ ਧਰਮਾਂ ਤੋਂ ਵਿਲੱਖਣ ਅਤੇ ਅੱਡਰੀ



ਹੋਂਦ ਰੱਖਣ ਦੀ ਕੋਸ਼ਿਸ਼ ਸਦਕਾ ਵੱਖਰੀ ਤਰਾਂ ਦੀ ਮਰਿਆਦਾ ਦਿੱਤੀ। ਸਿੱਖ ਧਰਮ ਦੀ ਮਰਿਆਦਾ ਅਨੁਸਾਰ ਕੇਸ ਗੁਰੂ ਦੀ ਮੋਹਰ ਹਨ ਭਾਵ ਸਾਡੇ ਸਿਰਾਂ ਉੱਤੇ ਸੰਭਾਲ ਕਰਕੇ ਰੱਖੇ ਗਏ ਕੇਸ ਹੀ ਸਾਡੀ ਪਛਾਣ ਨੂੰ ਬਾਖੂਬੀ ਬਿਆਨ ਕਰਦੇ ਹਨ ਕਿ ਅਸੀਂ ਸਿੱਖ ਧਰਮ ਨਾਲ ਸਬੰਧਤ ਹਾਂ। ਬਹੁਤ ਹੀ ਦੁੱਖ ਦੀ ਗੱਲ ਹੈ ਕਿ ਅੱਜ ਦੇ ਨੌਜਵਾਨ ਕੇਸਾਂ ਨੂੰ ਆਪਣੀ ਸ਼ਾਨ ਨਹੀਂ ਇਕ ਬੋਝ ਸਮਝਣ ਲੱਗੇ ਹਨ। ਜੇਕਰ ਅਸੀਂ ਆਪਣੇ ਬੱਚਿਆਂ ਲਈ ਸਿੱਖ ਮੁਟਿਆਰ ਜਾਂ ਸਿੱਖ ਗੱਭਰੂ ਜਿਹੇ ਸ਼ਬਦ ਵਰਤਣਾ ਚਾਹੁੰਦੇ ਹਾਂ ਤਾਂ ਸਾਡਾ ਪਹਿਲਾ ਫਰਜ਼ ਬਣਦਾ ਹੈ ਕਿ ਆਪਣੇ ਬੱਚਿਆਂ ਨੂੰ ਕੇਸਾਂ ਦੀ ਮਹਾਨਤਾ ਇਸ ਤਰਾਂ ਸਮਝਾਈਏ ਕਿ ਉਨਾਂ ਨੂੰ ਕੇਸ ਇਕ ਪਾਬੰਦੀ ਨਾ ਲੱਗਣ ਸਗੋਂ ਆਪਣਾ ਮਾਣ-ਸਨਮਾਨ ਦਿਸਣ। ਕੇਸਾਂ ਦੀ ਸਾਂਭ-ਸੰਭਾਲ ਵਿਚ ਮਾਂ ਦੀ ਭੂਮਿਕਾ ਪ੍ਰਮੁੱਖ ਹੈ, ਬੱਚਿਆਂ ਦੀ ਪਾਲਣਾ-ਪੋਸ਼ਣਾ ਹੀ ਇਸ ਤਰਾਂ ਦੇ ਸੰਸਕਾਰਾਂ ਨਾਲ ਕਰਨੀ ਚਾਹੀਦੀ ਹੈ ਕਿ ਆਪਣੀ ਪਛਾਣ ਆਪਣੀ ਦਿੱਖ 'ਤੇ ਮਾਣ ਮਹਿਸੂਸ ਕਰਨ।

**ਸੁਭਾਅ** : ਹਰ ਵਿਅਕਤੀ ਦਾ ਸੁਭਾਅ ਉਸ ਸ਼ਖ਼ਸੀਅਤ ਦੇ ਗੁਣਾਂ-ਔਗੁਣਾਂ ਦਾ ਸੁਮੇਲ ਹੁੰਦਾ ਹੈ। ਅਸਹਿਣਸ਼ੀਲਤਾ ਅੱਜ ਦੇ ਨੌਜਵਾਨਾਂ ਦੇ ਸੁਭਾਅ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ, ਜੋ ਨਸ਼ੇ ਅਤੇ ਹੋਰ ਵਿਕਾਰਾਂ ਨੂੰ ਜਨਮ ਦਿੰਦੀ ਹੈ। ਸਾਨੂੰ ਮਾਣ ਹੋਣਾ ਚਾਹੀਦਾ ਹੈ ਕਿ ਅਸੀਂ ਸਿੱਖ ਹਾਂ, ਸਾਡੇ ਧਰਮ ਦਾ ਫ਼ਲਸਫ਼ਾ ਹੀ ਜੀਵਨ ਜਾਚ ਹੈ। ਇਹ ਫ਼ਲਸਫ਼ਾ ਹੀ ਸਾਨੂੰ ਸੇਧ ਦਿੰਦਾ ਹੈ ਕਿ ਕਿਵੇਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵਰਗੇ ਵਿਕਾਰਾਂ ਉੱਤੇ ਕਾਬੂ ਪਾਉਣਾ ਹੈ। ਜੇਕਰ ਅਸੀਂ ਸੱਚਮੁੱਚ ਚਾਹੁੰਦੇ ਹਾਂ ਸਾਡੀਆਂ ਬੱਚੀਆਂ ਸਮਾਜ ਵਿਚ ਇਕ ਮਿਸਾਲ ਬਣ ਕੇ ਉਭਰਨ ਤਾਂ ਇਕ ਸਿੱਖ ਮਾਂ ਦਾ ਫ਼ਰਜ਼ ਬਣਦਾ ਹੈ ਕਿ ਬਚਪਨ ਤੋਂ ਹੀ ਆਪਣੇ ਬੱਚਿਆਂ ਨੂੰ ਸਿੱਖ ਫਲਸਫੇ ਤੋਂ ਜਾਣੂ ਕਰਵਾਏ।

**ਸਦਾਚਾਰ** : ਅੱਜ ਦੇ ਮਾਡਰਨ ਯੁੱਗ ਵਿਚ ਇਕ ਖ਼ਤਰਨਾਕ ਜਿਹੀ ਆਵਾਜ਼ ਕੰਨੀ ਪੈ ਰਹੀ ਹੈ ਕਿ ਚੰਗੇ ਕੰਮ ਕਰੀ ਚਲੋ ਕਿਸੇ ਧਰਮ ਦੀ ਲੋੜ ਨਹੀਂ ਜਾਂ ਕੁਝ ਸੋਚਦੇ ਨੇ ਕਿ ਕਿਸੇ ਇਕ ਧਰਮ ਦੀ ਸ਼ਰਾ, ਰਹੁਰੀਤ ਜਾਂ ਮਰਯਾਦਾ ਅਨੁਸਾਰ ਢਲ ਜਾਣਾ ਹੀ ਕਾਫੀ ਹੈ, ਸਦਾਚਾਰ ਜਿਹਾ ਕੁਝ ਵੀ ਜ਼ਰੂਰੀ ਨਹੀਂ। ਸਿੱਖ ਮਾਂ ਆਪਣੇ ਬੱਚੇ ਨੂੰ ਇਹ ਸਮਝਾਵੇ ਕਿ ਸਦਾਚਾਰ ਤੋਂ ਬਿਨਾਂ ਧਾਰਮਿਕ ਹੋਣਾ ਨਿਰਾ ਪਖੰਡ ਹੈ ਅਤੇ ਧਰਮ ਤੋਂ ਬਿਨਾਂ ਸਦਾਚਾਰ ਅਸੰਭਵ ਹੈ। ਦੂਸਰਿਆਂ ਦੇ ਹੱਕਾਂ ਨੂੰ ਆਪਣੇ ਫ਼ਰਜ਼ ਸਮਝਣਾ, ਆਪਣੇ ਹੱਕਾਂ ਦੇ ਨਾਲ ਦੂਜਿਆਂ ਦੇ ਹੱਕਾਂ 'ਤੇ ਪਹਿਰਾ ਦੇਣਾ, ਸਮਾਜਿਕ ਸਾਂਝ ਨੂੰ ਬਾਖੂਬੀ ਨਿਭਾਉਣਾ ਜਿਵੇਂ ਕਿ ਸੱਚ ਬੋਲਣਾ, ਵੱਡਿਆਂ ਦੀ ਇੱਜ਼ਤ ਕਰਨਾ, ਛੋਟਿਆਂ ਨੂੰ ਪਿਆਰ ਕਰਨਾ, ਮਨੁੱਖੀ ਕਦਰਾਂ ਕੀਮਤਾਂ ਨੂੰ ਸਮਝਣਾ ਹੀ ਸਦਾਚਾਰ ਹੈ।

ਸਿੱਖ ਬੀਬੀ ਇਕ ਮਾਂ ਦੇ ਰੂਪ ਵਿਚ ਅਜਿਹੀਆਂ ਛੋਟੀਆਂ ਛੋਟੀਆਂ ਪਰ ਮਹਤੱਵਪੂਰਨ ਗੱਲਾਂ ਦਾ ਧਿਆਨ ਰੱਖਦਿਆਂ ਇਕ ਉੱਤਮ ਸਮਾਜ ਦੀ ਸਿਰਜਣਾ ਕਰਨ ਦੇ ਸਮਰੱਥ ਹੈ। ਸਿਰਫ ਲੋੜ ਹੈ ਸਿੱਖ ਔਰਤ ਨੂੰ ਆਪਣੇ ਹੱਕਾਂ ਅਤੇ ਫ਼ਰਜ਼ਾਂ ਨੂੰ ਸਹੀ ਤਰਾਂ ਪਛਾਣ ਕੇ ਉਨਾਂ 'ਤੇ ਪਹਿਰਾ ਦੇਣ ਦੀ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਸ਼ਹੀਦ ਭਾਈ ਤਾਰੂ ਸਿੰਘ ਜੀ

## (1 ਜੁਲਾਈ, 1745)



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਮੱਧ ਕਾਲੀਨ ਯੁੱਗ ਵਿਚ ਸਮਾਜ ਸੁਧਾਰਕਾਂ ਵਲੋਂ ਭਗਤੀ ਲਹਿਰ ਚਲਾਈ ਗਈ। ਲੋਕਾਂ ਵਿਚ ਝੂਠੇ ਕਰਮਕਾਂਡਾਂ ਵਿਰੁਧ ਚੇਤਨਾ ਆਈ। ਸੂਫ਼ੀ ਰੰਗ ਵਿਚ ਰੰਗੀ ਬਾਣੀ ਵਿਚ ਬੀਰ-ਰਸ ਭਰਿਆ ਗਿਆ। ਕਿਸੇ ਵੀ ਅੰਦੋਲਨ ਵਿਚ ਜਾਨ ਪਾਉਣ ਲਈ ਬੀਰ-ਰਸ ਦੀ ਬੜੀ ਅਹਿਮੀਅਤ ਹੁੰਦੀ ਹੈ। ਸਾਹਿਬ ਗੁਰੂ ਨਾਨਕ ਦੇਵ ਜੀ ਨੇ 'ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਅੰਗ-1412, ਦਾ ਸ਼ਬਦ ਉਚਾਰ ਕੇ ਧਰਮ ਦੀ ਬੁਨਿਆਦ ਨੂੰ ਪੱਕਾ ਕੀਤਾ। ਸੱਚ-ਧਰਮ ਦੇ ਮਾਰਗ ਤੇ ਕੁਰਬਾਨੀ ਦੇਣ ਲਈ ਤਿਆਰ ਰਹੋ ਦਾ ਉਪਦੇਸ਼ ਦਿੱਤਾ। ਇਕ ਪ੍ਰਮਾਤਮਾ ਵਿਚ ਯਕੀਨ ਰੱਖ ਕੇ ਉਸ ਦਾ ਨਾਮ ਜਪਣਾ, ਖੁਸ਼ੀ ਅਤੇ ਗਮੀ ਵਿਚ ਹਮੇਸ਼ਾ ਰੱਬ ਦਾ ਭਾਣਾ ਮੰਨਣਾ। ਨਾਨਕ ਪੰਥ ਦੀ ਸਮੁੱਚੀ ਬੰਦਗੀ ਵਿਚ ਨਿਮਰਤਾ ਨੂੰ ਪਹਿਲ ਦਿੱਤੀ ਗਈ ਹੈ। ਹਰੇਕ ਨੇ ਸੱਚੀ ਮਿਹਨਤ ਅਤੇ ਇਮਾਨਦਾਰੀ ਨਾਲ ਕ੍ਰਿਤ ਕਰਨੀ ਹੈ। ਆਪਣੀ ਮਿਹਨਤ ਦੀ ਕਮਾਈ ਦਾ ਫਲ ਦੂਜਿਆਂ ਨਾਲ ਵੰਡ ਕੇ ਛਕਣਾ ਹੈ। ਜੀਵਨ ਜਾਚ ਲਈ ਸਿਧਾਂਤ ਦਿੱਤਾ ਕਿ 'ਕ੍ਰਿਤ ਕਰੋ, ਨਾਮ ਜਪੋ, ਵੰਡ ਛਕੋ।' ਬਰਾਬਰਤਾ ਦੇ ਸਮਾਜ ਵਿਚ ਖੁਦਗਰਜੀ ਤੋਂ ਉਪਰ ਉਠ ਕੇ ਸੇਵਾ ਕਰਨੀ ਹੈ। ਸਰਬੱਤ ਦੇ ਭਲੇ ਲਈ ਇਨਸਾਨੀ ਹੱਕਾਂ ਤੇ ਪਹਿਰਾ ਦੇਣਾ ਹੈ। ਸਿੱਖ ਧਰਮ ਦੇ ਬਾਨੀ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਧਰਮਸ਼ਾਲਾ, ਸੰਗਤ, ਪੰਗਤ, ਲੰਗਰ ਤੇ ਪ੍ਰਚਾਰ ਲਈ ਮੰਜੀਆਂ ਆਦਿ ਸੰਸਥਾਵਾਂ ਆਰੰਭੀਆਂ। ਸਿੱਖ ਗੁਰੂਆਂ ਨੇ ਚਲਦੀਆਂ ਸੰਸਥਾਵਾਂ ਨੂੰ ਹੋਰ ਮਜ਼ਬੂਤ ਕੀਤਾ ਤੇ ਵਧਾਇਆ। ਧਰਮ ਯੁੱਧ ਦੇ ਦੌਰ ਵਿਚ ਜਿੱਥੇ ਰਸਦ ਮਾਇਆ ਭੇਟ ਕੀਤੀ ਜਾਂਦੀ ਹੈ, ਉਥੇ ਲੋੜ ਪੈਣ ਤੇ ਸੀਸ ਵੀ ਭੇਟ ਕੀਤੇ ਜਾਣ ਲੱਗੇ। ਇਸ ਤੇ ਚਲਦਿਆਂ ਸਿੱਖ ਇਤਿਹਾਸ ਤਸੀਹਿਆਂ, ਕੁਰਬਾਨੀਆਂ, ਸ਼ਹੀਦੀਆਂ ਦੀ ਵਿਲੱਖਣ ਮਿਸਾਲ ਹੈ। ਉਸੇ ਸੰਘਰਸ਼ ਦੀ ਲੜੀ ਵਿਚ ਅਠਾਰਵੀਂ ਸਦੀ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਹੋਏ ਹਨ।

ਜ਼ਕਰੀਆ ਖਾਨ ਲਾਹੌਰ ਦਾ ਹਾਕਮ ਸੀ। ਉਸ ਦਾ ਭਰਾ ਸਿੱਖਾਂ ਨਾਲ ਹੋਈ ਇਕ ਲੜਾਈ ਵਿਚ ਮਾਰਿਆ ਗਿਆ ਸੀ। ਉਸ ਦਾ ਬਦਲਾ ਲੈਣ ਲਈ ਉਸ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਹਿਮ ਚਲਾ ਰੱਖੀ ਸੀ। ਉਸ ਨੇ ਸਿੱਖਾਂ ਨੂੰ ਚੁਣ ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ। ਸਿੱਖ ਆਪਣੀ ਹੋਂਦ ਦੇ ਬਚਾਉ ਵਿਚ ਜੰਗਲਾਂ, ਬੇਲਿਆਂ, ਪਹਾੜਾਂ, ਮਾਰੂਥਲਾਂ ਦੀਆਂ ਪਨਾਹਗਾਹਾਂ ਵਿਚ ਚਲੇ ਗਏ। ਬਚੇ ਕੁਝ ਸਿੱਖ ਅਤੇ ਹੋਰ ਵਰਗਾਂ ਦੇ ਲੋਕ ਵੀ ਮੁਗਲਾਂ ਦੇ ਘੋਰ ਜ਼ੁਲਮ ਹੇਠ ਜੀਅ ਰਹੇ ਸਨ। ਉਹ ਗੁਰੂਆਂ ਦੀ ਸਿੱਖਿਆ ਤੇ ਚਲਦੇ ਬਿਨਾਂ ਭੇਦ ਭਾਵ ਦੇ ਆਪਸ ਵਿਚ ਪਿਆਰ ਅਤੇ ਸ਼ਾਂਤਮਈ ਰਹਿ ਰਹੇ ਸਨ। ਉਹ ਇਕ ਦੂਸਰੇ ਦੀ ਮਦਦ ਕਰਕੇ ਖੁਸ਼ ਹੁੰਦੇ ਸਨ। ਉਹ ਜੋ ਕੁਝ ਕਮਾਉਂਦੇ ਵਿਚੋਂ ਲੋੜਵੰਦਾਂ ਦੀ ਮਦਦ ਕਰਦੇ। ਉਹ ਗੁਰਬਾਣੀ ਪੜਦੇ ਅਤੇ ਵਿਚਾਰਦੇ। ਉਹ ਸਾਦਾ ਜੀਵਨ ਜਿਉਂਦੇ। ਅਜਿਹੇ ਸਮੇਂ ਵਿਚ ਹੀ ਭਾਈ ਤਾਰੂ ਸਿੰਘ ਜੀ ਦਾ ਜਨਮ 1716 ਈ. ਵਿਚ ਪਿੰਡ ਪੂਹਲਾ ਜ਼ਿਲਾ ਅੰਮ੍ਰਿਤਸਰ ਵਿਚ ਹੋਇਆ। ਉਹ ਆਪਣੀ ਮਾਤਾ ਜੀ ਤੇ ਭੈਣ ਨਾਲ ਰਹਿੰਦੇ ਸਨ। ਛੋਟੀ ਉਮਰ ਵਿਚ ਹੀ ਉਨਾਂ ਦੇ ਪਿਤਾ ਜੀ ਅਕਾਲ ਚਲਾਣਾ ਕਰ ਗਏ ਸਨ। ਉਹ ਜ਼ਿੰਮੀਦਾਰਾ ਕੰਮ ਕਰਦੇ ਸਨ। ਜਦੋਂ ਉਨਾਂ ਦੀ ਉਮਰ 25 ਸਾਲ ਸੀ, ਉਨਾਂ ਦੀ ਮਾਤਾ ਨੇ ਭੈਣ-ਭਰਾ ਨੂੰ ਗੁਰੂ ਦੀ ਸਿੱਖਿਆ ਤੇ ਚਲਦਿਆਂ ਲੋੜਵੰਦਾਂ ਦੀ ਸੇਵਾ ਕਰਨ ਦੇ ਆਹਰੇ ਲਾਇਆ ਹੋਇਆ ਸੀ। ਭਾਈ ਸਾਹਿਬ ਸੰਗਤਾਂ ਦੀ ਸੇਵਾ ਬੜੇ ਚਾਅ ਨਾਲ ਅੱਗੇ ਹੋ ਕੇ ਕਰਦੇ। ਬਾਹਰੋਂ ਆਈਆਂ ਸੰਗਤਾਂ ਦੀ ਸੇਵਾ ਵਿਚ ਤਤਪਰ ਰਹਿੰਦੇ, ਕਦੇ ਨਾ ਥੱਕਦੇ, ਜਿਵੇਂ ਕਿ ਸਿੰਘ ਪਨਾਹਗਾਹਾਂ ਵਿਚ ਚਲੇ ਗਏ ਸਨ, ਉਸੇ ਤਰਾਂ ਦੀ ਇਕ ਪਨਾਹਗਾਹ ਵੀ 'ਬੀੜ ਬਾਬਾ ਬੁੱਢਾ ਜੀ' ਪਿੰਡ ਪੂਹਲੇ ਦੇ ਨੇੜੇ ਹੀ ਸੀ।

ਭਾਈ ਸਾਹਿਬ ਨੇ ਆਪਣੀ ਖੇਤੀ ਦੇ ਕੰਮ ਵਿਚੋਂ ਸਿੰਘਾਂ ਦੀ ਸੇਵਾ ਕਰਨ ਦੀ ਜਿੰਮੇਵਾਰੀ ਲੈ ਲਈ। ਉਨਾਂ ਦੀ ਮਾਤਾ ਜੀ ਅਤੇ ਭੈਣ ਆਟਾ ਪੀਹਦੀਆਂ, ਮਿੱਸੀਆਂ ਰੋਟੀਆਂ ਅਤੇ ਦੁੱਧ ਦਾ ਤਾਜਾ ਲੰਗਰ ਤਿਆਰ ਕਰਦੀਆਂ। ਰਾਤ ਨੂੰ ਭਾਈ ਸਾਹਿਬ ਲੰਗਰ ਰਸਦ ਅਤੇ ਹੋਰ ਲੋੜੀਂਦੀਆਂ ਰੋਜ਼ਮਰਾ ਦੀਆਂ ਵਸਤਾਂ 'ਬੀੜ' ਵਿਚ ਟਿਕਾਣਾ ਕਰੀ ਬੈਠੇ ਸਿੰਘਾਂ ਤੱਕ ਪਹੁੰਚਾਉਂਦੇ। ਦੇਰ ਰਾਤ ਤੱਕ ਭਾਈ ਸਾਹਿਬ ਨੂੰ ਸਿੰਘਾਂ ਨਾਲ ਚਲੰਤ ਮਾਮਲਿਆਂ ਤੇ ਗੱਲਬਾਤ ਕਰਨ ਦੀ ਦਿਲਚਸਪੀ ਸੀ। ਉਹ ਸਿੰਘਾਂ ਨਾਲ ਮੁਗਲ ਹਾਕਮਾਂ ਦੀਆਂ ਚਾਲਾਂ ਅਤੇ ਭਵਿੱਖ ਦੇ ਮਨਸੂਬਿਆਂ ਬਾਰੇ ਢੇਰ ਸਾਰੀ ਚਰਚਾ ਕਰਦੇ ਸਨ।

ਆਉਣ ਵਾਲੇ ਮਾੜੇ ਸਮਿਆਂ ਬਾਰੇ ਵੀ ਸੁਚੇਤ ਕਰਦੇ। ਇਹ ਸਿਲਸਿਲਾ ਕਈ ਸਾਲ ਚਲਦਾ ਰਿਹਾ। ਇਸ ਤੋਂ ਇਲਾਵਾ ਭਾਈ ਸਾਹਿਬ ਪਿੰਡਾਂ ਵਿਚ ਆਉਂਦੇ ਜਾਂਦੇ ਮੁਸਾਫ਼ਰਾਂ ਦੀ ਵੀ ਲੰਗਰ ਨਾਲ ਸੇਵਾ ਕਰਦੇ। ਲੋੜਵੰਦਾਂ ਲਈ ਠਹਿਰ ਦਾ ਪ੍ਰਬੰਧ ਵੀ ਕਰ ਲੈਂਦੇ। ਇਸ ਤਰਾਂ ਉਹ ਇਲਾਕੇ ਵਿਚ ਹਰਮਨਪਿਆਰੇ ਸਨ। ਲੋਕ ਉਨਾ ਦਾ ਬੜਾ ਸਤਿਕਾਰ ਕਰਦੇ ਸਨ।

ਜਦੋਂ ਜੰਡਿਆਲੇ ਦੇ ਹਰਿਭਗਤ ਮੁਖਬਰ ਨੂੰ ਪਤਾ ਲੱਗਾ ਕਿ ਭਾਈ ਸਾਹਿਬ ਦੀ ਸੇਵਾ ਕਰਕੇ ਉਨਾਂ ਦੀ ਪ੍ਰਸਿੱਧੀ ਹੈ, ਉਸ ਨੇ ਈਰਖਾ ਵਿਚ ਆ ਕੇ ਭਾਈ ਸਾਹਿਬ ਦੀਆਂ ਸਰਗਰਮੀਆਂ ਨੂੰ ਕੁਚਲਣ ਦੀ ਠਾਣ ਲਈ। ਉਹ ਪਹਿਲਾਂ ਹੀ ਹਾਕਮਾਂ ਦੀ ਸ਼ਹਿ ਤੇ ਸਿੰਘਾਂ ਨਾਲ ਮਨ ਵਿਚ ਵੈਰ ਰੱਖਦਾ ਸੀ। ਬਦਲਾ ਲੈਣ ਦੇ ਬਹਾਨੇ ਵਿਚ ਬਿਨਾਂ ਕਿਸੇ ਦੇਰੀ ਦੇ ਇਹ ਖ਼ਬਰ ਮੁਗਲ ਸਰਕਾਰ ਨੂੰ ਦਿੱਤੀ ਕਿ ਪਿੰਡ ਪੂਹਲੇ ਵਿਚ ਇਕ ਸਿੱਖ ਭਾਈ ਤਾਰੂ ਸਿੰਘ ਬਾਗੀ ਰਹਿੰਦਾ ਹੈ। ਬਾਹਰੋਂ ਉਸ ਦਾ ਭੇਸ ਧਰਮੀ ਹੈ ਪਰ ਉਸ ਦੇ ਕੰਮ ਹਕੂਮਤ ਦੇ ਖਿਲਾਫ਼ ਹਨ। ਉਹ ਚੋਰਾਂ, ਡਾਕੂਆਂ ਅਤੇ ਵੈਲੀ ਬੰਦਿਆਂ ਦੀ ਲੰਗਰ ਨਾਲ ਸੇਵਾ ਕਰਦਾ ਹੈ। ਇਥੋਂ ਤੱਕ ਕਿ ਹਕੂਮਤ ਦੇ ਬਾਗੀ ਸਿੱਖਾਂ ਦੀ ਵੀ ਸੇਵਾ ਕਰਦਾ ਹੈ। ਉਹ ਦੁਰਾਚਾਰੀ ਬੰਦਿਆਂ ਨੂੰ ਪਨਾਹ ਵੀ ਦਿੰਦਾ ਹੈ। ਉਹ ਇਕ ਖਤਰਨਾਕ ਬਾਗੀ ਸਿੱਖ ਹੈ। ਉਸ ਦੀਆਂ ਕਾਰਵਾਈਆਂ ਦੀ ਉਸ ਨੂੰ ਸਖਤ ਸਜਾ ਮਿਲਣੀ ਚਾਹੀਦੀ ਹੈ।

ਹਰਿਭਗਤ ਨੂੰ ਭਾਈ ਸਾਹਿਬ ਤੇ ਲਾਏ ਦੋਸ਼ਾਂ ਅਤੇ ਸੂਹ ਦੇਣ ਲਈ ਇਨਾਮ ਦਿੱਤਾ ਗਿਆ। ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਲਈ ਸਿਪਾਹੀ ਭੇਜ ਦਿੱਤੇ ਕਿ ਉਸ ਨੂੰ ਲਾਹੌਰ ਲੈ ਕੇ ਆਓ। ਸਿਪਾਹੀਆਂ ਨੇ ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਲਈ ਪਿੰਡ ਪੂਹਲੇ ਤੇ ਧਾਵਾ ਬੋਲ ਦਿੱਤਾ। ਭਾਈ ਸਾਹਿਬ ਨੂੰ ਲਾਹੌਰ ਲਿਆਂਦਾ ਗਿਆ। ਜੇਲ ਵਿਚ ਰੱਖ ਕੇ ਅਣਮਨੁੱਖੀ ਤਸ਼ੱਦਦ ਢਾਹਿਆ ਗਿਆ। ਕਈ ਦਿਨਾਂ ਤੱਕ ਇਹ ਦੁਹਰਾਇਆ ਗਿਆ ਕਿ ਇਸਲਾਮ ਕਬੂਲ ਕਰ ਲਵੋ। ਲਿਹਾਜਾ ਕੇਸ ਕਤਲ ਕਰ ਦਿੱਤੇ ਜਾਣਗੇ। ਜੇਕਰ ਕੇਸ ਕਟਵਾ ਕੇ ਇਸਲਾਮ ਕਬੂਲ ਕਰ ਲਵੋ ਤਾਂ ਤੁਹਾਡੀ ਜਾਨ ਬਖਸ਼ ਦਿੱਤੀ ਜਾਵੇਗੀ। ਨਾਲ ਹੀ ਤੁਹਾਨੂੰ ਸਰਕਾਰੀ ਅਹੁਦਾ, ਮਾਣ ਸਨਮਾਨ ਅਤੇ ਦੌਲਤ ਨਾਲ ਮਾਲਾ-ਮਾਲ ਕਰ ਦਿੱਤਾ ਜਾਵੇ, ਜਿਸ ਨਾਲ ਅਰਾਮ ਦੀ ਜ਼ਿੰਦਗੀ ਬਿਤਾ ਸਕੋਗੇ। ਨਹੀਂ ਤਾਂ ਸਰਕਾਰੀ ਤਸ਼ੱਦਦ ਚਲਦਾ ਰਹੇਗਾ। ਚਰਖੜੀ ਤੇ ਚੜਾ ਕੇ ਕਤਲ ਕੀਤੇ ਜਾਉਗੇ। ਇਹ ਨਸੀਹਤ ਵੀ ਦਿੱਤੀ ਕਿ ਕਿਉਂ ਸਿੱਖੀ ਲਈ ਆਪਣੀ ਜਾਨ ਗੁਆ ਰਹੇ ਹੋ। ਭਾਈ ਸਾਹਿਬ ਨੇ ਕਿਹਾ ਮੈਂ ਆਪਣੇ ਧਰਮ ਵਿਚ ਰਹਿ ਕੇ ਮਰਨਾ ਚਾਹਾਂਗਾ। ਭਾਈ ਸਾਹਿਬ ਨੇ ਬੜੇ ਦ੍ਰਿੜ ਇਰਾਦੇ ਵਿਚ ਕਿਹਾ ਕਿ ਇਹ ਜੋ ਤੂੰ ਐਸ਼ੋ-ਆਰਾਮ ਦੇ ਸੌਦੇ ਵਿਖਾ ਰਿਹਾ ਏ, ਇਹ ਮੈਂ ਆਪਣੀ ਜੁੱਤੀ ਦੀ ਨੋਕ ਤੇ ਵੀ ਨਹੀਂ ਰੱਖਦਾ। ਜੇਕਰ ਸਾਰੇ ਜਹਾਨ ਦੀ ਬਾਦਸ਼ਾਹੀ ਅਤੇ ਧੰਨ ਦੌਲਤ ਮੇਰੇ ਪੈਰਾਂ ਵਿਚ ਰੱਖ ਦੇਵੇ, ਸਾਰਾ ਜਹਾਨ ਮੇਰਾ ਨੌਕਰ ਹੋ ਜਾਵੇ ਤਾਂ ਵੀ ਮੈਂ ਆਪਣਾ ਸਿੱਖੀ ਸਿਦਕ ਨਹੀਂ ਛੱਡ ਸਕਦਾ। ਇਸ ਨੂੰ ਕੇਸਾਂ ਸੁਆਸਾਂ ਨਾਲ ਨਿਭਾਵਾਂਗਾ। ਇਹ ਸਾਰੀਆਂ ਦੁਰਲੱਭ ਵਸਤੂਆਂ ਤੋਂ ਮੇਰਾ ਧਰਮ ਉੱਚਾ ਹੈ। ਮੈਂ ਆਪਣਾ ਵਾਲ ਵੀ ਬਾਂਕਾ ਨਹੀਂ ਕਰਨ ਦਿਆਂਗਾ। ਮੈਂ ਸ਼ਹੀਦ ਹੋਣ ਲਈ ਤਿਆਰ ਹਾਂ। ਮੇਰਾ ਪ੍ਰਮਾਤਮਾ ਮੇਰੇ ਨਾਲ ਸਹਾਈ ਹੋਵੇਗਾ।

ਜ਼ਕਰੀਆ ਖਾਨ ਨੇ ਹੰਕਾਰ ਵਿਚ ਆ ਕੇ ਕਿਹਾ ਇਸ ਵੇਲੇ ਤੇਰਾ ਪ੍ਰਮਾਤਮਾ ਮੈਂ ਹਾਂ ਜੋ ਤੇਰੀ ਜਾਨ ਬਖਸ਼ ਸਕਦਾ ਹੈ। ਪਰ ਮੈਂ ਤੇਰੀ ਗੱਲ ਮੰਨਦਾ ਹਾਂ ਕਿ ਤੇਰੇ ਕੇਸ ਕਤਲ ਨਾ ਕੀਤੇ ਜਾਣ। ਤੇਰੇ ਕੇਸ ਖੋਪੜੀ ਸਮੇਤ ਉਤਾਰੇ ਜਾਦ। ਇਸ ਬਾਰੇ ਤੇਰਾ ਕੀ ਖਿਆਲ ਹੈ। ਭਾਈ ਸਾਹਿਬ ਨੇ ਕਿਹਾ ਕਿ ਮੇਰੀ ਇਹ ਦਿਆਲਤਾ ਮੈਨੂੰ ਮਨਜ਼ੂਰ ਹੈ। ਮੈਨੂੰ ਭਾਵੇਂ ਕਿਸੇ ਵੀ ਤਰੀਕੇ ਨਾਲ ਸ਼ਹੀਦ ਕਰ, ਪਰ ਮੇਰੇ ਕੇਸ, ਮੇਰੇ ਸੁਆਸਾਂ ਨਾਲ ਕਾਇਮ ਰਹਿਣ। ਹੁਣ ਜਲਦੀ ਮੈਨੂੰ ਸ਼ਹੀਦ ਕਰੋ। ਮੈਂ ਪ੍ਰਮਾਤਮਾ ਦਾ ਕਰਜ਼ ਉਤਾਰਾਂ।

ਜ਼ਕਰੀਆ ਖਾਨ ਨੇ ਹੁਕਮ ਦਿੱਤਾ ਕਿ ਭਾਈ ਤਾਰੂ ਸਿੰਘ ਜੀ ਨੂੰ ਘੋੜਾ ਮੰਡੀ ਨਾਖਾਸ ਚੌਕ, ਦਿੱਲੀ ਗੇਟ ਲਾਹੌਰ ਵਿਖੇ ਲਿਜਾਇਆ ਜਾਵੇ। ਇੱਥੇ ਪਹਿਲਾਂ ਵੀ ਕਈ ਸਿੰਘ ਸ਼ਹੀਦ ਹੋਏ ਸਨ। ਜੱਲਾਦ ਨੂੰ ਭਾਈ ਸਾਹਿਬ ਦੀ ਖੋਪੜੀ ਉਤਾਰਨ ਦਾ ਹੁਕਮ ਹੋਇਆ। ਭਾਈ ਸਾਹਿਬ ਸ਼ਾਂਤ ਚਿੱਤ ਅਡੋਲ ਰਹੇ। ਜਪੁਜੀ ਸਾਹਿਬ ਦਾ ਪਾਠ ਕਰਦੇ ਰਹੇ, ਨਾਮ ਜਪਦੇ ਰਹੇ। ਭਾਈ ਸਾਹਿਬ ਦੀ ਖੋਪੜੀ ਉਤਾਰ ਕੇ ਉਨਾਂ ਦੇ ਸਾਹਮਣੇ ਰੱਖ ਦਿੱਤੀ। ਭਾਈ ਸਾਹਿਬ ਨੇ ਰੱਬ ਦਾ ਸ਼ੁਕਰ ਮਨਾਇਆ ਕਿ ਮੇਰੇ ਕੇਸ ਬਚਾ ਲਏ ਹਨ।

ਭਾਈ ਸਾਹਿਬ ਜੀ ਨੂੰ ਫਿਰ ਵਾਪਸ ਜੇਲ ਭੇਜਿਆ ਗਿਆ। ਤਸ਼ੱਦਦ ਕੈਦੀਆ ਵਾਂਗ ਜਾਰੀ ਰਿਹਾ। ਉਨਾਂ ਦਿਨਾਂ ਵਿਚ ਜ਼ਕਰੀਆ ਖਾਨ ਦੇ ਗੁਰਦੇ ਖਰਾਬ ਹੋ ਗਹੇ। ਉਹ ਅਤਿਅੰਤ ਦਰਦ ਵਿਚ ਸੀ ਕਿ ਉਸ ਦਾ ਸਾਹ ਰੁਕਣ ਲੱਗਾ। ਉਸ ਨੇ ਪਛਤਾਵਾ ਕੀਤਾ ਕਿ ਮੈਂ ਇਕ ਬੇਕਸੂਰ ਸੰਤ ਰੂਪੀ ਸਿੰਘ ਨੂੰ ਬੜੇ ਤਸੀਹੇ ਦਿੱਤੇ ਹਨ। ਇਹ ਮੇਰਾ ਉਨਾਂ ਕਰਮਾਂ ਦਾ ਕੰਮ ਹੈ ਜੋ ਮੈਂ ਬਿਮਾਰੀ ਭੋਗ ਰਿਹਾ ਹਾਂ। ਉਸ ਨੇ ਆਪਣੇ ਅਹਿਲਕਾਰ ਭਾਈ ਸਾਹਿਬ ਜੀ ਕੋਲ ਭੇਜੇ ਕਿ ਮੈਨੂੰ ਮੁਆਫ਼ ਕਰ ਦਿਓ। ਭਾਈ ਸਾਹਿਬ ਜੀ ਨੇ ਕਿਹਾ ਕਿ ਜੋ ਕੁਝ ਵਾਪਰ ਰਿਹਾ ਹੈ, ਉਸ ਪ੍ਰਮਾਤਮਾ ਦੇ ਭਾਣੇ ਵਿਚ ਹੈ। ਉਹ ਪ੍ਰਮਾਤਮਾ ਸਭਾ ਦਾ ਇਨਸਾਫ਼ ਕਰੇਗਾ। ਜਕਰੀਆ ਖਾਨ ਦੀ ਬਿਮਾਰੀ ਠੀਕ ਹੋ ਗਈ। ਪਰ ਉਹ 22 ਦਿਨ ਬਾਅਦ ਮਰ ਗਿਆ। ਉਸ ਦੇ ਮਰਨ ਦੀ ਖ਼ਬਰ ਜਦ ਭਾਈ ਸਾਹਿਬ ਜੀ ਨੂੰ ਮਿਲੀ ਤਾਂ ਉਨਾਂ 1 ਜੁਲਾਈ, 1745 ਨੂੰ ਸ਼ਹੀਦੀ ਪਾ ਲਈ। ਬਿਨਾਂ ਖੋਪੜੀ ਤੋਂ ਕੇਸਾਂ ਸੰਗ ਰਹਿਣਾ ਇਕ ਵਿਲੱਖਣ ਸ਼ਹੀਦੀ ਹੈ। ਭਾਈ ਸਾਹਿਬ ਜੀ ਨੇ ਖ਼ਾਲਸਾ ਸਰੂਪ ਦੀ ਸ਼ਾਨ ਲਈ ਆਪਣੇ ਨਿੱਜ ਸੁਆਰਥ ਤੋਂ ਉਪਰ ਉਠ ਕੇ ਧਰਮ ਲਈ ਕੁਰਬਾਨੀ ਦਿੱਤੀ। ਸਿੱਖੀ ਦਾ ਮਾਰਗ ਹੈ ਕਿ ਆਪਾ ਵਾਰ ਕੇ ਸੀਸ ਭੇਟ ਕਰਨਾ ਹੈ।

**ਅੰਤਿਕਾ :** ਗੁਰੂ ਦੀ ਦੱਸੀ ਸੇਵਾ ਬੜੀ ਔਖੀ ਹੈ। ਆਪਾ ਭਾਵ ਗਵਾ ਕੇ ਸਿਰ ਦੇਣਾ ਪੈਂਦਾ ਹੈ। ਜਦੋਂ ਕੋਈ ਜੀਵ ਗੁਰੂ ਦੇ ਸ਼ਬਦ ਵਿਚ ਜੁੜਦੇ ਹਨ ਤਾਂ ਉਨਾਂ ਨੂੰ ਪ੍ਰਮਾਤਮਾ ਮਿਲ ਪੈਂਦਾ ਹੈ। ਉਸ ਦੀ ਸੇਵਾ ਕਬੂਲ ਹੋ ਜਾਂਦੀ ਹੈ। ਅੰਗ 20



# ਬੁੰਗੇ : ਸਿੱਖ ਧਰਮ ਵਿਚ ਸਥਾਨ ਅਤੇ ਯੋਗਦਾਨ

ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਬੁੰਗਾ ਸਿੱਖ ਮਾਨਸਿਕਤਾ ਨਾਲ ਜੁੜਿਆ ਹੋਇਆ ਸ਼ਬਦ ਹੈ। ਫ਼ਾਰਸੀ ਭਾਸ਼ਾ ਦਾ ਇਹ ਸ਼ਬਦ ਨਿਵਾਸ ਜਾਂ ਕੀਮਤੀ ਸਮਾਨ ਸੰਭਾਲ ਕੇ ਰੱਖਣ ਲਈ ਵਰਤਿਆ ਜਾਂਦਾ ਸੀ। ਕੀਰਤਪੁਰ ਸਾਹਿਬ ਨੇੜੇ ਗੁਰੂ ਹਰਿ ਰਾਇ ਸਾਹਿਬ ਜੀ ਦੀ ਯਾਦ ਵਿਚ ਗੁਰਦੁਆਰਾ ਬੁੰਗਾ ਸਾਹਿਬ ਸਸ਼ੋਭਿਤ ਹੈ ਜਿੱਥੇ ਕਿ ਉਨਾਂ ਦੇ ਸਮੇਂ ਘੋੜੇ ਰੱਖੇ ਹੋਏ ਸਨ। ਇਸ ਤਰਾਂ ਇਹ ਸ਼ਬਦ ਰਹਿਣ ਦੇ ਸਥਾਨ ਲਈ ਹੀ ਆਮ ਤੌਰ 'ਤੇ ਵਰਤਿਆ ਜਾਂਦਾ ਰਿਹਾ ਹੈ ਜਿਹੜਾ ਕਿ ਸਮੇਂ ਦੇ ਗੇੜ ਨਾਲ ਧਾਰਮਿਕ ਭਾਵਨਾ ਗ੍ਰਹਿਣ ਕਰ ਗਿਆ ਅਤੇ ਇਸ ਸ਼ਬਦ ਦੀ ਵਰਤੋਂ ਉਨਾਂ ਇਮਾਰਤਾਂ ਲਈ ਰੂੜ ਹੋ ਗਈ ਜਿਹੜੀਆਂ ਕਿ ਗੁਰਧਾਮਾਂ ਦੇ ਆਲੇ-ਦੁਆਲੇ ਮੌਜੂਦ ਸਨ। ਸ੍ਰੀ ਅਕਾਲ ਬੁੰਗਾ ਸਾਹਿਬ ਸਿੱਖਾਂ ਦਾ ਅਜਿਹਾ ਸ਼੍ਰੋਮਣੀ ਅਸਥਾਨ ਹੈ ਜਿਹੜਾ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਤਿਆਰ ਕਰਵਾਇਆ ਸੀ। ਸਿੱਖ ਇਤਿਹਾਸ ਅਤੇ ਵਿਸ਼ਵਾਸ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਇਹ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਰੂਪ ਵਿਚ ਪ੍ਰਸਿੱਧ ਹੈ। ਸਮੁੱਚੀ ਸਿੱਖ ਕੌਮ ਦੇ ਇਸ ਕੇਂਦਰੀ ਅਸਥਾਨ 'ਤੇ ਉਸ ਸਮੇਂ ਇਕੱਤਰਤਾ ਕਰਨ ਦਾ ਵਿਧਾਨ ਹੈ ਜਦੋਂ ਕਿਸੇ ਧਾਰਮਿਕ, ਸਮਾਜਿਕ ਜਾਂ ਰਾਜਸੀ ਸੰਕਟ ਦੇ ਮੁਕਾਬਲੇ ਲਈ ਕੌਮੀ ਨੀਤੀ ਧਾਰਨ ਕਰਨੀ ਹੋਵੇ। ਅਠਾਰਵੀਂ ਸਦੀ ਵਿਚ ਇਸ ਬੁੰਗੇ ਵਿਖੇ ਲਏ ਗਏ ਫ਼ੈਸਲਿਆਂ ਨੇ ਇਸ ਮੁਲਕ ਦੀ ਤਕਦੀਰ ਅਤੇ ਤਸਵੀਰ ਬਦਲ ਦਿੱਤੀ ਸੀ।

ਦੁਸ਼ਮਣਾਂ ਦੇ ਨਿਸ਼ਾਨੇ 'ਤੇ ਰਿਹਾ ਇਹ ਅਸਥਾਨ ਸਿੱਖ ਹਿਰਦਿਆਂ ਵਿਚ ਸਦੀਵੀ ਤੌਰ 'ਤੇ ਸਤਿਕਾਰ ਗ੍ਰਹਿਣ ਕਰਦਾ ਰਿਹਾ ਹੈ। ਇਸ ਕੇਂਦਰੀ ਬੁੰਗੇ ਦੀ ਸਲਾਮਤੀ ਦੀ ਅਰਦਾਸ ਸਾਡੇ ਰੋਜ਼ਾਨਾ ਜੀਵਨ ਦਾ ਅੰਗ ਹੈ-ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ, ਚੌਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ।

ਬੁੰਗਾ ਸ਼ਬਦ ਦੇ ਸਾਹਮਣੇ ਆਉਂਦੇ ਹੀ ਅਤੀਤ ਤੋਂ ਵਰਤਮਾਨ ਦੀ ਯਾਤਰਾ ਅਰੰਭ ਹੋ ਜਾਂਦੀ ਹੈ ਜਿਸ ਵਿਚੋਂ ਕਥਾ, ਕੀਰਤਨ, ਸ਼ਸਤਰ ਵਿੱਦਿਆ, ਧਾਰਮਿਕ ਮਰਯਾਦਾ, ਭਾਵਨਾ ਅਤੇ ਜੋਸ਼ ਪੈਦਾ ਕਰਨ ਦੇ ਨਾਲ-ਨਾਲ ਰਾਜਸੀ ਫ਼ੈਸਲੇ ਕਰਨ ਵਾਲੇ ਮੁੱਢਲੇ ਅਸਥਾਨਾਂ ਦੇ ਦਰਸ਼ਨ ਅਰੰਭ ਹੋ ਜਾਂਦੇ ਹਨ। ਇਹਨਾਂ ਬੁੰਗਿਆਂ ਦੀ ਕਿਰਿਆਸ਼ੀਲਤਾ ਨੇ ਸਿੱਖਾਂ ਨੂੰ ਸਰੀਰਕ, ਮਾਨਸਿਕ ਅਤੇ ਆਤਮਿਕ ਤੌਰ 'ਤੇ ਬਲਵਾਨ ਬਣਾਉਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਭਾਵੇਂ ਕਿ ਵਰਤਮਾਨ ਸਮੇਂ ਵਿਚ ਨਿਵਾਸ ਲਈ ਸਰਾਵਾਂ ਅਤੇ ਵਿੱਦਿਆ ਲਈ ਵਿਦਿਆਲੇ ਹੋਂਦ ਵਿਚ ਆ ਗਏ ਹਨ ਪਰ ਫਿਰ ਵੀ ਇਹ ਬੁੰਗੇ ਸਾਨੂੰ ਵਿਰਾਸਤੀ ਵਿੱਦਿਆ ਨਾਲ ਜੁੜਨ ਅਤੇ ਜੋੜਨ ਦੀ ਪ੍ਰੇਰਨਾ ਪੈਦਾ ਕਰਦੇ ਹਨ। ਵਿਭਿੰਨ ਸਰੋਤਾਂ ਵਿਚ ਇਹਨਾਂ ਬੁੰਗਿਆਂ ਦੀ ਗਿਣਤੀ ਵੱਖੋ-ਵੱਖਰੀ ਹੈ ਪਰ ਰਿਪੋਰਟ ਸ੍ਰੀ ਦਰਬਾਰ ਸਾਹਿਬ ਵਿਚ ਇਨਾਂ ਦੀ ਗਿਣਤੀ 84 ਦੱਸੀ ਗਈ ਹੈ।

ਅਠਾਰਵੀਂ ਸਦੀ ਦੇ ਅੱਧ ਤੋਂ ਪਿੱਛੋਂ ਜਦੋਂ ਸਿੱਖ ਸਰਦਾਰਾਂ ਨੇ ਪੰਜਾਬ ਨੂੰ ਵਿਦੇਸ਼ੀ ਹਮਲਾਵਰਾਂ ਤੋਂ ਮੁਕਤ ਕਰ ਲਿਆ ਤਾਂ ਉਹਨਾਂ ਨੇ ਆਪਣਾ ਸਾਰਾ ਧਿਆਨ ਆਪੋ-ਆਪਣੇ ਇਲਾਕਿਆਂ ਦੀ ਸਾਂਭ-ਸੰਭਾਲ ਵੱਲ ਲਾਉਣਾ ਅਰੰਭ ਕਰ ਦਿੱਤਾ। ਸ੍ਰੀ ਹਰਿਮੰਦਰ ਸਾਹਿਬ ਸਿੱਖਾਂ ਦਾ ਕੇਂਦਰੀ ਧਾਰਮਿਕ ਅਸਥਾਨ ਹੈ ਜਿਸ ਦੇ ਦਰਸ਼ਨ-ਇਸ਼ਨਾਨ ਅਤੇ ਸੇਵਾ-ਸੰਭਾਲ ਸਿੱਖ ਆਪਣੀਆਂ ਸ਼ਹਾਦਤਾਂ ਦੇ ਕੇ ਕਰਦੇ ਰਹੇ। ਸ਼ਾਂਤੀ ਦੀ ਸਥਾਪਨਾ ਸਮੇਂ ਅਤੇ ਇਲਾਕਿਆਂ ਵਿਚੋਂ ਪ੍ਰਾਪਤ ਹੋਣ ਵਾਲੇ ਮਾਲੀਏ ਨੇ ਸਮੂਹ ਸਰਦਾਰਾਂ ਦਾ ਧਿਆਨ ਸ੍ਰੀ ਹਰਿਮੰਦਰ ਸਾਹਿਬ ਦੇ ਸੁੰਦਰੀਕਰਨ ਵੱਲ ਦੇਣਾ ਅਰੰਭ ਕਰ ਦਿੱਤਾ ਸੀ।

ਅਠਾਰਵੀਂ ਸਦੀ ਵਿਚ ਸੰਕਟ ਦੇ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਜਿਹੜੇ ਛੋਟੇ ਮਕਾਨ ਜਾਂ ਛੰਨਾਂ ਸਨ, ਉਹ ਹਮਲਾਵਰਾਂ ਨੇ ਕਈ ਵਾਰੀ ਤਬਾਹ ਕਰ ਦਿੱਤੀਆਂ ਸਨ ਪਰ ਤਾਕਤ ਵਿਚ ਆਉਣ 'ਤੇ ਸਿੱਖ ਸਰਦਾਰਾਂ ਨੇ ਇਨਾਂ ਦੀ ਜਗਾ ਪੱਕੇ ਆਲੀਸ਼ਾਨ ਬੁੰਗਿਆਂ ਦੀ ਉਸਾਰੀ ਅਰੰਭ ਕਰਵਾ ਦਿੱਤੀ ਸੀ। ਸ਼ਾਂਤੀ ਦੇ ਸਮੇਂ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ-ਦੀਦਾਰ ਕਰਨ ਵਾਲੀਆਂ ਸੰਗਤਾਂ ਦੀ ਗਿਣਤੀ ਵੱਧਣ ਲੱਗੀ ਤਾਂ ਉਨਾਂ ਦੀ ਰਿਹਾਇਸ਼ ਲਈ ਇਮਾਰਤਾਂ ਦੀ ਉਸਾਰੀ ਅਰੰਭ ਹੋਈ ਜਿਨਾਂ ਨੂੰ ਬੁੰਗੇ ਕਿਹਾ ਜਾਂਦਾ ਸੀ।

ਸਿੱਖ ਸਰਦਾਰਾਂ, ਮਿਸਲਦਾਰਾਂ ਅਤੇ ਸੰਗਤਾਂ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਕਰਨ ਵਾਲਿਆਂ ਲਈ ਵਿਸ਼ੇਸ਼ ਬੁੰਗਿਆਂ ਦੀ ਉਸਾਰੀ ਕੀਤੀ ਗਈ ਜਿੱਥੇ ਗੁਰੂ-ਘਰ ਦੇ ਕੀਰਤਨੀਏ, ਕਥਾ-ਵਾਚਕ, ਢਾਡੀ, ਗੁਰਬਾਣੀ ਸੰਸਥਾ ਅਤੇ ਸ਼ਸਤਰ ਵਿੱਦਿਆ ਪ੍ਰਦਾਨ ਕਰਨ ਵਾਲੇ ਕਾਰਜ ਕੀਤੇ ਜਾਂਦੇ ਸਨ। ਸਿੱਖਾਂ ਦੀਆਂ ਪ੍ਰਚਾਰਕ ਸੰਪ੍ਰਦਾਵਾਂ ਨਿਰਮਲੇ, ਉਦਾਸੀਆਂ ਅਤੇ ਸੇਵਾ-ਪੰਥੀਆਂ ਆਦਿ ਦੇ ਬੁੰਗੇ ਵੀ ਵੱਖਰੀ ਪਛਾਣ ਰੱਖਦੇ ਸਨ। ਸਿੱਖ ਸਰਦਾਰ ਆਪੋ-ਆਪਣੇ ਇਲਾਕਿਆਂ ਦੇ ਰਾਜੇ-ਮਹਾਰਾਜੇ ਬਣੇ ਤਾਂ ਉਨਾਂ ਨੇ ਆਪੋ-ਆਪਣੇ ਇਲਾਕਿਆਂ ਦੀਆਂ



ਸੰਗਤਾਂ ਲਈ ਵੱਖਰੇ ਬੁੰਗਿਆਂ ਦੀ ਉਸਾਰੀ ਵੀ ਕਰਵਾ ਦਿੱਤੀ ਸੀ। ਭਾਵੇਂ ਕਿ ਵੱਖੋ-ਵੱਖਰੀਆਂ ਸੰਸਥਾਵਾਂ, ਸਰਦਾਰਾਂ ਅਤੇ ਸੰਗਤਾਂ ਦੇ ਬੁੰਗੇ ਦੇਖਣ ਨੂੰ ਮਿਲਦੇ ਹਨ ਪਰ ਇਨਾਂ ਦੀਆਂ ਕੁੱਝ ਸਾਂਝੀਆਂ ਵਿਸ਼ੇਸ਼ਤਾਵਾਂ ਸਨ :

1. ਹਰ ਇਕ ਬੁੰਗੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਸੀ।
2. ਹਰ ਇਕ ਬੁੰਗੇ ਦਾ ਇਕ ਮੁੱਖ ਸੇਵਾਦਾਰ ਹੁੰਦਾ ਸੀ ਜਿਸ ਨੂੰ ਬੁੰਗਈ ਕਿਹਾ ਜਾਂਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਤਨੇਮ ਅਨੁਸਾਰ ਪ੍ਰਕਾਸ਼ ਕਰਨ ਦੇ ਨਾਲ-ਨਾਲ ਬੁੰਗੇ ਦੀ ਸਫ਼ਾਈ, ਸੇਵਾ-ਸੰਭਾਲ, ਯਾਤਰੂਆਂ ਲਈ ਸੁਵਿਧਾ ਪ੍ਰਦਾਨ ਕਰਨਾ ਇਸ ਦੀ ਮੁੱਖ ਜ਼ਿੰਮੇਵਾਰੀ ਸੀ।
3. ਬੁੰਗੇ ਧਾਰਮਿਕ ਕਾਰਜਾਂ ਅਤੇ ਰਾਜਸੀ ਵਿਚਾਰਾਂ ਲਈ ਵਰਤੇ ਜਾਂਦੇ ਸਨ ਅਤੇ ਇੱਥੇ ਨਿਵਾਸ ਕਰਨ ਵਾਲੀ ਸੰਗਤ ਇਨਾਂ ਦੀ ਸੇਵਾ-ਸੰਭਾਲ ਲਈ ਬੁੰਗਈ ਦੀ ਸਹਾਇਤਾ ਕਰਦੀ ਸੀ।
4. ਰਾਜੇ-ਮਹਾਰਾਜੇ ਆਪੋ-ਆਪਣੇ ਇਲਾਕਿਆਂ ਦੀ ਸੰਗਤ ਲਈ ਬਣਾਏ ਗਏ ਬੁੰਗਿਆਂ ਦੀ ਸਾਂਭ-ਸੰਭਾਲ ਲਈ ਪ੍ਰਮੁੱਖ ਤੌਰ 'ਤੇ ਯੋਗਦਾਨ ਪਾਉਂਦੇ ਸਨ। ਇਸ ਦੇ ਨਾਲ ਹੀ ਪ੍ਰਚਾਰਕਾਂ ਲਈ ਵੀ ਯਥਾ-ਯੋਗ ਸਹਾਇਤਾ ਕਰਦੇ ਸਨ।

ਇਹ ਬੁੰਗੇ ਕੇਵਲ ਨਿਵਾਸ ਅਸਥਾਨ ਹੀ ਨਹੀਂ ਹੁੰਦੇ ਸਨ। ਬੱਚਿਆਂ ਨੂੰ ਵਿੱਦਿਆ ਪ੍ਰਦਾਨ ਕਰਨ ਵਿਚ ਇਨਾਂ ਦਾ ਵਿਸ਼ੇਸ਼ ਯੋਗਦਾਨ ਸੀ। ਧਰਮ ਗ੍ਰੰਥਾਂ ਦੀ ਵਿੱਦਿਆ ਪ੍ਰਦਾਨ ਕਰਨ ਦੇ ਨਾਲ-ਨਾਲ ਇਨਾਂ ਬੁੰਗਿਆਂ ਵਿਚ ਦੁਨਿਆਵੀ ਵਿੱਦਿਆ ਪ੍ਰਦਾਨ ਕਰਨ 'ਤੇ ਵੀ ਜ਼ੋਰ ਦਿੱਤਾ ਜਾਂਦਾ ਸੀ। **A History of the growth and development of Western Education in the Punjab (1846-1884)** ਸਿਰਲੇਖ ਅਧੀਨ ਪੁਸਤਕ ਵਿਚ ਐਚ. ਆਰ. ਮਹਿਤਾ ਅਕਾਲ ਬੁੰਗੇ ਨੂੰ ਸਿੱਖ ਵਿੱਦਿਆ ਦਾ ਇਕ ਵੱਡਾ ਕੇਂਦਰ ਦੱਸਦਾ ਹੈ।

ਇਸ ਤੋਂ ਪਹਿਲਾਂ ਜੀ. ਡਬਲਯੂ. ਲੇਟਿਨਰ ਨੇ **History of Indigenous Education in Punjab** ਸਿਰਲੇਖ ਅਧੀਨ ਪੁਸਤਕ ਵਿਚ ਸਥਾਨਕ ਲੋਕਾਂ ਨੂੰ ਵਿੱਦਿਆ ਪ੍ਰਦਾਨ ਕਰਨ ਵਿਚ ਅੰਮ੍ਰਿਤਸਰ ਸਾਹਿਬ ਅਤੇ ਦਮਦਮਾ ਸਾਹਿਬ ਦੇ ਬੁੰਗਿਆਂ ਦੁਆਰਾ ਪਾਏ ਗਏ ਯੋਗਦਾਨ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਹੈ। ਇਕੱਲੇ ਅੰਮ੍ਰਿਤਸਰ ਬਾਰੇ ਜਾਣਕਾਰੀ ਦਿੰਦੇ ਹੋਏ ਇਹ ਦੱਸਦਾ ਹੈ ਕਿ ਅੰਮ੍ਰਿਤਸਰ ਵਿਖੇ ਗੋਲਡਨ ਟੈਂਪਲ (ਸ੍ਰੀ ਹਰਿਮੰਦਰ ਸਾਹਿਬ) ਅਤੇ ਇਸ ਦੇ ਨਾਲ ਲੱਗਦੇ ਬੁੰਗਿਆਂ ਤੋਂ ਇਲਾਵਾ 300 ਅਜਿਹੀਆਂ ਧਰਮਸਾਲਾਵਾਂ ਮੌਜੂਦ ਹਨ ਜਿੱਥੇ ਗੁਰਮੁਖੀ ਦੀ ਪੜਾਈ ਕਰਵਾਈ ਜਾਂਦੀ ਹੈ। ਇਸ ਦ੍ਰਿਸ਼ਟੀ ਤੋਂ ਇਨਾਂ ਬੁੰਗਿਆਂ ਦੁਆਰਾ ਪਾਏ ਗਏ ਵਿੱਦਿਅਕ ਯੋਗਦਾਨ ਨੂੰ ਮਹੱਤਵਪੂਰਨ ਸਮਝਿਆ ਜਾਣਾ ਚਾਹੀਦਾ ਹੈ ਜਿਹੜੇ ਕਿ ਧਾਰਮਿਕ ਵਿੱਦਿਆ ਦੇ ਨਾਲ-ਨਾਲ ਦੁਨਿਆਵੀ ਵਿੱਦਿਆ ਪ੍ਰਦਾਨ ਕਰਨ ਦਾ ਕਾਰਜ ਕਰਦੇ ਸਨ।

ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰ ਲਿਆ। ਧਾਰਮਿਕ ਅਸਥਾਨਾਂ ਦੇ ਪ੍ਰਬੰਧ ਲਈ ਇਨਾਂ ਨੇ ਆਪਣੇ ਕਾਨੂੰਨ ਬਣਾਏ ਸਨ ਪਰ ਸ੍ਰੀ ਹਰਿਮੰਦਰ ਸਾਹਿਬ ਲਈ ਸਰਬਰਾਹ ਦੀ ਨਿਯੁਕਤੀ ਕਰ ਦਿੱਤੀ ਸੀ। ਸਰਬਰਾਹ ਦੇ ਅਧੀਨ ਸਮੂਹ ਬੁੰਗੇ ਇਕ ਸਰਕਾਰੀ ਕੇਂਦਰ ਨਾਲ ਜੁੜਨੇ ਸ਼ੁਰੂ ਹੋ ਗਏ। ਸਮੂਹ ਰਿਆਸਤਾਂ ਦੇ ਰਾਜੇ ਪਹਿਲਾਂ ਹੀ ਅੰਗਰੇਜ਼ਾਂ ਦੇ ਅਧੀਨ ਸਨ ਅਤੇ ਫਿਰ ਸਿੱਖਾਂ ਦੇ ਇਸ ਕੇਂਦਰੀ ਧਾਰਮਿਕ ਅਸਥਾਨ ਦਾ ਪ੍ਰਬੰਧ ਵੀ ਉਨਾਂ ਅਧੀਨ ਚਲਾ ਗਿਆ ਸੀ। ਇਸ ਦੌਰ ਵਿਚ ਇੱਥੋਂ ਦੇ ਪ੍ਰਬੰਧ ਵਿਚ ਢਿੱਲ ਆਉਣੀ ਅਰੰਭ ਹੋ ਗਈ। ਸਮੂਹ ਬੁੰਗਈ ਵੀ ਸਰਬਰਾਹ ਵੱਲ ਦੇਖਣ ਲੱਗ ਪਏ ਅਤੇ ਉਸ ਦੇ ਆਦੇਸ਼ਾਂ ਅਧੀਨ ਹੀ ਬੁੰਗਿਆਂ ਦਾ ਪ੍ਰਬੰਧ ਹੋਣ ਲੱਗਾ ਸੀ।

ਬੁੰਗਿਆਂ ਦੀ ਸਾਂਭ-ਸੰਭਾਲ ਕਰਨ ਵਾਲੇ ਬੁੰਗਈ ਇਨਾਂ ਦੀ ਸਫ਼ਾਈ, ਸਫ਼ੈਦੀ ਅਤੇ ਸੇਵਾ-ਸੰਭਾਲ ਲਈ ਸਰਬਰਾਹ 'ਤੇ ਨਿਰਭਰ ਕਰਨ ਲੱਗੇ ਸਨ ਅਤੇ ਉਸੇ ਦੇ ਆਦੇਸ਼ ਦੀ ਪਾਲਣਾ ਕਰਨ ਲੱਗੇ ਸਨ। ਸਰਕਾਰੀ ਦਖ਼ਲ ਨਾਲ ਇਨਾਂ ਦੀ ਧਾਰਮਿਕ ਦਿੱਖ ਅਤੇ ਭਾਵਨਾ ਵਿਚ ਢਿੱਲਾਪਣ ਨਜ਼ਰ ਆਉਣ ਲੱਗਾ ਸੀ। ਸਦਾਚਾਰ ਦੀ ਸਿਖਲਾਈ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਇਹਨਾਂ ਬੁੰਗਿਆਂ ਵਿਚ ਸਿੱਖ ਧਰਮ ਦੇ ਵਿਪਰੀਤ ਕਾਰਜ ਹੋਣ ਲੱਗੇ।

ਸਿੱਖਾਂ ਵਿਚ ਧਾਰਮਿਕ ਚੇਤਨਾ ਪੈਦਾ ਕਰਨ ਲਈ ਸਿੰਘ ਸਭਾ ਲਹਿਰ ਹੋਂਦ ਵਿਚ ਆਈ ਅਤੇ ਫਿਰ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸੁਧਾਰ ਲਈ ਗੁਰਦੁਆਰਾ ਸੁਧਾਰ ਲਹਿਰ ਚੱਲੀ ਜਿਸ ਵਿਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਜਨਮ ਹੋਇਆ ਜਿਨਾਂ ਨੇ ਗੁਰਧਾਮਾਂ ਵਿਚੋਂ ਕੁਰੀਤੀਆਂ ਦੂਰ ਕਰਨ ਲਈ ਮੋਰਚੇ ਲਾਉਣੇ ਅਰੰਭ ਕੀਤੇ। ਇਨਾਂ ਦੇ ਆਗੂ ਅਤੇ ਸੇਵਾਦਾਰ ਕਈ-ਕਈ ਸਾਲ ਜੇਲਾਂ ਵਿਚ ਰਹਿ ਕੇ ਸਰਕਾਰੀ ਤਸ਼ੱਦਦ ਦਾ ਸ਼ਿਕਾਰ ਹੁੰਦੇ ਰਹੇ। ਆਪਣੇ ਧਾਰਮਿਕ ਫ਼ਰਜ਼ਾਂ ਅਤੇ ਆਦਰਸ਼ਾਂ ਨੂੰ ਇਹਨਾਂ ਨੇ ਹਮੇਸ਼ਾ ਉੱਚਾ ਜਾਣਿਆ ਜਿਨਾਂ ਦੀ ਪ੍ਰਾਪਤੀ ਲਈ ਇਹ ਨਿਰੰਤਰ ਸੰਘਰਸ਼ ਕਰਦੇ ਰਹੇ। ਅਕਾਲੀ ਲਹਿਰ ਨੇ ਗੁਰਧਾਮਾਂ ਵਿਚ ਸੁਧਾਰ ਦੇ ਨਾਲ-ਨਾਲ ਇਨਾਂ ਬੁੰਗਿਆਂ ਵਿਚ ਹੋਣ ਵਾਲੀਆਂ ਕੁਰੀਤੀਆਂ ਨੂੰ ਦੂਰ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ।

1925 ਵਿਚ ਗੁਰਦੁਆਰਾ ਐਕਟ ਬਣਨ 'ਤੇ ਬਹੁਤ ਸਾਰੇ ਬੁੰਗਈਆਂ ਨੇ ਪੰਥਕ ਜਾਇਦਾਦ ਵਜੋਂ ਜਾਣੇ ਜਾਂਦੇ ਬੁੰਗਿਆਂ 'ਤੇ ਨਿੱਜੀ ਮਲਕੀਅਤ ਹੋਣ ਦਾ ਦਾਅਵਾ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚਾਹੁੰਦੀ ਸੀ ਕਿ ਇਹ ਬੁੰਗੇ ਪੰਥਕ ਜਾਇਦਾਦ ਹਨ ਅਤੇ ਇਨਾਂ ਨੂੰ ਅਦਾਲਤਾਂ ਵਿਚ ਨਾ ਉਛਾਲਿਆ ਜਾਵੇ। ਇਸ ਸਮੱਸਿਆ ਦੇ ਹੱਲ ਲਈ ਕੁੱਝ ਅਜਿਹੇ ਨਿਯਮ ਤਿਆਰ ਕੀਤੇ ਗਏ ਜਿਨਾਂ 'ਤੇ ਸਾਰਿਆਂ ਨੇ ਸਹਿਮਤੀ ਪ੍ਰਗਟ ਕਰ ਦਿੱਤੀ। ਇਨਾਂ ਨਿਯਮਾਂ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਸੀ ਕਿ ਬੁੰਗਈ ਅੰਮ੍ਰਿਤਧਾਰੀ ਹੋਵੇਗਾ, ਬੁੰਗੇ ਦੀ ਸਾਂਭ-ਸੰਭਾਲ ਕਰੇਗਾ, ਇਸ ਦੀ ਜਾਇਦਾਦ ਨੂੰ ਵੇਚ ਨਹੀਂ ਸਕੇਗਾ, ਸਿੱਖ ਧਰਮ ਦੇ ਖ਼ਿਲਾਫ਼ ਕੋਈ ਕੰਮ ਨਹੀਂ ਕਰੇਗਾ ਅਤੇ ਬਦਇੰਤਜ਼ਾਮੀ ਕਰਨ 'ਤੇ ਉਸ ਨੂੰ ਹਟਾਇਆ ਜਾ ਸਕੇਗਾ। ਇਨਾਂ ਬੁੰਗਿਆਂ ਦੀ ਗਿਣਤੀ ਹੌਲੀ-ਹੌਲੀ ਘਟਣੀ ਸ਼ੁਰੂ ਹੋਈ। ਮੁੱਢਲੇ ਰੂਪ ਵਿਚ ਜਿਹੜੇ ਬੁੰਗੇ ਮਾਇਕ ਔਕੜਾਂ ਦਾ ਸਾਹਮਣਾ ਕਰਨ ਲੱਗੇ ਸਨ ਉਹ ਆਪਸ ਵਿਚ ਇਕੱਠੇ ਹੋਣੇ ਸ਼ੁਰੂ ਹੋਏ ਅਤੇ ਫਿਰ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਚੌੜੀ ਕਰਨ ਅਤੇ ਇਸ ਅਸਥਾਨ ਦੇ ਦਰਸ਼ਨ ਕਰਨ ਲਈ ਆਉਣ ਵਾਲੀ ਸੰਗਤ ਦੀ ਸਹੂਲਤ ਨੂੰ ਦੇਖਦੇ ਹੋਏ ਰਸਤਿਆਂ ਨੂੰ ਖੁੱਲਾ ਕਰਨ ਦੀ ਦ੍ਰਿਸ਼ਟੀ ਤੋਂ ਬੁੰਗਿਆਂ ਦੀ ਹੋਂਦ ਖਤਮ ਹੋਣੀ ਸ਼ੁਰੂ ਹੋ ਗਈ।

1984 ਤੋਂ ਬਾਅਦ ਸਾਹਮਣੇ ਆਈ ਕੇਂਦਰ ਸਰਕਾਰ ਦੀ ਗਲਿਆਰਾ ਯੋਜਨਾ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰ ਵਾਲੇ ਬੁੰਗਿਆਂ ਦੀ ਹੋਂਦ ਬਿਲਕੁਲ ਹੀ ਖਤਮ ਕਰ ਦਿੱਤੀ। ਮੌਜੂਦਾ ਸਮੇਂ ਵਿਚ ਜਿਹੜੇ ਕੁੱਝ ਬੁੰਗੇ ਨਜ਼ਰੀਂ ਪੈਂਦੇ ਹਨ ਉਨਾਂ ਵਿਚ ਸ੍ਰੀ ਅਕਾਲ ਬੁੰਗਾ (ਸ੍ਰੀ ਅਕਾਲ ਤਖ਼ਤ ਸਾਹਿਬ), ਬੁੰਗਾ ਰਾਮਗੜੀਆ, ਬੁੰਗਾ ਬ੍ਰਹਮ ਬੂਟਾ, ਬੁੰਗਾ ਸ਼ਹੀਦ ਬਾਬਾ ਦੀਪ ਸਿੰਘ ਆਦਿ ਪ੍ਰਮੁੱਖ ਹਨ।

ਮੌਜੂਦਾ ਸਮੇਂ ਵਿਚ ਇਨਾਂ ਬੁੰਗਿਆਂ ਦੀ ਗਿਣਤੀ ਭਾਵੇਂ ਬਹੁਤ ਥੋੜੀ ਰਹਿ ਗਈ ਹੈ ਅਤੇ ਇਨਾਂ ਦੀ ਜਗਾ ਨਵੇਂ ਨਿਵਾਸ ਅਸਥਾਨਾਂ ਅਤੇ ਵਿਦਿਆਲਿਆਂ ਨੇ ਜਨਮ ਲੈ ਲਿਆ ਹੈ ਪਰ ਪਿਛੋਕੜ ਵਿਚ ਇਨਾਂ ਦੁਆਰਾ ਪਾਏ ਯੋਗਦਾਨ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਸਿੱਖ ਸ਼ਖ਼ਸੀਅਤ ਅਤੇ ਆਚਰਣ ਦੀ ਉਸਾਰੀ ਵਿਚ ਇਨਾਂ ਦੁਆਰਾ ਪਾਏ ਗਏ ਯੋਗਦਾਨ ਕਰਕੇ ਇਹ ਹਮੇਸ਼ਾ ਸਿੱਖਾਂ ਦੇ ਸਤਿਕਾਰ, ਸ਼ਰਧਾ ਅਤੇ ਭਾਵਨਾ ਦਾ ਕੇਂਦਰ ਬਣੇ ਰਹੇ ਹਨ।

ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ੍ਹ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ



# ਸਿੱਖ ਭਾਈਚਾਰੇ ਵਿਚ ਤਲਾਕ ਦਾ ਰੁਝਾਨ

**ਤਲਵਿੰਦਰ ਸਿੰਘ**
੯੮੭੮੦-੭੦੦੦੮

ਕੁਝ ਸਾਲ ਪਹਿਲਾਂ ਸੁਪਰੀਮ ਕੋਰਟ ਦੇ ਇਕ ਜੱਜ ਨੇ ਨਵੀਂ ਦਿੱਲੀ ਵਿਚ ਇਕ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਹੈਰਾਨੀ ਪ੍ਰਗਟ ਕਰਦਿਆਂ ਦੱਸਿਆ ਸੀ ਕਿ ਸਿੱਖ ਧਰਮ ਵਿਚ ਜਿੰਨੇ ਪਵਿੱਤਰ, ਪਕੇਰੇ ਅਤੇ ਸਾਦੇ ਨੈਤਿਕ ਜੀਵਨ ਸਬੰਧੀ ਸਿਧਾਂਤ ਦਿੱਤੇ ਗਏ ਹਨ, ਉਸ ਦੇ ਬਾਵਜੂਦ ਭਾਰਤੀ ਅਦਾਲਤਾਂ 'ਚ ਸਭ ਤੋਂ ਵੱਧ ਤਲਾਕਾਂ ਦੇ ਮਾਮਲੇ ਸਿੱਖ ਪਰਿਵਾਰਾਂ ਤੋਂ ਆ ਰਹੇ ਹਨ ਹਾਲਾਂਕਿ ਅਨੰਦ ਮੈਰਿਜ ਐਕਟ ਵਿਚ 'ਤਲਾਕ' ਨਾਂ ਦੀ ਕੋਈ ਮਦ ਦਰਜ ਨਹੀਂ ਹੈ, ਇਹ ਚਰਚਾ ਐਕਟ ਲਾਗੂ ਕਰਨ ਵੇਲੇ ਵੀ ਛਿੜੀ ਸੀ ਪਰ ਵਿਦਵਾਨਾਂ ਤੇ ਬੁੱਧੀਜੀਵੀਆਂ ਦਾ ਤਰਕ ਸੀ ਕਿ ਸਿੱਖ ਧਰਮ ਵਿਚ 'ਤਲਾਕ' ਦਾ ਕੋਈ ਵਿਧਾਨ ਹੀ ਮੌਜੂਦ ਨਹੀਂ ਹੈ।

ਸਿੱਖ ਧਰਮ ਵਿਚ ਜਿੱਥੇ ਗ੍ਰਹਿਸਥ ਪ੍ਰਵੇਸ਼ ਲਈ 'ਅਨੰਦ ਸੰਸਕਾਰ' ਦੀ ਪ੍ਰੰਪਰਾ ਹੈ, ਉੱਥੇ ਇਸ ਦੇ ਉਲਟ ਗ੍ਰਹਿਸਤ ਨੂੰ ਛੱਡਣ ਦੀ ਕੋਈ ਰੀਤ ਨਹੀਂ ਹੈ ਇਸ ਦਾ ਕਾਰਨ ਇਹ ਹੈ ਕਿ ਸਿੱਖ ਧਰਮ ਵਿਚ ਗ੍ਰਹਿਸਥ ਮਾਰਗ ਨੂੰ ਧਰਮ ਦਾ ਅਟੁੱਟ ਅੰਗ ਮੰਨਿਆ ਜਾਂਦਾ ਹੈ। ਪਰ ਇਸ ਦੇ ਬਾਵਜੂਦ ਸਿੱਖ ਜੋੜੇ ਹਿੰਦੂ ਮੈਰਿਜ ਐਕਟ ਅਧੀਨ ਧੜਾਧੜ ਤਲਾਕ ਲੈ ਰਹੇ ਹਨ।

ਅਦਾਲਤਾਂ ਵਿਚ ਸਿੱਖ ਜੋੜਿਆਂ ਦੇ ਹੋ ਰਹੇ 'ਤਲਾਕ' ਦੇ ਪੰਜ ਕਾਰਨ ਮੁੱਖ ਰੂਪ ਵਿਚ ਸਾਹਮਣੇ ਆਉਂਦੇ ਹਨ : ਦਾਜ, ਹਉਮੈ, ਚਰਿੱਤਰ, ਸੰਤਾਨ ਅਤੇ ਰੱਬੀ ਰਜ਼ਾ ਤੋਂ ਬੇਮੁਖਤਾਈ। ਗੁਰਮਤਿ ਅਨੁਸਾਰ ਸਾਡੇ ਸੰਸਾਰੀ ਰਿਸ਼ਤਿਆਂ ਦੇ ਬਣਨ ਅਤੇ ਮੇਲ-ਮਿਲਾਪ ਦੇ ਸੰਯੋਗ ਧੁਰੋਂ ਹੀ ਅਕਾਲ ਪੁਰਖ ਦੁਆਰਾ ਬਣਾਏ ਹੁੰਦੇ ਹਨ ਯਥਾ ਗੁਰਵਾਕ:

**ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ**
**(ਬਿਲਾਵਲੁ ਮ: ੫ ਛੰਤ, ਅੰਗ : ੮੪੫-੪੬)**

ਪਰ ਸਾਡੇ ਬਾਕੀ ਸੰਸਾਰੀ ਆਤਮਿਕ ਤੇ ਸਰੀਰਕ ਦੁੱਖਾਂ ਵਾਂਗ 'ਤਲਾਕ' ਦੀ ਭੈੜੀ ਵਬਾ ਵੀ ਗੁਰੂ ਦੀ ਰਜ਼ਾ ਤੋਂ ਉਲਟ ਚੱਲਣ ਕਰਕੇ ਹੀ ਪੈਦਾ ਹੋਈ ਹੈ। ਪੱਛਮੀ ਸਰਮਾਏਦਾਰੀ ਦੇ ਦੁਰ-ਪ੍ਰਭਾਵ ਅਤੇ ਪਦਾਰਥਵਾਦ ਦੀ ਤਮਾ ਕਾਰਨ ਪਿਛਲੇ ਸਮੇਂ ਤੋਂ ਸਿੱਖ ਸਮਾਜ ਅੰਦਰ ਵੀ ਸੰਯੋਗ-ਸਾਹੇ ਸੁਆਰਥ ਨੂੰ ਮੁੱਖ ਰੱਖ ਕੇ ਜੋੜਨ ਦੀ ਪ੍ਰਵਿਰਤੀ ਪ੍ਰਬਲ ਹੋਈ ਹੈ। ਇਸ ਦੌਰਾਨ ਦੇਖਣ ਵਿਚ ਆਇਆ ਕਿ ਸੰਯੋਗ ਮਿਲਾਉਣ ਲੱਗੇ ਵਕਤ ਅਕਾਲ ਪੁਰਖ ਦੇ ਓਟ-ਆਸਰੇ ਵਿਚ ਰਹਿ ਕੇ ਦੋਵਾਂ ਜੀਆਂ ਵਿਚ ਸ਼ੁਭ ਗੁਣਾਂ ਦੀ ਚੋਣ ਕਰਨ ਦੀ ਬਜਾਇ ਧਨ, ਜ਼ਮੀਨ, ਰੂਪ ਅਤੇ ਵਿਦੇਸ਼ਾਂ ਵਿਚ ਜਾਣ ਦੇ ਲਾਲਚ ਨੂੰ ਮੁੱਖ ਰੱਖ ਕੇ ਰਿਸ਼ਤੇ-ਨਾਤੇ ਜੋੜੇ ਜਾਣ ਲੱਗੇ ਹਨ। ਇਹ ਰਿਸ਼ਤੇ ਰਿਸ਼ਤੇ ਨਹੀਂ, ਬਲਕਿ ਸੌਦੇਬਾਜ਼ੀ ਦਾ ਰੂਪ ਧਾਰਨ ਕਰਦੇ ਜਾ ਰਹੇ ਹਨ।



ਲੋਭ ਤੇ ਸਵਾਰਥ 'ਤੇ ਆਧਾਰਿਤ ਰਿਸ਼ਤੇ ਵਿਚ ਮਾਇਆਵੀ ਭੁੱਖ ਹੋਰ ਵਧਦੀ ਜਾਂਦੀ ਹੈ ਤਾਂ ਰਿਸ਼ਤੇ ਤੋੜਨ ਲੱਗਿਆਂ ਭੋਰਾ ਹਿਰਖ ਨਹੀਂ ਕੀਤਾ ਜਾਂਦਾ। ਰਿਸ਼ਤੇ ਟੁੱਟਣ ਦਾ ਦੂਜਾ ਵੱਡਾ ਕਾਰਨ ਪਤੀ-ਪਤਨੀ ਵਿਚਾਲੇ 'ਹਉਮੈ' ਦੀ ਕੰਧ ਦਾ ਉਸਰ ਜਾਣਾ ਹੈ। ਇਹ ਸਮੱਸਿਆ ਵੀ ਪੱਛਮੀ ਸਰਮਾਏਦਾਰੀ ਦੀ ਦੇਣ ਹੈ, ਜਿਸ ਨੇ ਔਰਤ ਅਤੇ ਮਰਦ ਨੂੰ ਇਕ ਦੂਜੇ ਦੇ ਵਿਰੁੱਧ ਖੜਾ ਕਰ ਦਿੱਤਾ ਹੈ। ਕੁਦਰਤ ਨੇ ਔਰਤ ਤੇ ਮਰਦ ਦਾ ਰਿਸ਼ਤਾ ਆਪਸੀ ਵਿਰੋਧ ਵਾਲਾ ਨਹੀਂ, ਸਗੋਂ ਇਕ ਦੂਜੇ ਦੇ ਪੂਰਕ ਵਜੋਂ ਬਣਾਇਆ ਹੈ, ਦੋਵੇਂ ਮਿਲ ਕੇ ਇਕ ਮੁਕੰਮਲ ਇਕਾਈ ਬਣਦੇ ਹਨ ਗੁਰਮਤਿ ਵੀ ਇਹੀ ਦ੍ਰਿੜਾਉਂਦੀ ਹੈ:

**ਸਿੱਖ ਮਸਲਾ**

**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ**
**(ਮ: ੩, ਅੰਗ: ੭੮੮)**

ਜਦੋਂਕਿ ਪੱਛਮੀ ਸਰਮਾਏਦਾਰੀ ਮਰਦ ਤੇ ਔਰਤ ਵਿਚ ਇਹ ਭਾਵਨਾ ਪੈਦਾ ਕਰਦੀ ਹੈ ਕਿ ਜਦੋਂ ਤੱਕ ਉਹ ਇਕ ਦੂਜੇ ਦੀ ਨਿਰਭਰਤਾ ਨਹੀਂ ਛੱਡਦੇ, ਉਹ ਆਜ਼ਾਦ ਤੇ ਸਵੈ-ਨਿਰਭਰ ਨਹੀਂ ਅਖਵਾ ਸਕਦੇ ਇਸ ਤਰਾਂ ਘਰੇਲੂ ਅਤੇ ਪੇਸ਼ੇਵਰ ਕੰਮਾਂ-ਕਾਜਾਂ ਨੂੰ ਲੈ ਕੇ ਪਤੀ-ਪਤਨੀ ਵਿਚ ਸਹਿਯੋਗ ਦੀ ਬਜਾਇ 'ਆਪਾ ਜਿਤਾਉਣ' ਦੀ ਸੋਚ ਇੰਨੀ ਭਾਰੂ ਹੋ ਜਾਂਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਚਾਰ ਲਾਵਾਂ ਲੈ ਕੇ ਜੋੜੇ ਗਏ ਸੰਯੋਗ ਦੁਨਿਆਵੀ ਅਦਾਲਤਾਂ ਵਿਚ ਜਾ ਕੇ ਤੋੜਨ ਲੱਗਿਆਂ ਦੇਰ ਨਹੀਂ ਕੀਤੀ ਜਾਂਦੀ। 'ਇਕ' ਅਕਾਲ ਪੁਰਖ ਦੀ ਉਪਾਸਨਾ ਕਰਨੀ ਅਤੇ 'ਇਕ' ਨਰ/ਨਾਰੀ ਦੇ ਨਾਲ ਹੀ ਗ੍ਰਹਿਸਥ ਨਿਭਾਉਣਾ ਗੁਰਸਿੱਖੀ ਜੀਵਨ ਹੈ ਭਾਈ ਗੁਰਦਾਸ ਜੀ ਗੁਰਮੁਖ ਜੀਵਨ ਦੇ ਸਦਾਚਾਰਕ ਲੱਛਣ ਬਿਆਨਦਿਆਂ ਫ਼ਰਮਾਉਂਦੇ ਹਨ:

**ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ**
**(ਵਾਰ ੬, ਪਉੜੀ ੮)**

ਗੁਰਬਾਣੀ ਅੰਦਰ ਬੇਅੰਤ ਵਾਰੀ ਮਨੁੱਖ ਨੂੰ 'ਇਕ' ਪਤੀ/ਪਤਨੀ ਨਾਲ ਆਦਰਸ਼ਕ ਗ੍ਰਹਿਸਥ ਜੀਵਨ ਜਿਊਣ ਦੀ ਪ੍ਰੇਰਨਾ ਮਿਲਦੀ ਹੈ

**ਕਾਇਆ ਕਿਰਦਾਰ ਅਉਰਤ ਯਕੀਨਾ**
**(ਮਾਰੂ ਮ. ੫, ਅੰਗ : ੧੦੮੪)**

ਇਕ ਔਰਤ 'ਤੇ ਈਮਾਨ (ਯਕੀਨ) ਰੱਖਿਆਂ ਹੀ ਸ਼ੁੱਭ ਅਮਲਾਂ (ਨੇਕ ਆਚਾਰ, ਸੁੱਚੇ ਚਾਲ-ਚੱਲਣ) ਵਾਲੀ ਕਾਇਆਂ ਬਣਦੀ ਹੈ ਪਰ ਅੱਜ ਸਾਡੇ ਸਮਾਜ ਅੰਦਰ ਚਰਿੱਤਰਹੀਣਤਾ ਦੀ ਕੁਰੀਤੀ ਬੜੀ ਤੇਜ਼ੀ ਨਾਲ ਵਧ ਰਹੀ ਹੈ। ਆਧੁਨਿਕ ਸਮਾਜ ਵਿਚ ਇਸ ਨੂੰ **Extra Marital affairs** ਦਾ ਨਾਂਅ ਦੇ ਦਿੱਤਾ ਗਿਆ ਹੈ। ਭਾਵੇਂ ਕਿ ਚਰਿੱਤਰਹੀਣਤਾ ਦੀ ਕੁਰੀਤੀ ਸਾਡੇ ਸਮਾਜ ਵਿਚ ਪੁਰਾਣੇ ਸਮਿਆਂ ਤੋਂ ਮੌਜੂਦ ਰਹੀ ਹੈ, ਪਰ ਵਿਆਹ ਤੋਂ ਬਾਅਦ ਜੀਵਨ ਸਾਥੀ ਤੋਂ ਬਾਹਰ ਜਾ ਕੇ ਵਾਸ਼ਨਾਵਾਂ ਦੀ ਪੂਰਤੀ ਲਈ ਨਿਸ਼ੰਗ ਹੋ ਕੇ 'ਤਲਾਕ' ਲੈਣ ਦਾ ਵੱਧ ਰਿਹਾ ਰੁਝਾਨ ਪੱਛਮ ਦੇ ਵਿਗਾੜਾਂ ਤੋਂ ਹੀ ਸਾਡੇ ਸਮਾਜ ਵਿਚ ਆਇਆ ਹੈ।

ਸਿੱਖ ਧਰਮ ਦੀਆਂ ਸਿੱਖਿਆਵਾਂ ਜਿੱਥੇ ਜਾਤ-ਪਾਤ, ਰੰਗ-ਨਸਲ ਅਤੇ ਊਚ-ਨੀਚ ਨੂੰ ਰੱਦ ਕਰਦੀਆਂ ਹਨ, ਉੱਥੇ ਲਿੰਗ-ਭੇਦ ਦੇ ਆਧਾਰ 'ਤੇ ਔਰਤ ਜਾਤੀ ਨਾਲ ਵਿਤਕਰੇ ਨੂੰ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਦ ਕੀਤਾ ਸੀ।

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ**
**(ਮ: ੧, ਅੰਗ: ੪੭੩)**

ਪਰ ਅੱਜ ਸਿੱਖ ਸਮਾਜ ਦੀ ਇਹ ਵੱਡੀ ਤਰਾਸਦੀ ਹੈ ਕਿ ਸਾਡੇ ਵਿਚ ਪਰਿਵਾਰਕ ਰਿਸ਼ਤਿਆਂ ਦੇ ਟੁੱਟਣ ਦਾ ਇਕ ਅਹਿਮ ਕਾਰਨ ਧੀ ਅਤੇ ਪੁੱਤਰ ਦੇ ਲਿੰਗ ਭੇਦ ਦਾ ਵਿਤਕਰਾ ਬਣ ਰਿਹਾ ਹੈ। ਬਹੁਤ ਸਾਰੇ ਸਿੱਖ ਪਰਿਵਾਰਾਂ ਵਿਚ ਇਕ ਜਾਂ ਦੋ ਧੀਆਂ ਦੇ ਜਨਮ ਲੈਣ ਤੋਂ ਬਾਅਦ ਪਤੀ-ਪਤਨੀ ਵਿਚਾਲੇ ਤਲਾਕ ਤੱਕ ਨੌਬਤ ਪਹੁੰਚ ਰਹੀ ਹੈ। ਬਹੁਤ ਸਾਰੀਆਂ ਔਰਤਾਂ ਨੂੰ ਤਾਂ ਪਹਿਲੀ ਔਲਾਦ ਧੀ ਹੋਣ ਕਾਰਨ ਵੀ ਸਹੁਰੇ ਘਰ ਮਾਨਸਿਕ ਤਸ਼ੱਦਦ ਦਾ ਸਾਹਮਣਾ ਕਰਨਾ ਪੈਂਦਾ ਹੈ। ਪੁੱਤਰ ਦੀ ਪ੍ਰਾਪਤੀ ਨਾ ਹੋਣ ਕਾਰਨ ਜੇਕਰ ਪਤੀ-ਪਤਨੀ ਦਾ ਮਸਲਾ ਅਦਾਲਤੀ ਤਲਾਕ ਤੱਕ ਪਹੁੰਚਦਾ ਹੈ **ਬਾਕੀ ਸਫ਼ਾ 31 'ਤੇ**

# ਭੱਟ ਵਹੀਆਂ ਵਿੱਚ ਗੁਰੂ ਤੇ.ਗ ਬਹਾਦਰ ਜੀ ਦਾ ਜੀਵਨ ਸਮਾਚਾਰ

**ਭਾਗ 2**



**ਭਾਈ ਰਵਿੰਦਰ ਸਿੰਘ ਖਾਲਸਾ**

**ਗੁਰੂ ਜੀ ਦਾ ਅੰਮ੍ਰਿਤਸਰ ਦਰਬਾਰ ਸਾਹਿਬ ਆਉਣਾ :-**

ਮੱਖਣ ਸ਼ਾਹ ਦੇ ਬਕਾਲੇ ਆਉਣ ਉਪਰੰਤ ਗੁਰੂ ਜੀ ਮੱਖਣ ਸ਼ਾਹ ਦੇ ਸਾਥੀਆਂ ਸਮੇਤ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨਾਂ ਲਈ ਆਏ। ਉਸ ਵੇਲੇ ਦਰਬਾਰ ਸਾਹਿਬ ਦਾ ਪ੍ਰਬੰਧ ਸੋਢੀ ਮਿਹਰਬਾਨ ਦੇ ਪੁੱਤਰ ਸੋਢੀ ਹਰਿ ਜੀ ਕੋਲ ਸੀ। ਜਦੋਂ ਉਸ ਨੂੰ ਗੁਰੂ ਜੀ ਦੇ ਆਉਣ ਦਾ ਪਤਾ ਲੱਗਾ ਤਾਂ ਉਸ ਨੇ ਆਪਣੇ ਮਸੰਦਾਂ ਪਾਸੋਂ ਦਰਸ਼ਨੀ ਡਿਉੜੀ ਦੇ ਦਰਵਾਜੇ ਬੰਦ ਕਰਵਾ ਦਿੱਤੇ ਅਤੇ ਗੁਰੂ ਜੀ ਨੇ ਕੋਈ ਰੋਸ ਨਹੀਂ ਕੀਤਾ, ਬਲਕਿ ਸ੍ਰੀ ਅਕਾਲ ਤਖਤ ਦੇ ਲਾਗੇ ਥੜੇ 'ਤੇ ਜਾ ਬਿਰਾਜੇ। ਸੰਗਤਾਂ ਵੱਲੋਂ ਰੋਸ ਕੀਤੇ ਜਾਣ ਦਾ ਪਤਾ ਲੱਗਣ 'ਤੇ ਸੋਢੀ ਹਰਿ ਜੀ ਆਪਣੇ ਪੁੱਤਰ ਕਵਲ ਨੈਣ ਨੂੰ ਲੈ ਕੇ ਗੁਰੂ ਜੀ ਦੇ ਚਰਨੀਂ ਪਿਆ।

ਭੱਟ ਵਹੀ 'ਤੁਮਰ ਬਿਜਲੋਤੋਂ ਕੀ' ਅਨੁਸਾਰ

ਗੁਰੂ ਤੇਗ ਬਹਾਦਰ ਜੀ ਮਹਲ ਨਾਮਾ, ਬੇਟਾ ਗੁਰੂ ਹਰਿ ਗੋਬਿੰਦ ਜੀ ਕਾ, ਪੋਤਾ ਗੁਰੂ ਅਰਜਨ ਜੀ ਕਾ, ਪੜਪੋਤਾ ਗੁਰੂ ਰਾਮਦਾਸ ਜੀ ਕਾ...

ਸਾਲ ਸਤਰੈ ਸੈ ਇਕੀਸ ਮਘਸਰ ਕੀ ਪੂਰਨਿਮਾ ਕੇ ਦਿਹੁੰ ਗੁਰੂ ਕੇ ਮਲਹਾਨ ਪਰਗਨਾ ਅਜਨਾਲਾ ਆਏ,

ਸਾਥ ਗੁਰੂ ਦਵਾਰਕਾ ਦਾਸ ਬੇਟਾ ਗੁਰੂ ਅਰਜਨੀ ਸਾਹਿਬ ਭੱਲਾ ਕਾ ਦੀਵਾਨ ਦਰਘਾ ਮਲ ਬੇਟਾ ਦਵਾਰਕਾ ਦਾਸ ਛਿੱਬਰ ਕਾ, ਮੱਖਣ ਸ਼ਾਹ ਬੇਟਾ ਦਾਸੇ ਕਾ, ਪੇਲੀਆ ਬਣਜਾਰਾ ਹੋਰ ਸਿੱਖ ਫਕੀਰ ਆਏ, ਗੁਰੂ ਜੀ ਨੇ ਸਿਰੀ ਦਰਬਾਰ ਸਾਹਿਬ ਅਗੇ ਇੱਕ ਉਚੇ ਚਬੂਤਰੇ ਤੇ ਆਸਨ ਲਾਇਆ, ਸਤਿਗੁਰੂ ਕਾ ਗੁਰੂ ਕੀ ਨਗਰੀ ਆਨਾ ਸੁਣ, ਗੁਰੂ ਹਰਿ ਜੀ, ਬੇਟਾ ਗੁਰੂ ਮਨੋਹਰ ਦਾਸ ਜੀ ਕਾ, ਪੜਪੋਤਾ ਗੁਰੂ ਪ੍ਰਿਥੀਚੰਦ ਜੀ ਕਾ, ਬੰਸ ਗੁਰੂ ਰਾਮਦਾਸ ਜੀ ਕੀ, ਮਹਲ ਚੌਥੇ ਕੀ ਸੰਗਤ ਕੋ ਗੈਲ ਲੈ ਦਰਸ਼ਨ ਪਾਣੇ ਆਏ।

(ਭੱਟ ਵਹੀ ਤੁਮਰ ਬਿਜਲੋਤੋਂ ਕੀ)

ਭੱਟ ਵਹੀ ਮੁਲਤਾਨੀ ਵਿੱਚ ਵੀ ਇਸ ਦਾ ਹਵਾਲਾ ਇਸ ਪ੍ਰਕਾਰ ਮਿਲਦਾ ਹੈ।

ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ, ਬੇਟਾ ਗੁਰੂ ਹਰਿਗੋਬਿੰਦ ਜੀ ਕਾ, ਵਾਸੀ ਕੀਰਤਪੁਰ, ਰਾਜ ਕਹਿਲੂਰ, ਸਾਲ ਸਤ੍ਰਾਂ ਸੈ ਇਕੀਸ, ਮਗਸਰ ਕੀ ਪੂਰਣਮਾ ਕੇ ਦਿਹੁੰ ਗੁਰੂ ਚੱਕ ਪਰਗਣਾ ਨਿਝਰਿਆਲਾ ਆਏ, ਗੈਲੋਂ ਗੁਰੂ ਦਵਾਰਕਾ ਦਾਸ ਬੇਟਾ ਗੁਰੂ ਅਰਜਨੀ ਸਾਹਿਬ ਕਾ, ਦੀਵਾਨ ਦਰਗਹ ਮਲ ਬੇਟਾ ਦਵਾਰਕਾ ਦਾਸ ਛਿਬਰ ਕਾ, ਮੱਖਣ ਸ਼ਾਹ ਬੇਟਾ ਦਾਸੇ ਸ਼ਾਹ ਕਾ, ਪੇਲੀਆ ਵਣਜਾਰਾ, ਹੋਰ ਸਿੱਖ ਫਕੀਰ ਆਏ।

ਗੁਰੂ ਜੀ ਨੇ ਦਰਬਾਰ ਸਾਹਿਬ ਹਰਿਮੰਦਰ ਜੀ ਦਰਸ਼ਨ ਪਾਇ ਦਰਸਨੀ ਡਿਊਢੀ ਕੇ ਆਗੇ ਏਕ ਚਬੂਤਰੇ ਤੇ ਆਸਣ ਲਾਇਆ। ਸਤਿਗੁਰਾਂ ਦਾ ਆਨਾ ਸੁਣ ਗੁਰੂ ਹਰਿ ਜੀ, ਬੇਟਾ ਗੁਰੂ ਮਨੋਹਰ ਦਾਸ ਕਾ, ਪੋਤਾ ਗੁਰੂ ਪ੍ਰਿਥੀ ਚੰਦ ਕਾ, ਬੇਟੇ ਕਵਲ ਨੈਨ ਕੋ ਗੈਲ ਲੈ ਦਰਸ਼ਨ ਪਾਨੇ ਆਇਆ। ਪਰਸਪਰ ਚਰਨ ਬੰਦਨਾ ਹੂਈ ।

**ਗੁਰੂ ਜੀ ਏਕ ਦਿਹੁੰ 'ਗੁਰੂ ਚੱਕ' ਮੇ ਨਿਵਾਸ ਕਰ ਗ੍ਰਾਮ ਵੱਲੇ ਵੇਰਕੇ ਆਏ।**
**(ਭੱਟ ਵਹੀ ਮੁਲਤਾਨੀ ਸਿੰਧੀ)**

ਨਗਰ ਮਾਖੋਵਾਲ (ਅਨੰਦਪੁਰ) ਦੀ ਮੋੜੀ ਗੱਡਣੀ :

ਇਤਿਹਾਸਕ ਸ੍ਰੋਤਾਂ ਤੋਂ ਪਤਾ ਲੱਗਦਾ ਹੈ ਗੁਰੂ ਤੇਗ ਬਹਾਦਰ ਜੀ ਨੇ ਕੀਰਤਪੁਰ ਤੋਂ ਪੰਜ ਮੀਲ ਦੂਰ ਇੱਕ ਨਗਰ ਮਾਖੋਵਾਲ ਦੀ ਜਮੀਨ ਖਰੀਦ ਕੇ ਇਸ ਪਿੰਡ ਦੀ ਮੋੜੀ ਗੱਡੀ ਅਤੇ ਇਸਦਾ ਨਾਂ 'ਚੱਕ ਨਾਨਕੀ' ਆਪਣੀ ਮਾਤਾ ਦੇ ਨਾਮ 'ਤੇ ਰੱਖਿਆ।

ਭੱਟ ਵਹੀ ਤੋਂ ਇਸਦੀ ਗਵਾਹੀ ਇਸ ਪ੍ਰਕਾਰ ਮਿਲਦੀ ਹੈ।

ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ, ਬੇਟਾ ਗੁਰੂ ਹਰਿਗੋਬਿੰਦ ਜੀ ਕਾ, ਵਾਸੀ ਕੀਰਤਪੁਰ, ਰਾਜ ਕਹਿਲੂਰ ਸਾਲ ਸਤ੍ਰਾਂ ਸੈ ਬਾਈਸ, ਅਸਾਢ ਪ੍ਰਵਿਸ਼ਠੇ ਇਕੀਸ, ਸੋਮਵਾਰ ਕੇ ਦਿਹੁੰ ਨੈਣਾ ਦੇਵੀ ਕੇ ਨੀਚੇ ਮਾਖੋਵਾਲ ਗ੍ਰਾਮ ਕੇ ਥੇਹ ਤੇ, ਬਾਬਾ ਬੁੱਢਾ ਜੀ ਕੀ ਬੰਸ ਕੇ ਬਾਬਾ ਗੁਰਦਿੱਤਾ ਜੀ, ਰੰਧਾਵਾ ਜੀ ਕੇ ਹਾਥ ਸੇ, ਨਵੇਂ ਗ੍ਰਾਮ ਕੀ ਮੋੜੀ ਗਾਡੀ। ਨਾਉ 'ਚੱਕ ਨਾਨਕੀ' ਰਾਖਾ। ਗੁਰੂ ਜੀ ਕੀ ਕੜਾਹੀ ਕੀ ।

(ਭੱਟ ਵਹੀ ਤਲਉਂਢਾ,ਪਰਗਣਾ ਜੀਂਦ)

ਇਸ ਨਗਰ ਦਾ ਨਾਮ ਬਾਅਦ ਵਿੱਚ ਅਨੰਦਪੁਰ ਪ੍ਰਸਿੱਧ ਹੋਇਆ । ਇੱਥੇ ਹੀ ਗੁਰੂ ਜੀ ਨੇ ਆਪਣਾ ਸਾਰਾ ਪਰਿਵਾਰ ਲੈ ਕੇ ਨਿਵਾਸ ਕੀਤਾ । ਔਰੰਗਜੇਬ ਦੇ ਹੱਥੋਂ ਦੁਖੀ ਕਸ਼ਮੀਰੀ ਪੰਡਿਤ ਵੀ ਇਸੇ ਸਥਾਨ ਤੇ ਆ ਕੇ ਫਰਿਆਦੀ ਹੋਏ ਸਨ। ਫਾਰਸੀ ਲਿਖਾਰੀ 'ਗੁਲਾਮ ਹਸੈਨ ਖਾਨ' ਨੇ ਆਪਣੀ ਰਚਨਾ 'ਸੱਯਰਲ ਮੁਤਾਖਰੀਨ' ਵਿੱਚ ਗੁਰੂ ਸਾਹਿਬ ਜੀ ਬਾਰੇ ਬਹੁਤ ਸਾਰੀਆਂ ਗਲਤ ਫਹਿਮੀਆਂ ਨੂੰ ਜਨਮ ਦਿੱਤਾ ਹੈ । ਉਹ ਕਸ਼ਮੀਰੀ ਪੰਡਿਤਾਂ ਦੇ ਫਰਿਆਦੀ ਹੋ ਕੇ ਅਨੰਦਪੁਰ ਸਾਹਿਬ ਆਉਣ ਤੋਂ ਵੀ ਇਨਕਾਰੀ ਹੈ । 'ਹਿਸਟਰੀ ਆਫ ਕਸ਼ਮੀਰ' ਦਾ ਕਰਤਾ 'ਐਨ.ਪੀ.ਕੌਲ.' ਲਿਖਦਾ ਹੈ ਕਿ 500 ਦੇ ਕਰੀਬ ਬ੍ਰਾਹਮਣ ਇਕੱਠੇ ਹੋ ਕੇ ਕਸ਼ਮੀਰ ਤੋਂ ਚੱਲ ਕੇ ਗੁਰੂ ਤੇਗ ਬਹਾਦਰ ਜੀ ਕੋਲ ਅਨੰਦਪੁਰ ਸਾਹਿਬ ਪਹੁੰਚੇ ਸਨ । ਇਸ ਗੱਲ ਦੀ ਸਪੱਸ਼ਟ ਗਵਾਹੀ ਭੱਟ ਵਹੀ ਤੋਂ ਮਿਲਦੀ ਹੈ ਕਿ ਪੰਡਿਤ ਕ੍ਰਿਪਾ ਰਾਮ ਜੀ ਦੀ ਅਗਵਾਈ ਵਿੱਚ ਕਸ਼ਮੀਰੀ ਪੰਡਿਤ ਗੁਰੂ ਜੀ ਕੋਲ ਅਨੰਦਪੁਰ ਸਾਹਿਬ ਆਏ ਸਨ ।

**ਭਾਈ ਕ੍ਰਿਪਾ ਰਾਮ ਬੇਟਾ ਅੜੂ ਰਾਮ ਕਾ,**
**ਪੋਤਾ ਨਰੈਣ ਦਾਸ ਕਾ, ਪੜਪੋਤਾ ਬ੍ਰਹਮਦਾਸ ਕਾ,**
**ਬੰਸ ਠਾਕੁਰਦਾਸ ਕੀ, ਦੱਤ ਗੋਤ੍ਰ ਬ੍ਰਾਹਮਣ,**
**ਵਾਸੀ ਮਟਨ ਦੇਸ ਕਸ਼ਮੀਰ, ਸੰਮਤ ਸਤ੍ਰਾਂ ਸੈ ਬਤੀਸ, ਜੇਠ ਮਾਸੋ**
**ਸੁਦੀ ਇਕਾਦਸੀ ਕੇ ਦਿਹੁੰ, ਖੋੜਸ ਬ੍ਰਾਹਮਣੋ ਕੇ ਗੈਲ 'ਚੱਕ ਨਾਨਕੀ'**
**ਪਰਗਣਾ ਕਹਿਲੂਰ, ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ ਕੇ ਦਰਬਾਰ**
**ਆਇ ਫਰਿਆਦੀ ਹੂਆ। ਗੁਰੂ ਜੀ ਨੇ ਇਨੇ ਧੀਰਜ ਦਈ।**
**ਬਚਨ ਹੋਆ-**
**'ਤੁਸਾਂ ਕੀ ਰੱਖਿਆ ਬਾਬਾ ਨਾਨਕ ਕਰੇਗਾ।'**
**(ਭੱਟ ਵਹੀ ਮੁਲਤਾਨੀ ਸਿੰਧੀ)**

ਗੁਰੂ ਜੀ ਨੇ ਕਸ਼ਮੀਰੀ ਪੰਡਿਤਾਂ ਨਾਲ ਕੀਤਾ ਵਾਅਦਾ ਨਿਭਾਉਣ ਲਈ ਗ੍ਰਿਫਤਾਰੀ ਦੇਣ ਲਈ ਤਿਆਰੀ ਕੀਤੀ ਅਤੇ ਬਾਲ ਗੋਬਿੰਦ ਰਾਇ ਜੀ ਨੂੰ ਗੁਰਗੱਦੀ ਦੀ ਰਸਮ ਕਰ ਕੇ ਗੋਬਿੰਦ ਰਾਇ ਜੀ ਨੂੰ ਮੱਥਾ ਟੇਕਿਆ ਅਤੇ ਦਿੱਲੀ ਨੂੰ ਚਾਲੇ ਪਾਏ।

ਗੁਰੂ ਤੇਗ ਬਹਾਦਰ ਮਹਲ ਨਾਵਾਂ, ਬੇਟਾ ਗੁਰੂ ਹਰਿਗੋਬਿੰਦ ਕਾ, ਸੰਮਤ ਸਤ੍ਰਾਂ ਸੈ ਬਤੀਸ ਸਾਵਣ ਪ੍ਰਵਿਸ਼ਠੇ ਅੱਠ ਕੇ ਦਿਹੁੰ, ਪਾਂਚ ਪੈਸੇ ਏਕ ਨਲੀਏਰ ਗੁਰੂ ਗੋਬਿੰਦ ਦਾਸ ਆਗੇ ਰਾਖ ਮਾਥਾ ਟੇਕਾ। ਬਾਬਾ ਬੁਢੇ ਕੇ ਗੁਰਦਿੱਤਾ ਜੀ ਰੰਧਾਵਾ ਨੇ ਗੁਰੂ ਜੀ ਕੇ ਮਸਤਕ ਬੀਚ ਟਿੱਕਾ ਲਾਇਆ। ਸਰਬ ਸੰਗਤ ਨੇ ਗੁਰੂ ਗੋਬਿੰਦ ਦਾਸ ਜੀ ਆਗੇ ਮਾਥਾ ਟੇਕਾ ।

(ਭੱਟ ਵਹੀ ਮੁਲਤਾਨੀ ਸਿੰਧੀ)

**ਗੁਰੂ ਜੀ ਦੀ ਸ਼ਹਾਦਤ :**

ਗੁਰੂ ਜੀ ਭਾਈ ਮਤੀਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ, ਭਾਈ ਉਦੋ ਜੀ ਮੁਖੀ ਸਿੱਖਾਂ ਨਾਲ ਦਿੱਲੀ ਵੱਲ ਰਵਾਨਾ ਹੋ ਜਾਂਦੇ ਹਨ ਅਤੇ ਰਸਤੇ ਵਿੱਚ ਉਨਾਂ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ ਹੈ। ਕਈ ਦਿਨ ਤਸੀਹੇ ਦਿੱਤੇ ਜਾਂਦੇ ਹਨ। ਸਿੱਖਾਂ ਨੂੰ ਗੁਰੂ ਜੀ ਦੇ ਸਾਹਮਣੇ ਸ਼ਹੀਦ ਕਰ ਦਿੱਤਾ ਜਾਂਦਾ ਹੈ ਤਾਂ ਕਿ ਗੁਰੂ ਜੀ ਡਰ ਕੇ ਆਪਣਾ ਫੈਸਲਾ ਬਦਲ ਦੇਣ ਪਰ ਗੁਰੂ ਜੀ ਅਡੋਲ ਰਹੇ। ਅੰਤ 11 ਨਵੰਬਰ 1675 ਵਾਲੇ ਦਿਨ ਚਾਂਦਨੀ ਚੌਂਕ ਵਿੱਚ ਗੁਰੂ ਜੀ ਨੂੰ ਸ਼ਹੀਦ ਕਰਨ ਲਈ ਲਿਆਂਦਾ ਗਿਆ। ਜਿਸਦਾ ਜ਼ਿਕਰ ਭੱਟ ਵਹੀ ਵਿੱਚ ਇਸ ਪ੍ਰਕਾਰ ਮਿਲਦਾ ਹੈ।

ਗੁਰੂ ਤੇਗ ਬਹਾਦਰ ਜੀ ਮਹਲਾ ਨਾਵਾਂ, ਬੇਟਾ ਗੁਰੂ ਹਰਿਗੋਬਿੰਦ ਜੀ ਕਾ, ਤੀਨ ਦਿਵਸ ਸ਼ਾਹੀ ਕਾਜ਼ੀ ਕੇ ਹੁਕਮ ਗੈਲ ਕੋਤਵਾਲ ਦਿਲੀ ਨੇ, ਗੁਰੂ ਜੀ ਕੋ ਘਨਾ ਕਸ਼ਟ ਦੀਆ ਜੋ ਕਥਨ ਸੇ ਬਾਹਰ ਹੈ। ਸੰਮਤ ਸਤ੍ਰਾਂ ਸੈ ਬਤੀਸ ਮਗਸਰ ਸੁਦੀ ਪੰਚਮੀ ਤੀਜੇ ਪਹਰ ਵੀਰਵਾਰ ਕੋ ਦਿਹੁੰ, ਤੀਨ ਸਿਖੋਂ ਕੀ ਸ਼ਹਾਦਤ ਕੇ ਬਾਦ, ਗੁਰੂ ਜੀ ਕੋ ਬਰੋਟੇ ਕੇ ਗੈਲ ਚਾਂਦਨੀ ਚਉਂਕ ਮੇਂ ਲਾਇ ਬਿਠਾਇਆ । ਸ਼ਾਹੀ ਕਾਜ਼ੀ ਫਿਰ ਬੋਲਾ, 'ਯਹ ਆਪ ਕੇ ਲੀਏ ਆਖਰੀ ਸਮਾਂ ਹੈ-

**ਯਾ ਅਜ਼ਮਤ ਯਾ ਇਸਲਾਮ ਕਬੂਲ ਲੈ; ਵਰਨਾ ਮਰਨੇ ਕੇ ਲੀਏ ਤਿਆਰੀ ਕਰੀਏ।'**
**ਗੁਰੂ ਜੀ ਨੇ ਚੁਪ ਸਾਧ ਲੀ । ਕੋਤਵਾਲ ਨੇ ਜਲਾਲੁਦੀਨ ਜਲਾਦ ਕੀ ਤਰਫ ਦੇਖਾ,**
**ਉਸ ਨੇ ਤਲਵਾਰ ਸੇ ਸਿਰ ਧੜ ਸੇ ਜੁਦਾ ਕਰ ਦੀਆ।**
**(ਭੱਟ ਵਹੀ ਤਲਾਉਂਢਾ,ਪਰਗਣਾ ਜੀਂਦ)**

ਇਸ ਪ੍ਰਕਾਰ ਗੁਰੂ ਤੇਗ ਬਹਾਦਰ ਜੀ ਹਿੰਦੂ ਧਰਮ ਦੀ ਰੱਖਿਆ ਕਰਨ ਦੀ ਖਾਤਰ ਆਪਣਾ ਆਪ ਕੁਰਬਾਨ ਕਰ ਗਏ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਵੱਡਾ ਸਾਕਾ ਆਖਿਆ ਹੈ।

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ।**
**ਕੀਨੋ ਬਡੋ ਕਲੂ ਮਹਿ ਸਾਕਾ।**
**ਧਰਮ ਹੇਤ ਸਾਕਾ ਜਿਨ ਕੀਆ॥**
**ਸੀਸ ਦੀਆ ਪਰ ਸਿਰਰ ਨ ਦੀਆ।**

ਸੋ ਉਪਰੋਕਤ ਭੱਟ ਵਹੀਆਂ ਦੇ ਹਵਾਲਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਸਹਿਬਾਨ ਬਾਰੇ ਭੱਟ ਵਹੀਆਂ ਵਿੱਚ ਮਿਲਦੀ ਜਾਣਕਾਰੀ ਤਸੱਲੀ ਬਖਸ਼ ਹੈ। ਕਿਉਕਿ ਭੱਟਾਂ ਵੱਲੋਂ ਹਰ ਘਟਨਾਕ੍ਰਮ ਦੀ ਜਾਣਕਾਰੀ ਆਪਣੀਆਂ ਵਹੀਆਂ ਵਿੱਚ ਅੰਕਿਤ ਕੀਤੀ ਜਾਂਦੀ ਸੀ। ਜੋ ਅਹਿਮ ਦਸਤਾਵੇਜ ਮੰਨੇ ਜਾਂਦੇ ਸਨ। ਇਹ ਸਮਕਾਲੀ ਲਿਖਤਾਂ ਹਨ ਜਿਨਾਂ ਵਿੱਚ ਸਮਾਂ, ਸਥਾਨ ਦਾ ਸੰਕੇਤ ਦੇਣ ਤੋਂ ਇਲਾਵਾ ਹਰ ਇੱਕ ਵਿਅਕਤੀ ਦੀ ਬਾਪ, ਦਾਦੇ, ਪੜਦਾਦੇ ਤੱਕ ਦੀ ਜਾਣਕਾਰੀ ਸਪੱਸ਼ਟ ਲਿਖੀ ਹੋਈ ਹੈ।

# ਧਰਮ ਅਤੇ ਰਾਜਨੀਤੀ ਦੀ ਸੁਮੇਲਤਾ



**ਰਮਨਦੀਪ ਕੌਰ ਨੌਰੰਗ**

7529060146

ਮਨੁੱਖ ਧਰਮ ਨਾਲ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਜੁੜਿਆ ਹੋਇਆ ਹੈ, ਧਰਮ ਤੋਂ ਬਿਨਾਂ ਮਨੁੱਖੀ ਹੋਂਦ ਸੰਭਵ ਨਹੀ ਜਾਪਦੀ ਕਿਉਂਕਿ ਮਨੁੱਖੀ ਜੀਵਨ ਦਾ ਜਨਮ ਤੋਂ ਮਰਨ ਤੱਕ ਦਾ ਵਰਤਾਰਾ ਧਰਮ ਦੇ ਦੁਆਲੇ ਘੁੰਮਦਾ ਹੈ, ਮਨੁੱਖ ਕਿਸੇ ਵੀ ਧਰਮ ਨਾਲ ਜੁੜਿਆ ਹੈ ਪਰ ਉਹਦੇ ਰੀਤੀ-ਰਿਵਾਜ ਕਿਤੇ ਨ ਕਿਤੇ ਧਰਮ ਅਨੁਸਾਰ ਚੱਲਦੇ ਹਨ, ਇਸੇ ਤਰਾਂ ਮਨੁੱਖ ਨੂੰ ਆਪਣੀ ਹੋਂਦ ਦੀ ਪਹਿਚਾਣ ਆਪਣੇ ਆਪ ਵਿਚ ਆਜਾਦ ਰਹਿੰਦੇ ਹੋਏ ਜੀਵਨ 'ਚ ਵਿਚਰਨਾ, ਜਿੱਥੇ ਗੁਰੂ ਸਾਹਿਬਾਨ ਜੀ ਆ ਨੇ ਮਨੁੱਖ ਤੇ ਧਰਮ ਦਾ ਅਟੁੱਟ ਰਿਸ਼ਤਾ ਹੈ ਉੱਥੇ ਧਰਮ ਦੇ ਨਾਲ ਨਾਲ ਰਾਜਨੀਤੀ ਦਾ ਆਪਸੀ ਗੂੜਾ ਰਿਸ਼ਤਾ ਦਰਸਾਇਆ, ਗੁਰੂ ਹਰਿਗੋਬਿੰਦ ਸਾਹਿਬ ਮੀਰੀ-ਪੀਰੀ ਦੇ ਮਾਲਕ ਉਸ ਸਮੇਂ ਦੋ ਤਲਵਾਰਾਂ (ਕਿਰਪਾਨਾਂ) ਧਾਰਨ ਕਰਦੇ ਹਨ, ਚਾਹੇ ਹਨ ਉਹ ਬਾਹਰੀ ਚਿੰਨ ਪਰ ਉਹ ਅੰਤਰ-ਆਤਮਾ ਨੂੰ ਜਗਾਉਂਦੀਆਂ ਹਨ। ਦੋ ਤਲਵਾਰਾਂ ਬੱਧੀਆਂ ਇੱਕ ਮੀਰੀ ਦੀ, ਇੱਕ ਪੀਰੀ ਤੇ ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ। ਮੀਰੀ ਪੀਰੀ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਪਾਤਸ਼ਾਹ ਜੀ ਦਾ ਸ਼ਸਤਰ ਧਾਰਨ ਦਿਵਸ ਹੈ ਜਿੱਥੇ ਸ਼ਸਤਰ ਧਾਰਨ ਦਿਵਸ ਹੈ ਉਥੇ ਮੀਰੀ-ਪੀਰੀ ਦਿਵਸ ਧਰਮ ਤੇ ਰਾਜਨੀਤੀ ਦੀ ਗੂੜੇ ਸਬੰਧ ਦਾ ਵੀ ਪ੍ਰਤੀਕ ਹੈ ਮੀਰੀ ਤੇ ਪੀਰੀ ਗੁਰੂ ਨਾਨਕ ਸਾਹਿਬ ਛੇਵੇਂ ਜਾਮੇ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਪਾਤਸ਼ਾਹ ਜੀ ਦੇ ਸਰੂਪ ਵਿਚ ਦੋ ਤਲਵਾਰਾਂ ਧਾਰਨ ਕਰਦੇ ਹਨ, ਮੀਰੀ-ਪੀਰੀ ਰਾਜ ਸ਼ਕਤੀ ਆਤਮਿਕ ਸ਼ਕਤੀ ਦੇ ਪ੍ਰਤੀਕ ਨੂੰ ਦਰਸਾਉਂਦੀ ਹੈ, ਇਹ ਤਲਵਾਰਾਂ ਮਨੁੱਖ ਨੂੰ ਆਪਾ ਖੋਜਣ ਵਾਲੇ ਪਾਸੇ ਪ੍ਰੇਰਿਤ ਵੀ ਕਰਦੀਆਂ ਹਨ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਜੀ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਸਥਾਪਨਾ ਕਰਦੇ ਹਨ ਅਤੇ ਉਸ ਤੋਂ ਬਾਅਦ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ 'ਅਕਾਲ' ਭਾਵ ਉਸ ਅਕਾਲ ਪੁਰਖ ਦਾ ਤਖ਼ਤ ਜਿਸ ਤਖ਼ਤ 'ਤੇ ਹਰ ਕਿਸੇ ਨੂੰ ਇਨਸਾਫ਼ ਮਿਲਦਾ, ਉਧਰ ਦੂਜੇ ਪਾਸੇ ਮੀਰੀ-ਪੀਰੀ ਮਜ਼ਲੂਮਾਂ ਦੀ ਰੱਖਿਆ ਜਰਵਾਣੇ ਦੀ ਭੱਖਿਆ, ਮੀਰੀ-ਪੀਰੀ ਦਾ ਸ਼ਾਬਦਿਕ ਅਰਥ ਕਰਦੇ ਹਾਂ ਤਾਂ ਮੀਰੀ ਤੋਂ ਭਾਵ ਅਮੀਰ ਤੋਂ ਵੀ ਲਿਆ ਗਿਆ ਹੈ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ 'ਚ ਆਇਆ ਪੀਰ ਮੀਰ ਸ਼ਬਦ ਉਸ ਤੁਕ ਦਾ ਅਰਥ ਵਿਦਵਾਨਾਂ ਵੱਲੋਂ ਬਾਦਸ਼ਾਹ ਕਿਹਾ ਗਿਆ ਹੈ 'ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥

ਪੀਰ ਦਾ ਅੱਖਰੀ ਅਰਥ ਪੀਰੀ ਰੂਹਾਨੀਅਤ ਮੀਰੀ-ਪੀਰੀ ਜਿੱਥੇ ਬਾਦਸ਼ਾਹ ਤੇ ਰੂਹਾਨੀਅਤ ਦੇ ਪ੍ਰਤੀਕ ਨਾਲ ਮਿਲਦਾ-ਜੁਲਦਾ ਧਰਮ ਅਤੇ ਰਾਜਨੀਤੀ ਦੇ ਸੰਬੰਧ ਨੂੰ ਪ੍ਰਗਟ ਕਰਦਾ ਹੈ ਉਥੇ ਹੀ ਸਮਾਜ ਵਿੱਚ ਰਾਜਨੀਤੀ ਬਾਰੇ ਖੁਲਾਸਾ ਕਰਦਾ ਹੈ ਜੇਕਰ ਸਮਾਜ ਵਿੱਚ ਰਾਜਨੀਤੀ ਭਾਰੂ ਪੈ ਜਾਵੇ ਤਾਂ ਜਬਰ ਜੁਲਮ ਹਾਕਮ ਹੁਕਮਰਾਨਾਂ ਹੁਕਮ ਵੱਧ ਜਾਂਦਾ ਹੈ। ਜੇਕਰ ਧਰਮ ਭਾਰੂ ਪੈ ਜਾਵੇ ਤਾਂ ਕਿਤੇ ਨਾ ਕਿਤੇ ਕੱਟੜਤਾ ਦਾ ਰੂਪ ਪ੍ਰਗਟ ਹੁੰਦਾ ਹੈ। ਮੀਰੀ ਬਾਦਸ਼ਾਹਤ ਰਾਜਸੀ ਸ਼ਕਤੀ ਦੇ ਫੈਲਾਅ ਦਾ ਕੰਮ ਕਰਦੀ ਹੈ ਤੇ ਪੀਰੀ ਪੀਰ ਧਰਮ ਮਨੁੱਖੀ ਅੰਤਰ ਆਤਮਾ ਨੂੰ ਪਹਿਚਾਨਣ 'ਤੇ ਜ਼ੋਰ ਦਿੰਦਾ ਹੈ। ਪੀਰੀ ਅਧਿਆਤਮਿਕਤਾ ਦੀ ਸ਼ਕਤੀ ਨੂੰ ਵਧਾਉਂਦੀ ਹੈ ਤੇ ਮੀਰੀ ਰਾਜਸੀ ਸ਼ਕਤੀ ਨੂੰ। ਮੀਰੀ ਜੇਕਰ ਰਾਜਸੀ ਸ਼ਕਤੀ ਕਮਜ਼ੋਰ ਹੈ ਤਾਂ ਮਨੁੱਖ ਕਿਤੇ ਨਾ ਕਿਤੇ ਗੁਲਾਮੀ ਦੀ ਜਕੜ ਵਿਚ ਪੈਂਦਾ ਹੈ। ਪੀਰੀ ਅਧਿਆਤਮਿਕ ਸ਼ਕਤੀ ਦੀ ਪ੍ਰਬਲਤਾ ਹੈ ਤਾਂ ਰਾਜਸੀ ਸ਼ਕਤੀ ਕਾਇਮ ਕਰਨ 'ਚ ਕਾਮਯਾਬੀ ਹਾਸਿਲ ਕਰਨ ਵਿਚ ਤਾਕਤ ਪੈਦਾ ਹੁੰਦੀ ਹੈ। ਰਾਜਸੀ ਸ਼ਕਤੀ ਦਾ ਮਤਲਬ ਇੱਥੇ ਤਲਵਾਰ ਦੀ ਸ਼ਕਤੀ ਨਾਲ ਰਾਜ ਕਰਨਾ ਨਹੀਂ ਸਗੋਂ ਮਜਲੂਮਾਂ ਦੀ ਰੱਖਿਆ ਕਰਨਾ, ਜਬਰ ਜ਼ੁਲਮ ਨੂੰ ਖ਼ਤਮ ਕਰਨਾ, ਪੀਰੀ ਨਾਲ ਪੰਜ ਗੁਣਾਂ ਦਾ ਵਿਕਾਸ ਦਇਆ, ਧਰਮ, ਸਤਿ, ਸੰਤੋਖ, ਧੀਰਜ ਕਰਕੇ ਅਧਿਆਤਮਿਕਤਾ ਪ੍ਰਫੁੱਲਤ ਹੁੰਦੀ ਹੈ। ਪੀਰੀ ਮੀਰੀ ਰਾਜ ਸੱਤਾ ਦਾ ਪ੍ਰਤੀਕ ਹੈ, ਮੀਰੀ-ਪੀਰੀ ਨਿਰਭਉ ਤੇ ਨਿਰਵੈਰਤਾ ਨੂੰ ਉਜਾਗਰ ਕਰਦੀ ਹੈ। ਉੱਥੇ ਹੀ ਗੁਰੂ ਸਾਹਿਬ ਜੀ ਨੇ ਬੇਕਸੂਰ ਲਿਤਾੜੇ ਜਾ ਰਹੇ ਲੋਕਾਂ ਅੰਦਰ ਆਜ਼ਾਦੀ ਦੀ ਚਿਣਗ ਪੈਦਾ ਕਰਨ ਲਈ ਰਾਜਸੀ ਸ਼ਕਤੀ ਅਤੇ ਰੂਹਾਨੀਅਤ ਦਾ ਪ੍ਰਗਟਾਅ ਪੈਦਾ ਕੀਤਾ। ਸਿੱਖ ਵਿਦਵਾਨ ਆਪਣੀ ਲਿਖਤ ਵਿਚ ਬਿਆਨ ਕਰਦੇ ਹਨ-:

**ਰਾਜ ਕਿਸੇ ਕੋ ਕੋਇ ਨਾ ਦੇਹੈ।**
**ਜੋ ਲੈਹੈ ਨਿਜ ਬਲ ਸੇ ਲੈਹੈ।**

ਇਸ ਸਿਧਾਂਤ ਨੂੰ ਗੁਰੂ ਸਾਹਿਬ ਜੀ ਨੇ ਸਿੱਖ ਕੌਮ ਦੀ ਝੋਲੀ ਪਾਇਆ ਆਪਣੇ ਬਲ ਨਾਲ ਆਪਣੀ ਸ਼ਕਤੀ ਨਾਲ ਰਾਜ ਲੈਣਾ ਰਾਜ ਕਰਨਾ ਭਾਵ ਕਿਸੇ ਦੀ ਗੁਲਾਮੀ ਦੀ ਅਧੀਨਗੀ ਤੋਂ ਆਪਣੀ ਹੋਂਦ ਨੂੰ ਪਹਿਚਾਣਦੇ ਹੋਏ ਆਜ਼ਾਦ ਵਿਚਰਨਾ, ਅਗਲਾ ਕਾਰਜ ਉਸ ਰਾਜ ਨੂੰ ਸੁਚੱਜੇ ਢੰਗ ਨਾਲ ਚਲਾਉਣਾ ਪੀਰੀ ਰੂਹਾਨੀਅਤ ਭਰਪੂਰ ਤੋਂ ਬਿਨਾਂ ਸੰਭਵ ਨਹੀਂ ਕਿਉਂਕਿ ਰੂਹਾਨੀਅਤ ਵਿਚ ਨੈਤਿਕਤਾ ਦੇ ਗੁਣ ਮੌਜੂਦ ਹੁੰਦੇ ਹਨ। ਰੂਹਾਨੀਅਤ ਵਿਚ ਸਰਬੱਤ ਦਾ ਭਲਾ ਮੌਜੂਦ ਹੈ। ਗੁਰੂ ਸਾਹਿਬਾਨ ਜੀ ਨੇ ਧਰਮ ਅਤੇ ਰਾਜਨੀਤੀ ਨੂੰ ਇੱਕ ਦੂਜੇ ਦੇ ਪੂਰਕ ਮੰਨਿਆ ਹੈ। ਇਨਾਂ ਦੋਹਾਂ ਦੀ ਬਰਾਬਰਤਾ ਦਾ ਸੁਮੇਲ ਸੁਚਾਰੂ ਢੰਗ ਨਾਲ ਨੈਤਿਕ ਕਦਰਾਂ ਕੀਮਤਾਂ ਨੂੰ ਵੜਾਵਾ ਦਿੰਦਾ ਹੈ। ਦੂਜੇ ਪਾਸੇ ਰੂਹਾਨੀਅਤ ਸਿਖਰ ਆਪੇ ਨੂੰ ਖੋਜਣ ਤੋਂ ਬਾਅਦ ਆਤਮਾ ਪ੍ਰਮਾਤਮਾ 'ਚ ਜਾ ਸਮਾਉਂਦੀ ਹੈ।

# ਧਰਮ ਦਾ ਆਰੰਭਿਕ ਰੂਪ

**ਜਸਵੀਰ ਸਿੰਘ**

97100-04412

ਆਦਿ ਮਨੁੱਖ ਨੂੰ ਧਰਮ ਵਿੱਚ ਵਿਸ਼ਵਾਸ ਕਰਨ ਦੀ ਕੀ ਲੋੜ ਸੀ? ਇਹ ਇੱਕ ਅਜਿਹਾ ਸਵਾਲ ਹੈ, ਜੋ ਕਿ ਅੱਜ ਦੇ ਆਧੁਨਿਕ ਸਮੇਂ ਵਿੱਚ ਚਰਚਾ ਦਾ ਵਿਸ਼ਾ ਹੈ। ਮਨੁੱਖ ਦੀ ਬਿਰਤੀ ਰਹੀ ਹੈ ਕਿ ਉਹ ਆਪਣੇ ਅਸਤਿਤਵ ਨੂੰ ਜਾਨਣ ਲਈ ਹਮੇਸ਼ਾ ਉਤਾਵਲਾ ਰਹਿੰਦਾ ਹੈ। ਇਸੇ ਸਬੰਧ ਵਿਚ ਖੋਜ ਕਾਰਜ ਕਰਦਿਆਂ, ਮਾਨਵ ਵਿਗਿਆਨੀਆਂ, ਸਮਾਜ ਵਿਗਿਆਨੀਆਂ ਨੇ ਆਦਿ ਕਬੀਲਿਆਂ ਉੱਪਰ ਖੋਜ ਕੀਤੀ। ਜਿਸਦੇ ਸਦਕਾ ਪ੍ਰਾਚੀਨ ਲੋਕਾਂ ਦੇ ਜੀਵਨ ਨਾਲ ਸਬੰਧਤ ਅਨੇਕਾਂ ਦ੍ਰਿਸ਼ਟੀਕੋਣ ਪੇਸ਼ ਕੀਤੇ ਗਏ ਹਨ। ਜਿਥੋਂ ਕਿ ਅਜਿਹੇ ਸਿਧਾਂਤ ਉਭਰ ਕੇ ਸਾਡੇ ਸਾਹਮਣੇ ਆਉਂਦੇ ਹਨ ਜੋ ਕਿ ਆਮ ਮਨੁੱਖ ਦੇ ਵਿਸ਼ਵਾਸ਼ ਦੇ ਬਹੁਤ ਨਜਦੀਕ ਹਨ। ਇਸ ਹਥਲੇ ਲੇਖ ਵਿੱਚ ਅਸੀਂ ਇਨਾਂ ਹੀ ਸਿਧਾਂਤਾਂ ਦੀ ਚਰਚਾ ਕਰਾਂਗੇ।

ਜੀਵ-ਆਤਮਾ ਧਰਮ ਦਾ ਐਸਾ ਸਿਧਾਂਤ ਹੈ ਜਿਸ ਵਿੱਚ ਆਦਿ ਮਨੁੱਖ ਦਾ ਇਹ ਵਿਸ਼ਵਾਸ ਸੀ ਕਿ ਮਨੁੱਖ ਜਾਤੀ ਦੇ ਨਾਲ-ਨਾਲ ਪਸ਼ੂਆਂ, ਪੱਥਰਾਂ, ਪੌਦਿਆਂ ਵਿਚ ਵੀ ਜੀਵ-ਆਤਮਾ ਨਿਵਾਸ ਕਰਦੀ ਹੈ। ਇਸ ਤੋਂ ਅਗਾਂਹ ਆਦਿ ਮਾਨਵ ਵਿੱਚ ਇਹ ਸੋਚ ਪ੍ਰਚਲਿਤ ਹੋਈ ਕਿ ਕੁਦਰਤੀ ਆਫਤਾਵਾਂ (ਭੂਚਾਲ, ਬਿਜਲੀ ਦਾ ਗਰਜਣਾ) ਵੀ ਆਤਮਾ ਕਰਕੇ ਹੀ ਆਉਂਦੀਆਂ ਹਨ। ਇੱਥੇ ਆਦਿ ਮਨੁੱਖ ਵਿੱਚ ਇਹ ਵਿਸ਼ਵਾਸ ਪੱਕਾ ਹੋ ਗਿਆ ਸੀ ਕਿ ਜੇਕਰ ਪਵਿੱਤਰ ਆਤਮਾ (ਪੱਥਰ, ਪੌਦੀਆਂ) ਨੂੰ ਪੂਜਿਆ ਜਾਵੇ ਤਾਂ ਇਨਾਂ ਆਫਤਾਵਾਂ ਤੋਂ ਬਚਿਆ ਜਾ ਸਕਦਾ ਹੈ। ਇਸੇ ਸਬੰਧ ਵਿਚ ਪ੍ਰਸਿੱਧ ਮਾਨਵ ਵਿਗਿਆਨੀ ਈ.ਬੀ. ਟਾਇਲਰ (1832-1917 ਈ.) ਨੇ ਆਪਣੀ ਪੁਸਤਕ 'ਦ ਪ੍ਰਮਿਟਿਵ ਕਲਚਰ' (1871) ਵਿੱਚ ਆਤਮਵਾਦ ਦਾ ਸੰਕਲਪ ਵਿਚਾਰਿਆ ਹੈ।

ਪ੍ਰਾਚੀਨ ਮਨੁੱਖ ਦਾ ਵਿਸ਼ਵਾਸ ਸੀ ਕਿ ਜਾਦੂ ਵਿੱਚ ਰਹੱਸਮਈ ਸ਼ਕਤੀ ਦੀ ਹੋਂਦ ਮੌਜੂਦ ਹੁੰਦੀ ਹੈ। ਜਿਸ ਦੀ ਸਹਾਇਤਾ ਨਾਲ ਕੁਦਰਤ ਦੇ ਕਾਨੂੰਨ ਵਿਚ ਦਖਲ ਦਿੱਤਾ ਜਾ ਸਕਦਾ ਹੈ ਅਤੇ ਕੁਝ ਹੱਦ ਤੱਕ ਇਸ ਨੂੰ ਭੰਗ ਵੀ ਕੀਤਾ ਜਾ ਸਕਦਾ ਹੈ। ਪ੍ਰਾਚੀਨ ਸਮਾਜ ਵਿੱਚ ਦੋ ਤਰਾਂ ਦੇ ਜਾਦੂ ਦੀ ਪ੍ਰਮੁੱਖਤਾ ਸੀ। ਇਸ ਦਾ ਪਹਿਲਾ ਭੇਦ ਸਮਾਨਤਾ ਭਾਵ ਨਕਲ (ਇਹ ਵਿਸ਼ਵਾਸ ਪ੍ਰਚਲਿਤ ਸੀ ਕਿ ਜੇਕਰ ਕਿਸੇ ਨੂੰ ਨੁਕਸਾਨ ਪਹੁੰਚਾਉਣਾ ਹੈ, ਤਾਂ ਉਸ ਵਰਗਾ ਪੁਤਲਾ ਬਣਾ ਕੇ ਪਹਿਲਾਂ ਉਸ ਨੂੰ ਨੁਕਸਾਨ ਪਹੁੰਚਾਇਆ ਜਾਵੇ)। ਦੂਜਾ ਭੇਦ ਸੰਪਰਕ (ਕਿਸੇ ਵਿਅਕਤੀ ਦੇ ਵਾਲ, ਨਹੁੰ, ਕੱਪੜੇ ਲੈ ਕੇ ਉਨਾਂ ਨੂੰ ਨਸ਼ਟ ਕਰਨ ਨਾਲ ਇਹ ਸਮਝਿਆ ਜਾਂਦਾ ਸੀ ਕਿ ਦੁਸ਼ਮਣ ਵੀ ਨਸ਼ਟ ਹੋ ਜਾਵੇਗਾ)।

ਟੋਟਮ ਨੂੰ ਪ੍ਰਸਿੱਧ ਵਿਦਵਾਨ ਇਮਾਇਲ ਦੁਰਖੀਮ (1858-1917 ਈ.) ਨੇ ਪਵਿੱਤਰ ਅਤੇ ਅਪਵਿੱਤਰ ਵਿਚ ਵੰਡਿਆ ਹੈ। ਟੋਟਮ ਪਵਿੱਤਰ ਵਸਤੂਆਂ ਨਾਲ ਸਬੰਧਤ ਵਿਸ਼ਵਾਸਾਂ ਦੀ ਵਿਵਸਥਾ ਹੈ ਜੋ ਕਿ ਲੋਕਾਂ ਨੂੰ ਸਮੁਦਾਇ ਵਿੱਚ ਜੋੜਦੀ ਹੈ। ਟੋਟਮ ਤੋਂ ਭਾਵ ਪੰਛੀ, ਪੌਦੇ, ਜਾਨਵਰ ਤੋਂ ਹੈ, ਜੋ ਕਬੀਲੇ/ਵੰਸ਼ ਨਾਲ ਸਬੰਧ ਰੱਖਦਾ ਸੀ। ਜਿੱਥੇ ਧਰਮ (ਟੋਟਮ) ਦੀ ਕਬਾਇਲੀ ਲੋਕ ਪੂਜਾ ਕਰਦੇ ਸਨ, ਉੱਥੇ ਇਸ ਨਾਲ ਆਪਣੀ ਸਮਾਜਿਕ ਪਹਿਚਾਣ ਵੀ ਜੋੜਦੇ ਸਨ। ਟੋਟਮ ਪਸ਼ੂ ਇੰਨਾ ਪਵਿੱਤਰ ਸਮਝਿਆ ਜਾਂਦਾ ਸੀ ਕਿ ਨਾ ਇਸ ਨੂੰ ਮਾਰਿਆ ਜਾਂਦਾ ਸੀ ਤੇ ਨਾ ਹੀ ਇਸ ਦਾ ਮਾਸ ਖਾਧਾ ਜਾਂਦਾ ਸੀ। ਆਦਿ ਮਨੁੱਖ ਦਾ ਇਹ ਵਿਸ਼ਵਾਸ ਰਿਹਾ ਹੈ ਕਿ ਟੋਟਮ ਵਿਚ ਰਹੱਸਮਈ ਸ਼ਕਤੀ ਹੁੰਦੀ ਹੈ ਜੋ ਸਾਰੇ ਕਬੀਲੇ ਦੀ ਰੱਖਿਆ ਕਰਦੀ ਸੀ।

ਆਦਿ ਮਾਨਵ ਦਾ ਵਿਸ਼ਵਾਸ ਸੀ ਕਿ ਉਸ ਦੇ ਸਾਰੇ ਪਾਸੇ ਅਦਿੱਖ ਸ਼ਕਤੀਆਂ ਦੀ ਹੋਂਦ ਮੌਜੂਦ ਹੈ। ਮਾਨਾ ਵੀ ਇੱਕ ਅਜਿਹੀ ਦੈਵੀ ਸ਼ਕਤੀ ਹੈ ਜੋ ਕਿਸੇ ਵੀ ਮਨੁੱਖ ਦੀ ਸਧਾਰਨ ਤਾਕਤ ਤੋਂ ਪਰੇ ਹੈ। ਇਹ ਸ਼ਕਤੀ ਸਰੀਰਕ ਰੂਪ ਵਿੱਚ ਨਹੀਂ, ਬਲਕਿ ਗੈਬੀ ਸ਼ਕਤੀ ਦੇ ਰੂਪ ਵਿਚ ਹੁੰਦੀ ਹੈ। ਪਰ ਇਹ ਪ੍ਰਤੱਖ ਹੁੰਦਾ ਹੈ ਕਿ ਕਿਸੇ ਨਾ ਕਿਸੇ ਸਰੀਰਕ ਤਾਕਤ ਜਾਂ ਕਲਾ ਦੇ ਰੂਪ ਵਿੱਚ ਮਨੁੱਖ ਦੇ ਅੰਦਰੋਂ ਹੀ ਕੰਮ ਕਰਦੀ ਹੈ। ਰੋਬਰਟ ਕਾਡਰਿੰਗਟਨ (1830-1922 ਈ.) ਦੁਆਰਾ ਕੀਤੀ ਖੋਜ ਵਿਚ ਮੰਨਿਆ ਗਿਆ ਹੈ ਕਿ ਆਦਿ ਮਨੁੱਖ ਵਿਚ ਮਾਨਾ ਦਾ ਵਿਸ਼ਵਾਸ ਪ੍ਰਚਲਿਤ ਸੀ।

ਪਿਤਰ ਪੂਜਾ ਵਿੱਚ ਪ੍ਰਾਚੀਨ ਲੋਕਾਂ ਦਾ ਇਹ ਵਿਸ਼ਵਾਸ ਰਿਹਾ ਹੈ ਕਿ ਮ੍ਰਿਤਕ ਆਤਮਾਵਾਂ ਜਿਉਂਦੀਆਂ ਹਨ, ਕਿਉਂਕਿ ਮ੍ਰਿਤਕਾਂ ਨੂੰ ਕਦੇ-ਕਦਾਈਂ ਇਹ ਸੁਪਨੇ ਵਿੱਚ ਦੇਖਦੇ ਸਨ ਅਤੇ ਇਹ ਧਾਰਨਾ ਪ੍ਰਚੱਲਿਤ ਹੋ ਗਈ ਸੀ ਕਿ ਮ੍ਰਿਤਕ ਆਤਮਾਵਾਂ ਦੀ ਹੋਂਦ ਮੌਜੂਦ ਹੈ। ਜੇਕਰ ਇਨਾਂ ਨੂੰ ਖੁਸ ਕਰ ਲਿਆ ਜਾਵੇ, ਤਾਂ ਇਹ ਸਾਡੀ ਮਦਦ ਕਰਨਗੀਆਂ। ਪਿਤਰ ਪੂਜਾ ਦਾ ਮੁੱਖ ਸਬੰਧ ਮਰੇ ਹੋਏ ਸਬੰਧੀਆਂ ਦੀ ਪੂਜਾ ਕਰਨਾ ਸੀ। ਇਸੇ ਵਿਸ਼ਵਾਸ ਦੇ ਚਲਦਿਆਂ ਦੱਖਣੀ ਅਮਰੀਕਾ ਦੇ ਲੋਕਾਂ ਦੁਆਰਾ ਮਮੀਆਂ (ਮ੍ਰਿਤਕ ਸਰੀਰ) ਰੱਖੇ ਜਾਂਦੇ ਸਨ।

ਪ੍ਰਾਚੀਨ ਸਮਾਜ ਦੇ ਦੇਵਤੇ ਆਦਿ ਮਨੁੱਖ ਦੇ ਰੋਜ਼ਾਨਾ ਜੀਵਨ ਵਿਚ ਸਹਾਇਕ ਸਨ। ਇਨਾਂ ਵਿੱਚੋਂ ਪ੍ਰਮੁੱਖ ਦੇਵਤੇ ਸੂਰਜ, ਅਗਨੀ, ਧਰਤੀ, ਪਾਣੀ ਆਦਿ ਸਨ। ਆਦਿ ਮਾਨਵ ਦੀ ਮਾਨਤਾ ਸੀ ਕਿ ਕੁਦਰਤ ਦੀਆਂ ਸ਼ਕਤੀਆਂ ਦੇਵਤਿਆਂ ਦੇ ਹੱਥ ਵਿੱਚ ਹੁੰਦੀਆਂ ਹਨ। ਜੇਕਰ ਦੇਵਤਿਆਂ ਨੂੰ ਪ੍ਰਸੰਨ ਕਰ ਲਿਆ ਜਾਵੇ ਤਾਂ ਆਫਤਾਂ/ਬਿਮਾਰੀਆਂ ਤੋਂ ਬਚਾਇਆ ਜਾ ਸਕਦਾ ਹੈ ਅਤੇ ਇਹ ਸਾਡੇ ਜੀਵਨ ਵਿਚ ਭਲੇ ਲਈ ਸਹਾਇਕ ਹੋ ਸਕਦੇ ਹਨ।

ਆਦਿ ਮਨੁੱਖ ਦੁਆਰਾ ਧਰਮ ਦੇ ਸਬੰਧ ਵਿੱਚ ਕਲਪੇ ਗਏ ਇਨਾਂ ਮੁੱਢਲੇ ਵਿਸ਼ਵਾਸਾਂ ਦੀ ਹੋਂਦ ਅੱਜ ਦੇ ਮੁਢਲੇ ਵਿਗਿਆਨਿਕ ਯੁੱਗ ਵਿੱਚ ਵੇਖੀ ਜਾ ਸਕਦੀ ਹੈ। ਇਨਾਂ ਸਿਧਾਂਤਾਂ ਦਾ ਅਸਤਿਤਵ ਅੱਜ ਵੀ ਸਾਡੇ ਸਮਾਜ ਵਿੱਚ ਪਾਇਆ ਜਾਂਦਾ ਹੈ।




## ਨੰਨੀਂ ਪਰੀ

ਸਾਰੇ ਚਿਹਰਿਆਂ ਨੂੰ ਓਪਰਾ ਹੈ ਝਾਕਦੀ,
ਕੌਣ ਕੌਣ ਮੇਰਾ ਏ ਪਛਾਣੇ ਜਾਪਦੀ,
ਲੱਗੇ ਹਾਲੇ ਥੋੜੀ ਘਬਰਾਈ ਪਰੀ ਜੀ,
ਸਾਡੇ ਘਰੇ ਆਈ ਅੱਜ ਨੰਨੀਂ ਪਰੀ ਜੀ।
ਮਾਸੀਆਂ ਖੁਸ਼ੀ ਦੇ ਵਿੱਚ ਹੋਈਆਂ ਖੀਵੀਆਂ,
ਧੀ ਆਈ ਵਿਹੜੇ ਰੌਸ਼ਨੀਆਂ ਦੀਵਿਆਂ।
ਖੂਬ ਨਾਲ ਰੌਣਕਾਂ ਲਿਆਈ ਪਰੀ ਜੀ,
ਸਾਡੇ ਘਰੇ ਆਈ ਅੱਜ ਨੰਨੀਂ ਪਰੀ ਜੀ।
ਨਾਮ ਅਸੀਂ ਰੱਖਿਆ ਇਬਾਦਤ ਕੌਰ ਹੈ,
ਉਹਦੇ ਆਉਣ ਨਾਲ ਬਣੀ ਪਈ ਟੌਹਰ ਹੈ,
ਮਾਸੀ ਮਾਸੀ ਕਹਿਣ ਸਾਰੇ ਨੰਨੀਂ ਪਰੀ ਦੀ,
ਸਾਡੇ ਘਰੇ ਆਈ ਅੱਜ ਨੰਨੀਂ ਪਰੀ ਜੀ।
ਬੱਚਿਆਂ ਦੇ ਨਾਲ ਦੁਨੀਆਂ ਇਹ ਫੱਬਦੀ,
ਧੀਆਂ ਪੁੱਤ ਇੱਕੋ ਜਿਹੇ ਦੇਣ ਰੱਬ ਦੀ,
ਰਾਜਨ ਨੇ ਕੀਤੀ ਪੂਰੀ ਗੱਲ ਖਰੀ ਜੀ,
ਸਾਡੇ ਘਰੇ ਆਈ ਅੱਜ ਨੰਨੀਂ ਪਰੀ ਜੀ।

ਰਾਜਨਦੀਪ ਕੌਰ ਮਾਨ
੬੨੩੯੩੨੬੧੬੬

# ਭੋਗ

## ਭੁਪਿੰਦਰ ਫ਼ੌਜੀ

ਦੇਸ਼ ਵਿੱਚ ਕੋਰੋਨਾ ਬਿਮਾਰੀ ਕਾਰਨ ਹਾਹਾਕਾਰ ਮਚੀ ਹੋਈ ਸੀ। ਟੀਵੀ 'ਤੇ ਖ਼ਬਰਾਂ ਦੇ ਚੈਨਲ ਜ਼ੋਰ ਸ਼ੋਰ ਨਾਲ ਰੌਲਾ ਪਾ ਰਹੇ ਸਨ ਜਿਵੇਂ ਦੁਨੀਆ ਤਾਂ ਹੁਣ ਖ਼ਤਮ ਹੋ ਜਾਵੇਗੀ। ਇਸੇ ਤਰਾਂ ਮੌਤ ਦਰ ਤੇ ਬਿਮਾਰੀ ਫੈਲਣ ਦੇ ਅੰਕੜੇ ਪੇਸ਼ ਕੀਤੇ ਜਾ ਰਹੇ ਸਨ। ਅਖ਼ਬਾਰਾਂ ਵਿੱਚ ਵੀ ਇਹ ਸਭ ਪਰੋਸਿਆ ਜਾ ਰਿਹਾ ਸੀ। ਆਮ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ। ਸਰਕਾਰਾਂ ਨੇ ਲੌਕਡਾਊਨ ਲਾ ਰੱਖਿਆ। ਬਾਜ਼ਾਰ ਬੰਦ ਤੇ ਲੋਕਾਂ ਦੇ ਹੋਰ ਕਾਰਜ ਵਿੱਚ ਵਿਚਾਲੇ ਲਮਕ ਰਹੇ ਸਨ। ਹਸਪਤਾਲਾਂ ਵਿੱਚ ਮਰੀਜ਼ਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਸੀ। ਕਿਸੇ ਨੂੰ ਕੁਝ ਸਮਝ ਨਹੀਂ ਸੀ ਆ ਰਿਹਾ ਕੀ ਹੋ ਰਿਹਾ ਹੈ। ਜਿਸ ਕਿਸੇ ਨੂੰ ਇੱਕ ਦੋ ਦਿਨ ਤੋਂ ਬੁਖ਼ਾਰ ਦੀ ਸ਼ਿਕਾਇਤ ਹੁੰਦੀ, ਡਾਕਟਰ ਕੋਰੋਨਾ ਦਾ ਟੈਸਟ ਲਿਖ ਦਿੰਦੇ। ਪਾਜ਼ੇਟਿਵ ਆਉਣ ਨਾਲ ਸਰਦੇ ਪੁੱਜਦੇ ਲੋਕ ਤਾਂ ਵੱਡੇ ਹਸਪਤਾਲਾਂ ਦਾ ਰੁਖ਼ ਕਰ ਲੈਂਦੇ। ਜਿਨਾਂ ਦੀਆਂ ਲੱਤਾਂ ਭਾਰ ਨਾ ਝੱਲਦੀਆਂ ਉਹ ਸਰਕਾਰੀ ਹਸਪਤਾਲਾਂ ਦੇ ਕੋਰੋਨਾ ਵਾਰਡ ਦੀ ਛੱਤ ਹੇਠਾਂ ਪਏ ਪੱਖੇ ਦੇ ਚੱਕਰ ਗਿਣਦੇ ਰਹਿੰਦੇ। ਇੱਕ ਬੈੱਡ 'ਤੇ ਦੋ-ਦੋ ਮਰੀਜ਼ ਪਏ ਸਨ। ਬੇਅੰਤ ਦੀ ਮਾਂ ਦਾ ਪਿਛਲੇ ਤਿੰਨ ਦਿਨਾਂ ਤੋਂ ਬੁਖਾਰ ਨਹੀਂ ਸੀ ਟੁੱਟ ਰਿਹਾ। ਗੋਲ਼ੀ ਲੈ ਲੈਂਦੀ ਤਾਂ ਉਤਰ ਜਾਂਦਾ ਤੇ ਫਿਰ ਚੜ ਜਾਂਦਾ। ਉਹ ਸ਼ਹਿਰ ਦੇ ਇੱਕ ਪ੍ਰਾਈਵੇਟ ਡਾਕਟਰ ਦੀ ਸਲਾਹ ਨਾਲ ਦਵਾਈ ਲੈ ਰਹੇ ਸਨ। ਅੱਜ ਡਾਕਟਰ ਨੇ ਬੇਅੰਤ ਨੂੰ ਕਹਿ ਦਿੱਤਾ, 'ਤੁਸੀਂ ਇੰਝ ਕਰੋ! ਮਾਤਾ ਜੀ ਦਾ ਕਰੋਨਾ ਟੈਸਟ ਕਰਵਾ ਲਓ। ਆਪਣਾ ਸ਼ੱਕ ਵੀ ਦੂਰ ਹੋ ਜਾਊ...।' ਡਾਕਟਰ ਕਾਂਸਲ ਬੰਦ ਸ਼ੀਸ਼ਿਆਂ ਦੇ ਕੈਬਿਨ ਵਿੱਚ ਪਰਚੀ 'ਤੇ ਦਵਾਈ ਲਿਖ ਰਿਹਾ ਸੀ। ਉਸ ਨੇ ਚਾਰ ਕੁ ਇੰਚ ਦੀ ਇੱਕ ਛੋਟੀ ਜਿਹੀ ਖਿੜਕੀ ਰੱਖੀ ਹੋਈ ਜਿਸ ਵਿਚਦੀ ਕੇਵਲ ਹੱਥ ਨਾਲ ਪਰਚੀ ਦਿੱਤੀ ਜਾ ਸਕਦੀ ਸੀ ਜਾਂ ਡਾਕਟਰ ਆਪਣੀ ਫੀਸ ਬਟੋਰਦਾ। ਕਦੇ ਵੀ ਉਹ ਮਰੀਜ਼ ਨੂੰ ਹੱਥ ਨਹੀਂ ਸੀ ਲਾਉਂਦਾ। ਪੈਸੇ ਲੈਣ ਤੋਂ ਬਾਅਦ ਪੈਸਿਆਂ ਤੇ ਹੱਥ ਨੂੰ ਸੈਨੀਟਾਈਜ਼ ਕਰਦਾ। ਬੇਅੰਤ ਦਾ ਪਰਿਵਾਰ ਆਰਥਿਕ ਪੱਖ ਤੋਂ ਚੰਗਾ ਤੇ ਪੜਿਆ ਲਿਖਿਆ ਸੀ। ਬੇਅੰਤ ਆਪਣੀ ਮਾਂ ਦਾ ਸੈਂਪਲ ਆਪਣੇ ਕਸਬੇ ਦੇ ਸਰਕਾਰੀ ਹਸਪਤਾਲ ਵਿੱਚ ਦੇਣ ਗਿਆ।

'ਕਿਉਂ ਪੁੱਤ ਨਾਸਾਂ ਵਿੱਚ ਸਲਾਈਆਂ ਜੀਆਂ ਮਰਵਾਉਣ ਜਾਣੈਂ। ਦੋ ਚਾਰ ਦਿਨਾਂ ਨੂੰ ਤਾਪ ਲੱਥ ਜਾਊ। ਅਜਿਹੇ ਤਾਪ ਜ਼ਿੰਦਗੀ ਵਿੱਚ ਬਥੇਰੇ ਚੜੇ ਨੇ...।' ਬੇਅੰਤ ਦੀ ਮਾਂ ਸੁਰਜੀਤ ਕੌਰ ਬੇਫ਼ਿਕਰੀ ਜਿਹੀ 'ਚ ਬੋਲਦੀ।

'ਮਾਂ ਕੁਝ ਨੀਂ ਹੁੰਦਾ! ਆਪਾਂ ਨੂੰ ਚੈੱਕ ਕਰਵਾਉਣ 'ਚ ਕੀ ਹਰਜ਼ ਐ। ਇਹ ਬਿਮਾਰੀ ਫੈਲਣ ਦਾ ਪਤਾ ਨਹੀਂ ਲੱਗਦਾ। ਟੀਵੀ 'ਤੇ ਰੋਜ਼ ਦੇਖਦੇ ਹਾਂ ਕਿਸ ਤਰਾਂ ਲੋਕ ਮਰ ਰਹੇ ਨੇ। ਡਾਕਟਰ ਵੀ ਹੁਣ ਟੈਸਟ ਤੋਂ ਬਿਨਾਂ ਦਵਾਈ ਨਹੀਂ ਦਿੰਦੇ।' ਬੇਅੰਤ ਮਾਂ ਨੂੰ ਮਸ਼ਵਰਾ ਦਿੰਦਾ।

'ਭੌਂਕਦੇ ਨੇ ਕੁੱਤੇ! ਸਾਰਾ ਦਿਨ ਟੀਵੀ ਮੂਹਰੇ ਬੈਠੋਗੇ ਤਾਂ ਆਹ ਕੁਝ ਹੀ ਦਿਸੂ...।' ਸੁਰਜੀਤ ਕੁਰ ਨੇ ਘਰ ਵਿੱਚ ਨੂੰਹ ਦੇ ਟੀਵੀ ਮੂਹਰੇ ਬੈਠਣ ਦੀ ਗੱਲ 'ਤੇ ਆਪਣੇ ਢੰਗ ਨਾਲ ਟਿੱਪਣੀ ਕੀਤੀ। ਬੇਅੰਤ ਦੀ ਪਤਨੀ ਸੁਖਦੀਪ ਤਾਂ ਜਦੋਂ ਦਾ ਸੱਸ ਨੂੰ ਬੁਖਾਰ ਹੋਇਆ ਸੀ, ਕੋਰੋਨਾ ਟੈਸਟ ਕਰਵਾਉਣ ਲਈ ਜ਼ੋਰ ਪਾ ਰਹੀ ਸੀ, ਪਰ ਬੇਅੰਤ ਨਹੀਂ ਸੀ ਮੰਨ ਰਿਹਾ।

ਤਿੰਨ ਸਾਲ ਪਹਿਲਾਂ ਪਝੱਤਰ ਸਾਲ ਦੀ ਉਮਰ ਵਿੱਚ ਉਸ ਦੇ ਬਾਪੂ ਜੀ ਵਿਛੋੜਾ ਦੇ ਗਏ ਸਨ। ਬੇਅੰਤ ਹੋਰੀਂ ਦੋ ਭਰਾ ਸਨ। ਵੱਡਾ ਅਲੱਗ ਰਹਿੰਦਾ ਸੀ। ਮਾਂ-ਬਾਪ ਬੇਅੰਤ ਕੋਲ ਰਹਿੰਦੇ ਸਨ। ਬਾਪੂ ਦੇ ਤੁਰ ਜਾਣ ਤੋਂ ਬਾਅਦ ਬੇਅੰਤ ਮਾਂ ਦਾ ਜ਼ਿਆਦਾ ਖ਼ਿਆਲ ਰੱਖਦਾ। ਬੇਅੰਤ ਦੇ ਦੋ ਬੱਚੇ ਸਨ ਮੁੰਡਾ ਵੱਡਾ ਤੇ ਕੁੜੀ ਛੋਟੀ। ਉਸ ਸਰਕਾਰੀ ਨੌਕਰੀ ਕਰਦਾ, ਜ਼ਮੀਨ ਚੰਗੀ ਸੀ ਜਿਸ ਨਾਲ ਘਰ ਦਾ ਗੁਜ਼ਾਰਾ ਵਧੀਆ ਚੱਲ ਰਿਹਾ ਸੀ। ਬੱਚੇ ਵਧੀਆ ਸਕੂਲਾਂ ਵਿੱਚ ਪੜਦੇ ਹਨ, ਪਰ ਹੁਣ ਸਕੂਲ ਬੰਦ ਹੋਣ ਕਾਰਨ ਬੱਚੇ ਘਰਾਂ ਵਿੱਚ ਤਾੜੇ ਹੋਏ ਸਨ। ਬੱਚਿਆਂ ਦਾ ਸਾਰਾ ਦਿਨ ਮੋਬਾਈਲਾਂ 'ਤੇ ਹੀ ਲੰਘਦਾ। ਪੜਾਈ ਆਨਲਾਈਨ ਹੁੰਦੀ ਸੀ।

ਤਿੰਨ ਦਿਨਾਂ ਬਾਅਦ ਸ਼ਾਮ ਨੂੰ ਬੇਅੰਤ ਖੇਤ ਗੇੜਾ ਮਾਰਨ ਗਿਆ। ਉਸ ਦੇ ਮੋਬਾਈਲ 'ਤੇ ਕੋਰੋਨਾ ਰਿਪੋਰਟ ਦਾ ਮੈਸੇਜ ਆਇਆ : 'ਸੁਰਜੀਤ ਕੌਰ ਦੀ ਕੋਰੋਨਾ ਰਿਪੋਰਟ ਪਾਜ਼ੇਟਿਵ ਆਈ ਹੈ। ਨੇੜੇ ਦੇ ਹਸਪਤਾਲ ਨਾਲ ਸੰਪਰਕ ਕਰੋ ਜਾਂ ਇੱਕ ਸੌ ਚਾਰ ਨੰਬਰ 'ਤੇ ਕਾਲ ਕਰਕੇ ਸਲਾਹ ਲਵੋ...।' ਮੈਸੇਜ ਪੜ ਕੇ ਬੇਅੰਤ ਇਕਦਮ ਸੁੰਨ ਹੋ ਗਿਆ ਜਿਵੇਂ ਉਸ ਨੂੰ ਬਿਜਲੀ ਦਾ ਜ਼ੋਰਦਾਰ ਝਟਕਾ ਲੱਗਿਆ ਹੋਵੇ। ਉਹ ਖਾਲ਼ ਦੀ ਵੱਟ 'ਤੇ ਬੈਠ ਗਿਆ। ਸਭ ਤੋਂ ਪਹਿਲਾਂ ਉਸ ਦਾ ਧਿਆਨ ਬੱਚਿਆਂ ਵੱਲ ਗਿਆ ਜੋ ਦਾਦੀ ਨਾਲ ਹਰ ਵਕਤ ਖੇਡਦੇ ਰਹਿੰਦੇ ਸਨ। ਇਕਦਮ ਉਸ ਦੇ ਦਿਮਾਗ਼ ਵਿੱਚ ਟੀਵੀ ਦੀਆਂ ਖ਼ਬਰਾਂ, ਅਖ਼ਬਾਰਾਂ ਦੀਆਂ ਰਿਪੋਰਟਾਂ ਤੇ ਮਰ ਰਹੇ ਲੋਕਾਂ ਦੀਆਂ ਤਸਵੀਰਾਂ ਨੇ ਝੁਰਮਟ ਪਾ ਲਿਆ। ਉਸ ਦੇ ਚਿਹਰੇ 'ਤੇ ਗਹਿਰੀ ਉਦਾਸੀ ਨੇ ਦਸਤਕ ਦੇ ਦਿੱਤੀ। ਗਹਿਰੀਆਂ ਸੋਚਾਂ ਵਿੱਚ ਆਪਣੇ-ਆਪ ਨਾਲ ਕਸ਼ਮਕਸ਼ ਕਰਦਿਆਂ ਆਪਣੇ ਮਿੱਤਰ ਮੱਖਣ ਦਾ ਕੁੰਡਾ ਜਾ ਖੜਕਾਇਆ। ਉਸ ਨੂੰ ਸਾਰੀ ਕਹਾਣੀ ਦੱਸੀ। ਫ਼ੈਸਲਾ ਇਹ ਹੋਇਆ ਕਿ ਮਾਤਾ ਨੂੰ ਕਿਸੇ ਪ੍ਰਾਈਵੇਟ ਹਸਪਤਾਲ ਵਿੱਚ ਦਾਖਲ ਕਰਵਾਇਆ ਜਾਵੇ। ਸਰਕਾਰੀ ਹਸਪਤਾਲ ਤਾਂ ਆਪ ਬਿਮਾਰ ਹੋਏ ਪਏ ਸਨ। ਬੇਅੰਤ ਆਪਣੇ ਘਰ ਦੇ ਰਾਹ ਪੈ ਗਿਆ।

ਬੇਅੰਤ ਦੇ ਜਾਣ ਤੋਂ ਬਾਅਦ ਜਦੋਂ ਮੱਖਣ ਨੇ ਆਪਣੇ ਪਤਨੀ ਨਾਲ ਗੱਲ ਕੀਤੀ 'ਕਿ ਉਸ ਦੀ ਮਾਂ ਨੂੰ ਕਰੋਨਾ ਹੋ ਗਿਆ...।' ਤਾਂ ਉਸ ਨੇ ਸਾਰਾ ਘਰ ਸਿਰ 'ਤੇ ਚੁੱਕ ਲਿਆ। ਬੇਅੰਤ ਅਕਸਰ ਹੀ ਉਨਾਂ ਦੇ ਘਰ ਆਉਂਦਾ ਜਾਂਦਾ ਸੀ। ਦੋ ਦਿਨ ਪਹਿਲਾਂ ਹੀ ਬੇਅੰਤ ਪਰਿਵਾਰ ਸਮੇਤ ਉਨਾਂ ਦੇ ਘਰ ਆ ਕੇ ਗਿਆ ਸੀ।

'ਉਸ ਨੂੰ ਕਮਰੇ ਵਿੱਚ ਕਿਉਂ ਬਿਠਾਇਆ? ਆਪ ਤਾਂ ਮਰੇਗਾ ਸਾਨੂੰ ਵੀ ਮਾਰੇਗਾ...। ਚੰਗਾ ਭਲਾ ਪਤਾ ਕੋਰੋਨਾ ਨਾਲ ਲੋਕ ਮਰੀ ਜਾਂਦੇ ਨੇ...। ਜੇ ਲਾਗ ਲੱਗ ਗਈ ਫਿਰ ਚੱਟ ਲਈਂ ਦੋਸਤੀ ਨੂੰ...।' ਕਿੰਨਾ ਕੁਝ ਉਹ ਬੋਲ ਗਈ। ਉਹ ਸਮਾਜਿਕ ਰਿਸ਼ਤਿਆਂ ਨੂੰ ਬਹੁਤੀ ਅਹਿਮੀਅਤ ਨਹੀਂ ਸੀ ਦਿੰਦੀ। ਮੱਖਣ



ਨੇ ਉਸ ਨੂੰ ਬਹੁਤ ਸਮਝਾਇਆ, ਪਰ ਉਹ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ ਸੀ। ਉਸ ਤੋਂ ਬਾਅਦ ਮੱਖਣ ਦੀ ਪਿੱਠ 'ਤੇ ਸੈਨੀਟਾਈਜ਼ਰ ਵਾਲੀ ਢੋਲੀ ਲੱਗ ਗਈ। ਸਾਰਾ ਘਰ ਸੈਨੀਟਾਈਜ਼ ਕਰਨਾ ਪਿਆ।

ਬੇਅੰਤ ਨੇ ਅਜੇ ਘਰ ਨਹੀਂ ਸੀ ਦੱਸਿਆ ਖ਼ਾਸਕਰ ਮਾਂ ਕੋਲ਼ ਤਾਂ ਗੱਲ ਕਰਨੀ ਮੁਨਾਸਿਬ ਨਾ ਸਮਝੀ। ਮਾਂ ਦਾ ਹਾਲ-ਚਾਲ ਪੁੱਛ ਕੇ ਉਹ ਨਹਾਉਣ ਚਲਿਆ ਗਿਆ। ਫੁਹਾਰੇ ਦਾ ਪਾਣੀ ਉਸ ਦੇ ਸਿਰ 'ਤੇ ਪੈ ਰਿਹਾ ਸੀ। ਉਹ ਇਸ ਨਵੀਂ ਸਮੱਸਿਆ ਨੂੰ ਇਸੇ ਤਰਾਂ ਧੋਣਾ ਚਾਹੁੰਦਾ ਸੀ। ਉਸ ਦੀਆਂ ਸੋਚਾਂ ਦੀ ਲੜੀ ਜੁੜੀ, 'ਸਵੇਰੇ ਮਾਂ ਨੂੰ ਸ਼ਹਿਰ ਦੇ ਨਾਮਵਰ ਗੌਰਵ ਹਸਪਤਾਲ ਵਿੱਚ ਦਾਖਲ ਕਰਵਾ ਦੇਊਂ...। ਇਹ ਤਾਂ ਹੁਣ ਤੈਅ ਹੈ ਮਾਤਾ ਨੂੰ ਕੋਰੋਨਾ ਵਾਰਡ ਵਿੱਚ ਰੱਖਣਗੇ। ਪਹਿਲਾਂ ਸਾਰਿਆਂ ਦਾ ਟੈਸਟ ਕਰਵਾ ਕੇ ਜਾਊਂ। ਇਹ ਵੀ ਹੁਣ ਜ਼ਰੂਰੀ ਹੋ ਗਿਆ...। ਹਸਪਤਾਲ ਵਿੱਚੋਂ ਆਉਂਦੇ ਨੂੰ ਸਮਾਂ ਲੱਗ ਸਕਦਾ...। ਚਲੋ ਛੁੱਟੀਆਂ ਲੈਣ ਦੀ ਤਾਂ ਲੋੜ ਨਹੀਂ। ਦਫ਼ਤਰ ਤਾਂ ਬੰਦ ਹੀ ਨੇ... ਚੌਦਾਂ ਦਿਨਾਂ ਦੀ ਤਾਂ ਸਾਰੀ ਗੱਲ ਹੈ...। ਮਾਂ ਉਂਝ ਤਾਂ ਠੀਕ ਹੈ, ਬੁਖਾਰ ਹੀ ਰਹਿੰਦਾ...।' ਅਜਿਹੀ ਉਧੇੜ-ਬੁਣ ਉਸ ਦੇ ਮਨ ਵਿੱਚ ਚੱਲ ਰਹੀ ਸੀ। ਜਦੋਂ ਉਹ ਨਹਾ ਕੇ ਵਾਪਸ ਆਇਆ ਤਾਂ ਪਤਨੀ ਨੇ ਅੱਖਾਂ ਕੱਢਦੀ ਨੇ ਮੋਬਾਈਲ ਦੀ ਸਕਰੀਨ ਅੱਗੇ ਕੀਤੀ, 'ਆਹ ਕੀ ਏ! ਤੁਸੀਂ ਮੈਨੂੰ ਦੱਸਿਆ ਨਹੀਂ...।'

'ਦੀਪ ਮੈਂ ਤੇਰੇ ਨਾਲ ਸਲਾਹ ਕਰਨੀ ਸੀ...। ਸੋਚਿਆ ਪਹਿਲਾਂ ਨਹਾ ਆਵਾਂ ਬਾਅਦ ਵਿੱਚ ਇਸ ਉੱਤੇ ਵਿਚਾਰ ਕਰਦੇ ਹਾਂ...। ਆਪਾਂ ਕੀ ਕਰਨਾ ਹੈ...।' ਬੇਅੰਤ ਬੜੇ ਸਹਿਜ ਤਰੀਕੇ ਨਾਲ ਬੋਲਿਆ।

'ਮੈਂ ਤਾਂ ਤੁਹਾਨੂੰ ਉਸ ਦਿਨ ਦੀ ਕਹਿ ਰਹੀ ਸੀ। ਮੇਰੀ ਗੱਲ ਨਹੀਂ ਸੁਣੀ। ਹੁਣ ਕਰਨੀ ਐ ਸਲਾਹ...। ਸਾਨੂੰ ਵੀ ਮਰਵਾਓਗੇ...। ਇਹ ਕਿਹੜਾ ਘਰੇ ਟਿਕ ਕੇ ਬਹਿੰਦੀ ਐ, ਸਾਰਾ ਦਿਨ ਹਰਲ-ਹਰਲ ਕਰਦੀ ਫਿਰੂ...। ਪਾ ਦਿੱਤਾ ਹੁਣ ਨਵੀਂ ਮੁਸੀਬਤ 'ਚ...। ਕਰਾਓ ਸਾਰੇ ਟੈਸਟ...। ਜੇ ਕਿਸੇ ਦਾ ਹੋਰ ਪਾਜ਼ੇਟਿਵ ਆ ਗਿਆ ਫਿਰ ਦੇਖ ਲਿਓ...।' ਇੱਕ ਤਰਾਂ ਦੀ ਉਹ ਧਮਕੀ ਦੇ ਗਈ ਜਿਵੇਂ ਸਭ ਕੁਝ ਦਾ ਜ਼ਿੰਮੇਵਾਰ ਬੇਅੰਤ ਹੋਵੇ।

ਕੁਝ ਦਿਨਾਂ ਤੋਂ ਟੀ.ਵੀ. ਚੈਨਲਾਂ ਜ਼ਰੀਏ ਲੋਕਾਂ ਦੇ ਮੂੰਹਾਂ 'ਤੇ ਆਕਸੀਜਨ ਘਟਣ ਕਰਕੇ ਹੋ ਰਹੀਆਂ ਮੌਤਾਂ ਦੀਆਂ ਸੁਰਖੀਆਂ ਚੜੀਆਂ ਹੋਈਆਂ ਸਨ। ਲੋਕਾਂ ਵਿੱਚ ਇੱਕ ਨਵੀਂ ਦਹਿਸ਼ਤ ਫੈਲ ਚੁੱਕੀ ਸੀ। ਆਕਸੀਜਨ ਸਿਲੰਡਰ ਨਹੀਂ ਸਨ ਮਿਲ ਰਹੇ। ਲੋਕ ਆਕਸੀਜਨ ਦੀ ਬਲੈਕ ਕਰਨ ਲੱਗ ਪਏ ਸਨ। ਜਿਸ ਨੂੰ ਕਦੇ ਕੋਈ ਪੁੱਛਦਾ ਨਹੀਂ ਸੀ ਉਹੀ ਆਕਸੀਜਨ ਸਿਲੰਡਰ ਤੀਹ ਪੈਂਤੀ ਹਜ਼ਾਰ ਨੂੰ ਮਿਲ ਰਿਹਾ ਸੀ। ਬੇਅੰਤ ਦੀ ਮਾਂ ਨੂੰ ਆਕਸੀਜਨ ਦੀ ਸਮੱਸਿਆ ਨਹੀਂ ਸੀ ਨਜ਼ਰ ਆ ਰਹੀ। ਬੇਅੰਤ ਨੇ ਉਹ ਰਾਤ ਜਾਗਦਿਆਂ ਕੱਢੀ। ਮਨ 'ਚ ਬਹੁਤ ਮਾੜੇ ਵਿਚਾਰ ਆਏ। ਪਤਨੀ ਨਾਲ ਹੋਈ ਤਕਰਾਰ ਨੇ ਉਸ ਕਾਫ਼ੀ ਪ੍ਰੇਸ਼ਾਨ ਕੀਤਾ।

ਅੱਠ ਵਜੇ ਉਸ ਨੇ ਪਹਿਲਾਂ ਹਸਪਤਾਲ ਵਿੱਚ ਜਾ ਕੇ ਆਪਣੇ ਸਾਰੇ ਪਰਿਵਾਰ ਦਾ ਕੋਰੋਨਾ ਟੈਸਟ ਲਈ ਸੈਂਪਲ ਦਿੱਤਾ। ਰਿਪੋਰਟ ਤਿੰਨ ਦਿਨਾਂ ਬਾਅਦ ਆਉਣੀ ਸੀ। ਮਾਂ ਦਾ ਲੋੜੀਂਦਾ ਸਾਮਾਨ ਕਾਰ ਵਿੱਚ ਰੱਖ ਸ਼ਹਿਰ ਦੇ ਗੌਰਵ ਹਸਪਤਾਲ ਵੱਲ ਮਾਂ ਨੂੰ ਲੈ ਕੇ ਚਾਲੇ ਪਾ ਦਿੱਤੇ। ਕੁਝ ਸਮੇਂ ਬਾਅਦ ਹਸਪਤਾਲ ਦੇ ਗੇਟ 'ਤੇ ਮਾਂ ਨੂੰ ਲੈ ਕੇ ਉਹ ਪਹੁੰਚ ਗਿਆ। ਲੋਕਾਂ ਦੀ ਬੜੀ ਭੀੜ ਲੱਗੀ ਪਈ ਸੀ। ਹਸਪਤਾਲ ਦੀ ਪਾਰਕਿੰਗ ਹੀ ਨਹੀਂ ਸਗੋਂ ਸੜਕ 'ਤੇ ਵੀ ਐਂਬੂਲੈਂਸਾਂ ਤੇ ਹੋਰ ਵਾਹਨਾਂ ਦੀ ਭਰਮਾਰ ਸੀ। ਇਸ ਤਰਾਂ ਨਜ਼ਰ ਆ ਰਹੇ ਸਨ ਜਿਵੇਂ ਕਿਸੇ ਫ਼ਸਲ 'ਤੇ ਟਿੱਡੀ ਦਲ ਦਾ ਹਮਲਾ ਹੋ ਗਿਆ ਹੋਵੇ।

ਉਹ ਮਾਂ ਨੂੰ ਗੱਡੀ ਵਿੱਚ ਬਿਠਾ ਹਸਪਤਾਲ ਦੇ ਕਾਊਂਟਰ 'ਤੇ ਪਹੁੰਚ ਗਿਆ। ਉਨਾਂ ਨਾਲ ਸਾਰੀ ਗੱਲ ਸਾਂਝੀ ਕੀਤੀ। ਉਨਾਂ ਫੀਸ ਜਮਾ ਕਰਵਾ ਕੇ ਫਾਈਲ ਤਿਆਰ ਕਰ ਦਿੱਤੀ। ਹਸਪਤਾਲ ਦੀ ਪਿਛਲੀ ਇਮਾਰਤ ਵੱਲ ਮਾਂ ਨੂੰ ਲਿਜਾਣ ਲਈ ਕਿਹਾ ਜਿੱਥੇ ਵਿਸ਼ੇਸ਼ ਕੋਰੋਨਾ ਵਾਰਡ ਬਣਾਇਆ ਗਿਆ ਸੀ। ਮਾਂ ਨੂੰ ਉਸ ਨੇ ਸਾਰੀ ਗੱਲ ਗੱਡੀ ਵਿੱਚ ਸਮਝਾ ਦਿੱਤੀ। ਕੁਝ ਦਿਨਾਂ ਬਾਅਦ ਠੀਕ ਹੋ ਜਾਣਾ ਹੈ। ਮਾਂ ਪਹਿਲਾਂ ਤਾਂ ਨਾਂਹ-ਨੁੱਕਰ ਕਰਦੀ ਰਹੀ, ਫਿਰ ਮੰਨ ਗਈ। ਵਾਰਡ ਦੇ ਬਾਹਰ ਤਿੰਨ-ਚਾਰ ਐਂਬੂਲੈਂਸਾਂ ਖੜੀਆਂ ਸਨ। ਇੱਕ ਐਂਬੂਲੈਂਸ ਵਿੱਚ ਸਿਰ ਤੋਂ ਪੈਰਾਂ ਤੱਕ ਕਿੱਟਾਂ ਪਾਈ ਟੀਮ ਮੈਂਬਰ ਸਟਰੈਚਰ 'ਤੇ ਕਿਸੇ ਨੂੰ ਚੜਾ ਰਹੇ ਸਨ, ਸ਼ਾਇਦ ਉਸ ਦੀ ਕਹਾਣੀ ਖ਼ਤਮ ਹੋ ਚੁੱਕੀ ਸੀ। ਨਜ਼ਦੀਕ ਖੜੇ ਸਕੇ ਸਬੰਧੀਆਂ ਦੀਆਂ ਅੱਖਾਂ ਵਿੱਚ ਹੰਝੂਆਂ ਦੇ ਹੜ ਸਨ। ਦੂਸਰੀ ਐਂਬੂਲੈਂਸ ਵਿੱਚੋਂ ਕਿਸੇ ਨੂੰ ਉਤਾਰ ਰਹੇ ਸਨ। ਸਾਰੇ ਹਸਪਤਾਲ ਵਿੱਚ ਇੰਝ ਦੇ ਦ੍ਰਿਸ਼ ਦੇਖਣ ਨੂੰ ਆਮ ਮਿਲ ਰਹੇ ਸਨ। ਗੇਟ ਕੋਲ ਕਿੱਟ ਪਾਈ ਖੜੀ ਕੁੜੀ ਨੇ ਬੇਅੰਤ ਕੋਲੋਂ ਫਾਈਲ ਫੜੀ। ਫਾਈਲ ਦੇਖ ਕੇ ਮਾਤਾ ਦਾ ਚੈੱਕਅੱਪ ਕੀਤਾ। ਮਾਤਾ 'ਤੇ ਸੈਨੀਟਾਈਹਜ਼ਰ ਦੇ ਫੁਹਾਰੇ ਮਾਰ ਵਾਰਡ ਵੱਲ ਨੂੰ ਲੈ ਤੁਰੇ। ਇਨਾਂ ਵਾਰਡਾਂ ਵਿੱਚ ਸੈਂਕੜੇ ਮਰੀਜ਼ ਹੋਰ ਵੀ ਦਾਖਲ ਸਨ। ਪਰਿਵਾਰ ਦੇ ਕਿਸੇ ਮੈਂਬਰ ਨੂੰ ਅੰਦਰ ਜਾਣ ਦੀ ਮਨਾਹੀ ਸੀ। ਉਸ ਦਾ ਸਾਮਾਨ ਵੀ ਉਹ ਆਪ ਲੈ ਕੇ ਗਏ। ਮਾਂ ਮੁੜ-ਮੁੜ ਬੇਅੰਤ ਵੱਲ ਦੇਖ ਰਹੀ ਸੀ ਜਿਵੇਂ ਕਹਿ ਰਹੀ ਹੋਵੇ, 'ਕਿਉਂ ਪੁੱਤ? ਤੂੰ ਮੈਨੂੰ ਇਨਾਂ ਜਮਦੂਤਾਂ ਦੇ ਹਵਾਲੇ ਕਰ ਦਿੱਤਾ...।' ਬੇਅੰਤ ਦੀਆਂ ਅੱਖਾਂ ਵੀ ਭਰ ਆਈਆਂ। ਵਾਰਡ ਦੇ ਇਰਦ-ਗਿਰਦ ਸਕਿਉਰਟੀ ਚੌਵੀ ਘੰਟੇ ਹਰਕਤ ਵਿੱਚ ਰਹਿੰਦੀ ਸੀ। ਮਰੀਜ਼ ਨੂੰ ਖਾਣਾ ਅੰਦਰ ਹੀ ਮਿਲ ਜਾਂਦਾ। ਬਾਹਰੋਂ ਜੋ ਸਾਮਾਨ ਭੇਜਿਆ ਜਾਂਦਾ ਉਸ ਨੂੰ ਪੂਰਾ ਚੈੱਕ ਕਰ ਕੇ ਦਿੱਤਾ ਜਾਂਦਾ। ਮਰੀਜ਼ਾਂ ਦੇ ਸਕੇ-ਸਬੰਧੀ ਆਮ ਤੌਰ 'ਤੇ ਖਾਣ ਪੀਣ ਦਾ ਸਾਮਾਨ ਭੇਜਦੇ ਰਹਿੰਦੇ ਸਨ। ਉਹ ਗੇਟ 'ਤੇ ਫੜਾ ਜਾਂਦੇ, ਅੱਗੇ ਉਹ ਭੇਜ ਦਿੰਦੇ। ਬੇਅੰਤ ਨੇ ਵੀ ਮਾਂ ਲਈ ਫ਼ਲ, ਜੂਸ ਵਗੈਰਾ ਭੇਜ ਦਿੱਤਾ। ਆਪ ਵਾਰਡ ਦੇ ਬਾਹਰ ਬੈਠ ਗਿਆ। ਡਾਕਟਰਾਂ ਨੇ ਤਾਂ ਕਹਿ ਦਿੱਤਾ ਸੀ, 'ਜੇਕਰ ਤੁਸੀਂ ਜਾਣਾ ਹੈ ਤਾਂ ਜਾ ਸਕਦੇ ਹੋ...।' ਪਰ ਬੇਅੰਤ ਦਾ ਮਨ ਨਹੀਂ ਮੰਨਿਆ। ਉਹ ਉੱਠ ਕੇ ਬਾਹਰ ਪਾਰਕਿੰਗ ਵੱਲ ਆ ਗਿਆ ਜਿੱਥੇ ਗੱਡੀ ਖੜੀ ਸੀ। ਮੋਬਾਈਲ 'ਤੇ ਨਜ਼ਰ ਮਾਰੀ, ਦਸ ਵੱਜ ਚੁੱਕੇ ਸਨ। ਉਸ ਨੇ ਸੋਚ ਵਿਚਾਰ ਤੋਂ ਬਾਅਦ ਕਾਰ ਘਰ ਦੇ ਰਾਹ ਪਾ ਲਈ। ਅੱਧੇ ਘੰਟੇ ਬਾਅਦ ਘਰ ਪਹੁੰਚ ਗਿਆ। ਉਸ ਨੂੰ ਦੇਖ ਕੇ ਵੱਡਾ ਭਰਾ ਰਮਨ ਵੀ ਆ ਗਿਆ। ਬੇਅੰਤ ਨੇ ਮਾਂ ਨੂੰ ਕੋਰੋਨਾ ਹੋਣ ਤੇ ਦਾਖ਼ਲ ਕਰਵਾਉਣ ਦੀ ਸਾਰੀ ਵਿੱਥਿਆ ਸੁਣਾ ਦਿੱਤੀ। ਹੁਣ ਤੱਕ ਤਾਂ ਆਂਢ-ਗੁਆਂਢ ਨੂੰ ਵੀ ਪਤਾ ਲੱਗ ਗਿਆ ਸੀ। ਉਨਾਂ ਨੇ ਮੂੰਹ 'ਤੇ ਬੰਨੇ ਕੱਪੜੇ ਦੀ ਗੰਢ ਹੋਰ ਕਸ ਲਈ। ਹਾਲ ਚਾਲ ਪੁੱਛਣ ਤੋਂ ਦੂਰੀ ਬਣਾ ਲਈ। ਇੱਥੋਂ ਤਕ ਕਿ ਨਜ਼ਰਾਂ ਮਿਲਾਉਣੋਂ ਵੀ ਹਟ ਗਏ।

ਬੇਅੰਤ ਹਰ ਰੋਜ਼ ਮਾਂ ਲਈ ਤਿੰਨ ਵਾਰ ਘਰੋਂ ਰੋਟੀ ਬਣਾ ਕੇ ਲੈ ਆਉਂਦਾ। ਫ਼ਲ ਅਤੇ ਜੂਸ ਭੇਜਦਾ। ਮਾਂ ਦੀ ਸਿਹਤ ਬਾਰੇ ਡਾਕਟਰਾਂ ਤੋਂ ਪੁੱਛਦਾ। ਤੀਜੇ ਦਿਨ ਘਰ ਦੇ ਮੈਂਬਰਾਂ ਦੀ ਰਿਪੋਰਟ ਠੀਕ-ਠਾਕ ਆ ਗਈ। ਉਸ ਨੂੰ ਅਤੇ ਸਾਰੇ ਪਰਿਵਾਰ ਨੂੰ ਸੁਖ ਦਾ ਸਾਹ ਆਇਆ ਜਿਵੇਂ ਕੋਈ ਬਹੁਤ ਵੱਡੀ ਆਫ਼ਤ ਟਲ ਗਈ ਹੋਵੇ। ਰਮਨ ਵੀ ਕਦੇ-ਕਦੇ ਰੋਟੀ ਫੜਾਉਣ ਹਸਪਤਾਲ ਚਲਿਆ ਜਾਂਦਾ ਜਿਸ ਦਿਨ ਬੇਅੰਤ ਨੂੰ ਕੋਈ ਕੰਮ ਹੋ ਜਾਂਦਾ। ਉਂਜ ਰਾਤ ਨੂੰ ਬੇਅੰਤ ਹਸਪਤਾਲ ਰਹਿੰਦਾ। ਦਿਨ ਰਾਤ ਹਸਪਤਾਲ ਦੀ ਹਾਜ਼ਰੀ ਉਹੀ ਭਰਦਾ। ਅੰਦਰੋਂ ਦਵਾਈਆਂ ਦੀ ਪਰਚੀ ਆਉਂਦੀ ਤਾਂ ਹਸਪਤਾਲ ਦੀ ਦੁਕਾਨ ਤੋਂ ਦਵਾਈ ਲੈ ਪਹੁੰਚਦੀ ਕਰਦਾ। ਚਾਹੇ ਮਾਂ ਅੰਦਰ ਵਾਰਡ ਵਿੱਚ ਸੀ ਉਹ ਅੱਧੀ ਰਾਤ ਤੱਕ ਬਾਹਰ ਬੈਠਾ ਰਹਿੰਦਾ। ਹੋਰ ਬਹੁਤ ਸਾਰੇ ਪਰਿਵਾਰਾਂ ਨਾਲ ਰਾਬਤਾ ਹੋ ਗਿਆ ਸੀ। ਗੱਲਾਂ ਕਰਦੇ ਰਹਿੰਦੇ। ਫਿਰ ਕੱਪੜਾ ਵਿਛਾ ਪਾਰਕ ਵਿੱਚ ਪੈ ਜਾਂਦੇ। ਸਵੇਰੇ ਸੁਵਖਤੇ ਘਰ ਨੂੰ ਤੁਰ ਪੈਂਦਾ। ਤਿਆਰ ਹੋ ਕੇ ਮਾਂ ਲਈ ਨਾਸ਼ਤਾ ਲਿਆਉਂਦਾ।

ਅੱਜ ਬੇਅੰਤ ਦੀ ਮਾਂ ਨੂੰ ਸੱਤ ਦਿਨ ਹੋ ਗਏ ਸਨ ਹਸਪਤਾਲ ਗਈ ਨੂੰ। ਇਨਾਂ ਸੱਤ ਦਿਨਾਂ ਵਿੱਚ ਕਾਫ਼ੀ ਦਹਿਸ਼ਤ ਫੈਲ ਚੁੱਕੀ ਸੀ। ਲੋਕਾਂ ਦੀਆਂ ਲਗਾਤਾਰ ਮੌਤਾਂ ਹੋ ਰਹੀਆਂ ਸਨ। ਇੱਕ ਦਾ ਸਸਕਾਰ ਕਰ ਕੇ ਮੁੜਦੇ ਦੂਜੇ ਦੀ ਅਰਥੀ ਤੁਰ ਪੈਂਦੀ। ਕਈ ਵਾਰ ਤਾਂ ਚਾਰ-ਪੰਜ ਸਿਵੇ ਇਕੱਠੇ ਬਲਦੇ ਲੋਕਾਂ ਨੇ ਦੇਖੇ ਸਨ। ਸੋਸ਼ਲ ਮੀਡੀਆ 'ਤੇ ਬਹੁਤ ਕੁਝ ਦਿਖਾਇਆ ਜਾ ਰਿਹਾ ਸੀ ਜਿਸ ਨੂੰ ਦੇਖ ਕੇ ਹਰ ਇਨਸਾਨ ਕੰਬ ਜਾਂਦਾ। ਲੋਕਾਂ ਨੇ ਆਪਣੇ-ਆਪ ਦੇ ਬਚਾਓ ਲਈ ਘਰਾਂ ਵਿੱਚ ਰਹਿਣਾ ਮੁਨਾਸਿਬ ਸਮਝਿਆ। ਕਿਸੇ ਅਰਥੀ ਪਿੱਛੇ ਵੀ ਗਿਣਤੀ ਦੇ ਬੰਦੇ ਹੁੰਦੇ। ਕਈ ਵਾਰ ਤਾਂ ਜੇਕਰ ਕਿਸੇ ਦੀ ਹਸਪਤਾਲ ਵਿੱਚ ਮੌਤ ਕਿਸੇ ਹੋਰ ਬਿਮਾਰੀ ਕਾਰਨ ਵੀ ਹੁੰਦੀ, ਉਸ ਨੂੰ ਕਰੋਨਾ ਖਾਤੇ ਪਾ ਦਿੱਤਾ ਜਾਂਦਾ। ਸ਼ਮਸ਼ਾਨਘਾਟ ਵਿੱਚ ਸਸਕਾਰ ਕਰਨ ਲਾਸ਼ ਲੈ ਕੇ ਹਸਪਤਾਲ 'ਚੋਂ ਕਿੱਟਾ ਪਾ ਕੇ ਟੀਮ ਆਉਂਦੀ। ਲੋਕ ਬਿਮਾਰਾਂ ਨੂੰ ਹਸਪਤਾਲ ਲਿਜਾਣ ਦੀ ਬਜਾਏ ਆਰ.ਐੱਮ.ਪੀ. ਡਾਕਟਰਾਂ ਤੋਂ ਇਲਾਜ ਕਰਵਾਉਣ ਨੂੰ ਪਹਿਲ ਦਿੰਦੇ। ਜੇਕਰ ਕਿਸੇ ਦੀ ਆਕਸੀਜਨ ਘਟਦੀ ਘਰ ਸਿਲੰਡਰ ਲਿਆ ਲਾ ਦਿੰਦੇ। ਅਜਿਹੇ ਹਾਲਾਤ ਬਣੇ ਪਏ ਸਨ ਕਿ ਲੋਕਾਂ ਨੂੰ ਲੱਗਦਾ ਜੇਕਰ ਹਸਪਤਾਲ ਚਲੇ ਗਏ ਤਾਂ ਸ਼ਾਇਦ ਜਿਉਂਦੇ ਵਾਪਸ ਨਾ ਆਈਏ। ਪ੍ਰਾਈਵੇਟ ਹਸਪਤਾਲ ਲੋਕਾਂ ਦੀ ਦੋਵੇਂ ਹੱਥਾਂ ਨਾਲ ਲੁੱਟ ਕਰ ਰਹੇ ਸਨ। ਸਰਕਾਰ ਤੋਂ ਲੋਕਾਂ ਦਾ ਵਿਸ਼ਵਾਸ ਉੱਠ ਗਿਆ। ਵੱਡੀ ਉਮਰ ਦੇ ਲੋਕਾਂ ਲਈ ਜ਼ਿਆਦਾ ਖ਼ਤਰੇ ਦੀ ਘੰਟੀ ਵੱਜ ਰਹੀ ਸੀ। ਉਹ ਕਿਸੇ ਨਾ ਕਿਸੇ ਬਿਮਾਰੀ ਤੋਂ ਪੀੜਤ ਹੁੰਦੇ ਹਨ। ਕੋਰੋਨਾ ਪਾਜ਼ਿਟਿਵ ਆਉਣ 'ਤੇ ਬਾਕੀ ਬਿਮਾਰੀਆਂ ਦਾ ਇਲਾਜ ਛੱਡ ਕੋਰੋਨਾ ਦਾ ਸ਼ੁਰੂ ਕਰ ਦਿੰਦੇ ਜਿਸ ਕਰਕੇ ਪੀੜਤ ਦੀ ਦੂਜੀ ਬਿਮਾਰੀ ਵਧ ਜਾਂਦੀ ਤੇ ਉਹ ਮੌਤ ਦੇ ਮੂੰਹ ਚਲਿਆ ਜਾਂਦਾ। ਮੋਹਰ ਕੋਰੋਨਾ ਦੀ ਲੱਗ ਜਾਂਦੀ।

ਕਸਬੇ ਵਿੱਚ ਇੱਕ ਘਟਨਾ ਘਟੀ। ਕੁਝ ਦਿਨ ਪਹਿਲਾਂ ਇਕ ਵਿਆਹੁਤਾ ਔਰਤ ਮੋਟਰਸਾਈਕਲ ਤੋਂ ਡਿੱਗ ਪਈ। ਸਿਰ ਵਿੱਚ ਸੱਟ ਲੱਗੀ। ਉਂਜ ਤੰਦਰੁਸਤ ਸੀ। ਸਿਰ ਦੀ ਸੱਟ ਕਰਕੇ ਡਾਕਟਰ ਦੀ ਸਲਾਹ ਨਾਲ ਪੀ.ਜੀ.ਆਈ. ਲੈ ਗਏ। ਚਾਰ ਦਿਨਾਂ ਬਾਅਦ ਉਸ ਦੀ ਲਾਸ਼ ਕਿੱਟ ਵਿੱਚ ਲਪੇਟੀ ਘਰ ਆ ਗਈ। ਕੋਰੋਨਾ ਨਾਲ ਹੋਈ ਮੌਤ ਦੀ ਮੋਹਰ ਲਾ ਦਿੱਤੀ।

ਬੇਅੰਤ ਅੱਜ ਸਵੇਰੇ ਮਾਂ ਲਈ ਨਾਸ਼ਤਾ ਲੈ ਕੇ ਅਇਆ। ਡਾਕਟਰਾਂ ਨਾਲ ਗੱਲ ਕੀਤੀ। 'ਉਹ ਤੰਦਰੁਸਤ ਹਨ। ਪੰਜ ਕੁ ਦਿਨਾਂ ਵਿੱਚ ਛੁੱਟੀ ਮਿਲ ਜਾਊ।' ਉਸ ਨੇ ਸੁਖ ਦਾ ਸਾਹ ਲਿਆ। ਮਰੀਜ਼ਾਂ ਦੀ ਗਿਣਤੀ ਵਧਦੀ ਜਾ ਰਹੀ ਸੀ। ਅੰਦਰੋਂ ਖ਼ਬਰ ਤਾਂ ਇਹ ਵੀ ਮਿਲ ਰਹੀ ਸੀ ਕਿ ਬੈੱਡਾਂ ਦੀ ਗਿਣਤੀ ਘੱਟ ਹੋਣ ਕਾਰਨ ਮਰੀਜ਼ਾਂ ਨੂੰ ਭੁੰਜੇ ਪਾ ਰੱਖਿਆ। ਕੋਰੋਨਾ ਵਾਰਡ ਦੇ ਸਟਾਫ ਨੂੰ ਆਰਾਮ ਕਰਨ ਦੀ ਵਿਹਲ ਨਹੀਂ ਸੀ ਮਿਲ ਰਹੀ। ਦਿਨ ਰਾਤ ਇੱਕ ਬਣੀ ਪਈ ਸੀ।

ਰਾਤ ਦੇ ਦਸ ਵੱਜ ਚੁੱਕੇ ਸਨ। ਉਸ ਨੂੰ ਦਵਾਈਆਂ ਦੀ ਪਰਚੀ ਦਿੱਤੀ ਗਈ। ਉਹ ਦਵਾਈਆਂ ਲੈ ਆਇਆ। ਉਸ ਵਿੱਚ ਆਕਸੀਜਨ ਮਾਸਕ ਵੀ ਸੀ। ਉਸ ਨੇ ਦਵਾਈਆਂ ਫੜਾਉਂਦੇ ਪੁੱਛਿਆ, 'ਇਸ ਦੀ ਕੀ ਲੋੜ ਪੈ ਗਈ...?'

'ਥੋੜਾ ਆਕਸੀਜਨ ਲੈਵਲ ਘੱਟ ਹੈ। ਆਕਸੀਜਨ ਦੇਣੀ ਹੈ। ਉਂਜ ਕੋਈ ਖ਼ਤਰੇ ਵਾਲ਼ੀ ਗੱਲ ਨਹੀਂ...।' ਨਰਸ ਦਵਾਈਆਂ ਲੈ ਕੇ ਅੰਦਰ ਚਲੀ ਗਈ। ਬੇਅੰਤ ਪਾਰਕ ਵੱਲ ਆ ਗਿਆ। ਉੱਥੇ ਬੈਠੇ ਬੰਦਿਆਂ ਨਾਲ ਗੱਲਾਂ ਕਰਦਾ ਰਿਹਾ। ਗੱਲਾਂ ਕਰਦਿਆਂ ਕਦੋਂ ਨੀਂਦ ਨੇ ਘੇਰਾ ਪਾ ਲਿਆ ਪਤਾ ਹੀ ਨਾ ਲੱਗਿਆ।

(ਚਲਦਾ...)

# ਕਿਸਮਤ ਦੇ ਲੇਖੇ ਜੋਖੇ

ਭਾਗ 1

ਰਾਜਦੀਪ ਕੌਰ ਖਾਲਸਾ

'ਭਾਬੀ ਮੈਂ ਨਹੀਂ ਕਿਤੇ ਹੋਰ ਜਾਣਾ, ਮੇਰੀ ਮਾਂ ਕਹਿੰਦੀ ਏ ਕਿ ਜਦੋਂ ਤੇਰਾ ਉਹਦੇ ਨਾਲੋਂ ਤਲਾਕ ਹੋ ਗਿਆ ਤਾਂ ਤੇਰਾ ਵਿਆਹ ਕਿਤੇ ਹੋਰ ਕਰ ਦਿਊ, ਪਰ ਭਾਬੀ ਮੈਂ ਆਪਣੀ ਮਾਂ ਵਰਗੀ ਨਹੀਂ ਬਣਨਾ, ਅੱਜ ਇਹਦੀ ਕੱਲ ਕਿਸੇ ਹੋਰ ਦੀ, ਜੇ ਵੱਸਣਾ ਤਾਂ ਉਹਦੇ ਹੀ ਵਸੂੰ' ਉਸਦੀ ਇਹ ਗੱਲ ਦਿਲ ਚੀਰ ਗਈ। ਜਦੋਂ ਉਹ ਆਪਣੀ ਮਾਂ ਨਾਲ ਸਾਡੇ ਚਾਚੇ ਦੇ ਘਰ ਆਈ ਸੀ ਤਾਂ ਕਾਫੀ ਛੋਟੀ ਸੀ। ਹੋਣੀ ਏ ਦਸ ਕੁ ਸਾਲ ਦੀ ਤਾਂ। ਚਾਚਾ ਇੱਕ ਲੱਤੋਂ ਆਹਰੀ ਏ ਤੇ ਜ਼ਮੀਨ ਜਾਇਦਾਦ ਨਾ-ਮਾਤਰ ਹੀ ਏ। ਕੰਮ-ਕਾਰ ਨੂੰ ਵੀ ਨਿਕੰਮਾ ਤੇ ਸ਼ਰਾਬ ਪੀਣ ਦਾ ਆਦੀ। ਚਾਚੇ ਦੇ ਮਾਂ ਬਾਪ ਗੁਜਰ ਗਏ ਸੀ ਤੇ ਭਰਜਾਈ ਰੋਟੀ ਦਿੰਦੀ ਸੌ ਨਖਰੇ ਕਰਦੀ ਸੀ, ਸਾਕ ਹੁੰਦਾ ਨਹੀਂ ਸੀ ਤੇ ਵਿਆਹ ਦੀ ਉਮਰ ਨਿਕਲ ਗਈ ਸੀ। ਕਿਸੇ ਜਾਣ ਪਛਾਣ ਵਾਲੇ ਨੇ ਥੋੜੇ ਬਹੁਤੇ ਪੈਸੇ ਲੈ ਕੇ ਚਾਚੇ ਨੂੰ ਚਾਚੀ ਲਿਆ ਦਿੱਤੀ ਤੇ ਨਾਲ ਉਹ ਦਸ ਕੁ ਸਾਲ ਦੀ ਕਰਮਾਂਮਾਰੀ। ਚਾਚੇ ਦੇ ਘਰ ਰੋਟੀ ਪੱਕਣ ਲੱਗ ਗਈ । ਉਸ ਕਰਮਾਂਮਾਰੀ ਨੂੰ ਚਾਚੇ ਨੇ ਸਕੂਲ ਵੀ ਪੜਨ ਲਾ ਦਿੱਤਾ । ਬੜੀ ਮਿੱਠੀ ਆਵਾਜ਼ ਏ ਉਸਦੀ ਤੇ ਸਕੂਲ ਦੀ ਬਾਲ ਸਭਾ ਵਿਚ ਉਸਨੇ ਗੀਤ ਗਾਉਣੇ। ਕਈ ਅਧਿਆਪਕ ਉਸ ਨੂੰ ਬੜਾ ਪਿਆਰ ਕਰਦੇ, ਪਰ ਦੁਨੀਆਂ ਦੀਆਂ ਚਾਲਾਂ ਤੋਂ ਅਣਭਿੱਜ ਸੀ ਉਹ, ਮਤਲਬ ਬਹੁਤੀ ਚੁਸਤ ਚਲਾਕ ਨਹੀਂ ਏ, ਭੋਲੀ ਜਿਹੀ ਤੇ ਮਾਸੂਮ ।

ਸਕੂਲ ਤੋਂ ਆ ਕੇ ਗਲੀ ਗੁਆਂਢ ਤੁਰੀ ਫਿਰਦੀ ਸੀ । ਕਦੇ ਕਿਸੇ ਦੇ ਕੌਲੀ ਵਿਚ ਦਾਲ ਸਬਜ਼ੀ ਮੰਗ ਲਿਆਈ ਕਦੇ ਕਿਸੇ ਦਿਓਂ ਬਰਫ। ਕਦੇ ਕਿਸੇ ਔਰਤ ਨੇ ਕਹਿਣਾ ਮੇਰੇ ਸਿਰ ਵਿਚ ਤੇਲ ਲਗਾ ਦੇ, ਕਦੇ ਕਿਸੇ ਨੇ ਲੱਤਾਂ ਨਪਾਉਣ ਲਾ ਲੈਣਾ। ਹਰ ਕੰਮ ਖੁਸ਼ ਹੋ ਕੇ ਕਰਦੀ ਤੇ ਗੁਰੂਘਰ ਰੋਜ਼ ਸ਼ਾਮ ਨੂੰ ਜਾਂਦੀ ।

ਕਈ ਵਾਰ ਸਾਡੇ ਘਰ ਘੰਟਿਆਂਬੱਧੀ ਬੈਠੀ ਰਹਿੰਦੀ ਤੇ ਰੋਟੀ ਏਥੇ ਹੀ ਖਾ ਛੱਡਦੀ ਤੇ ਬਾਅਦ ਵਿਚ ਸਾਰੇ ਭਾਂਡੇ ਕੱਠੇ ਕਰਕੇ ਰੋਕਦਿਆਂ ਰੋਕਦਿਆਂ ਵੀ ਮਾਂਜ ਦਿੰਦੀ। ਫਿਰ ਉਹਨੇ ਦੱਸਣਾ, 'ਭਾਬੀ ਅੱਜ ਮੇਰੀ ਮੰਮੀ ਪਈ ਰਹੀ, ਰੋਟੀ ਬਣਾਈ ਨੀ ਸੀ' ਮੈਂ ਕਹਿਣਾ,'ਫਿਰ ਤਾਂ ਭੁੱਖੀ ਸੀ ਤੂੰ, ਰੋਟੀ ਹੋਰ ਖਾ ਲੈ' 'ਲੈ ਭਾਬੀ ਨਹੀਂ ਸੀ ਮੈਂ ਭੁੱਖੀ, ਮੈਂ ਪਾਣੀ ਦੇ ਦੋ ਗਲਾਸ ਪੀ ਲਏ ਸੀ' ਮੈਨੂੰ ਬੜਾ ਤਰਸ ਆਉਂਦਾ। ਫਿਰ ਇੱਕ ਦਿਨ ਪਤਾ ਲੱਗਾ ਵੀ ਚਾਚੇ ਚਾਚੀ ਦੀ ਬਹੁਤ ਲੜਾਈ ਹੋਈ ਏ ਤੇ ਚਾਚੀ ਕਰਮਾਂਮਾਰੀ ਨੂੰ ਲੈ ਕੇ ਕਿੱਧਰੇ



ਚਲੀ ਗਈ ਏ, ਕਿੱਥੇ ਗਈ, ਕਿਸੇ ਨੂੰ ਕੋਈ ਪਤਾ ਨਹੀਂ ਸੀ। ਚਾਚੇ ਨੇ ਬਹੁਤ ਭਾਲ ਕੀਤੀ ਪਰ ਦੋ ਮਹੀਨਿਆਂ ਬਾਅਦ ਜਾ ਕੇ ਇੱਕ ਛੋਟੇ ਜਿਹੇ ਕਸਬੇ ਦੇ ਇੱਕ ਛੋਟੇ ਜਿਹੇ ਮਕਾਨ 'ਚੋਂ ਕਿਸੇ ਹੋਰ ਬੰਦੇ ਨਾਲ ਰਹਿੰਦੀ ਮਿਲ ਗਈ ਚਾਚੀ, ਪਰ ਇਸ ਵਾਰ ਚਾਚੀ 'ਕੱਲੀ ਆਈ ਸੀ। ਸਾਰੇ ਹੈਰਾਨ ਕਿ ਕੁੜੀ ਕਿੱਥੇ ਛੱਡ ਆਈ, ਕੋਈ ਕਹੇ ਮਰ ਮੁੱਕ ਗਈ ਹੋਣੀ ਏ , ਕੋਈ ਕਹੇ ਜਿਹਦੇ ਕੋਲ ਰਹੀ ਦੋ ਮਹੀਨੇ ਉਹਨੇ ਹੀ ਰੱਖ ਲਈ ਹੋਣੀ ਏ, ਕੋਈ ਕੁਝ ਤੇ ਕੋਈ ਕੁਝ। ਸਾਰੇ ਆਪੋ ਆਪਣੀਆਂ ਕਿਆਸਰਾਈਆਂ ਲਾ ਰਹੇ ਸੀ, ਪਰ ਦੋ ਕੁ ਦਿਨਾਂ ਵਿਚ ਹੀ ਭੇਤ ਖੁੱਲ ਗਿਆ । ਪਤਾ ਲੱਗਿਆ ਕਿ ਜਿਸਨੇ ਪੈਸੇ ਲੈ ਕੇ ਚਾਚੀ ਲਿਆ ਕੇ ਦਿੱਤੀ ਸੀ ਉਸਨੇ ਹੀ ਪੈਸੇ ਲੈ ਕੇ ਤੇਰਾਂ ਕੁ ਸਾਲ ਦੀ ਬਾਲੜੀ ਨੂੰ ਵੀ ਪੈਸੇ ਲੈ ਕੇ ਕਿਸੇ ਨਾਲ ਤੋਰ ਦਿੱਤਾ। ਬਹੁਤ ਦੁੱਖ ਹੋਇਆ ਸੁਣਕੇ। ਕਿਵੇਂ ਰਹੂਗੀ ਛੋਟੀ ਜਿਹੀ ਜ਼ਿੰਦ ।

ਕੁਝ ਦਿਨਾਂ ਬਾਅਦ ਉਹ ਆਪਣੇ ਪਤੀ ਨਾਲ ਮਿਲਣ ਪੇਕੇ ਘਰ ਆਈ। ਬੜਾ ਸੋਹਣਾ ਉੱਚਾ ਲੰਮਾ ਗੱਭਰੂ ਸੀ ਉਸਦਾ ਪਤੀ । ਜੱਚ ਰਿਹਾ ਸੀ ਪੂਰਾ। ਸੁਣਿਆਂ ਕਿਸੇ ਪੈਟਰੋਲ ਪੰਪ 'ਤੇ ਕੰਮ ਕਰਦਾ ਏ। ਚਲੋ ਕਮਾਊ ਤਾਂ ਹੈ ਨਾ। ਸਾਡੇ ਘਰ ਵੀ ਲੈ ਕੇ ਆਈ ਆਪਣੇ ਪਤੀ ਨੂੰ। ਗੱਲਾਂ ਬਾਤਾਂ ਵਿਚ ਹੀ ਪਤਾ ਲੱਗ ਗਿਆ ਕਿ ਉਹ ਵਧੀਆ ਸੋਚ ਰੱਖਦਾ ਏ ਉਸ ਪ੍ਰਤੀ। ਮਨ ਨੂੰ ਤਸੱਲੀ ਹੋ ਗਈ ਕਿ ਚਲੋ ਸੌਖੀ ਏ ਆਪਣੇ ਘਰ । ਮੇਰੇ ਕੋਲ ਰਸੋਈ ਵਿਚ ਆਈ ਤਾਂ ਮੈਂ ਪੁੱਛਿਆ,'ਲਾਡੋ ਤੂੰ ਖੁਸ਼ ਤਾਂ ਹੈ' ਕਹਿੰਦੀ,'ਭਾਬੀ ਬਹੁਤ ਖੁਸ਼ ਹਾਂ ਪਰ ਇੱਕ ਗੱਲ ਕਰਨੀ ਸੀ ਤੇਰੇ ਨਾਲ' ਬੋਲ, ਮੈਂ ਕਿਹਾ ਤਾਂ ਸ਼ਰਮਾਉਂਦੀ ਹੋਈ ਕਹਿੰਦੀ, 'ਭਾਬੀ ਮੈਨੂੰ ਤਾਂ ਅਜੇ ਪੀਰਡ ਵੀ ਨਹੀਂ ਆਉਣ ਲੱਗੇ 'ਮੈਂ ਪੁੱਛਿਆ, 'ਤੇਰਾ ਹਸਬੈਂਡ ਕੀ ਕਹਿੰਦਾ ਇਸ ਬਾਰੇ' ਉਸਨੇ ਦੱਸਿਆ ਕਿ ਉਹ ਤਾਂ ਬਹੁਤ ਵਧੀਆ ਭਾਬੀ, ਕੁਝ ਨਹੀਂ ਕਹਿੰਦੇ । ਮੈਂ ਕਿਹਾ,'ਫਿਰ ਫਿਕਰ ਨਾ ਕਰ, ਚਾਚੀ ਨੇ ਕਾਹਲੀ ਕੀਤੀ ਏ, ਉਸਨੂੰ ਸੋਚਣਾ ਚਾਹੀਦਾ ਸੀ, ਪਰ ਚੱਲ ਜੇ ਹਸਬੈਂਡ ਸਮਝਦਾ ਏ ਤਾਂ ਫਿਕਰ ਨਾ ਕਰ, ਅਜੇ ਨਿਆਣੀ ਏਂ ਤੂੰ ।' ਬੜੀ ਖੁਸ਼ੀ ਖੁਸ਼ੀ ਸਹੁਰੇ ਘਰ ਚਲੀ ਗਈ। ਵਧੀਆ ਜ਼ਿੰਦਗੀ ਲੰਘਣ ਲੱਗੀ ਉਸਦੀ। ਮਿਲਣ ਆਉਣਾ ਆਪਣੇ ਪੇਕੇ ਘਰ, ਵਧੀਆ ਖੁਸ਼ ਹੁੰਦੀ ਸੀ । ਪਰ ਉਹ ਸੀ ਕਰਮਾਂਮਾਰੀ ।

ਉਹ ਖੁਸ਼ ਸੀ ਆਪਣੇ ਸਹੁਰੇ ਘਰ , ਪਰ ਕਈਆਂ ਨਾਲ ਖੁਸ਼ੀ ਦਾ ਵੈਰ ਹੀ ਹੁੰਦਾ, ਬਸ ਉਸ ਵਿਚਾਰੀ ਨਾਲ ਵੀ ਵੈਰ ਹੀ ਸੀ ਖੁਸ਼ੀ ਦਾ। ਇੱਕ ਵਾਰ ਚਾਚੀ ਕੁਝ ਦਿਨਾਂ ਲਈ ਉਸ ਨੂੰ ਆਪਣੇ ਨਾਲ ਲੈ ਆਈ ਤੇ ਦੋ ਕੁ ਦਿਨਾਂ ਬਾਅਦ ਉਸੇ ਬੰਦੇ ਦੇ ਘਰ ਲੈ ਗਈ ਜਿੱਥੇ ਦੋ ਮਹੀਨੇ ਲਾ ਕੇ ਆਈ ਸੀ। ਉਹ ਬੰਦਾ ਉਸਦੇ ਹਸਬੈਂਡ ਨੂੰ ਫੋਨ ਲਾ ਕੇ ਕਹਿੰਦਾ, 'ਤੇਰੇ ਵਾਲੀ ਅੱਜ ਮੇਰੇ ਘਰ ਆਈ ਹੋਈ ਆ ਆਵਦੀ ਮਾਂ ਨਾਲ' ਬਸ ਇੱਕ ਫੋਨ ਕਾਲ ਨੇ ਰਿਸ਼ਤੇ ਵਿਚ ਤਰੇੜ ਲੈ ਆਂਦੀ। ਵਿਚਾਰੀ ਕਰਮਾਂਮਾਰੀ ਤੇ ਬਿਪਤਾ ਦੇ ਦਿਨ ਸ਼ੁਰੂ ਹੋ ਗਏ। ਘਰੇ ਲੜਾਈ ਝਗੜਾ ਰਹਿਣ ਲੱਗ ਗਿਆ। ਸੱਸ ਹਰ ਵੇਲੇ ਤਾਅਨੇ ਮਾਰਿਆ ਕਰੇ। ਇੱਕ ਵਾਰ ਆਈ ਮੈਨੂੰ ਦੱਸੇ, 'ਭਾਬੀ ਮੈਨੂੰ ਪਤਾ ਨਹੀਂ ਲੱਗਦਾ ਕਦੇ ਕਦੇ ਕੀ ਹੋ ਜਾਂਦਾ। ਮੈਂ ਸੁੰਨ ਜਿਹੀ ਜਾਨੀ ਆਂ । ਕੰਮ ਕਰਦੀ ਕਰਦੀ ਤੋਂ ਕੰਮ ਖਰਾਬ ਹੋ ਜਾਂਦਾ। ਮੈਨੂੰ ਕੋਈ ਕੁਝ ਵੀ ਕਹੀ ਜਾਵੇ ਮੈਨੂੰ ਸੁਣਦਾ ਹੀ ਨਹੀਂ' ਮੈਂ ਕੀ ਦੱਸਦੀ ਵੀ ਨਿਆਣੀ ਉਮਰੇ ਵੱਡੀ ਬਿਪਤਾ ਪੈ ਗਈ ਏ, ਮਨ ਸਹਾਰ ਨਹੀਂ ਰਿਹਾ। ਸੱਸ ਕਹੇ ਮੈਨੂੰ ਪੋਤਾ,ਪੋਤੀ ਚਾਹੀਦੇ ਆ। ਸੱਸ ਨੇ ਕਹਿਣਾ,'ਮਾਂ ਵਾਂਗ ਕੀ ਪਤਾ ਕਿੱਥੇ ਕਿੱਥੇ ਧੱਕੇ ਖਾਦੇ ਆ, ਗੰਦ ਮੇਰੇ ਘਰੇ ਆ ਗਿਆ' ਵਿਚਾਰੀ ਨੂੰ ਤਾਂ ਇਨਾਂ ਗੱਲਾਂ ਦੀ ਸਮਝ ਵੀ ਨਹੀਂ ਸੀ ਤੇ ਇੱਕ ਦਿਨ ਚਾਚੀ ਗਈ ਤੇ ਉਸਨੂੰ ਫਿਰ ਨਾਲ ਲੈ ਆਈ ਤੇ ਉਸਦੇ ਹਸਬੈਂਡ ਨੂੰ ਕਿਹਾ ਕਿ ਥੋੜੇ ਦਿਨਾਂ ਤੱਕ ਲੈ ਆਈਂ, ਪਰ ਉਸ ਨੂੰ ਉਸਦੀ ਮਾਂ ਨੇ ਨਾ ਆਉਣ ਦਿੱਤਾ ਤੇ ਉਹ ਬੈਠ ਗਈ ਬਾਪ ਦੇ ਘਰ। ਚਾਚੀ ਨੇ ਦਵਾਈ ਦਵਾ ਦਿੱਤੀ ਤੇ ਉਸਦਾ ਇਲਾਜ ਕਰਵਾਇਆ ਤਾਂ ਉਸ ਨੂੰ ਮਹੀਨਾਵਾਰੀ ਬਿਮਾਰੀ ਆਉਣ ਲੱਗੀ । ਹੁਣ ਇੱਕ ਆਸ ਬੱਝ ਗਈ। ਉਸਨੇ ਮੇਰੇ ਫੋਨ ਤੋਂ ਆਪਣੇ ਹਸਬੈਂਡ ਨੂੰ ਫੋਨ ਕੀਤੇ ਤੇ ਆਪਣੇ ਬਾਰੇ ਦੱਸਿਆ ਪਰ ਉਸਦੀ ਮਾਂ ਨੇ ਨਾ ਆਉਣ ਦਿੱਤਾ।

ਉਹ ਮੇਰੇ ਕੋਲ ਆ ਜਾਇਆ ਕਰੇ ਤੇ ਬਸ ਹਸਬੈਂਡ ਨੂੰ ਹੀ ਯਾਦ ਕਰਿਆ ਕਰੇ। ਮੈਂ ਇੱਕ ਦਿਨ ਨਿੱਤਨੇਮ ਦਾ ਗੁਟਕਾ ਸਾਹਿਬ ਦਿੱਤਾ ਤੇ ਉਹ ਨਿੱਤਨੇਮ ਕਰਨ ਲੱਗ ਗਈ। ਕਦੇ ਕਦੇ ਦੁਪਹਿਰੇ ਮੇਰੇ ਕੋਲ ਆ ਕੇ ਕਿਹਾ ਕਰੇ, 'ਭਾਬੀ ਸੁਖਮਨੀ ਸਾਹਿਬ ਦਾ ਪਾਠ ਸੁਣਾ ਦੇ ਮੈਨੂੰ' ਕਦੇ ਕੋਈ ਗੀਤ ਸੁਣਾਉਣ ਲੱਗ ਜਿਆ ਕਰੇ । ਉਸਦੀ ਹਰ ਗੱਲ 'ਚੋਂ ਬਿਨਾਂ ਕਹੇ ਦਰਦ ਝਲਕਦਾ ਸੀ ।

ਇੱਕ ਦਿਨ ਮੈਨੂੰ ਕਹਿੰਦੀ ,'ਹਾਏ ਭਾਬੀ ਛੇਤੀ ਉਰਾਂ ਹੋ ਗੱਲ ਦੱਸਾਂ ਇੱਕ, ਅੱਜ ਨਾ ਮੇਰੀ ਮੰਮੀ ਮੇਰੇ ਹਸਬੈਂਡ ਦੀ ਫੋਟੋ ਦੇਖੀ ਜਾਂਦੀ ਸੀ, ਮੈਂ ਕਿਹਾ ਮੰਮੀ ਕੀ ਹੋਇਆ ਤਾਂ ਮੰਮੀ ਨੇ ਪਤਾ ਕੀ ਕਿਹਾ ਇਹ ਕਿਸਮਤ ਦੇ ਲੇਖੇ ਜੋਖੇ ਨੇ, 'ਐਨਾ ਕਹਿ ਕੇ ਰੋਣ ਲੱਗ ਗਈ ਵਿਚਾਰੀ ।

---

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਲੁੱਟ

ਪਰਮਜੀਤ ਕੌਰ ਸਰਹਿੰਦ
੯੮੭੨੮-੯੮੫੯੯

ਮਾਵਾਂ-ਧੀਆਂ ਆਪਣੇ ਵਰਗੀਆਂ ਥੁੜਾਂ ਦੀਆਂ ਮਾਰੀਆਂ ਬਾਕੀ ਗਰਜ਼ਮੰਦ ਸਾਥਣਾਂ ਸਮੇਤ ਖੇਤ 'ਚ ਪੁੱਜ ਗਈਆਂ। ਦੂਜੀਆਂ ਨੂੰ ਦੇਖ ਕੇ ਜੀਤੋ ਵੀ ਸਲਵਾਰ ਦੇ ਪਹੁੰਚੇ ਟੰਗ ਕੇ ਪਾਣੀ 'ਚ ਵੜ ਗਈ ਤੇ ਮਾਂ ਦੇ ਜ਼ਰਾ ਕੁ ਸਮਝਾਉਣ 'ਤੇ ਝੋਨਾ ਲਾਉਣ ਲੱਗ ਪਈ। ਦੋ ਕੁ ਘੰਟੇ 'ਚ ਹੀ ਉਹ ਦੂਜੀਆਂ ਕਾਮੀਆਂ ਦੇ ਬਰਾਬਰ ਕੰਮ ਕਰਨ ਲੱਗੀ। ਪਰ ਦੁਪਹਿਰ ਤਕ ਜੀਤੋ ਦਾ ਚਾਅ ਉਤਰ ਗਿਆ। ਤੇਜ਼ ਧੁੱਪ ਨਾਲ ਪਾਣੀ ਵੀ ਤਪਿਆ ਪਿਆ ਸੀ। ਜੀਤੋ ਮਾਂ ਦੇ ਮੂੰਹ ਵੱਲ ਦੇਖਦੀ ਕਿ ਕਿਵੇਂ ਉਹ ਕਾਲੇ ਬਲ਼ਦ ਵਾਂਗੂ ਕਮਾਉਂਦੀ ਹੈ, ਆਪ ਵੀ ਸਿਰੜ ਨਾਲ ਕੰਮ ਕਰਦੀ ਰਹੀ। ਜੱਗੋ ਵੀ ਧੀ ਦੇ ਚਿਹਰੇ ਵੱਲ ਦੇਖ ਕੇ ਤਰਸ ਨਾਲ ਭਰ ਜਾਂਦੀ, ਪਰ ਮਜਬੂਰੀਆਂ ਦੇ ਮੂੰਹ ਆਈ ਉਹ ਬੇਵਸੀ ਨਾਲ ਅੱਖਾਂ ਨੀਵੀਆਂ ਕਰ ਲੈਂਦੀ।

ਬਾਕੀਆਂ ਵਾਂਗੂੰ ਜੀਤੋ ਵੀ ਕੰਮ 'ਚ ਮਾਹਿਰ ਹੋ ਗਈ ਸੀ। ਅੱਜ ਉਨਾਂ ਦੇ ਕੰਮ ਦਾ ਪੰਜਵਾਂ ਦਿਨ ਸੀ। ਜੀਤੋ ਬੜੇ ਚਾਅ ਨਾਲ ਸੋਚਦੀ ਆਈ ਕਿ ਅੱਜ ਛੋਟੇ ਭੈਣ ਭਰਾਵਾਂ ਲਈ ਕੇਲੇ ਸਮੋਸੇ ਜਲੇਬੀਆਂ ਤੇ ਕਿੰਨੀਆਂ ਹੀ ਚੀਜ਼ਾਂ ਲੈ ਕੇ ਜਾਵਾਂਗੀ ਤੇ ਮਾਂ ਨੂੰ ਕਹਿ ਕੇ ਆਪਣੇ ਲਈ ਚਿੱਟੀ ਦਸੂਤੀ ਦੀ ਚਾਦਰ ਵੀ ਸ਼ਹਿਰੋਂ ਮੰਗਾਵਾਂਗੀ, ਉਸ 'ਤੇ ਮੋਰ ਘੁੱਗੀਆਂ ਵਾਲਾ ਨਮੂਨਾ ਪਵਾਂਗੀ। ਇਹ ਸੋਚਦਿਆਂ ਉਹਦੇ ਗੋਰੇ ਮੂੰਹ 'ਤੇ ਸ਼ਰਮ ਦੀ ਲਾਲੀ ਜਿਹੀ ਫਿਰ ਗਈ ਕਿਉਂਕਿ ਮੋਰ ਘੁੱਗੀਆਂ ਵਾਲੀ ਚਾਦਰ ਉਹਨੇ ਆਪਣੀ ਸਹੇਲੀ ਵਾਂਗੂ ਦਾਜ ਲਈ ਕੱਢਣੀ ਸੀ।

ਲੰਬੜਦਾਰ ਜਰਨੈਲ ਸਿੰਘ ਆਇਆ ਤੇ ਸਾਰੀਆਂ ਕੰਮ ਮੁਕਾ ਕੇ ਹੱਥ ਪੈਰ ਧੋ ਕੇ ਉਹਦੇ ਦੁਆਲ਼ੇ ਹੋ ਗਈਆਂ। ਉਹਨੇ ਸਾਰੀਆਂ ਨੂੰ ਪੰਜਾਂ ਦਿਹਾੜੀਆਂ ਦੇ ਬਣਦੇ ਪੈਸੇ ਦੇ ਦਿੱਤੇ। ਜੀਤੋ ਵੀ ਕੋਲ ਖੜੀ ਸੀ। ਲੰਬੜਦਾਰ ਨੇ ਜੱਗੋ ਨੂੰ ਉਹਦੇ ਤੇ ਜੀਤੋ ਦੇ ਪੈਸੇ ਗਿਣ ਕੇ ਫੜਾ ਦਿੱਤੇ। ਜੀਤੋ ਦੀ ਨਿਗਾਹ ਆਪਣੀ ਮਿਹਨਤ ਦੀ ਕਮਾਈ ਮਿਲਦੀ ਦੇਖ ਕੇ ਨੋਟਾਂ ਤੋਂ ਪਰਾਂ ਨਹੀਂ ਸੀ ਹਟ ਰਹੀ। ਮਾਲਕ ਨੇ ਫਟਾਫਟ ਨੋਟ ਉਹਦੀ ਬੀਬੀ ਦੀ ਮੁੱਠੀ 'ਚ ਦੇ ਦਿੱਤੇ ਸਨ। ਅਜੇ ਦੋ ਤਿੰਨ ਜਣੀਆਂ ਦੇ ਹੋਰ ਪੈਸੇ ਰਹਿੰਦੇ ਸਨ। ਜੀਤੋ ਨੇ ਹੌਲੀ ਜਿਹੀ ਆਪਣੀ ਮਾਂ ਨੂੰ ਕਿਹਾ, 'ਬੀਬੀ ਦਿਖਾਈਂ ਤਾਂ ਭਲਾ ਕਿੰਨੇ ਪੈਸੇ ਬਣੇ ਨੇ ?' ਜੀਤੋ ਨੇ ਨੋਟ ਗਿਣੇ ਤਾਂ ਸੌ ਸੌ ਦੇ ਪੰਦਰਾਂ ਨੋਟ ਸਨ। ਉਹਨੇ ਝੱਟ ਮਾਂ ਨੂੰ ਕਿਹਾ, 'ਇਹ ਤਾਂ ਘੱਟ ਨੇ ਸਿੱਧਾ ਈ ਪੰਜ ਸੌ ਘੱਟ... ਮੈਂ ਦੇਖ ਰਹੀ ਸਾਂ ਤਾਹੀਂ ਧਿਆਨੋ ਹੋਰਾਂ ਨੂੰ ਦਸ ਦਸ ਨੋਟ ਮਿਲੇ ਆ, ਆਪਾਂ ਨੂੰ ਵੀਹ ਮਿਲਣੇ ਚਾਹੀਦੇ ਸਨ... ਦੋ ਹਜ਼ਾਰ, ਇਹ ਤਾਂ ਪੰਦਰਾਂ ਸੌ ਈ ਆ।' ਜੱਗੋ ਨੇ ਜੀਤੋ ਤੋਂ ਨੋਟ ਫੜੇ ਤੇ ਜਰਨੈਲ ਸਿੰਘ ਨੂੰ ਕਿਹਾ, 'ਸਰਦਾਰ ਜੀ, ਇਹ ਪੈਸੇ ਘੱਟ ਨੇ ਤੁਹਾਨੂੰ ਭੁਲੇਖਾ ਲੱਗ ਗਿਆ। ਇਹ ਪੰਦਰਾਂ ਨੋਟ ਨੇ। ਵੀਹ ਬਣਦੇ ਆ ਮੇਰੇ ਤੇ ਮੇਰੀ ਧੀ ਦੇ।' ਮਾਲਕ ਨੇ ਕੌੜ ਕੇ ਉਹਦੇ ਵੱਲ ਦੇਖਿਆ ਤੇ ਬੋਲਿਆ, 'ਐਨੇ ਈ ਬਣਦੇ ਨੇ, ਇਹਨੂੰ ਤਿਲ ਭਰ ਦੀ ਜੁਆਕੜੀ ਨੂੰ ਪੂਰੀ ਦਿਹਾੜੀ ਥੋੜਾ ਈ ਦੇਣੀ ਆ... ਅੱਧੀ ਦਾ ਪੰਜ ਸੌ ਈ ਬਣਦੈ।' ਜੱਗੋ ਹੈਰਾਨ ਰਹਿ ਗਈ ਤੇ ਜੀਤੋ ਲੰਬੜਦਾਰ ਦੇ ਗਲ਼ ਪੈ ਗਈ, 'ਦੇਖ ਭਾਈ ਜੇ ਮੈਂ ਜੁਆਕੜੀ ਹੁੰਦੀ ਤਾਂ ਮੂੰਹ 'ਚ ਤੇਰੀ ਦਿੱਤੀ ਬਚੀ ਖੁਚੀ ਚਾਹ ਵਾਲੀ ਚੁੰਘਣੀ ਪਾਈ ਔਹ ਮੰਜੇ ਦੀ ਬਾਹੀ ਨਾਲ ਬੰਨੇ ਲੀੜੇ 'ਚ ਝੂਲਦੀ ਹੁੰਦੀ... ਮੈਂ ਤਾਂ ਇਨਾਂ ਨਾਲ ਬਰਾਬਰ ਸਾਰਾ ਦਿਨ ਝੋਨਾ ਲਾਉਨੀ ਆਂ... ਮੇਰੀ ਅੱਧੀ ਦਿਹਾੜੀ ਕਿਹੜੇ ਹਿਸਾਬ ਨਾਲ ਹੋਈ ?' ਲੰਬੜਦਾਰ ਛਿੱਥਾ ਜਿਹਾ ਪੈ ਗਿਆ। ਜਾਣਦਾ ਤਾਂ ਉਹ ਵੀ ਸੀ ਕਿ ਕੁੜੀ ਬਹੁਤ ਕਾਮੀ ਹੈ ਤੇ ਦਿਹਾੜੀ ਪੂਰੀ ਦੇਣੀ ਬਣਦੀ ਹੈ, ਪਰ ਉਹ ਚਲਾਕੀ ਕਰ ਰਿਹਾ ਸੀ ਜਾਂ ਸ਼ਾਇਦ ਗ਼ਰੀਬ ਮਾਰ...।

ਰੌਲ਼ਾ ਜਿਹਾ ਸੁਣ ਕੇ ਦੂਜੀਆਂ ਔਰਤਾਂ ਵੀ ਲਾਗੇ ਆ ਗਈਆਂ। ਜੱਗੋ ਨੇ ਹੱਥ ਜੋੜਦਿਆਂ ਮਾਲਕ ਨੂੰ ਕਿਹਾ, 'ਸਰਦਾਰ ਜੀ, ਸਾਰਾ ਦਿਨ ਸਾਡੇ ਬਰਾਬਰ ਨਿਭਦੀ ਐ ਮੇਰੀ ਧੀ... ਇਹ ਤਾਂ ਮੈਂ ਮਜਬੂਰੀ ਨੂੰ ਕੰਮ 'ਤੇ ਲਾਈ ਆ, ਕੁੜੀ ਦੀ ਪੂਰੀ ਦਿਹਾੜੀ ਦਿਓ, ਇਹ ਤਾਂ ਸਰਾਸਰ ਬੇਨਸਾਫੀ ਆ।' ਦੂਜੀਆਂ ਔਰਤਾਂ ਨੇ ਵੀ ਕਿਹਾ ਕਿ ਇਹ ਤਾਂ ਗ਼ਰੀਬ ਮਾਰ ਐ, ਕੁੜੀ ਦਾ ਪੂਰਾ ਹਜ਼ਾਰ ਰੁਪਈਆ ਬਣਦੈ ਪੂਰੀ ਦਿਹਾੜੀ ਦਾ। ਸਰਦਾਰ ਨੇ ਫੋਕਾ ਜਿਹਾ ਦਬਕਾ ਮਾਰਿਆ, 'ਪੂਰੀ ਨਾ ਕਿਤੇ ਸਵਾਈ ਦਿਹਾੜੀ ਦਿਆਂ ਇਹਨੂੰ... ਇੱਥੇ ਕੋਈ ਲੁੱਟ ਪਈ ਆ ? ਉਪਰੋਂ ਡਿੱਗਦੇ ਨੇ ਨੋਟ... ?' ਜੀਤੋ ਕਹਿਰੀ ਨਜ਼ਰ ਨਾਲ ਲੰਬੜਦਾਰ ਵੱਲ ਦੇਖਦਿਆਂ ਬੋਲੀ, 'ਲੁੱਟ ਤਾਂ ਭਾਈ ਤੂੰ ਪਾਈ ਆ, ਗ਼ਰੀਬਾਂ ਨੂੰ ਪਸ਼ੂਆਂ ਵਾਂਗ ਵਾਹੁਨੈ ਤੇ ਉੱਤੋਂ ਦਿਹਾੜੀ ਵੀ ਪੂਰੀ ਨਈਂ ਦਿੰਦਾ... ਛੱਡ ਬੀਬੀ ਮੇਰੇ ਪੰਜ ਸੌ ਵੀ ਇਹਦੇ ਮੱਥੇ ਮਾਰ, ਸੋਚ ਲਾਂਗੇ ਕਿਸੇ ਆਪ ਤੋਂ ਗ਼ਰੀਬ ਦੀ ਮਦਦ ਕਰ ਆਏ... ਤੇ ਇਕ ਹੋਰ ਅੱਗੋਂ ਇਹਦੇ ਕੰਮ ਨੀ ਕਰਨਾ ਆਪਾਂ।' ਜਰਨੈਲ ਸਿੰਘ ਜਿਹੜਾ ਜਰਨੈਲ ਵਾਂਗ ਤੀਵੀਆਂ ਸਾਹਮਣੇ ਆਕੜਿਆ ਖੜਾ ਸੀ ਸ਼ਰਮਿੰਦਾ ਜਿਹਾ ਹੋ ਗਿਆ। ਪਰ ਫਿਰ ਝੂਠਾ ਜਿਹਾ ਰੋਹਬ ਪਾਉਂਦਾ ਕਹਿਣ ਲੱਗਾ, 'ਬਥੇਰੇ ਭਈਏ ਫਿਰਦੇ ਨੇ ਮਿੰਨਤਾਂ ਕਰਦੇ ਮੈਂ ਆਪਣੀਆਂ ਸਮਝ ਕੇ ਕੰਮ 'ਤੇ



ਲਾ ਲਈਆਂ ਸੀ... ਨਾ ਆਇਓ ਵੱਡੀਆਂ ਚੌਧਰਾਣੀਆਂ...।' ਪਹੀ 'ਚ ਖੜੇ ਮੋਟਰਸਾਈਕਲ ਨੂੰ ਕਿੱਕ ਮਾਰ ਕੇ ਜਰਨੈਲ ਸਿੰਘ ਔਹ ਗਿਆ ...ਔਹ ਗਿਆ।

ਔਰਤਾਂ ਗਾਲਾਂ ਦਿੰਦੀਆਂ ਅੱਡੇ ਵੱਲ ਤੁਰ ਪਈਆਂ। ਅੱਡੇ 'ਤੇ ਨਾਲ ਦੀ ਪੈਲ਼ੀ ਵਲਿਆਂ ਦਾ ਪਰਵਾਸੀ ਮਜ਼ਦੂਰ ਖੜਾ ਸੀ। ਉਸ ਉੱਚੀ ਉੱਚੀ ਗੱਲਾਂ ਕਰਦੀਆਂ ਜੱਗੋ ਹੋਰਾਂ ਨੂੰ ਸਾਂਝਾ ਜਿਹਾ ਸੁਆਲ ਕੀਤਾ 'ਬਹਿਨਾ ਤੁਮ ਕਿਤਨੀ ਦਿਹਾੜੀ ਲੇਤੀ ਹੋ ?' ਧਿਆਨੋ ਨੇ ਸੜ ਭੁੱਜ ਕੇ ਕਿਹਾ, 'ਹਮਾਰਾ ਤੋ ਪਾਂਜ ਸੌ ਰੁਪਈਆ ਮਾਰ ਗਿਆ ਟੂਟ ਪੈਣਾ... ਦਿਹਾੜੀ ਕੋ ਤਾਂ ਮਾਰ ਗੋਲ਼ੀ...।'

ਖਿਝੀਆਂ ਖਪੀਆਂ ਸਾਰੀਆਂ ਔਰਤਾਂ ਧਿਆਨ ਦੀ ਹਿੰਦੀ ਪੰਜਾਬੀ ਰਲ਼ਾ ਕੇ ਬਣਾਈ ਖਿਚੜੀ 'ਤੇ ਹੱਸਣ ਲੱਗੀਆਂ। ਭਈਆ ਨੇ ਦੱਸਿਆ ਕਿ ਅਸੀਂ ਲੋਕ 250 ਰੁਪਏ ਦਿਹਾੜੀ ਲੈਂਦੇ ਹਾਂ ਨਾਲ ਪਾਂਜ ਕਿਲੋ ਚੌਲ ਤੇ ਆਟਾ ਲੈਂਦੇ ਹਾਂ ਪ੍ਰਤੀ ਏਕੜ। ਮੈਨੂੰ ਪਤਾ ਹੈ ਲੰਬੜਦਾਰ ਨੇ ਤੁਹਾਨੂੰ 200 ਦਿਹਾੜੀ 'ਤੇ ਲਾਇਆ ਹੈ ਤੇ ਰੋਟੀ ਤੁਸੀਂ ਆਪਣੀਆਂ ਘਰੋਂ ਲਿਆਉਂਦੀਆਂ ਹੋ। ਇਹ ਸੁਣ ਕੇ ਥੱਕੀਆਂ ਔਰਤਾਂ ਦਾ ਤਰਾਹ ਨਿੱਕਲ ਗਿਆ ਤੇ ਜਿਵੇਂ ਸੱਚੀ ਮੁੱਚੀਂ ਲੱਕ ਟੁੱਟ ਗਿਆ ਹੋਵੇ। ਦੋ ਤਿੰਨ ਦੇ ਮੂੰਹ ਇਕੱਠਾ ਹੀ ਨਿਕਲ਼ਿਆ, 'ਹਾਏ ... ਹਾਏ... ਐਡਾ ਜ਼ੁਲਮ... ਐਡਾ ਧੋਖਾ ਤੇਰਾ ਕਿੱਥੇ ਭਲਾ ਹੋਊ... ਚੰਦਰਿਆ... ਤਪਿਆਂ ਨੂੰ ਤਪਾ ਕੇ...।' ਸਾਰੀਆਂ ਨੇ ਫ਼ੈਸਲਾ ਕਰ ਲਿਆ ਕਿ ਮੁੜ ਬਾਹਰਲੇ ਪਿੰਡ ਕੰਮ 'ਤੇ ਨੀ ਜਾਣਾ। ਆਪਣੇ ਪਿੰਡ ਦੇ ਲੋਕ ਭਾਵੇਂ ਦੋ ਸੌ ਈ ਦੇਣ ਉੱਥੇ ਭਈਏ ਤਾਂ ਆਉਣੋਂ ਹਟ ਜਾਣਗੇ, ਕੰਮ ਕਰਨ 'ਚ ਕਾਹਦੀ ਸ਼ਰਮ। ਵਿਚੋਂ ਦੂਜੀ ਨੇ ਸਲਾਹ ਦਿੱਤੀ ਘੁੰਢ ਕੱਢ ਕੇ ਕੰਮ ਕਰਨਾ ਔਖਾ ਹੁੰਦਾ ਆਪਾਂ ਘੁੰਢ ਵੀ ਚੁੱਕ ਦੇਣਾ। ਇਹ ਵੱਡੇ ਸਾਡੇ ਮਾਪਿਆਂ ਵਰਗੇ ਨੇ। ਐਨੇ ਨੂੰ ਬੱਸ ਆ ਗਈ ਤੇ ਸਾਰੀਆਂ ਉਸ ਵਿਚ ਚੜ ਗਈਆਂ।

'ਟਿਕਟ ਟਿਕਟ' ਕਰਦਾ ਕੰਡਕਟਰ ਕਾਹਲ਼ੀ ਕਰ ਰਿਹਾ ਸੀ। ਸਾਰੀਆਂ ਨੇ ਤਿੰਨ-ਤਿੰਨ ਰੁਪਏ ਕੱਢ ਕੇ ਉਹਨੂੰ ਫੜਾ ਦਿੱਤੇ। ਜੱਗੋ ਵੀ ਦੋ ਟਿਕਟਾਂ ਦੇ ਛੇ ਰੁਪਏ ਫੜਾਉਣ ਲੱਗੀ, ਪਰ ਜੀਤੋ ਨੇ ਝੱਟ ਹੱਥ ਫੜ ਲਿਆ ਤੇ ਬੋਲੀ, 'ਬੀਬੀ ਛੇ ਨਹੀਂ ਸਾਢੇ ਚਾਰ... ਮੈਂ ਅੱਧੀ ਟਿਕਟ ਲਵਾਂਗੀ ਪੂਰੀ ਨਹੀਂ...।' ਕੰਡਕਟਰ ਉਸ ਨੂੰ ਵੱਢ ਖਾਣ ਨੂੰ ਪਿਆ, 'ਕਿਉਂ ਤੂੰ ਜੁਆਕੜੀ ਏਂ, ਜਿਹੜੀ ਤੇਰੀ ਅੱਧੀ ਟਿਕਟ ਲੱਗੂ, ਅੱਗੇ ਵੀ ਤਾਂ ਰੋਜ਼ ਪੂਰੀ ਲੱਗਦੀ ਆ।' ਜੀਤੋ ਵੀ ਅੱਗੋਂ ਉਹਨੂੰ ਔਖੀ ਹੋ ਕੇ ਬੋਲੀ, 'ਜੇ ਮੈਨੂੰ ਦਿਹਾੜੀ ਅੱਧੀ ਮਿਲਦੀ ਆ ਤਾਂ ਮੇਰੀ ਟਿਕਟ ਵੀ ਅੱਧੀ ਲੱਗੂ... ਮੈਂ ਨਈਂ ਦਿੰਦੀ ਹੋਰ ਪੈਸੇ।' ਸਾਰੀ ਬੱਸ 'ਚ ਰੌਲਾ ਪੈ ਗਿਆ ਜਦੋਂ ਜ਼ਨਾਨੀਆਂ ਨੇ ਦੱਸਿਆ ਕਿ ਕਿਸਾਨ ਨੇ ਆਹ ਕੀਤੀ ਜਿਹੜਾ ਪੰਜ ਸੌ ਏਕੜ ਦਾ ਮਾਲਕ ਹੈ। ਰੌਲੇ 'ਚ ਪਿੰਡ ਦਾ ਅੱਡਾ ਆ ਗਿਆ ਤੇ ਜੀਤੋ ਸਾਢੇ ਚਾਰ ਰੁਪਏ ਉਹਦੇ ਹੱਥ 'ਤੇ ਰੱਖ ਕੇ ਔਹ ਗਈ ...ਔਹ ਗਈ। ਉਹ ਤੁਰੀ ਜਾਂਦੀ ਕਹਿ ਰਹੀ ਸੀ, 'ਕਿਉਂ ਐਥੇ ਕੋਈ ਲੁੱਟ ਪਈ ਐ ? ਪੂਰੀ ਟਿਕਟ ਦੇ ਪੈਸੇ ਦੇਵਾਂ ਮੈਂ ਇਹਨੂੰ...।'

# ਅਦਾਕਾਰੀ ਦੇ ਅੰਬਰ 'ਚ ਉੱਚੀ ਪਰਵਾਜ਼ ਭਰਨ ਵਾਲਾ ਗੁਰਪ੍ਰੀਤ ਘੁੱਗੀ

ਪੰਜਾਬੀ ਸਿਨੇਮੇ ਵਿਚ ਗੁਰਪ੍ਰੀਤ ਘੁੱਗੀ ਕਾਮੇਡੀਅਨ ਹੀ ਨਹੀਂ ਸਗੋਂ ਬਤੌਰ ਨਾਇਕ ਸੰਜੀਦਾ ਕਿਰਦਾਰਾਂ ਨਾਲ ਖੇਡਣ ਵਾਲਾ ਸਫਲ ਕਲਾਕਾਰ ਵੀ ਹੈ। ਅਜੋਕੇ ਦੌਰ ਦੀਆਂ ਫਿਲਮਾਂ ਵਿਚ ਵੱਡੀ ਤੇ ਵੱਖਰੀ ਪਛਾਣ ਰੱਖਣ ਵਾਲੇ ਇਸ ਕਲਾਕਾਰ ਨੇ ਅਦਾਕਾਰ ਬਣਨ ਦਾ ਸੁਪਨਾ ਬਚਪਨ ਦੇ ਦਿਨਾਂ ਵਿਚ ਹੀ ਲਿਆ ਸੀ, ਜਿਸ ਨੂੰ ਪੂਰਾ ਕਰਨ ਲਈ ਉਸ ਨੂੰ ਵੱਡਾ ਸੰਘਰਸ਼ ਕਰਨਾ ਪਿਆ।

ਗੁਰਦਾਸਪੁਰ ਦੇ ਨਿੱਕੇ ਜਿਹੇ ਪਿੰਡ 'ਚ ਮੱਧਵਰਗੀ ਮਿਹਨਤੀ ਪਰਿਵਾਰ 'ਚ ਉਸ ਨੇ ਆਪਣਾ ਬਚਪਨ ਤੰਗੀਆਂ- ਤੁਰਸ਼ੀਆਂ ਭਰੇ ਮਾਹੌਲ ਵਿਚ ਗੁਜ਼ਾਰਿਆ। ਮਜਬੂਰੀ ਕਾਰਨ ਉਸ ਨੂੰ ਦਸਵੀਂ ਦੀ ਪੜ੍ਹਾਈ ਕਰਨ ਮਗਰੋਂ ਕਚਹਿਰੀਆਂ ਵਿਚ ਅਰਜ਼ੀ ਨਵੀਸ ਕੋਲ ਟਾਈਪਿਸਟ ਦੀ ਨੌਕਰੀ ਵੀ ਕਰਨੀ ਪਈ। ਆਪਣੇ ਸੁਪਨਿਆਂ ਨੂੰ ਰੁਲਦਾ ਵੇਖ ਉਹ ਜ਼ਿਆਦਾ ਦੇਰ ਇਸ ਨੌਕਰੀ 'ਤੇ ਟਿਕ ਨਾ ਸਕਿਆ ਤੇ ਦੋਆਬਾ ਕਾਲਜ ਜਲੰਧਰ ਦਾਖ਼ਲਾ ਲੈ ਲਿਆ, ਜਿੱਥੋ ਉਸ ਨੇ ਪੜ੍ਹਾਈ ਦੇ ਨਾਲ-ਨਾਲ ਥੀਏਟਰ ਵਿਚ ਵੀ ਹਿੱਸਾ ਲੈਣਾ ਸ਼ੁਰੂ ਕੀਤਾ। ਇਸ ਤਰ੍ਹਾਂ ਉਸ ਦੀ ਕਲਾ ਦਾ ਸਫ਼ਰ ਸ਼ੁਰੂ ਹੋ ਗਿਆ। ਸਮੇਂ ਤੇ ਹਾਲਾਤ ਨਾਲ ਜੂਝਦਾ ਹੋਇਆ ਜਦੋਂ ਉਹ ਆਪਣੇ ਉਸਤਾਦ ਬਲਵਿੰਦਰ ਵਿੱਕੀ ਉਰਫ਼ ਚਾਚਾ ਰੌਣਕੀ ਰਾਮ ਕੋਲ ਗਿਆ ਤਾਂ ਕਲਾਕਾਰੀ ਖੇਤਰ ਵਿਚ ਅੱਗੇ ਵਧਣ ਦਾ ਚੰਗਾ ਮੌਕਾ ਮਿਲਿਆ।

ਦੂਰਦਰਸ਼ਨ ਦੇ ਲੜੀਵਾਰਾਂ 'ਰੌਣਕ ਮੇਲਾ', 'ਨੂਰਾ' ਅਤੇ ਪਰਛਾਵੇਂ' 'ਚ ਉਸ ਦਾ ਕਿਰਦਾਰ ਦਰਸ਼ਕਾਂ ਲਈ ਪ੍ਰਭਾਵਸ਼ਾਲੀ ਰਿਹਾ। ਓਮ ਪ੍ਰਕਾਸ਼ ਗਾਸੋ ਦੇ ਨਾਵਲ 'ਤੇ ਆਧਾਰਤ ਲੜੀਵਾਰ 'ਪਰਛਾਵੇਂ' ਨਾਲ ਮਿਲੀ ਪ੍ਰਸਿੱਧੀ ਨੇ ਉਸ ਦੀ ਕਲਾ ਨੂੰ ਨਵਾਂ ਮੋੜ ਦਿੱਤਾ। ਦੂਰਦਰਸ਼ਨ ਤੇ ਆਲ ਇੰਡੀਆ ਦੇ ਪ੍ਰੋਗਰਮਾਂ ਰਾਹੀਂ ਵੱਖਰੀ ਪਛਾਣ ਬਣਾਉਣ ਤੋਂ ਬਾਅਦ ਉਸ ਨੇ ਪੰਜਾਬੀ ਫਿਲਮ 'ਜੀ ਆਇਆਂ ਨੂੰ' ਰਾਹੀਂ ਪੰਜਾਬੀ ਸਿਨੇਮੇ ਵੱਲ ਕਦਮ ਵਧਾਇਆ। ਇਸ ਕਿਰਦਾਰ ਨੂੰ ਮਿਲੀ ਪ੍ਰਸਿੱਧੀ ਨੇ ਉਸ ਨੂੰ ਪੱਕੇ ਪੈਰੀਂ ਪੰਜਾਬੀ ਸਿਨੇਮੇ ਨਾਲ ਜੋੜ ਦਿੱਤਾ। ਉਸ ਦਾ ਅਸਲ ਨਾਂ ਗੁਰਪ੍ਰੀਤ ਸਿੰਘ ਵੜੈਚ ਹੈ। 'ਘੁੱਗੀ' ਨਾਂ ਉਸ ਨੂੰ ਬਲਵਿੰਦਰ ਵਿੱਕੀ ਨੇ ਦਿੱਤਾ, ਜਿਸ ਦੀ ਅਗਵਾਈ 'ਚ ਉਸ ਨੇ ਕਾਮੇਡੀ ਕਰਨੀ ਸ਼ੁਰੂ ਕੀਤੀ। ਬਾਅਦ 'ਚ ਇਹ ਨਾਂ ਏਨਾ ਮਸ਼ਹੂਰ ਹੋ ਗਿਆ ਕਿ ਉਸ ਨੂੰ ਅੱਜ ਤਕ ਗੁਰਪ੍ਰੀਤ ਘੁੱਗੀ ਦੇ ਨਾਂ ਨਾਲ ਹੀ ਜਾਣਿਆ



ਜਾਂਦਾ ਹੈ। ਉਸ ਦਾ ਵਿਆਹ ਕੁਲਜੀਤ ਕੌਰ ਨਾਲ ਹੋਇਆ। ਇਨ੍ਹਾਂ ਦੇ ਦੋ ਬੱਚੇ ਹਨ : ਧੀ ਰਮਣੀਕ ਘੁੱਗੀ ਤੇ ਪੁੱਤਰ ਸੁਖਮ ਘੁੱਗੀ।

**ਛੱਡੀ ਪੁਲਿਸ ਦੀ ਨੌਕਰੀ**

ਗੁਰਪ੍ਰੀਤ ਨੇ ਫਿਲਮ 'ਕੈਰੀ ਆਨ ਜੱਟਾ' 'ਚ ਪੁਲਿਸ ਮੁਲਾਜ਼ਮ ਦੇ ਪੁੱਤਰ ਦਾ ਕਿਰਦਾਰ ਨਿਭਾਇਆ ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਘੁੱਗੀ ਅਸਲ ਜ਼ਿੰਦਗੀ 'ਚ ਵੀ ਪੁਲਿਸ ਮੁਲਾਜ਼ਮ ਰਹਿ ਚੁੱਕਿਆ ਹੈ। 90 ਦੇ ਦਹਾਕੇ 'ਚ ਉਹ ਏਐੱਸਆਈ ਵਜੋਂ ਤਾਇਨਾਤ ਸੀ। ਇਸੇ ਦੌਰਾਨ ਕਲਾਕਾਰੀ ਵੱਲ ਰੁਝਾਨ ਹੋਣ ਕਰਕੇ ਉਸ ਨੇ ਪੁਲਿਸ ਦੀ ਨੌਕਰੀ ਛੱਡ ਦਿੱਤੀ ਸੀ।

ਹਰ ਤਰ੍ਹਾਂ ਦੇ ਕਿਰਦਾਰ ਨਿਭਾਉਣ 'ਚ ਮੁਹਾਰਤ ਭਾਵੇਂ ਘੁੱਗੀ ਨੇ ਜ਼ਿਆਦਾਤਰ ਹਾਸਰਸੀ ਕਿਰਦਾਰ ਹੀ ਨਿਭਾਏ ਪਰ ਕੁਝ ਸਾਲ ਪਹਿਲਾਂ ਆਈ ਫਿਲਮ 'ਅਰਦਾਸ' ਵਿਚ ਮਾਸਟਰ ਗੁਰਮੁੱਖ ਸਿੰਘ ਦੇ ਕਿਰਦਾਰ ਨੇ ਦਰਸ਼ਕਾਂ ਦੇ ਦਿਲਾਂ 'ਤੇ ਨਾਇਕ ਵਾਲੀ ਗੂੜ੍ਹੀ ਮੋਹਰ ਲਾ ਦਿੱਤੀ। ਇਸ ਕਿਰਦਾਰ ਨੇ ਦਰਸ਼ਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਇਹ ਕਾਮੇਡੀ ਕਲਾਕਾਰ ਗੁਰਪ੍ਰੀਤ ਘੁੱਗੀ ਹੀ ਹੈ। ਇਸ ਕਿਰਦਾਰ ਬਦਲੇ ਉਸ ਨੂੰ ਫਿਲਮ ਫੇਅਰ ਐਵਾਰਡ ਵੀ ਮਿਲਿਆ। ਇਸੇ ਤਰ੍ਹਾਂ ਇਸ ਫਿਲਮ ਦੇ ਸੀਕੁਅਲ 'ਅਰਦਾਸ ਕਰਾਂ' ਵਿਚ ਉਸ ਨੇ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਪੀੜਤ ਜ਼ਿੰਦਾਦਿਲ ਇਨਸਾਨ ਦੇ ਕਿਰਦਾਰ ਨੂੰ ਬਾਖ਼ੂਬੀ ਪਰਦੇ 'ਤੇ ਪੇਸ਼ ਕੀਤਾ। ਇਸ ਫਿਲਮ ਦੀ ਸਫਲਤਾ ਦਾ ਸਿਹਰਾ ਵੀ ਉਸ ਦੇ ਸਿਰ ਹੀ ਬੱਝਦਾ ਹੈ, ਜਿਸ ਕਰਕੇ ਉਸ ਨੂੰ ਕਾਮੇਡੀ ਦੇ ਨਾਲ- ਨਾਲ ਬਹੁ-ਪਾਤਰੀ ਕਿਰਦਾਰਾਂ ਦਾ ਕਲਾਕਾਰ ਵੀ ਕਹਿ ਸਕਦੇ ਹਾਂ। ਸਮਾਜਿਕ ਸਿਨੇਮੇ ਦਾ ਹਵਾਲਾ ਦਿੰਦੀ 'ਸਨ ਆਫ ਮਨਜੀਤ ਸਿੰਘ' ਵੀ ਉਸ ਦੀ ਬਿਹਤਰੀਨ ਫਿਲਮ ਰਹੀ। ਕਾਮੇਡੀ ਅਦਾਕਾਰੀ ਦੀ ਗੱਲ ਕਰੀਏ ਤਾਂ ਫਿਲਮ 'ਚੱਕ ਦੇ ਫੱਟੇ' ਵਿਚ ਰਤਨ ਸਿੰਘ ਟਾਟਾ ਦੇ ਕਿਰਦਾਰ ਨੇ ਜੋ ਛਾਪ ਛੱਡੀ, ਉਸ ਨੂੰ ਕਾਮੇਡੀ ਦਾ ਸ਼ਿਖ਼ਰ ਕਹਿ ਸਕਦੇ ਹਾਂ। ਇਸ ਤੋਂ ਇਲਾਵਾ ਉਸ ਨੇ 'ਪਿੰਡ ਦੀ ਕੁੜੀ', 'ਅਸਾਂ ਨੂੰ ਮਾਣ ਵਤਨਾਂ ਦਾ', 'ਯਾਰਾਂ ਨਾਲ ਬਹਾਰਾਂ', 'ਦਿਲ ਆਪਣਾ ਪੰਜਾਬੀ', 'ਮਿੱਟੀ ਵਾਜ਼ਾਂ ਮਾਰਦੀ', 'ਜੱਗ ਜਿਉਂਦਿਆਂ ਦੇ ਮੇਲੇ', 'ਮਰ ਜਾਵਾਂ ਗੁੜ ਖਾ ਕੇ', 'ਕੈਰੀ ਆਨ ਜੱਟਾ', 'ਲੱਕੀ ਦੀ ਅਨਲੱਕੀ ਸਟੋਰੀ', 'ਜੱਟ ਜੇਮਜ਼ ਬਾਂਡ', 'ਲਾਕ', 'ਵਧਾਈਆਂ ਜੀ ਵਧਾਈਆਂ', 'ਅਫ਼ਸਰ', 'ਰੇਡੂਆ', 'ਨੌਕਰ ਵਹੁਟੀ ਦਾ' ਆਦਿ ਪੰਜਾਬੀ ਫਿਲਮਾਂ 'ਚ ਲਾਜਵਾਬ ਅਦਾਕਾਰੀ ਦਾ ਸਬੂਤ ਦਿੱਤਾ ਹੈ।

ਟੈਲੀਫਿਲਮਾਂ ਨਾਲ ਰਿਹਾ ਚਰਚਾ 'ਚ 'ਘਸੀਟਾ ਹਵਲਦਾਰ ਸੰਤਾ ਬੰਤਾ ਫ਼ਰਾਰ', 'ਖਿੱਚ ਘੁੱਗੀ ਖਿੱਚ', 'ਘੁੱਗੀ ਹੈਂ ਤਾਂ ਉੱਡ ਕੇ ਵਿਖਾ', 'ਘੁੱਗੀ ਲੱਭੇ ਘਰਵਾਲੀ', 'ਘੁੱਗੀ ਯਾਰ ਗੱਪ ਨਾ ਮਾਰ', 'ਘੁੱਗੀ ਦੇ ਬਰਾਤੀ', 'ਮੇਰੀ ਵਹੁਟੀ ਦਾ ਵਿਆਹ', 'ਘੁੱਗੀ ਖੋਲ ਪਿਟਾਰੀ', 'ਘੁੱਗੀ ਛੂ ਮੰਤਰ', 'ਘੁੱਗੀ ਜੰਕਸ਼ਨ' ਜਿਹੀਆਂ ਟੈਲੀਫਿਲਮਾਂ ਨਾਲ ਘੁੱਗੀ ਨੇ ਦਰਸ਼ਕਾਂ ਦੇ ਦਿਲਾਂ 'ਚ ਵਿਲੱਖਣ ਜਗਾ ਬਣਾਈ।

**ਸਿਆਸਤ 'ਚ ਰੱਖਿਆ ਕਦਮ**

ਗੁਰਪ੍ਰੀਤ ਘੁੱਗੀ ਹੁਣ ਤੱਕ 60 ਦੇ ਕਰੀਬ ਪੰਜਾਬੀ, ਹਿੰਦੀ ਫਿਲਮਾਂ ਤੇ ਅਨੇਕਾਂ ਟੈਲੀਫਿਲਮਾਂ ਕਰ ਚੁੱਕਾ ਹੈ। ਉਮਦਾ ਅਦਾਕਾਰੀ ਦੇ ਨਾਲ- ਨਾਲ ਉਸ ਨੇ ਸਿਆਸਤ 'ਚ ਵੀ ਕਦਮ ਰੱਖਿਆ। ਉਹ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਿਆ ਤੇ ਕਾਫ਼ੀ ਸਮਾਂ ਇਸ ਦੇ ਸੂਬਾ ਪ੍ਰਧਾਨ ਵਜੋਂ ਵੀ ਜ਼ਿੰਮੇਵਾਰੀ ਨਿਭਾਈ। ਉਹ ਇਸ ਵੇਲੇ ਨਾਰਥ ਜ਼ੋਨ ਫਿਲਮ ਤੇ ਟੀਵੀ ਆਰਟਿਸਟ ਐਸੋਸੀਏਸ਼ਨ ਦਾ ਪ੍ਰਧਾਨ ਵੀ ਹੈ।

**ਅਕਸ਼ੈ ਕੁਮਾਰ ਨਾਲ ਕੀਤਾ ਕੰਮ**

'ਦਿ ਗ੍ਰੇਟ ਇੰਡੀਅਨ ਲਾਫਟਰ ਚੈਲੈਂਜ' ਨਾਲ ਵਿਦੇਸ਼ਾਂ ਦੇ ਲੋਕ ਵੀ ਉਸ ਦੀ ਪ੍ਰਤਿਭਾ ਦੇ ਕਾਇਲ ਹੋ ਗਏ। ਇਸ ਸ਼ੋਅ ਤੋਂ ਬਾਅਦ ਉਸ ਨੂੰ ਨਾ ਸਿਰਫ਼ ਪੰਜਾਬੀ ਫਿਲਮਾਂ ਸਗੋਂ ਬਾਲੀਵੁੱਡ 'ਚ ਵੀ ਬ੍ਰੇਕ ਮਿਲਿਆ। ਅਕਸ਼ੈ ਕੁਮਾਰ ਨਾਲ ਉਸ ਨੇ ਕਈ ਫਿਲਮਾਂ 'ਚ ਕੰਮ ਕੀਤਾ, ਜਿਨ੍ਹਾਂ 'ਚ 'ਨਮਸਤੇ ਲੰਦਨ', 'ਖਿਲਾੜੀ 786', 'ਹਮਕੋ ਦੀਵਾਨਾ ਕਰ ਗਏ', 'ਸਿੰਘ ਇਜ਼ ਕਿੰਗ' ਤੇ 'ਸਿੰਘ ਇਜ਼ ਬਿਗ' ਆਦਿ ਸ਼ਾਮਲ ਹਨ।

## ਰਣਜੀਤ ਗਿੱਲ ਦਾ ਕਾਵਿ ਸੰਗ੍ਰਹਿ 'ਉਡਾਰੀਆਂ' ਅਤੇ ਸਾਧੂ ਸਿੰਘ ਸੰਘਾ ਦਾ ਨਾਵਲ 'ਤਿੜਕਦੀ ਹਵੇਲੀ' ਲੋਕ ਅਰਪਣ




**ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ** :- ਫਰਿਜ਼ਨੋ ਦੇ ਨਾਰਥ ਪੁਆਇੰਟ ਈਵੈਂਟ ਸੈਂਟਰ (ਕਰੀ ਹਾਊਸ ਰੈਸਟੋਰੈਂਟ) ਵਿਖੇ ਸਥਾਨਕ ਗਦਰੀ ਬਾਬਿਆਂ ਨੂੰ ਸਮਰਪਿਤ ਸੰਸਥਾ 'ਇੰਡੋ-ਯੂ. ਐਸ.ਏ. ਹੈਰੀਟੇਜ਼ ਫਰਿਜ਼ਨੋ ਵੱਲੋਂ ਸਾਧੂ ਸਿੰਘ ਸੰਘਾ ਦਾ ਨਾਵਲ 'ਤਿੜਕਦੀ ਹਵੇਲੀ' ਅਤੇ ਰਣਜੀਤ ਗਿੱਲ ਦਾ ਪਲੇਠਾ ਕਾਵਿ ਸੰਗ੍ਰਹਿ 'ਉਡਾਰੀਆਂ' ਲੋਕ ਅਰਪਣ ਕੀਤੇ ਗਏ। ਇਹ ਸਮਾਗਮ ਉੱਘੇ ਕਾਰੋਬਾਰੀ ਚਰਨਜੀਤ ਸਿੰਘ ਬਾਠ ਵੱਲੋਂ ਸਪਾਂਸਰ ਕੀਤਾ ਗਿਆ। ਇਸ ਮੌਕੇ ਪੰਜਾਬੀ ਸਹਿਤ ਸਭਾ ਕੈਲੀਫੋਰਨੀਆ ਦੇ ਮੈਂਬਰ ਉਚੇਚੇ ਤੌਰ 'ਤੇ ਸੈਕਰਾਮੈਂਟੋ ਤੋਂ ਪਹੁੰਚੇ ਹੋਏ ਸਨ। ਇਸ ਮੌਕੇ ਮੁੱਖ ਮਹਿਮਾਨ ਡਾਕਟਰ ਪਿਰਥੀਪਾਲ ਸਿੰਘ ਸੋਹੀ ਅਤੇ ਪ੍ਰੋਫੈਸਰ ਹਰਿੰਦਰ ਕੌਰ ਸੋਹੀ ਸਰੀ ਕੈਨੇਡਾ ਤੋਂ ਘੁੰਡ ਚੁਕਾਈ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਖ਼ਾਸ ਸੱਦੇ 'ਤੇ ਆਏ ਹੋਏ ਸਨ। ਇਹ ਦੋਵੇਂ ਕਿਤਾਬਾਂ ਲੋਕਲ ਸ਼ਾਇਰਾਂ, ਸਾਹਿਤਕਾਰਾਂ, ਪੱਤਰਕਾਰਾਂ ਅਤੇ ਰੇਡੀਓ ਹੋਸਟਾਂ ਦੀ ਹਾਜ਼ਰੀ ਵਿੱਚ ਫਰਿਜ਼ਨੋ ਦੇ ਪਤਵੰਤਿਆਂ ਵੱਲੋਂ ਲੋਕ ਅਰਪਣ ਕੀਤੀਆਂ ਗਈਆਂ। ਪ੍ਰੋਗਰਾਮ ਦਾ ਆਗਾਜ਼ ਪੱਤਰਕਾਰ ਨੀਟਾ ਮਾਛੀਕੇ ਨੇ ਸਭਨਾਂ ਨੂੰ ਨਿੱਘੀ ਜੀ ਆਇਆਂ ਆਖਕੇ ਸ਼ਾਇਰਾਨਾ ਅੰਦਾਜ਼ ਵਿੱਚ ਕੀਤਾ। ਉਪਰੰਤ ਸਾਧੂ ਸਿੰਘ ਸੰਘਾ ਨੇ ਆਏ ਸੱਜਣਾਂ ਦਾ ਸਵਾਗਤ ਕੀਤਾ ਅਤੇ ਵਾਰੋ ਵਾਰੀ ਪ੍ਰੋ. ਹਰਿੰਦਰ ਕੌਰ ਸੋਹੀ ਅਤੇ ਡਾ. ਪ੍ਰਿਥੀਪਾਲ ਸਿੰਘ ਸੋਹੀ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ। ਇਸ ਮੌਕੇ ਪ੍ਰੋ. ਹਰਿੰਦਰ ਕੌਰ ਸੋਹੀ ਅਤੇ ਡਾ. ਪ੍ਰਿਥੀਪਾਲ ਸੋਹੀ ਨੇ ਦੋਵਾਂ ਕਿਤਾਬਾਂ ਤੇ ਵਿਸਥਾਰ ਵਿੱਚ ਚਰਚਾ ਕੀਤੀ ਅਤੇ ਕਿਹਾ ਕਿ ਸਰਲ ਭਾਸ਼ਾ ਵਿੱਚ ਲਿਖੀਆਂ ਇਹ ਦੋਵੇਂ ਕਿਤਾਬਾਂ ਸਾਨੂੰ ਸਾਰਿਆਂ ਨੂੰ ਜ਼ਰੂਰ ਪੜਨੀਆਂ ਚਾਹੀਦੀਆਂ ਹਨ। ਉਨਾਂ ਕਿਹਾ ਕਿ ਜਦੋਂ ਅਸੀਂ ਰਣਜੀਤ ਗਿੱਲ ਦੀ ਪੁਸਤਕ 'ਉਡਾਰੀਆਂ' ਪੜਦੇ ਹਾਂ ਤਾਂ ਇੰਝ ਲਗਦਾ ਹੈ ਕਿ ਜਿਵੇਂ ਇਨਕਲਾਬੀ ਰੰਗ ਵਿੱਚ ਰੰਗਿਆ ਰਣਜੀਤ ਗਿੱਲ ਸੰਤਰਾਮ ਉਦਾਸੀ ਤੇ ਅਵਤਾਰ ਪਾਸ਼ ਦੇ ਵਿਚਕਾਰ ਆ ਖੜੋਤਾ ਹੋਵੇ। ਇਸੇ ਤਰੀਕੇ ਸਾਧੂ ਸਿੰਘ ਸੰਘਾ ਦੇ ਨਾਵਲ 'ਤਿੜਕਦੀ ਹਵੇਲੀ' ਦੀ ਗੱਲ ਕਰਦਿਆਂ ਉਨਾਂ ਕਿਹਾ ਕਿ ਇਹ ਨਾਵਲ 1925 ਤੋਂ ਲੈ ਕੇ ਗਰੀਨ ਰੈਵੂਲੇਸ਼ਨ ਤੱਕ ਦੀ ਦੋ ਪੀੜੀਆਂ ਦੀ ਕਹਾਣੀ ਹੈ। ਇਸ ਵਿੱਚ ਦਰਸਾਇਆ ਗਿਆ ਹੈ ਕਿ ਰਿਸ਼ਤਿਆਂ ਦੇ ਤਿੜਕਣ ਨਾਲ, ਹਵੇਲੀ ਵੀ ਤਿੜਕਦੀ ਹੈ। ਇਸ ਮੌਕੇ ਇੰਡੋ ਯੂ ਐਸ ਏ ਹੈਰੀਟੇਜ (ਫਰਿਜ਼ਨੋ) ਦੇ ਸਮੂਹ ਮੈਂਬਰਾਂ ਨੇ ਸ਼ਿਰਕਤ ਕੀਤੀ। ਰਣਜੀਤ ਗਿੱਲ ਅਤੇ ਸਾਧੂ ਸਿੰਘ ਸੰਘਾ ਨੇ ਜਸਵਿੰਦਰ ਸਿੰਘ (ਨਿਊ ਇੰਡੀਆ ਸਵੀਟਸ ਐਂਡ ਸਪਾਈਸਜ਼) ਜਗੀਰ ਸਿੰਘ ਗਿੱਲ ( ਗਿੱਲ ਕੈਰੀਅਰ), ਤੇ ਹਰਮਨ ਬਾਵਾ ਦਾ ਵਿਸ਼ੇਸ਼ ਪ੍ਰਬੰਧਾਂ ਲਈ ਧੰਨਵਾਦ ਕੀਤਾ। ਹੋਰ ਬੋਲਣ ਵਾਲੇ ਬੁਲਾਰਿਆਂ ਵਿੱਚ ਹਰਨਾਮ ਸਿੰਘ ਪੰਨੂ, ਡਾ. ਅਰਜਨ ਸਿੰਘ ਜੋਸ਼ਨ, ਗੁਰਦੀਪ ਸਿੰਘ ਅਣਖੀ, ਹਰਜਿੰਦਰ ਢੇਸੀ, ਸ਼ਾਇਰ ਹਰਜਿੰਦਰ ਕੰਗ, ਸ਼ਾਇਰ ਦਿਲ ਨਿੱਝਰ, ਮਨਰੀਤ ਕੌਰ (ਪ੍ਰਧਾਨ ਪੰਜਾਬੀ ਸਹਿਤ ਸਭਾ ਕੈਲੀਫੋਰਨੀਆ), ਹਾਕਮ ਸਿੰਘ ਢਿੱਲੋਂ, ਕਰਮ ਸੰਘਾ, ਅਜੈਬ ਸਿੰਘ ਸੰਘਾ, ਨਾਜਰ ਸਹੋਤਾ, ਅਮਰਜੀਤ ਦੌਧਰ, ਜਥੇਦਾਰ ਜੁਗਰਾਜ ਸਿੰਘ ਦੌਧਰ , ਅਰਜਨ ਸਿੰਘ ਜੋਸ਼ਨ, ਬਬਲਾ ਮਲੂਕਾ, ਪਿਸ਼ੌਰਾ ਸਿੰਘ ਢਿੱਲੋਂ, ਦਲਜੀਤ ਰਿਆੜ, ਗੁਰਜਤਿੰਦਰ ਰੰਧਾਵਾ, ਜਗਸੀਰ

## 'ਹਸੰਦਿਆਂ ਖੇਲੰਦਿਆਂ' ਪੜਦਿਆਂ

**ਪ੍ਰਿੰ. ਸਰਵਣ ਸਿੰਘ**

ਦੁੱਖ-ਸੁਖ ਧੁਰੋਂ ਬੰਦੇ ਦੇ ਨਾਲ ਨੇ। ਮੇਰੇ ਬਹੁਤ ਸਾਰੇ ਸੱਜਣ ਮਿੱਤਰ ਤੇ ਸਾਕ ਸੰਬੰਧੀ ਵਿਛੜ ਗਏ ਨੇ ਤੇ ਇਕ ਦਿਨ ਮੈਂ ਵੀ ਵਿਛੜ ਜਾਣਾ ਹੈ। ਮੈਂ ਤਾਂ ਵਿਛੜ ਜਾਵਾਂਗਾ ਪਰ ਮੇਰੀਆਂ ਲਿਖਤਾਂ ਫਿਰ ਵੀ ਜ਼ਿੰਦਾ ਰਹਿਣਗੀਆਂ ਜਿਨ੍ਹਾਂ ਵਿਚ ਦੀ ਮੈਂ ਆਪਣੀਆਂ ਬਾਤਾਂ ਪਾਉਂਦਾ ਰਹਾਂਗਾ। ਹਸਦੇ ਵਸਦੇ ਤੇ ਰੋਣੇ ਰੋਂਦੇ ਜਹਾਨ ਨੂੰ ਹਾਸ਼ਮ ਸ਼ਾਹ ਨੇ 'ਮੁਸਾਫ਼ਰਖਾਨਾ' ਕਿਹਾ ਹੈ:

ਇਕਸੇ ਤਾਰ ਬਹਾਰ ਨਾ ਰਹਿੰਦੀ, ਨਹੀਂ ਇਕਸੇ ਤੌਰ ਜ਼ਮਾਨਾ
ਹਰ ਦਿਨ ਚਾਲ ਨਹੀਂ ਅਲਬੇਲੀ, ਨਹੀਂ ਹਰ ਦਮ ਜ਼ੋਰ ਜਵਾਨਾ
**ਰੋਵਣ ਸੋਗ ਹਮੇਸ਼ ਨਾ ਹੋਵੇ, ਨਹੀਂ ਨਿੱਤ ਨਿੱਤ ਰਾਗ ਸੁਹਾਨਾ**
ਹਾਸ਼ਮ ਬੈਠ ਗਈਆਂ ਲੱਖ ਡਾਰਾਂ, ਇਹ ਜਗਤ ਮੁਸਾਫ਼ਰਖਾਨਾ

ਕਰਨੈਲ ਸਿੰਘ 'ਪਾਰਸ' ਹੋਰਾਂ ਦੇ ਦੋ ਤਵੇ ਬੜੇ ਚੱਲੇ ਸਨ : ਹੈ ਆਉਣ ਜਾਣ ਬਣਿਆ ਦੁਨੀਆਂ ਚਹੁੰ ਕੁ ਦਿਨਾਂ ਦਾ ਮੇਲਾ ਅਤੇ ਜੱਗ ਜੰਕਸ਼ਨ ਰੇਲਾਂ ਦਾ ਗੱਡੀ ਇਕ ਆਵੇ ਇਕ ਜਾਵੇ। ਬਚਪਨ ਵਿਚ ਮੈਂ ਸਾਧੂ ਦਇਆ ਸਿੰਘ ਆਰਿਫ਼ ਦਾ ਕਿੱਸਾ 'ਜ਼ਿੰਦਗੀ ਬਿਲਾਸ' ਬੜੇ ਸ਼ੌਕ ਨਾਲ ਪੜ੍ਹਦਾ ਸਾਂ। ਡੰਗਰ ਚਾਰਦੇ ਪਾਲੀ ਮੁੰਡੇ ਜਦੋਂ ਛੱਪੜ ਕੰਢੇ ਬੋਹੜਾਂ ਦੀ ਛਾਵੇਂ ਬਹਿੰਦੇ ਜਾਂ ਰਾਤਾਂ ਨੂੰ ਅਸੀਂ 'ਕੱਠੇ ਪੜਦੇ ਤਾਂ ਕਿੱਸਿਆਂ ਦੇ ਬੈਂਤ, ਕਬਿੱਤ ਤੇ ਕੋਰੜੇ ਛੰਦ ਸੁਣਾਉਣ ਲੱਗਦੇ।

ਪਤਾ ਨਹੀਂ ਉਹ ਪਾਲੀ ਮੁੰਡੇ ਕਿਧਰ ਚਲੇ ਗਏ ਤੇ ਮੇਰੇ ਨਾਲ ਪੜ੍ਹਨ ਵਾਲੇ ਜਮਾਤੀ ਵੀ ਨਹੀਂ ਰਹੇ। ਉਹ ਸਮੇਂ ਦੀ ਧੂੜ ਵਿਚ ਗੁਆਚ ਗਏ ਨੇ। ਮੇਰੇ ਨਾਲ ਮਾਲ ਚਾਰਨ ਵਾਲੇ ਪਾਲੀਆਂ ਦੀਆਂ ਹਾਕਾਂ ਦਾ ਜ਼ਮਾਨਾ ਲੱਦ ਗਿਆ ਹੈ। ਚਾਰ ਚੁਫੇਰੇ ਸੈੱਲ ਫੋਨਾਂ ਦੀਆਂ ਘੰਟੀਆਂ ਵੱਜਣ ਲੱਗ ਪਈਆਂ ਨੇ। ਜ਼ਿੰਦਗੀ ਬਿਲਾਸ ਦੀਆਂ ਕੁਝ ਸਤਰਾਂ ਯਾਦ ਆ ਰਹੀਆਂ ਨੇ:

ਉੱਨੀ ਸਾਲ ਵਿਚ ਉਤ ਨਾ ਸੋਚਿਆ ਤੈਂ ਸਦਾ ਨਹੀਂ ਜੇ ਹੁਸਨ ਦੀ ਝੜੀ ਰਹਿਣੀ
ਖਾ ਲੈ ਖਰਚ ਲੈ ਪੁੰਨ ਤੇ ਦਾਨ ਕਰ ਲੈ ਦੌਲਤ ਵਿਚ ਜਮੀਨ ਦੇ ਪੜੀ ਰਹਿਣੀ
ਕੋਈ ਰੋਜ਼ ਤੂੰ ਸੜਕ 'ਤੇ ਸੈਰ ਕਰ ਲੈ ਬੱਘੀ ਵਿਚ ਤਬੇਲੇ ਦੇ ਖੜੀ ਰਹਿਣੀ
ਆਖ਼ਰ ਉਮਰ ਦੀ ਡੋਰ ਨੇ ਟੁੱਟ ਜਾਣਾ ਗੱਡੀ ਸਦਾ ਨਾ ਜੱਗ 'ਤੇ ਚੜੀ ਰਹਿਣੀ

ਇਹ ਸੱਚ ਹੈ ਕਿ ਉਮਰ ਦੀ ਡੋਰ ਨੇ ਆਖ਼ਰ ਟੁੱਟ ਜਾਣਾ ਹੈ। ਪਰ ਇਹ ਵੀ ਸੱਚ ਹੈ ਕਿ ਜਦ ਤਕ ਡੋਰ ਹੈ ਤਦ ਤਕ ਗੁੱਡੀ ਚੜੀ ਰਹਿਣੀ ਹੈ। ਹੁਸਨ ਫਿਰ ਵੀ ਹੁਸਨ ਹੈ, ਬੇਸ਼ੱਕ ਇਹਨੇ ਸਦਾ ਨਹੀਂ ਰਹਿਣਾ। ਦੌਲਤ ਵਰਤਣ ਲਈ ਹੈ, ਵਰਤੀ ਗਈ ਤਾਂ ਵਰਤੀ ਗਈ, ਨਹੀਂ ਜ਼ਮੀਨ ਵਿਚ ਤਾਂ ਪਈ ਹੀ ਹੈ। ਬੱਘੀਆਂ ਸੈਰ ਲਈ ਹਨ, ਨਹੀਂ ਤਬੇਲੇ ਵਿਚ ਤਾਂ ਖੜੀਆਂ ਹੀ ਹਨ। ਦਇਆ ਸਿੰਘ, ਸਾਧੂ ਹੋ ਕੇ ਵੀ ਕਹਿ ਰਿਹੈ: ਹੁਣ ਨੂੰ ਮਾਣ ਲੈ, ਇਹ ਮੁੜ ਕੇ ਨਹੀਂ ਮਿਲਣਾ। ਜਿਹੜੇ ਹੁਣ ਨੂੰ ਨਹੀਂ ਮਾਣਦੇ, ਕਦੇ ਭੂਤਕਾਲ ਤੇ ਕਦੇ ਭਵਿੱਖ ਵਿਚ ਗੁਆਚੇ ਰਹਿੰਦੇ ਨੇ ਉਨ੍ਹਾਂ ਲਈ ਸਬਕ ਹੈ। ਬਥੇਰੇ ਹਨ ਜਿਹੜੇ ਜੀਵਨ 'ਚ ਮਿਲਦੀਆਂ ਖ਼ੁਸ਼ੀਆਂ ਨੂੰ ਮਾਨਣ ਦੀ ਥਾਂ ਮੁਲਤਵੀ ਕਰਦੇ ਹੋਏ ਹੀ ਮਰ ਮੁੱਕ ਜਾਂਦੇ ਨੇ। ਸਤਰ ਧਿਆਨ ਮੰਗਦੀ ਹੈ: ਖਾ ਲੈ, ਖਰਚ ਲੈ, ਪੁੰਨ ਤੇ ਦਾਨ ਕਰ ਲੈ। ਖਾਓ ਪੀਓ ਵੀ ਤੇ ਭਲੇ ਦੇ ਕੰਮ ਵੀ ਕਰੋ। ਹੁਣ ਨੂੰ ਮਾਣੋ ਤੇ ਵਾਫਰ ਨੂੰ ਲੋੜਵੰਦਾਂ ਵਿਚ ਵੰਡ ਲਓ। ਕਿਰਤ ਕਰੋ, ਵੰਡ ਛਕੋ। ਹਸੰਦਿਆਂ, ਖੇਲੰਦਿਆਂ, ਪੈਨੰਦਿਆਂ, ਖਾਵੰਦਿਆਂ ਮੁਕਤੀ ਪ੍ਰਾਪਤ ਕਰੋ।




ਮਨੁੱਖ ਦੀ ਦੇਹ ਜ਼ਰੂਰ ਨਾਸ਼ਵਾਨ ਹੈ ਪਰ ਮਨੁੱਖ ਨਾਸ਼ਵਾਨ ਨਹੀਂ। ਮਨੁੱਖ ਦਾ ਜੀਵਨ ਵਿਚ ਵਿਸ਼ਵਾਸ ਬੱਝਿਆ ਰਹਿਣਾ ਚਾਹੀਦੈ। ਜੀਵਨ ਉਹੀ ਹੈ ਜਿਸ ਵਿਚ ਆਸ ਤੇ ਉਮੀਦ, ਉਤਸ਼ਾਹ ਤੇ ਉਮਾਹ ਕਾਇਮ ਰਹਿਣ ਅਤੇ ਚਾਵਾਂ ਤੇ

**ਸਵੈਜੀਵਨੀ**

ਖੇੜਿਆਂ ਨੂੰ ਸੋਕਾ ਨਾ ਆਵੇ। ਬੰਦਾ ਆਹਰੇ ਲੱਗਾ ਰਹੇ ਤੇ ਹੱਕਾਂ ਲਈ ਲੋਟੂਆਂ ਵਿਰੁੱਧ ਸੰਘਰਸ਼ ਕਰਦਾ ਰਵੇ। ਜੀਵਨ 'ਚ ਭਰੋਸੇ ਨੂੰ ਪੱਕਿਆਂ ਕਰਨਾ, ਹੋਰ ਜਿਉਣਜੋਗ ਬਣਾਉਣਾ ਤੇ ਹਰ ਮੁਸ਼ਕਲ ਵਿਚ ਜਿਉਣ ਦਾ ਵੱਲ ਸਿਖਾਉਣਾ ਲੇਖਕ ਦੀ ਲਿਖਤ ਦਾ ਮੁੱਖ ਮਨੋਰਥ ਹੋਣਾ ਚਾਹੀਦੈ। ਦੁਖ-ਦਰਦ, ਬਿਰਹਾ-ਵਿਛੋੜੇ, ਤੰਗੀਆਂ-ਤੁਰਸ਼ੀਆਂ ਤੇ ਗ਼ਮੀਆਂ-ਉਦਾਸੀਆਂ ਭਲਾ ਕੀਹਦੇ ਜੀਵਨ ਵਿਚ ਨਹੀਂ ਆਉਂਦੀਆਂ ? ਕਈ ਇਨ੍ਹਾਂ ਅੱਗੇ ਢੇਰੀ ਢਾਹ ਬਹਿੰਦੇ ਨੇ ਤੇ ਕਈ ਦਿਲ ਗੁਰਦੇ ਨਾਲ ਇਨ੍ਹਾਂ ਤੋਂ ਪਾਰ ਹੋ ਜਾਂਦੇ ਨੇ। ਨਾ ਦੁੱਖ ਸਦੀਵੀ ਹੁੰਦੇ ਨੇ ਤੇ ਨਾ ਸੁਖ ਸਦੀਵੀ ਰਹਿੰਦੇ ਨੇ। ਦੁੱਖ-ਸੁਖ ਨੂੰ ਸਮ ਕਰ ਜਾਣਨ ਵਾਲੇ ਹੀ ਵਧੇਰੇ ਸੌਖੇ ਰਹਿੰਦੇ ਨੇ। ਜਿਹੜੇ ਮੁਸ਼ਕਲਾਂ ਵਿਚ ਵੀ ਹੱਸ ਖੇਡ ਸਕਦੇ ਨੇ, ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਦਾ ਉਮਰਾਂ ਕਦੋਂ ਬੀਤ ਜਾਂਦੀਆਂ ਨੇ !

ਅੱਜ 82ਵੇਂ ਜਨਮ ਦਿਨ 'ਤੇ ਸੋਚਦਾਂ ਉਮਰ ਤਾਂ ਭੱਜੀ ਜਾ ਰਹੀ ਐ। ਕੋਵਿਡ ਦਾ ਕੋਈ ਵਿਸਾਹ ਨਹੀਂ ਪਰ ਕੰਮ ਅਜੇ ਵੀ ਬਹੁਤ ਸਾਰੇ ਪਏ ਨੇ ਕਰਨ ਵਾਲੇ। ਸੋਚਦਾਂ ਅਜੇ ਚੁਰਾਸੀ ਕੱਟਣੀ ਹੈ, ਫਿਰ ਨੱਬੇ ਤੇ ਕੀ ਪਤਾ ਸੈਂਚਰੀ ਹੀ ਵੱਜ ਜਾਵੇ। ਅਜੇ ਕਈ ਕਿਤਾਬਾਂ ਨੇ ਲਿਖਣ ਵਾਲੀਆਂ। ਮੈਂ ਭਾਗਾਂ ਵਾਲਾ ਹਾਂ ਜਿਸ ਨੂੰ ਪੰਜਾਬੀ ਪਿਆਰਿਆਂ ਤੋਂ ਬੜਾ ਮਾਣ ਸਤਿਕਾਰ ਮਿਲਿਆ। ਸਭਨਾਂ ਦਾ ਰਿਣੀ ਹਾਂ ਤੇ ਦਿਲੋਂ ਧੰਨਵਾਦੀ ਹਾਂ। ਸ਼ੁਕਰ ਐ, ਮੇਰੀ ਕਲਮ ਅਜੇ ਚਲਦੀ ਹੈ ਤੇ ਆਸ ਹੈ ਆਖ਼ਰੀ ਦਮ ਤਕ ਚਲਦੀ ਰਹੇਗੀ। ਸੱਚੀ ਗੱਲ ਐ, ਦਿਲ ਨੀ ਜਾਣ ਨੂੰ ਕਰਦਾ ਰੰਗਲੀ ਦੁਨੀਆ ਤੋਂ। ਪਰ ਏਥੇ ਕੋਈ ਸਦਾ ਜੀਂਦਾ ਨਹੀਂ ਰਿਹਾ। ਨਿਰਾਸ਼ ਨਹੀਂ, ਆਸ਼ਾਵਾਦੀ ਹਾਂ। ਅੰਤਲੇ ਦਮ ਤਕ ਪੰਜਾਬ, ਪੰਜਾਬੀ ਤੇ ਪੰਜਾਬੀਅਤ ਲਈ ਜੂਝਾਂਗਾ। ਗੁਰਵਾਕ ਅੰਗ ਸੰਗ ਹੈ ਜਿਸ ਵਿਚੋਂ ਮੈਂ ਆਪਣੀ ਸਵੈਜੀਵਨੀ ਦਾ ਨਾਂ ਰੱਖਿਆ ਸੀ।

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥**
**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥**

# ਪੱਤਰਕਾਰੀ ਦੀਆਂ ਕਦਰਾਂ-ਕੀਮਤਾਂ ਦੀ ਲਾਜ ਰੱਖੀ ਜਾਵੇ

**ਪ੍ਰੋਫੈਸਰ ਕੁਲਬੀਰ ਸਿੰਘ**

ਪੰਜਾਬੀ ਖ਼ਬਰ ਚੈਨਲ ਚੰਗੀ ਕੋਸ਼ਿਸ਼ ਕਰ ਰਹੇ ਹਨ। ਕੋਰੋਨਾ ਸੰਕਟ ਹੋਵੇ, ਕਿਸਾਨ ਸੰਘਰਸ਼ ਹੋਵੇ ਜਾਂ ਪੰਜਾਬ ਦੇ ਭਖਦੇ ਮਸਲੇ ਹੋਣ, ਰੋਜ਼ਾਨਾ ਇਨਾਂ ਦੇ ਵੱਖ-ਵੱਖ ਪਹਿਲੂਆਂ ਸਬੰਧੀ ਵਿਚਾਰ-ਚਰਚਾ ਪੇਸ਼ ਕੀਤੀ ਜਾਂਦੀ ਹੈ। ਮੁਲਾਕਾਤ ਆਧਾਰਿਤ ਪ੍ਰੋਗਰਾਮਾਂ ਵਿਚ ਵੀ ਪੰਜਾਬ ਦੇ ਸਮਾਜਿਕ, ਸਿਆਸੀ ਮਸਲਿਆਂ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਪ੍ਰੰਤੂ ਉਦੋਂ ਅਜਿਹੇ ਪ੍ਰਸਾਰਨਾਂ ਦੀ ਭਰੋਸੇਯੋਗਤਾ ਘਟ ਜਾਂਦੀ ਹੈ ਜਦ ਕਿਸੇ ਪਾਰਟੀ ਵਿਸ਼ੇਸ਼ ਦੇ ਹਿੱਤਾਂ ਦੀ ਪੂਰਤੀ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਦਿੱਲੀ ਵਿਖੇ ਜਦ ਕਿਸਾਨ ਅੰਦੋਲਨ ਪੂਰੀ ਤਰਾਂ ਭਖਿਆ ਹੋਇਆ ਸੀ ਤਾਂ ਪਲ-ਪਲ ਦੀ ਤਾਜ਼ਾ ਜਾਣਕਾਰੀ ਲਈ ਪੰਜਾਬੀ ਦਰਸ਼ਕ ਪੰਜਾਬੀ ਚੈਨਲ ਹੀ ਲਗਾਉਂਦੇ ਸਨ, ਕਿਉਂਕਿ ਕੌਮੀ ਚੈਨਲ ਸੰਤੁਲਿਤ ਕਵਰੇਜ ਨਹੀਂ ਦੇ ਰਹੇ ਸਨ। ਪੰਜਾਬੀ ਚੈਨਲਾਂ ਦੇ ਸਮਾਚਾਰ ਸੰਪਾਦਕਾਂ, ਨਿਊਜ਼ ਐਂਕਰਾਂ ਅਤੇ ਰਿਪੋਰਟਰਾਂ ਨੇ ਸਖ਼ਤ ਮਿਹਨਤ ਕੀਤੀ। ਕੋਰੋਨਾ ਸੰਕਟ ਲੰਮਾ ਖਿਚਦਾ ਜਾ ਰਿਹਾ ਹੈ ਪ੍ਰੰਤੂ ਪੰਜਾਬੀ ਚੈਨਲਾਂ ਦੀਆਂ ਟੀਮਾਂ ਲਗਾਤਾਰ ਲੱਗੀਆਂ ਹੋਈਆਂ ਹਨ। ਪੰਜਾਬ, ਭਾਰਤ ਅਤੇ ਸਮੁੱਚੇ ਸੰਸਾਰ ਦੀ ਤਾਜ਼ਾ ਜਾਣਕਾਰੀ ਮੁਹੱਈਆ ਕਰਨ ਵਿਚ ਪੰਜਾਬੀ ਖ਼ਬਰ ਚੈਨਲ, ਕੌਮੀ ਚੈਨਲਾਂ ਤੋਂ ਕਿਸੇ ਵੀ ਤਰਾਂ ਪਿੱਛੇ ਨਹੀਂ ਰਹੇ। ਪ੍ਰੰਤੂ ਪੇਸ਼ਕਾਰੀ ਤੇ ਮਿਆਰ ਪੱਖੋਂ ਕਈ ਵਾਰ ਕੁਝ ਪੰਜਾਬੀ ਚੈਨਲਾਂ ਦੇ ਐਂਕਰ ਅਤੇ ਰਿਪੋਰਟਰ ਪਛੜ ਜਾਂਦੇ ਹਨ। ਉਦਾਹਰਨ ਵਜੋਂ ਇਕ ਪੰਜਾਬੀ ਖ਼ਬਰ ਚੈਨਲ ਦੇ ਐਂਕਰ ਨੇ ਦਿੱਲੀ ਤੋਂ ਲਗਾਤਾਰ ਕਿਸਾਨ ਸੰਘਰਸ਼ ਦੀ ਕਵਰੇਜ ਮੂੰਹ 'ਤੇ ਰੁਮਾਲ ਬੰਨ ਕੇ ਕੀਤੀ। ਕਲੋਜ ਅੱਪ ਵੇਲੇ ਮੂੰਹ 'ਤੇ ਬੰਨਿਆ ਰੁਮਾਲ ਭੱਦਾ ਲਗਦਾ ਸੀ। ਇਹੀ ਨਹੀਂ ਦਰਸ਼ਕਾਂ ਨੂੰ ਗ਼ਲਤ ਸੁਨੇਹਾ ਵੀ ਜਾਂਦਾ ਸੀ ਕਿਉਂਕਿ ਡਾਕਟਰਾਂ, ਸਿਹਤ ਵਿਗਿਆਨੀਆਂ ਅਤੇ ਵਿਸ਼ਵ ਸਿਹਤ ਸੰਗਠਨ ਨੇ ਬਹੁਤ ਪਹਿਲਾਂ ਸਪੱਸ਼ਟ ਕਰ ਦਿੱਤਾ ਸੀ ਕਿ ਸਹੀ ਮਾਪਦੰਡਾਂ ਅਨੁਸਾਰ ਬਣਿਆ ਮਾਸਕ ਹੀ ਕੋਰੋਨਾ ਵਾਇਰਸ ਤੋਂ ਬਚਾਅ ਕਰ ਸਕਦਾ ਹੈ। ਆਮ ਕੱਪੜਾ ਜਾਂ ਰੁਮਾਲ ਉਸ ਦੀ ਥਾਂ ਨਹੀਂ ਲੈ ਸਕਦਾ।

ਜਦ ਮੈਂ ਇਸ ਸਿਲਸਿਲੇ ਵਿਚ ਚੈਨਲ ਅਧਿਕਾਰੀਆਂ ਨਾਲ ਗੱਲ ਕੀਤੀ ਤਾਂ ਉਨਾਂ ਦਾ ਜਵਾਬ ਸੀ, 'ਹੁਣੇ ਰਿਪੋਰਟਰ ਨਾਲ ਗੱਲ ਕਰਦੇ ਹਾਂ।' ਪਰ ਉਹ ਰਿਪੋਰਟਰ ਉਸੇ ਤਰਾਂ ਮਹੀਨਿਆਂ ਤੱਕ ਮਾਸਕ ਦੀ ਬਜਾਏ ਰੁਮਾਲ ਬੰਨ ਕੇ ਰਿਪੋਰਟਿੰਗ ਕਰਦਾ ਰਿਹਾ।

ਪ੍ਰਾਈਮ ਟਾਈਮ 'ਤੇ ਹੋਣ ਵਾਲੀ ਵਿਚਾਰ ਚਰਚਾ ਵਿਚ ਖ਼ਬਰ ਚੈਨਲਾਂ ਦਾ ਉਤਸ਼ਾਹ ਸ਼ਲਾਘਾਯੋਗ ਹੁੰਦਾ ਹੈ। ਚਰਚਾ ਲਈ ਵਿਸ਼ੇ ਦੀ ਚੋਣ ਵੀ ਅਕਸਰ ਸਹੀ ਹੁੰਦੀ ਹੈ। ਪ੍ਰੰਤੂ ਮਾਹੌਲ ਤੇ ਮਿਆਰ ਚਰਚਾ ਵਾਲਾ ਨਹੀਂ ਹੁੰਦਾ। ਅਕਸਰ ਉਹੀ ਲੋਕ ਵਾਰ-ਵਾਰ ਪੈਨਲ ਵਿਚ ਮੌਜੂਦ ਹੁੰਦੇ ਹਨ। ਕੋਈ ਵੀ ਦੂਸਰੇ ਨੂੰ ਸੁਣਨ ਲਈ ਤਿਆਰ ਨਹੀਂ ਹੁੰਦਾ। ਅਸਲ ਗੱਲ, ਅਸਲ ਮੁੱਦਾ ਰੌਲੇ-ਰੱਪੇ ਵਿਚ ਗੁਆਚ ਜਾਂਦਾ ਹੈ। ਇਸ ਤੋਂ ਬਚਣ ਦੀ ਲੋੜ ਹੈ।

ਮੈਂ ਜਦ ਵੀ ਪੰਜਾਬੀ ਚੈਨਲ ਦੇਖਦਾ ਹਾਂ ਉਥੇ ਕਿਹੜੇ ਚੈਨਲ 'ਤੇ ਕਿੰਨਾ ਸਮਾਂ ਰੁਕਦਾ ਹਾਂ, ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਚਰਚਾ ਲਈ ਕਿਹੜੇ ਵਿਸ਼ੇ, ਮਸਲੇ ਦੀ ਚੋਣ ਕੀਤੀ ਗਈ ਹੈ। ਐਂਕਰ ਕੌਣ ਹੈ ਅਤੇ ਪੈਨਲ ਵਿਚ ਸ਼ਾਮਿਲ ਮਾਹਿਰ ਕਿਸ ਮਿਆਰ ਦੇ ਹਨ। ਜੇ ਪੈਨਲ ਵਿਚ ਬਹੁਤੇ ਸਿਆਸੀ ਪਾਰਟੀਆਂ ਦੇ ਪ੍ਰਤੀਨਿਧ ਬੈਠੇ ਹੋਣ ਤਾਂ ਮੈਂ ਇਕ ਦੋ ਮਿੰਟਾਂ ਵਿਚ ਸਾਰੇ ਚੈਨਲਾਂ 'ਤੇ ਉੱਡਦੀ ਝਾਤ ਮਾਰ ਕੇ ਅਗਾਂਹ ਨਿਕਲ ਜਾਂਦਾ ਹਾਂ। ਇਸ ਦਾ ਅਰਥ




ਇਹ ਹੋਇਆ ਕਿ ਪੰਜਾਬੀ ਖ਼ਬਰ ਚੈਨਲਾਂ ਨੂੰ ਚਰਚਾ ਲਈ ਵਿਸ਼ੇ ਦੀ ਚੋਣ, ਐਂਕਰ ਅਤੇ ਪੈਨਲ ਦੀ ਚੋਣ ਬੜੀ ਸਮਝਦਾਰੀ ਅਤੇ ਸੋਚ-ਵਿਚਾਰ ਕੇ ਕਰਨੀ ਚਾਹੀਦੀ ਹੈ। ਮੁਲਾਕਾਤ ਆਧਾਰਿਤ ਪ੍ਰੋਗਰਾਮਾਂ ਵਿਚ ਵੀ ਐਂਕਰ ਅਤੇ ਸ਼ਖ਼ਸੀਅਤ ਦੀ ਚੋਣ ਅਨੁਸਾਰ ਹੀ ਦਿਲਚਸਪੀ ਬਣਦੀ ਹੈ। ਇਸੇ ਲਈ ਮੈਂ ਅਕਸਰ ਇਸ ਕਾਲਮ ਵਿਚ ਅਨੁਭਵੀ ਐਂਕਰਾਂ ਦੇ ਮਹੱਤਵ ਸਬੰਧੀ ਜ਼ਿਕਰ ਕਰਦਾ ਰਹਿੰਦਾ ਹਾਂ।

ਪੰਜਾਬੀ ਖ਼ਬਰ ਚੈਨਲਾਂ ਕੋਲ ਕੁਝ ਕੁ ਅਨੁਭਵੀ ਐਂਕਰ ਹਨ। ਕੁਝ ਅੰਦਰੂਨੀ ਮਾਹੌਲ ਅਤੇ ਸਿਆਸਤ ਤੋਂ ਪ੍ਰੇਸ਼ਾਨ ਹੋ ਕੇ ਖੇਤਰ ਬਦਲ ਗਏ ਹਨ। ਕੁਝ ਐਂਕਰਿੰਗ ਨੂੰ ਗੰਭੀਰਤਾ ਨਾਲ ਨਾ ਲੈਂਦਿਆਂ ਮਿਹਨਤ ਤੋਂ ਕੰਨੀ ਕਤਰਾਉਂਦੇ ਹਨ। ਹੋਮ ਵਰਕ ਨਹੀਂ ਕਰਦੇ। ਇਧਰਲੀਆਂ-ਓਧਰਲੀਆਂ ਮਾਰ ਕੇ ਸਮਾਂ ਪੂਰਾ ਕਰਦੇ ਹਨ। ਬਹੁਤੇ ਨਵੇਂ ਹਨ। ਉਨਾਂ ਨੂੰ ਬਹੁਗਿਣਤੀ ਦਰਸ਼ਕ ਗੰਭੀਰਤਾ ਨਾਲ ਨਹੀਂ ਲੈਂਦੇ। ਇਸ ਸਭ ਦੇ ਬਾਵਜੂਦ ਕੋਸ਼ਿਸ ਨਜ਼ਰ ਆ ਰਹੀ ਹੈ। ਕੋਸ਼ਿਸ ਜਾਰੀ ਹੈ। ਅਸੀਂ ਇਸ ਕੋਸ਼ਿਸ਼ ਦੀ ਭਰਪੂਰ ਸਰਾਹਨਾ ਕਰਦੇ ਹਾਂ। ਲੋੜ ਸੰਤੁਲਿਤ ਪਹੁੰਚ ਅਪਣਾ ਕੇ ਚੱਲਣ ਦੀ ਹੈ। ਸਹੀ ਨੂੰ ਸਹੀ ਅਤੇ ਗ਼ਲਤ ਨੂੰ ਗ਼ਲਤ ਕਹਿਣ ਦੀ ਹੈ। ਕਈ ਵਾਰ ਅਜਿਹਾ ਵੀ ਵੇਖਣ ਵਿਚ ਆਉਂਦਾ ਹੈ ਕਿ ਅਧਿਕਾਰੀ ਜਾਂ ਐਂਕਰ ਦਾ ਨਜ਼ਰੀਆ ਸਹੀ ਹੁੰਦਾ ਹੈ। ਉਹ ਸੱਚੀ ਤੇ ਸੰਤੁਲਿਤ ਪੱਤਰਕਾਰੀ ਕਰਨੀ ਲੋਚਦਾ ਹੈ, ਪ੍ਰੰਤੂ ਚੈਨਲ ਦੀ ਨੀਤੀ, ਉਸ ਦੀ ਸੋਚ, ਉਸ ਦੀ ਸ਼ਖ਼ਸੀਅਤ ਲਈ ਰੁਕਾਵਟ ਬਣ ਜਾਂਦੀ ਹੈ। ਉਹ ਇਕ ਦਾਇਰੇ ਵਿਚ ਤਾਂ ਮਕਬੂਲ ਹੋ ਜਾਂਦਾ ਹੈ ਪ੍ਰੰਤੂ ਸਰਬ-ਸਾਂਝੀ ਮਾਨਤਾ ਨਹੀਂ ਮਿਲਦੀ।

ਪੰਜਾਬੀ ਖ਼ਬਰ ਚੈਨਲਾਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਸਮੇਂ ਦੀ ਲੋੜ ਵੱਲ ਧਿਆਨ ਦਿਵਾਉਣਾ ਚਾਹਾਂਗਾ। ਸਮੇਂ ਦੀ ਲੋੜ ਹੈ ਕਿ ਸਿਆਸੀ ਤੇ ਵਪਾਰਕ ਹਿਤਾਂ ਤੋਂ ਉੱਪਰ ਉਠ ਕੇ ਸੰਤੁਲਿਤ ਪਹੁੰਚ ਅਪਣਾਉਂਦਿਆਂ ਪੰਜਾਬ ਦੇ ਬੁਨਿਆਦੀ ਮਸਲਿਆਂ ਅਤੇ ਪੰਜਾਬੀਆਂ ਦੀਆਂ ਸਮੱਸਿਆਵਾਂ ਦੀ ਬਾਤ ਸੱਚੇ ਮਨ ਨਾਲ ਪਾਈ ਜਾਵੇ। ਪੱਤਰਕਾਰੀ ਦੀਆਂ ਕਦਰਾਂ-ਕੀਮਤਾਂ ਦੀ ਲਾਜ ਰੱਖੀ ਜਾਵੇ। ਅਜਿਹਾ ਕਰਕੇ ਹੀ ਕੋਈ ਚੈਨਲ, ਕੋਈ ਅਧਿਕਾਰੀ, ਕੋਈ ਐਂਕਰ ਦਰਸ਼ਕ ਮਨਾਂ 'ਤੇ ਰਾਜ ਕਰ ਸਕਦਾ ਹੈ।

# ਕੀ ਮੌਜੂਦਾ ਵਿਦਿਅਕ ਢਾਂਚੇ ਵਿੱਚ ਸਿੱਖਿਆ ਹਰ ਇੱਕ ਦੀ ਪਹੁੰਚ 'ਚ ਹੈ ?



**ਹਰਕੀਰਤ ਕੌਰ**

**੯੭੭੯੧੧੮੦੬੬**

ਭਾਰਤ ਦੇ ਸੰਵਿਧਾਨ ਅਨੁਸਾਰ ਹਰ ਇੱਕ ਲਈ ਬਰਾਬਰ ਦੇ ਮੌਕੇ ਹਨ ਪਰ ਬਰਾਬਰ ਦੇ ਮੌਕੇ ਪ੍ਰਾਪਤ ਕਰਨ ਲਈ ਬਰਾਬਰ ਦੀ ਯੋਗਤਾ ਵੀ ਲੋੜੀਂਦੀ ਹੈ। ਕੀ ਸਾਡਾ ਵਿਦਿਅਕ ਢਾਂਚਾ ਹਰ ਇੱਕ ਨੂੰ ਬਰਾਬਰ ਦੀ ਯੋਗਤਾ ਹਾਸਿਲ ਕਰਨ ਦੇ ਮੌਕੇ ਦਿੰਦਾ ਹੈ ਤਾਂ ਕਿ ਉਹ ਉਨਾਂ ਮੌਕਿਆਂ ਦਾ ਲਾਭ ਲੈ ਸਕਣ। ਇਸ ਨਾਲ ਕਈ ਸੁਆਲ ਜੁੜੇ ਹੋਏ ਹਨ। ਭਾਵੇਂ ਭਾਰਤ ਵਿੱਚ ਉਨਾਂ ਲੋਕਾਂ ਨੂੰ ਪੜੇ ਲਿਖੇ ਗਿਣਿਆ ਜਾਂਦਾ ਹੈ ਜਿਨਾਂ ਨੇ ਮਿਡਲ ਪਾਸ ਕੀਤੀ ਹੈ ਅਤੇ ਮਿਡਲ ਤੱਕ ਮੁਫ਼ਤ ਅਤੇ ਲਾਜ਼ਮੀ ਵਿਦਿਆ ਦੀ ਵਿਵਸਥਾ ਵੀ ਹੈ ਪਰ ਫਿਰ ਵੀ 100 ਵਿਚੋਂ 26 ਬੱਚੇ ਉਹ ਹਨ ਜਿਨਾਂ ਨੂੰ ਦਾਖਲ ਹੀ ਨਹੀਂ ਕਰਵਾਇਆ ਜਾਂਦਾ ਕਿਉਂਕਿ ਅਜਿਹੇ ਬੱਚਿਆਂ ਨੂੰ ਘਰਦਿਆਂ ਦੀ ਮਰਜ਼ੀ ਨਾਲ ਵਿਦਿਆ ਛੱਡਣੀ ਪੈਂਦੀ ਹੈ, ਵਿਦਿਆ ਛੱਡ ਉਹ ਵਿਹਲੇ ਨਹੀਂ ਬੈਠਦੇ ਸਗੋਂ ਇਹੋ ਬੱਚੇ ਬਾਲ ਕਿਰਤ ਵਿੱਚ ਲੱਗ ਜਾਂਦੇ ਹਨ। ਇਹੋ ਵਜਾ ਹੈ ਕਿ ਭਾਰਤ ਦੇ 3 ਕਰੋੜ ਬੱਚੇ ਬਾਲ ਕਿਰਤ ਕਰਨ ਲਈ ਮਜ਼ਬੂਰ ਹਨ ਅਤੇ ਗਿਣਤੀ ਵਧਦੀ ਹੀ ਜਾ ਰਹੀ ਹੈ।

ਸਾਲ 1995 ਤੋਂ ਬਾਅਦ ਭਾਰਤ ਵਿੱਚ ਨਿੱਜੀ ਵਿਦਿਅਕ ਸੰਸਥਾਵਾਂ ਖੋਲਣ ਨੂੰ ਉਤਸ਼ਾਹਿਤ ਕੀਤਾ ਗਿਆ ਕਿਉਂਕਿ ਪੱਛਮ ਦੇ ਉੱਨਤ ਦੇਸ਼ਾਂ ਦੀ ਤਰਜ਼ ਤੇ ਭਾਰਤ ਨੇ ਉਨਾਂ ਦੇ ਵਿਦਿਅਕ ਮਾਡਲ ਨੂੰ ਆਪਣਾ ਤਾਂ ਲਿਆ, ਪਰ ਇੱਥੇ ਇਹ ਗੱਲ ਵਰਣਨਯੋਗ ਹੈ ਕਿ ਉਨਾਂ ਵਿਕਸਿਤ ਦੇਸ਼ਾਂ ਦੀ ਆਰਥਿਕਤਾ, ਭਾਰਤ ਦੀ ਆਰਥਿਕਤਾ ਨਾਲੋਂ ਬਿਲਕੁਲ ਵੱਖਰੀ ਹੈ। 100 ਫੀਸਦੀ ਸਮਾਜਿਕ ਸੁਰੱਖਿਆ ਹੋਣ ਕਰਕੇ ਉੱਥੇ ਹਰ ਇੱਕ ਲਈ ਬੁਢਾਪਾ ਪੈਨਸ਼ਨ, ਬੇਰੁਜ਼ਗਾਰੀ ਭੱਤਾ, ਮੁਫ਼ਤ ਇਲਾਜ਼, ਮੁਫ਼ਤ ਬੀਮਾ ਆਦਿ ਨਾਲ ਹਰ ਇੱਕ ਨੂੰ ਸੁਰੱਖਿਅਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਭਾਵੇਂ ਉਚੇਰੀ ਸਿੱਖਿਆ ਵਾਲੀਆਂ ਸੰਸਥਾਵਾਂ ਵੱਲੋਂ ਫੀਸਾਂ ਤਾਂ ਲਈਆਂ ਜਾਂਦੀਆਂ ਹਨ ਪਰ ਜੇ ਕੋਈ ਵਿਦਿਆਰਥੀ ਉਹ ਫ਼ੀਸ ਨਹੀਂ ਦੇ ਸਕਦਾ ਤਾਂ ਉਸਦੀ ਜ਼ਿੰਮੇਵਾਰੀ ਸਰਕਾਰ ਵੱਲੋਂ ਚੁੱਕੀ ਜਾਂਦੀ ਹੈ। ਭਾਰਤ ਦੇ ਮੌਜੂਦਾ ਵਿਦਿਅਕ ਢਾਂਚੇ ਵਿੱਚ 14 ਸਾਲ ਤੋਂ ਘੱਟ ਦੀ ਉਮਰ ਦੇ ਬੱਚਿਆਂ ਦੀ ਵਿਦਿਆ ਨੂੰ ਮੁਫ਼ਤ ਕਰਨਾ ਉਸ ਵਕਤ ਬੇਅਰਥ ਹੋ ਜਾਂਦਾ ਹੈ ਜਦੋਂ ਉਹ ਉਚੇਰੀ ਵਿਦਿਆ ਇਸ ਕਰਕੇ ਨਹੀਂ ਲੈ ਸਕਦੇ ਕਿਉਂਕਿ ਉਹ ਉਨਾਂ ਦੀ ਪਹੁੰਚ ਤੋਂ ਬਾਹਰ ਦੀ ਗੱਲ ਹੋ ਜਾਂਦੀ ਹੈ।

ਕਿਸੇ ਵੀ ਲੋਕਤੰਤਰ ਦੀ ਸਫ਼ਲਤਾ ਲਈ ਦੋ ਮੁੱਢਲੀਆਂ ਸ਼ਰਤਾਂ, ਵਿਦਿਆ ਅਤੇ ਖੁਸ਼ਹਾਲੀ ਹਨ। ਪਰ ਵਿਦਿਆ ਅਤੇ ਖੁਸ਼ਹਾਲੀ ਦੋਵੇਂ ਆਪਸ ਵਿੱਚ ਸਬੰਧਿਤ ਹਨ। ਪੜਿਆ ਲਿਖਿਆ ਆਪਣੀ ਕਮਾਈ ਦੇ ਸਾਧਨਾਂ ਅਤੇ ਖਰਚ ਸਬੰਧੀ ਜ਼ਿਆਦਾ ਚੇਤਨ ਹੈ। ਭਾਰਤ ਵਿੱਚ ਦਿੱਤੀ ਗਈ ਗਰੀਬੀ ਰੇਖਾ ਦੀ ਪਰਿਭਾਸ਼ਾ ਭਾਵੇਂ ਦੋਸ਼ਪੂਰਨ ਹੈ ਕਿਉਂ ਜੋ ਉਸ ਦੇ ਅਨੁਸਾਰ ਜਿਸ ਵਿਅਕਤੀ ਦੀ ਸ਼ਹਿਰਾਂ ਵਿੱਚ 32ਰੁਪਏ ਪ੍ਰਤੀ ਦਿਨ ਆਮਦਨ ਅਤੇ ਪਿੰਡਾਂ ਵਿੱਚ 27 ਰੁਪਏ ਪ੍ਰਤੀ ਦਿਨ ਆਮਦਨ ਹੈ,ਉਹ ਗਰੀਬੀ ਦੀ ਰੇਖਾ ਤੋਂ ਉੱਪਰ ਹੈ ਪਰ ਫਿਰ ਵੀ 22 ਫੀਸਦੀ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਕੀ ਉਨਾਂ ਪਰਿਵਾਰਾਂ ਤੋਂ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਅੱਜ ਕਦੇ ਆਧੁਨਿਕ ਵਿਦਿਅਕ ਮਾਡਲ ਵਿੱਚ ਉਚੇਰੀ ਸਿੱਖਿਆ ਲਈ ਹਜ਼ਾਰਾਂ, ਲੱਖਾਂ ਰੁਪਏ ਫੀਸ ਅਦਾ ਕਰ ਸਕਦੇ ਹਨ। ਜਦੋਂ ਇੱਕ ਵਿਦਿਆਰਥੀ 8 ਜਾਂ 10 ਜਮਾਤਾਂ ਪੜਨ ਤੋਂ ਬਾਅਦ ਆਪਣੀ ਉਚੇਰੀ ਵਿਦਿਆ ਨੂੰ ਆਰਥਿਕ ਮਜਬੂਰੀ ਕਰਕੇ ਵਿਚਾਲੇ ਹੀ ਛੱਡ ਦਿੰਦਾ ਹੈ ਤਾਂ ਉਹ ਦੂਸਰੇ ਵਿਦਿਆਰਥੀਆਂ ਅਤੇ ਪਰਿਵਾਰਾਂ ਲਈ ਵੀ ਮਿਸਾਲ ਬਣ ਜਾਂਦਾ ਹੈ ਕਿ ਉਸਨੇ 10, 12 ਸਾਲ ਬਰਬਾਦ ਕਰਕੇ ਕੀ ਖੱਟ ਲਿਆ ?

ਵਿਦਿਅਕ ਸੰਸਥਾਵਾਂ ਦੀਆਂ ਫੀਸਾਂ ਦਾ ਵਧਣਾ, ਕੋਰੋਨਾ ਮਹਾਂਮਾਰੀ ਕਰਕੇ ਸਕੂਲਾਂ ਕਾਲਜਾਂ ਦਾ ਬੰਦ ਹੋਣਾ, ਪ੍ਰਾਈਵੇਟ ਅਦਾਰਿਆਂ ਦੁਆਰਾ ਮੰਗੀਆਂ ਜਾ ਰਹੀਆਂ ਫੀਸਾਂ ਅਤੇ ਲਾਕਡਾਊਨ ਕਰਕੇ ਬੱਚਿਆਂ ਦੇ ਹੋ ਰਹੇ ਨੁਕਸਾਨ ਦਾ ਨਤੀਜਾ ਸਾਨੂੰ ਭਵਿੱਖ ਵਿੱਚ ਵੇਖਣ ਨੂੰ ਮਿਲੇਗਾ।

ਵਿਦਿਆਰਥੀ ਦੇਸ਼ ਦਾ ਧਨ ਹਨ। ਹਰ ਇੱਕ ਵਿੱਚ ਬਰਾਬਰ ਸਮਰੱਥਾ ਅਤੇ ਯੋਗਤਾ ਹੈ। ਕਿਸੇ ਦਾ ਵਿੱਤੀ ਸਮੱਸਿਆ ਕਰਕੇ, ਆਪਣੀ ਯੋਗਤਾ ਨੂੰ ਪ੍ਰਾਪਤ ਨਾ ਕਰ ਸਕਣਾ ਜਿੱਥੇ ਉਸ ਵਿਦਿਆਰਥੀ ਦਾ ਵਿਅਕਤੀਗਤ ਨੁਕਸਾਨ ਹੈ, ਉੱਥੇ ਦੇਸ਼ ਦਾ ਵੀ ਵੱਡਾ ਨੁਕਸਾਨ ਹੈ। ਬਜਾਏ ਇਸਦੇ ਕਿ ਵਿਦੇਸ਼ੀ ਵਿਦਿਅਕ ਮਾਡਲ ਨੂੰ ਹੂਬਹੂ ਆਪਣਾ ਲਿਆ ਜਾਵੇ, ਸਗੋਂ ਉਸ ਮਾਡਲ ਨੂੰ ਇਸ ਤਰੀਕੇ ਨਾਲ ਅਪਣਾਉਣਾ ਚਾਹੀਦਾ ਹੈ ਕਿ ਉਹ ਸਾਡੇ ਦੇਸ਼ ਦੇ ਹਾਲਾਤਾਂ ਦੇ ਅਨੁਕੂਲ ਹੋਵੇ। ਉਸ ਵਿੱਚ ਸਭ ਤੋਂ ਪ੍ਰਮੁੱਖ ਉਦੇਸ਼ ਹੋਣਾ ਚਾਹੀਦਾ ਹੈ ਕਿ ਉਸ ਮਾਡਲ ਵਿੱਚ ਵਿਦਿਆ ਭਾਵੇਂ ਕਿਸੇ ਪੱਧਰ ਦੀ ਹੋਵੇ, ਉਚੇਰੀ ਹੋਵੇ ਜਾਂ ਪੇਸ਼ਾਵਰ ਹੋਵੇ, ਵੱਡੀ ਗੱਲ ਇਹ ਹੈ ਕਿ ਕੀ ਉਹ ਹਰ ਇੱਕ ਦੀ ਪਹੁੰਚ ਵਿੱਚ ਹੈ ?

# ਕੁੱਤਿਆਂ ਦੀ ਕਰਾਮਾਤ



**ਇਕਵਾਕ ਸਿੰਘ ਪੱਟੀ**

**ਸੁਲਤਾਨਵਿੰਡ ਰੋਡ, ਅੰਮ੍ਰਿਤਸਰ**

ਬਿਹਾਰ ਦੀ ਖ਼ਬਰ ਸਾਲ 2019, ਮਹੀਨਾ ਅਗਸਤ ਜਿੱਥੇ ਸਵਾਨ ਜਿਲੇ ਦੀ ਮਹਾਰਾਜਗੰਜ ਪੰਚਾਇਤ ਦੀ ਕਪੀਆ ਨਿਜ਼ਾਮਤਪੁਰ ਪਿੰਡ ਦੇ ਰਹਿਣ ਵਾਲੇ ਮੁਕੇਸ਼ ਪਾਂਡੇ ਦੇ ਪਰਿਵਾਰ ਨੂੰ ਉਨਾਂ ਦੇ ਪਾਲਤੂ ਕੁੱਤੇ ਨੇ ਬਚਾਇਆ, ਕਿਉਂਕਿ ਜਦ ਸਾਰਾ ਪਰਵਾਰ ਸੌਂ ਰਿਹਾ ਸੀ ਉਸ ਵੇਲੇ ਇੱਕ ਸੱਪ ਨੇ ਅੰਦਰ ਵੜਨ ਦੀ ਕੋਸ਼ਿਸ਼ ਕੀਤੀ ਤਾਂ ਕੁੱਤੇ ਨੇ ਉਸਦਾ ਮੁਕਾਬਲਾ ਕਰਕੇ ਸੱਪ ਨੂੰ ਮਾਰ ਮੁਕਾਇਆ। ਇਸ ਲੜਾਈ ਵਿੱਚ ਸੱਪ ਅਤੇ ਕੁੱਤਾ ਦੋਨੋਂ ਹੀ ਮਰ ਗਏ। ਇੱਕ ਹੋਰ ਖ਼ਬਰ ਫਿਲੀਪਿੰਨਸ ਦੇ ਸ਼ਹਿਰ ਦੀ ਹੈ ਜਿਸ ਸਬੰਧੀ ਇੱਕ ਪੱਤਰਕਾਰ ਨੇ ਸੀਸੀਟੀਵੀ ਕੈਮਰੇ ਦੀ ਫੁਟੇਜ ਆਪਣੀ ਫੇਸਬੁੱਕ ਤੇ ਅਪਲੋਡ ਕੀਤੀ ਜਿਸ ਵਿੱਚ ਮੀਲੀ ਨਾਮਕ ਕੁੱਤੇ ਵੱਲੋਂ ਕੋਬਰਾ ਸੱਪ ਨਾਲ ਮੁਕਾਬਲਾ ਕੀਤਾ ਗਿਆ ਅਤੇ ਹੋਣ ਵਾਲੀ ਲੜਾਈ ਵਿੱਚ ਮੀਲੀ ਨੂੰ ਵੀ ਕੋਬਰਾ ਨੇ ਡੰਗ ਲਿਆ, ਪਰ ਬਾਵਜੂਦ ਇਸਦੇ ਮੀਲੀ ਨੇ ਸੱਪ ਨੂੰ ਘਰ ਦੇ ਅੰਦਰ ਨਾ ਵੜਨ ਦਿੱਤਾ ਅਤੇ ਕੋਬਰਾ ਨੂੰ ਮੌਤ ਦੇ ਘਾਟ ਉਤਾਰ ਕੇ ਖੁਦ ਵੀ ਜ਼ਹਿਰ ਨਾਲ ਮਰ ਗਿਆ, ਪਰ ਸੱਪ ਨੂੰ ਘਰ ਦੇ ਅੰਦਰ ਦਾਖਲ ਨਾ ਹੋਣਾ ਦਿੱਤਾ। ਇਹ ਸਾਰਾ ਕੁੱਝ ਘਰ ਵਿੱਚ ਲੱਗੇ ਹੋਏ ਕੈਮਰੇ ਵਿੱਚ ਕੈਦ ਹੋ ਗਿਆ।

ਇਸੇ ਤਰਾਂ ਇੱਕ ਹੋਰ ਖ਼ਬਰ ਇਟਲੀ ਤੋਂ ਹੈ ਜੋ ਉੱਥੋਂ ਦੀ ਛੱਪਣ ਵਾਲੀ ਇੱਕ ਅਖ਼ਬਾਰ 'ਲਾ ਰਿਪਬਲਿਕਾ' ਵਿੱਚ ਛਪੀ ਹੈ। ਇਟਲੀ ਦੇ ਸੂਬੇ ਕੰਪਾਨੀਆ ਦੇ ਸ਼ਹਿਰ ਇਸਕੀਆ ਜਿੱਥੇ ਇੱਕ ਨਿਕੋਲੇਤਾ ਨਾਮਕ ਕੁੱਤਾ ਆਪਣੇ ਮਰ ਚੁੱਕੇ ਮਾਲਕ ਦੀ ਕਬਰ ਕੋਲ 10 ਵਰਿਆਂ ਤੋਂ ਇੰਤਜ਼ਾਰ ਕਰਦਾ ਆ ਰਿਹਾ ਹੈ। ਸਾਲ 2009 ਦੀ 29 ਜਨਵਰੀ ਨੂੰ ਮਰ ਚੁੱਕੇ ਅਲਫਰੇਡ ਨਾਂ ਦੇ ਵਿਅਕਤੀ ਨੂੰ ਉਸਦੇ ਰਿਸ਼ਤੇਦਾਰਾਂ ਨੇ ਇਸਕੀਆ ਸ਼ਹਿਰ ਦੇ ਪਨਾਜਾ ਅਧੀਨ ਆਉਂਦੇ ਇੱਕ ਛੋਟੇ ਕਬਰਸਤਾਨ ਵਿੱਚ ਦਫਨਾ ਦਿੱਤਾ ਸੀ। ਉਸ ਕਬਰ ਦੇ ਕੋਲ ਇਹ ਵਫਾਦਾਰ ਕੁੱਤਾ 10 ਵਰਿਆਂ ਤੋਂ ਆਪਣੇ ਮਾਲਕ ਦੇ ਵਾਪਸ ਆਉਣ ਦੀ ਉਡੀਕ ਕਰ ਰਿਹਾ ਹੈ ਅਤੇ ਕੁੱਤੇ ਦੇ ਪਾਲਣ-ਪੋਸ਼ਣ ਅਤੇ ਖਾਣ ਦਾ ਪ੍ਰਬੰਧ ਉੱਥੇ ਨੇੜੇ ਦੇ ਰਹਿਣ ਵਾਲੇ ਲੋਕ ਕਰਦੇ ਹਨ। ਲੋਕਾਂ ਮੁਤਾਬਿਕ ਇਹ ਕੁੱਤਾ ਆਪਣੇ ਮਾਲਕ ਦਾ ਬਹੁਤ ਹੀ ਵਫ਼ਾਦਾਰ ਦੋਸਤ ਸੀ ਅਤੇ ਕੁੱਤਾ ਆਪਣੇ ਮਾਲਕ ਦੀ ਮੌਤ ਤੋਂ 10 ਸਾਲ ਬਾਅਦ ਵੀ ਉਸ ਨੂੰ ਨਹੀਂ ਭੁੱਲ ਪਾਇਆ। ਬਿਲਕੁੱਲ ਇਸੇ ਤਰਾਂ ਦੀ ਕਹਾਣੀ ਜਪਾਨ ਦੇ ਹਚੀਕੋ ਨਾਂ ਦੇ ਅਕੀਤਾ ਜਾਤੀ ਦੇ ਇੱਕ ਕੁੱਤੇ ਨਾਲ ਮੇਲ ਖਾਂਦੀ ਹੈ, ਜੋ ਆਪਣੇ ਆਖਰੀ ਸਾਹਾਂ ਤੱਕ ਲਗਭਗ ਦਸ ਸਾਲ ਹੀ ਆਪਣੇ ਮਾਲਕ ਦੇ ਆਉਣ ਦਾ ਇੰਤਜ਼ਾਰ ਕਰਦਾ ਰਿਹਾ ਸੀ। ਉਸਦਾ ਮਾਲਕ ਹਿਦੇਸਾਬੂਰੋ ਉਏਨੋ ਜੋ ਕਿ ਟੋਕਿਓ ਯੂਨੀਵਰਸਿਟੀ ਦੇ ਵਿੱਚ ਪ੍ਰੋਫੈਸਰ ਸੀ, ਨੇ ਸਾਲ 1924 ਵਿੱਚ ਉਕਤ ਕੁੱਤੇ ਨੂੰ ਪਾਲਤੂ ਕੁੱਤੇ ਵਜੋਂ ਖ੍ਰੀਦਿਆ ਸੀ ਅਤੇ ਸਾਲ 1925 ਵਿੱਚ ਪ੍ਰੋਫੈਸਰ ਦੀ ਮੌਤ ਹੋ ਗਈ ਤਾਂ ਕੁੱਤਾ 10 ਸਾਲ ਮਾਲਕ ਦਾ ਇੰਤਜ਼ਾਰ ਕਰਦਾ ਹਇਆ ਸਾਲ 1935 ਵਿੱਚ ਮਰ ਗਿਆ।

ਜੂਨ 2020 ਦੀ ਇੱਕ ਹੋਰ ਖ਼ਬਰ ਚੀਨ ਤੋਂ ਸਾਹਮਣੇ ਆਏ ਜਿੱਥੇ ਇੱਕ ਵਿਅਕਤੀ ਨੇ ਨਹਿਰ ਦੇ ਪੁੱਲ ਤੋਂ ਛਾਲ ਮਾਰ ਕੇ ਆਤਮ ਹਤਿਆ ਕਰ ਲਈ ਸੀ ਤਾਂ ਉਸਦਾ ਵਫ਼ਾਦਾਰ ਕੁੱਤਾ 4 ਦਿਨ ਤੱਕ ਪੁੱਲ ਉੱਤੇ ਬੈਠਾ ਆਪਣੇ ਮਾਲਕ ਦਾ ਇੰਤਜ਼ਾਰ ਕਰਦਾ ਰਿਹਾ ਹੈ। ਇਸ ਦੌਰਾਨ ਉੱਥੋਂ ਲੰਘਣ ਵਾਲੇ ਇੱਕ ਰਾਹਗੀਰ ਨੇ ਕੁੱਤੇ ਦੀਆਂ ਤਸਵੀਰਾਂ ਖਿੱਚ ਲਈਆਂ ਅਤੇ ਉਸ ਕੁੱਤੇ ਨੂੰ ਗੋਦ ਲੈਣ ਬਾਰੇ ਵੀ ਸੋਚਿਆ, ਪਰ ਅਗਲੇ ਦਿਨ ਉਹ ਕੁੱਤਾ ਉੱਥੋਂ ਜਾ ਚੁੱਕਿਆ ਸੀ।

ਸਤੰਬਰ 2019 ਨੂੰ ਖ਼ਬਰ ਆਈ ਸੀ ਕਿ ਥਾਈਲੈਂਡ ਵਿੱਚ ਇੱਕ ਮਾਲਕ ਆਪਣੇ ਲੀਓ ਨਾਮੀਂ ਕੁੱਤੇ ਨੂੰ ਸੜਕ ਤੇ ਛੱਡ ਗਿਆ ਤਾਂ ਉਕਤ ਕੁੱਤਾ ਖੋਨ ਕੇਇਨ ਸ਼ਹਿਰ ਦੀ ਉਸ ਸੜਕ 'ਤੇ ਆਪਣੇ ਮਾਲਕ ਦਾ ਇੰਤਜ਼ਾਰ 4 ਸਾਲ ਤੱਕ ਕਰਦਾ ਰਿਹਾ। ਜਦ ਲੋਕਾਂ ਨੇ ਮਹਿਸੂਸ ਕੀਤਾ ਕਿ ਇਹ ਕੁੱਤਾ ਸ਼ਾਇਦ ਕਿਸੇ ਦਾ ਇੰਤਜ਼ਾਰ ਕਰ ਰਿਹਾ ਹੈ ਜਿਸ ਤੋਂ ਬਾਅਦ ਲੋਕਾਂ ਨੇ ਉਸਦੀਆਂ ਫ਼ੋਟੋਆਂ ਸੋਸ਼ਲ ਮੀਡੀਆ ਤੇ ਸ਼ੇਅਰ ਕੀਤੀਆਂ ਤਾਂ ਇੱਕ ਔਰਤ ਉਸ ਨੂੰ ਆਪਣੇ ਘਰ ਲੈ ਗਈ ਪਰ ਉਹ ਕੁੱਤਾ ਉਸ ਔਰਤ ਦੇ ਘਰੋਂ ਭੱਜ ਕੇ ਮੁੜ ਉਸੇ ਥਾਂ 'ਤੇ ਆ ਕੇ ਬੈਠ ਗਿਆ। ਜਦੋਂ ਲੀਓ ਦੀ ਵਾਇਰਲ ਹੋ ਰਹੀ ਤਸਵੀਰ ਉਸ ਦੀ ਮਾਲਕ ਨੇ ਦੇਖੀ ਤਾਂ ਉਹ ਭਾਵੁਕ ਹੋ ਗਈ ਅਤੇ ਲੀਓ ਨੂੰ ਲੈਣ ਲਈ ਉਸ ਜਗਾ ਆਈ ਜਿੱਥੇ ਲੀਓ ਬੈਠਾ ਸੀ। ਇਸ ਦੌਰਾਨ ਲੀਓ ਦੀ ਮਾਲਕ ਨੇਂਗ ਨੋਈ ਨੇ ਦੱਸਿਆ ਕਿ 16 ਫਰਵਰੀ 2015 ਨੂੰ ਉਹ ਆਪਣੇ ਪਤੀ ਨਾਲ ਗੱਡੀ 'ਤੇ ਕਿਤੇ ਜਾ ਰਹੇ ਸਨ ਇਸ ਦੌਰਾਨ ਜਦੋਂ ਗੱਡੀ ਸਿਗਨਲ 'ਤੇ ਰੁਕੀ ਤਾਂ ਲੀਓ ਗੱਡੀ 'ਚੋਂ ਬਾਹਰ ਨਿੱਕਲ ਗਿਆ ਅਤੇ ਉਨਾਂ ਨੂੰ ਨਹੀਂ ਮਿਲਿਆ।

**ਬਾਕੀ ਸਫ਼ਾ 31 'ਤੇ**

# ਓਲੰਪਿਕ ਖੇਡਾਂ ਵਿਚ ਭਾਰਤ ਦੀ ਭੂਮਿਕਾ ਕੀ ਰਹੇਗੀ

## ✪ ਸ਼ਹਿਰ ਟੋਕੀਓ ਵਿਚ ਹੋਣਗੀਆਂ ਉਲੰਪਿਕ ਖੇਡਾਂ ✪ ਪੰਜਾਬੀ ਖਿਡਾਰੀਆਂ ਉਪਰ ਚਮਤਕਾਰ ਦਿਖਾਉਣ ਦੀਆਂ ਆਸਾਂ



**ਬਘੇਲ ਸਿੰਘ ਧਾਲੀਵਾਲ**

**99142-58142**

ਟੋਕੀਓ ਜਾਪਾਨ ਦੀ ਰਾਜਧਾਨੀ ਹੈ। ਇਹ ਇਕ ਮਹਾਂਨਗਰ ਹੈ, ਜਿਸ ਦੀ ਆਬਾਦੀ ਇਕ ਕਰੋੜ ਚਾਲੀ ਲੱਖ ਹੈ। ਜਾਪਾਨ ਦੇ ਬਾਦਸ਼ਾਹ ਦੀ ਰਿਹਾਇਸ਼ ਵੀ ਇਥੇ ਹੈ ਅਤੇ ਦੇਸ਼ ਦੀ ਪਾਰਲੀਮੈਂਟ ਵੀ ਇਥੇ ਹੀ ਹੈ। ਸੋਲਵੀਂ ਸਦੀ ਤਕ ਇਹ ਮਛੇਰਿਆਂ ਦਾ ਇਕ ਪਿੰਡ ਹੁੰਦਾ ਸੀ, ਪਰ ਅੱਜ ਇਹ ਸੰਸਾਰ ਦੇ ਬੇਹੱਦ ਆਧੁਨਿਕ ਸ਼ਹਿਰਾਂ ਵਿਚੋਂ ਇਕ ਹੈ। ਅੱਜਕਲ ਟੋਕੀਓ ਦੁਨੀਆ ਭਰ ਦੇ ਖੇਡ ਪ੍ਰੇਮੀਆਂ ਦੇ ਧਿਆਨ ਦਾ ਕੇਂਦਰ ਬਣਿਆ ਹੋਇਆ ਹੈ ਕਿਉਂਕਿ ਅਗਲੇ ਹਫ਼ਤੇ ਇਥੇ ਉਲੰਪਿਕ ਖੇਡਾਂ ਹੋਣ ਵਾਲੀਆਂ ਹਨ। ਖੇਡਾਂ ਦੇ ਇਤਿਹਾਸ ਵਿਚ ਜਾਪਾਨ ਅਜਿਹਾ ਪੰਜਵਾਂ ਦੇਸ਼ ਹੋਵੇਗਾ, ਜਿਥੇ ਉਲੰਪਿਕ ਖੇਡਾਂ ਦੂਸਰੀ ਵਾਰ ਹੋਣ ਜਾ ਰਹੀਆਂ ਹਨ। ਇਸ ਵਾਰ ਦੀਆਂ ਉਲੰਪਿਕ ਖੇਡਾਂ ਟੋਕੀਓ ਵਿਚ 23 ਜੁਲਾਈ ਤੋਂ 8 ਅਗਸਤ ਤਕ ਚੱਲਣੀਆਂ ਹਨ। ਅਸਲ ਵਿਚ ਇਹ ਪਿਛਲੇ ਸਾਲ (ਸੰਨ 2020 ਈ.) ਹੋਣ ਵਾਲੀਆਂ 32ਵੀਂਆਂ ਉਲੰਪਿਕ ਖੇਡਾਂ ਹੀ ਹਨ ਜੋ ਕਿ ਸੰਸਾਰ ਪੱਧਰ 'ਤੇ ਫੈਲੇ ਕੋਰੋਨਾ ਵਾਇਰਸ ਕਾਰਨ ਇਕ ਸਾਲ ਪਛੜ ਕੇ ਹੋਣ ਜਾ ਰਹੀਆਂ ਹਨ।

ਆਸ ਕੀਤੀ ਜਾ ਰਹੀ ਹੈ ਕਿ ਇਨਾਂ ਖੇਡਾਂ ਵਿਚ ਸ਼ਾਮਿਲ ਹੋਣ ਲਈ 206 ਦੇਸ਼ਾਂ ਦੇ 11 ਹਜ਼ਾਰ ਖਿਡਾਰੀ ਇਸ ਹਫ਼ਤੇ ਟੋਕੀਓ ਪਹੁੰਚ ਜਾਣਗੇ। 23 ਜੁਲਾਈ ਨੂੰ ਟੋਕੀਓ ਦੇ ਉਲੰਪਿਕ ਸਟੇਡੀਅਮ ਵਿਚ ਇਨਾਂ ਆਲਮੀ ਖੇਡ ਮੁਕਾਬਲਿਆਂ ਦਾ ਉਦਘਾਟਨ ਜਾਪਾਨ ਦੇ ਬਾਦਸ਼ਾਹ ਨਾਰੂਹਿਤੋ ਹੀਰੋਨੋਮੀਆ ਕਰਨਗੇ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਟੋਕੀਓ ਦਾ ਇਹ ਵਿਸ਼ਾਲ ਸਟੇਡੀਅਮ ਸੰਨ 1964 ਈ. ਵਿਚ ਹੋਈਆਂ ਉਲੰਪਿਕ ਖੇਡਾਂ ਦਾ ਵੀ ਕੇਂਦਰ ਬਣਿਆ ਸੀ ਜਿਸ ਦਾ ਸ਼ਾਨਦਾਰ ਪੁਨਰ ਨਿਰਮਾਣ ਇਹ ਮੌਜੂਦਾ ਸਟੇਡੀਅਮ ਹੈ। ਇਸ ਅੰਦਰ 68 ਹਜ਼ਾਰ ਦਰਸ਼ਕਾਂ ਦੇ ਬੈਠਣ ਦਾ ਇੰਤਜ਼ਾਮ ਕੀਤਾ ਗਿਆ ਸੀ।

ਸੰਨ 1964 ਈ. ਦੀਆਂ ਉਲੰਪਿਕ ਖੇਡਾਂ ਦਾ ਉਦਘਾਟਨ ਮੌਜੂਦਾ ਬਾਦਸ਼ਾਹ ਦੇ ਦਾਦੇ ਹੀਰੋਹੀਤੋ ਨੇ ਕੀਤਾ ਸੀ। ਸੰਨ 1964 ਈ. ਦੀਆਂ ਉਲੰਪਿਕ ਖੇਡਾਂ ਨੂੰ ਜਾਪਾਨ ਦੇ ਅਜੋਕੇ ਇਤਿਹਾਸ ਵਿਚ ਇਕ ਮੀਲ ਪੱਥਰ ਵਜੋਂ ਯਾਦ ਕੀਤਾ ਜਾਂਦਾ ਹੈ। ਸੰਨ 1948 ਈ. ਵਿਚ ਦੂਸਰੇ ਵਿਸ਼ਵ ਯੁੱਧ ਵਿਚ ਪੂਰੀ ਤਰਾਂ ਤਬਾਹ ਹੋਣ ਦੇ ਸਿਰਫ਼ ਸੋਲਾਂ ਸਾਲ ਬਾਅਦ ਹੀ ਜਾਪਾਨ ਨੇ ਓਲੰਪਿਕ ਮੁਕਾਬਲੇ ਆਪਣੇ ਦੇਸ਼ ਵਿਚ ਕਰਵਾ ਕੇ ਇਕ ਨਵੀਂ ਮਿਸਾਲ ਕਾਇਮ ਕੀਤੀ ਸੀ ਅਤੇ ਇਸੇ ਸਾਲ ਉਨਾਂ ਨੇ ਆਪਣੇ ਦੇਸ਼ ਵਿਚ ਸਭ ਤੋਂ ਤੇਜ਼ ਚੱਲਣ ਵਾਲੀ ਬੁਲਟ ਟਰੇਨ ਦੀ ਸਥਾਪਨਾ ਕੀਤੀ ਸੀ। ਸੰਨ 1964 ਈ. ਦੀਆਂ ਖੇਡਾਂ ਦੀ ਉਲੰਪਿਕ ਮਸ਼ਾਲ ਨੂੰ ਜਲਾਉਣ ਦੀ ਜ਼ਿੰਮੇਵਾਰੀ ਉਸ ਸਮੇਂ ਇਕ 19 ਸਾਲ ਦੇ ਗੱਭਰੂ ਨੂੰ ਦਿੱਤੀ ਗਈ ਸੀ ਜਿਸ ਦਾ ਜਨਮ ਹੀਰੋਸ਼ੀਮਾ ਸ਼ਹਿਰ ਵਿਚ 6 ਅਗਸਤ, 1945 ਨੂੰ ਹੋਇਆ ਸੀ। ਇਹ ਉਹ ਦਿਨ ਸੀ, ਜਿਸ ਦਿਨ ਅਮਰੀਕਾ ਨੇ ਉਥੇ ਐਟਮ ਬੰਬ ਸੁੱਟਿਆ ਸੀ।

ਇਸ ਵਾਰ ਦੀਆਂ ਉਲੰਪਿਕ ਖੇਡਾਂ ਵਿਚ ਵੱਖੋ-ਵੱਖਰੀਆਂ ਕੁੱਲ 33 ਖੇਡਾਂ ਸ਼ਾਮਲ ਹਨ। ਇਸ ਤੋਂ ਇਲਾਵਾ ਪੰਜ ਨਵੀਆਂ ਖੇਡਾਂ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਗਿਆ ਹੈ। ਇਹ ਨਵੀਆਂ ਖੇਡਾਂ ਬੇਸਬਾਲ, ਕਰਾਟੇ, ਸਪਰੋਟ ਕਲਾਈਂਬਿੰਗ, ਸਕੇਟ ਬੋਰਡਿੰਗ ਅਤੇ ਸਰਫਿੰਗ ਹਨ। ਭਾਰਤ ਤੋਂ ਪੁੱਜਣ ਵਾਲੀ ਟੀਮ ਵਿਚ 115 ਖਿਡਾਰੀ ਸ਼ਾਮਿਲ ਹਨ। ਭਾਰਤ ਨੂੰ ਇਸ ਵਾਰ ਆਪਣੀ ਹਾਕੀ ਟੀਮ ਤੋਂ ਵੱਡੀਆਂ ਉਮੀਦਾਂ ਹਨ। ਇਸ ਤੋਂ ਇਲਾਵਾ ਸ਼ੂਟਿੰਗ, ਭਾਰ ਚੁੱਕਣ ਮੁਕਾਬਲਿਆਂ, ਮੁੱਕੇਬਾਜ਼ੀ ਅਤੇ ਤੀਰ ਅੰਦਾਜ਼ੀ ਵਿਚ ਵੀ ਭਾਰਤੀ ਖਿਡਾਰੀਆਂ ਤੋਂ ਚੰਗੇ ਨਤੀਜਿਆਂ ਦੀ ਆਸ ਕੀਤੀ ਜਾ ਰਹੀ ਹੈ। ਕੋਰੋਨਾ ਮਹਾਂਮਾਰੀ ਵਰਗੇ ਹਾਲਾਤ ਦਾ ਇਨਾਂ ਖੇਡਾਂ ਨੂੰ ਪਹਿਲੀ ਵਾਰ ਸਾਹਮਣਾ ਕਰਨਾ ਪੈ ਰਿਹਾ ਹੈ।

ਪਿਛਲੇ ਹਫ਼ਤੇ ਲਏ ਫ਼ੈਸਲੇ ਅਨੁਸਾਰ ਹਰ ਸਟੇਡੀਅਮ ਵਿਚ ਦਾਖ਼ਲ ਹੋਣ ਵਾਲੇ ਦਰਸ਼ਕਾਂ ਦੀ ਗਿਣਤੀ ਪੰਜ ਹਜ਼ਾਰ ਤੱਕ ਸੀਮਤ ਕਰ ਦਿੱਤੀ ਗਈ ਸੀ। ਹਾਲੇ ਵੀ ਇਸ ਸ਼ਹਿਰ ਅੰਦਰ 700 ਦੇ ਕਰੀਬ ਕੋਰੋਨਾ ਦੇ ਨਵੇਂ ਕੇਸ ਰੋਜ਼ਾਨਾ ਸਾਹਮਣੇ ਆ ਰਹੇ ਹਨ। ਜਾਪਾਨੀ ਸਰਕਾਰ ਨੇ ਕੋਵਿਡ-19 ਨੂੰ ਸੰਕਟਕਾਲ ਸਵੀਕਾਰ ਕਰਕੇ ਟੋਕੀਓ ਉਲੰਪਿਕ ਨੂੰ ਵੱਡੇ ਪੱਧਰ 'ਤੇ ਬਿਨਾਂ ਦਰਸ਼ਕਾਂ ਦੇ ਆਯੋਜਿਤ ਕਰਨ ਦਾ ਐਲਾਨ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਯੋਸ਼ੀਹੀਦੇ ਸੂਗਾ ਨੇ ਵੀਰਵਾਰ ਸ਼ਾਮ ਨੂੰ ਇਕ ਪ੍ਰੈੱਸ ਕਾਨਫ਼ਰੰਸ ਵਿਚ ਐਮਰਜੈਂਸੀ ਵਾਲੀ ਸਥਿਤੀ ਦਾ ਐਲਾਨ ਕੀਤਾ ਅਤੇ ਕਿਹਾ ਕਿ ਕੋਰੋਨਾ ਦੇ ਡੈਲਟਾ ਰੂਪ ਦਾ ਫੈਲਣਾ ਚਿੰਤਾ ਦਾ ਵਿਸ਼ਾ ਹੈ। ਨਾਲ ਹੀ ਟੋਕੀਓ ਦੇ ਮੁੱਖ ਮੰਤਰੀ ਸੇਈਕੋ ਹਾਸ਼ੀਮੋਤੋ ਨੇ ਕਿਹਾ, 'ਉਲੰਪਿਕ ਖੇਡਾਂ ਦੌਰਾਨ ਕਿਸੇ ਵੀ ਦਰਸ਼ਕ ਨੂੰ ਟੋਕੀਓ ਦੇ ਖੇਡ ਸਟੇਡੀਅਮਾਂ ਵਿਚ ਦਾਖ਼ਲ ਹੋਣ ਦੀ ਆਗਿਆ ਨਹੀਂ ਹੋਵੇਗੀ। ਪਰ ਸਾਡੇ ਲਈ ਕੋਰੋਨਾ ਵਾਇਰਸ ਦੇ ਪ੍ਰਸਾਰ ਨੂੰ ਰੋਕਣ ਦਾ ਇਹ ਹੀ ਇਕ ਰਾਹ ਬਚਿਆ ਹੈ।'









### ਤਮ.ਗੇ ਦੇ ਮਜ਼ਬੂਤ ਦਾਅਵੇਦਾਰ ਹਨ ਪੰਜਾਬ ਦੇ ਇਹ 15 ਖਿਡਾਰੀ

ਪੰਜਾਬ ਦੇ 15 ਖਿਡਾਰੀ ਓਲੰਪਿਕ ਵਿਚ ਦੇਸ਼ ਦੀ ਨੁਮਾਇੰਦਗੀ ਕਰਨਗੇ। ਗੱਲ ਹਾਕੀ ਦੀ ਕੀਤੀ ਜਾਵੇ ਤਾਂ 15 ਮੈਂਬਰੀ ਟੀਮ 'ਚੋਂ ਇਕੱਲੇ 8 ਖਿਡਾਰੀ ਪੰਜਾਬ ਦੇ ਹਨ। ਇਨਾਂ ਵਿਚ ਇਕ ਖਿਡਾਰਨ ਹੈ। ਆਓ ਵਿਸਥਾਰ ਨਾਲ ਜਾਣਦੇ ਹਾਂ ਇਨਾਂ ਬਾਰੇ...

### ਹਾਕੀ ਵਿਚ ਸਾਡੇ ਹੁਨਰਬਾਜ

**ਹਰਮਨਪ੍ਰੀਤ ਸਿੰਘ**

ਹਰਮਨਪ੍ਰੀਤ ਸਿੰਘ ਦਾ ਜਨਮ 6 ਜਨਵਰੀ 1996 ਨੂੰ ਹੋਇਆ। ਉਹ ਭਾਰਤੀ ਟੀਮ ਵਿਚ ਡਿਫੈਂਡਰ ਵਜੋਂ ਖੇਡਣਗੇ। ਹਰਮਨਪ੍ਰੀਤ ਸਿੰਘ ਓਲੰਪਿਕ 2016 ਦੀ ਟੀਮ ਦਾ ਵੀ ਹਿੱਸਾ ਰਹੇ ਸਨ। ਇਸ ਵਾਰ ਉਹ ਦੂਸਰੀ ਵਾਰ ਓਲੰਪਿਕ ਦਾ ਹਿੱਸਾ ਬਣੇ ਹਨ ।

**ਰੁਪਿੰਦਰ ਪਾਲ ਸਿੰਘ**

ਰੁਪਿੰਦਰ ਪਾਲ ਸਿੰਘ ਦਾ ਜਨਮ 11 ਨਵੰਬਰ 1990 ਨੂੰ ਹੋਇਆ । ਉਸ ਨੇ 2010 ਵਿਚ ਕੌਮਾਂਤਰੀ ਪੱਧਰ 'ਤੇ ਸੁਲਤਾਨ ਅਜਲਾਨ ਸ਼ਾਹ ਕੱਪ ਰਾਹੀਂ ਡੈਬਿਊ ਕੀਤਾ । 2014 'ਚ 31 ਸਾਲਾ ਖਿਡਾਰੀ ਹਾਕੀ ਟੀਮ ਦਾ ਉਪ ਕਪਤਾਨ ਰਿਹਾ ਤੇ ਰੀਓ ਤੋਂ ਬਾਅਦ ਇਸ ਵਾਰ ਟੋਕੀਓ ਵਿਚ ਉਹ ਦੂਸਰੀ ਵਾਰ ਓਲੰਪਿਕ 'ਚ ਖੇਡੇਗਾ ।

**ਹਾਰਦਿਕ ਸਿੰਘ**

ਹਾਰਦਿਕ ਸਿੰਘ ਦਾ ਜਨਮ 23 ਸਤੰਬਰ 1998 ਨੂੰ ਹੋਇਆ। ਉਹ ਵੀ ਟੀਮ ਇੰਡੀਆ ਵੱਲੋਂ ਮਿਡ ਫੀਲਡਰ ਦੇ ਤੌਰ 'ਤੇ ਓਲੰਪਿਕ ਵਿਚ ਖੇਡਣਗੇ। ਉਹ ਇੰਡੀਅਨ ਜੂਨੀਅਰ ਟੀਮ ਦੇ ਉਪ-ਕਪਤਾਨ ਸਨ ਤੇ ਸੀਨੀਅਰ ਨੈਸ਼ਨਲ ਟੀਮ ਵੱਲੋਂ ਏਸ਼ੀਅਨ ਮੈਨਜ ਹਾਕੀ ਚੈਂਪੀਅਨਜ ਟਰਾਫੀ ਲਈ 2018 ਵਿਚ ਖੇਡੇ ਸਨ । ਇਸੇ ਸਾਲ ਉਹ ਵਿਸ਼ਵ ਕੱਪ ਲਈ ਵੀ ਖੇਡੇ ਸਨ। ਇਸ ਵਾਰ ਉਹ ਓਲੰਪਿਕ ਵਿਚ ਆਪਣਾ ਡੈਬਿਊ ਕਰਨਗੇ ।

**ਮਨਪ੍ਰੀਤ ਸਿੰਘ**

ਮਨਪ੍ਰੀਤ ਸਿੰਘ ਤੀਸਰੀ ਵਾਰ ਓਲੰਪਿਕ 'ਚ ਖੇਡਣਗੇ। 26 ਜੂਨ 1992 ਨੂੰ ਜਨਮੇ ਮਨਪ੍ਰੀਤ ਸਿੰਘ ਸੰਧੂ ਟੋਕੀਓ ਓਲੰਪਿਕਸ 2021 ਵਿਚ ਭਾਰਤੀ ਹਾਕੀ ਟੀਮ ਦੇ ਕਪਤਾਨ ਹੋਣਗੇ । ਮਨਪ੍ਰੀਤ ਨੇ 19 ਸਾਲ ਦੀ ਉਮਰ ਵਿਚ ਕੌਮਾਂਤਰੀ ਡੈਬਿਊ ਕੀਤਾ ਸੀ ਤੇ ਮਿਡਫੀਲਡਰ ਵਜੋਂ ਖੇਡਦੇ ਹਨ। ਉਹ ਇਸ ਤੋਂ ਪਹਿਲਾਂ 20 12 ਤੇ 2016 ਓਲੰਪਿਕਸ ਵਿਚ ਭਾਰਤ ਦੀ ਨੁਮਾਇੰਦਗੀ ਕਰ ਚੁੱਕੇ ਹਨ ।

**ਸ਼ਮਸ਼ੇਰ ਸਿੰਘ**

29 ਜੁਲਾਈ 1997 ਨੂੰ ਪੈਦਾ ਹੋਏ ਸ਼ਮਸ਼ੇਰ ਸਿੰਘ ਫਾਰਵਰਡ ਵਜੋਂ ਟੀਮ ਇੰਡੀਆ ਵੱਲੋਂ ਖੇਡਣਗੇ। ਭਾਰਤ-ਪਾਕਿਸਤਾਨ ਬਾਰਡਰ ਅਟਾਰੀ ਤੋਂ ਉਹ ਪਹਿਲੇ ਖਿਡਾਰੀ ਹਨ ਜਿਹੜੇ ਓਲੰਪਿਕ ਵਿਚ ਭਾਰਤੀ ਹਾਕੀ ਟੀਮ ਦਾ ਹਿੱਸਾ ਬਣੇ ਹਨ। ਟੋਕੀਓ ਓਲੰਪਿਕ ਉਨਾਂ ਦਾ ਪਹਿਲਾ ਵੱਡਾ ਟੂਰਨਾਮੈਂਟ ਹੈ ।

**ਦਿਲਪ੍ਰੀਤ ਸਿੰਘ**

ਦਿਲਪ੍ਰੀਤ ਸਿੰਘ ਦਾ ਜਨਮ 12 ਨਵੰਬਰ 1999 ਨੂੰ ਹੋਇਆ ਤੇ ਉਹ ਭਾਰਤੀ ਟੀਮ 'ਚ ਫਾਰਵਰਡ ਖੇਡਦੇ ਹਨ। 21 ਸਾਲਾ ਇਸ ਖਿਡਾਰੀ ਨੇ ਸੀਨੀਅਰ ਨੈਸ਼ਨਲ 'ਤੇ ਡੈਬਿਊ 2018 ਚੈਂਪੀਅਨਜ ਟਰਾਫੀ ਤੋਂ ਕੀਤਾ ਤੇ ਭਾਰਤ ਲਈ ਸਿਲਵਰ ਜਿੱਤਿਆ। ਇਸ ਤੋਂ ਇਲਾਵਾ ਉਹ 2018 ਏਸ਼ੀਅਨ ਗੇਮਜ ਦਾ ਵੀ ਹਿੱਸਾ ਰਹੇ ਤੇ ਭਾਰਤ ਲਈ ਕਾਂਸੇ ਦਾ ਮੈਡਲ ਜਿੱਤਿਆ ਸੀ। ਇਸ ਵਾਰ ਟੋਕੀਓ ਤੋਂ ਉਹ ਓਲੰਪਿਕ ਵਿਚ ਡੈਬਿਊ ਕਰਨਗੇ।

**ਗੁਰਜੰਟ ਸਿੰਘ**

26 ਜਨਵਰੀ 1995 ਵਿਚ ਜਨਮੇ ਗੁਰਜੰਟ ਸਿੰਘ ਭਾਰਤ ਲਈ ਫਾਰਵਰਡ ਦੇ ਤੌਰ 'ਤੇ ਖੇਡਣਗੇ । ਉਹ 2016 ਜੂਨੀਅਨ ਵਰਲਡ ਕੱਪ ਜੇਤੂ ਟੀਮ ਦਾ ਹਿੱਸਾ ਵੀ ਰਹੇ ਹਨ ਤੇ ਸੀਨੀਅਰ ਕੌਮਾਂਤਰੀ ਡੈਬਿਊ ਢਾਕਾ ਵਿਚ ਹੋਏ

**ਬਾਕੀ ਸਫ਼ਾ 31 'ਤੇ**

# ਭਲਵਾਨੀ ਤੋਂ ਕ੍ਰਿਕਟ ਵੱਲ ਜਾਣ ਵਾਲਾ ਪਹਿਲਵਾਨ ਅਬਦੁਲ ਰਸ਼ੀਦ ਕੁਰੈਸ਼ੀ



**ਮਾਲਵਿੰਦਰ ਤਿਉਣਾ ਪੁਜਾਰੀਆਂ**

**98785 31625**

ਬਠਿੰਡਾ ਜ਼ਿਲੇ ਦੀ ਮੌੜ ਮੰਡੀ ਵਿੱਚ ਆਪਣੇ ਪਰਿਵਾਰ ਸਣੇ ਰਹਿ ਰਹੇ ਅਬਦੂਲ ਰਸ਼ੀਦ ਕੁਰੈਸ਼ੀ ਨੇ ਅੱਜ ਤੋਂ ਸੱਠ ਸਾਲ ਪਹਿਲਵਾਨੀ ਵਿੱਚ ਪੈਰ ਧਰਿਆ ਸੀ ਅਤੇ ਇਸ ਅਰਸੇ ਦੌਰਾਨ ਉਸ ਨੇ ਅਨੇਕਾਂ ਪਹਿਲਵਾਨ ਵੀ ਤਿਆਰ ਕੀਤੇ। ਅੱਜ ਉਹ ਭਲਵਾਨੀ ਤੋਂ ਨਿਰਾਸ਼ ਹੋ ਅਤੇ ਸਰੀਰਕ ਦੀ ਬਜਾਏ ਰਾਜਨੀਤਕ ਤਾਕਤ ਜ਼ਿਆਦਾ ਹੋਣ ਕਰਕੇ ਆਪਣੀ ਨਵੀਂ ਪੀੜੀ ਨੂੰ ਕ੍ਰਿਕਟ ਵੱਲ ਤੋਰਨ ਲੱਗਾ ਹੈ।

ਜਦੋਂ ਅਬਦੂਲ ਰਸ਼ੀਦ ਕੁਰੈਸ਼ੀ ਨੂੰ ਜ਼ਿੰਦਗੀ ਵਿੱਚ ਪਹਿਲਵਾਨੀ ਵੱਲ ਆਉਣ ਦਾ ਕਾਰਨ ਪੁੱਛਿਆ ਤਾਂ ਉਸ ਦੀਆਂ ਅੱਖਾਂ ਵਿੱਚ ਅਜੀਬ ਕਿਸਮ ਦੀ ਚਮਕ ਆ ਗਈ। ਉਸ ਨੇ ਆਪਣੀ ਗੱਲ 1959 ਤੋਂ ਉਦੇੜਨੀ ਸ਼ੁਰੂ ਕੀਤੀ। ਆਪਣੇ ਜਵਾਨੀ ਦੇ ਦੋਸਤ ਅਸ਼ੋਕ ਕੁਮਾਰ ਸੂਦ ਅਤੇ ਬਨਵਾਰੀ ਲਾਲ ਨਾਲ ਮਿਲ ਕੇ, ਉਸ ਨੇ ਮਲੇਰਕੋਟਲਾ ਕਸਬੇ ਦੇ ਬਾਹਰ ਇੱਕ ਥਾਂ ਨੂੰ, ਸਾਫ਼ ਕਰ ਕੇ ਉਥੇ ਸਰੀਰਕ ਵਰਜਿਸ਼ ਦਾ ਆਗ਼ਾਜ਼ ਕੀਤਾ ਸੀ। ਇਥੇ ਇਸ ਕੰਮ ਨੂੰ ਗਹੁ ਨਾਲ ਵੇਖਣ ਬਾਅਦ ਪੰਡਿਤ ਹੁਕਮ ਚੰਦ ਨੇ ਉਸ ਨੂੰ ਪਹਿਲਵਾਨੀ ਵੱਲ ਆਉਣ ਦਾ ਸੱਦਾ ਦਿੱਤਾ। ਉਨਾਂ ਨੇ ਖ਼ੁਦ ਕੁਰੈਸ਼ੀ ਨੂੰ ਪਹਿਲਵਾਨੀ ਦੇ ਦਾਅ-ਪੇਚ ਸਮਝਾਏ ਸਨ।

ਜ਼ਿੰਦਗੀ ਦੀ ਪਹਿਲੀ ਛਿੰਝ ਉਸ ਨੇ 1961 ਵਿੱਚ ਮਾਲੇਰਕੋਟਲਾ ਤਹਿਸੀਲ ਵਿੱਚ ਜਿੱਤੀ ਸੀ। ਇਸ ਉਪਰੰਤ ਉਸ ਨੇ ਸਾਂਝੇ ਪੰਜਾਬ ਦੇ ਸਮੇਂ 1966 ਵਿੱਚ ਪੈਪਸੂ ਸਮੇਂ ਬੌਂਦਲੀ ਖੇਤਰ ਵਿੱਚ ਸਰਕਾਰੀ ਪੱਧਰ 'ਤੇ ਹੋਣ ਵਾਲੇ ਮੁਕਾਬਲੇ ਵਿੱਚ ਜਿੱਤ ਪ੍ਰਾਪਤ ਕੀਤੀ। ਇਸ ਪਿੱਛੋਂ ਉਸ ਨੇ ਲਗਾਤਾਰ 1967-68 ਵਿੱਚ ਪਟਿਆਲਾ ਵਿਖੇ ਦੂਜਾ ਅਤੇ ਫ਼ਿਰੋਜ਼ਪੁਰ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।

ਰੁਜ਼ਗਾਰ ਲਈ, ਅਬਦੂਲ ਰਸ਼ੀਦ ਕੁਰੈਸ਼ੀ ਨੇ 1970 ਵਿੱਚ ਮਾਲੇਰਕੋਟਲਾ ਛੱਡ ਦਿੱਤਾ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਗਿੱਦੜਬਾਹਾ ਕਸਬੇ ਵਿੱਚ ਆ ਗਿਆ। ਇਥੇ ਉਸ ਨੇ ਆਪਣਾ ਅਖਾੜਾ ਸ਼ੁਰੂ ਕੀਤਾ ਜਿਹਨੂੰ ਉਸ ਦਾ ਚੇਲਾ ਹੁਣ ਵੀ ਚਲਾ ਰਿਹਾ ਹੈ। ਇਥੋਂ ਕੁਝ ਸਮੇਂ ਬਾਅਦ ਮੌੜ ਮੰਡੀ ਬਠਿੰਡਾ ਜ਼ਿਲੇ ਵਿੱਚ ਆ ਕੇ ਰਹਿਣਾ ਸ਼ੁਰੂ ਕੀਤਾ। ਇਥੋਂ ਹੀ ਉਹ 1971 ਵਿੱਚ ਗੁਰਦਾਸਪੁਰ ਜ਼ਿਲੇ ਵਿੱਚ ਕੁਸ਼ਤੀ ਕਰਨ ਗਿਆ ਅਤੇ ਸਿਲਵਰ ਮੈਡਲ ਪ੍ਰਾਪਤ ਕੀਤਾ। ਜ਼ਿਲਾ ਲੁਧਿਆਣਾ ਵਿੱਚ ਉਸ ਨੇ 1973 ਵਿੱਚ ਨੈਸ਼ਨਲ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਜ਼ਿਲਾ ਕਪੂਰਥਲਾ ਵਿੱਚ ਉਸ ਨੇ ਦੂਜਾ ਸਥਾਨ ਪ੍ਰਾਪਤ ਕੀਤਾ। 1982 ਵਿੱਚ ਬਠਿੰਡਾ ਜ਼ਿਲੇ ਦੀ ਤਲਵੰਡੀ ਸਾਬੋ ਵਿਖੇ ਉਸ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਜ਼ਿਲਾ ਲੁਧਿਅਣਾ ਵਿਖੇ 1973 ਵਿੱਚ ਹੋਣ ਵਾਲੀ ਕੁਸ਼ਤੀ ਨੂੰ ਉਹ ਆਪਣੀ ਜ਼ਿੰਦਗੀ ਦੀ ਯਾਦਗਾਰੀ ਕੁਸ਼ਤੀ ਕਰਾਰ ਦਿੰਦਾ ਹੈ। ਉਸ ਅਨੁਸਾਰ ਇਸ



ਮੁਕਾਬਲੇ ਵਿੱਚ ਉਸ ਨੇ ਜਗਰਾਓਂ ਦੇ ਕਹਿੰਦੇ-ਕਹਾਉਂਦੇ ਪਹਿਲਵਾਨ ਲਾਲੂ ਜਗਰਾਵਾਂ ਵਾਲੇ ਨੂੰ ਮਹਿਜ਼ 29 ਸਕਿੰਟਾਂ ਵਿੱਚ ਹੀ ਚਿੱਤ ਕਰ ਦਿੱਤਾ ਸੀ। ਉਸ ਨੂੰ ਦੂਜਾ ਸਥਾਨ ਪ੍ਰਾਪਤ ਹੋਇਆ ਸੀ।

ਅਬਦੂਲ ਰਸ਼ੀਦ ਦੱਸਦਾ ਹੈ ਕਿ ਪੰਜਾਬ ਵਿੱਚ ਪਹਿਲਵਾਨਾਂ ਨੂੰ ਉਹ ਮਾਹੌਲ ਨਹੀਂ ਮਿਲ ਰਿਹਾ ਜੋ ਚਾਹੀਦਾ ਹੈ। ਉਸ ਨੇ ਦੁਖੀ ਮਨ ਨਾਲ ਦੱਸਿਆ ਕਿ ਅਜੋਕੇ ਸਮੇਂ ਉਹ ਪਹਿਲਵਾਨੀ ਨੂੰ ਛੱਡ ਕੇ ਆਪਣੇ ਵਾਰਸਾਂ ਨੂੰ ਕ੍ਰਿਕਟ ਵੱਲ ਪਾ ਰਿਹਾ ਹੈ।

ਆਪਣੇ ਜਵਾਨੀ ਦੇ ਦਿਨਾਂ ਨੂੰ ਯਾਦ ਕਰ ਕੇ ਉਸ ਨੇ ਦੱਸਿਆ ਕਿ ਬਿਜਲੀ ਬੋਰਡ ਵਿੱਚ ਕੰਮ ਕਰਦੇ ਮੁਹੰਮਦ ਸਲੀਮ ਪੰਦਰੀ ਵਾਲਾ ਪਹਿਲਵਾਨ, ਪੰਜਾਬ ਪੁਲਿਸ ਵਿੱਚ ਮੰਦਰ ਪਹਿਲਵਾਨ, ਵਿਸਾਖਾ ਸਿੰਘ ਪਿੰਡ ਸਦੋਹਾ ਦਾ ਪਹਿਲਵਾਨ, ਬਲਕਰਨ ਕਿੰਗਰਾ ਆਦਿ ਉਸ ਦੇ ਅਜਿਹੇ ਚੇਲੇ ਹਨ ਜਿਨਾਂ ਨੇ ਉਸ ਦਾ ਨਾਂ ਪਹਿਲਵਾਨੀ ਦੇ ਖੇਤਰ ਵਿੱਚ ਚਮਕਾਇਆ ਹੈ। ਆਪਣੀ ਜਵਾਨੀ ਦੀ ਖ਼ੁਰਾਕ ਸਬੰਧੀ ਜਾਣਕਾਰੀ ਦਿੰਦੇ ਉਸ ਨੇ ਕਿਹਾ ਕਿ ਉਨਾਂ ਦੇ ਘਰ ਹਰ ਰੋਜ਼ ਮੀਟ ਬਣਦਾ ਸੀ ਅਤੇ ਉਹ ਰੋਜ਼ਾਨਾ ਡੇਢ ਕਿਲੋ ਮੀਟ ਦਸ-ਦਸ ਕਿਲੋ ਦੁੱਧ ਅਤੇ ਪਾਈਆ-ਪਾਈਆ ਦੇਸੀ ਘਿਉ ਦੁੱਧ ਵਿੱਚ ਪਾ ਕੇ ਪੀ ਜਾਂਦਾ ਸੀ। ਉਸ ਸਮੇਂ ਹਜ਼ਾਰ-ਹਜ਼ਾਰ ਡੰਡ ਲਾਉਣਾ ਵੀ ਉਸ ਦਾ ਰੋਜ਼ਾਨਾ ਦਾ ਨਿੱਤ ਕਰਮ ਹੁੰਦਾ ਸੀ। ਅੱਸੀ ਸਾਲ ਦੀ ਉਮਰ ਹੰਢਾ ਚੁੱਕਾ ਅਬਦੂਲ ਰਸ਼ੀਦ ਇਸ ਸਮੇਂ ਵੀ ਛੇ ਫੁੱਟ ਤੋਂ ਉਚੇ ਕੱਦ ਅਤੇ ਚੰਗੀ ਸਿਹਤ ਕਾਰਨ ਨੌਜਵਾਨਾਂ ਨੂੰ ਮਾਤ ਦੇ ਰਿਹਾ ਹੈ। ਉਹ ਆਪਣੀ ਬਿਰਧ ਅਵਸਥਾ ਵਿੱਚ ਵੀ, ਆਪਣਾ ਪੁਰਖੀ ਕਿੱਤਾ ਮੀਟ ਵੇਚਣ ਲਈ ਮਜਬੂਰ ਹੈ।

## ਪੈਗਾਸਸ ਜਾਸੂਸੀ ਸੂਚੀ...

ਰਿਪੋਰਟ ਵਿੱਚ ਕਿਹਾ ਗਿਆ ਹੈ ਪੈਗਾਸਸ ਸਪਾਈਵੇਅਰ ਰਾਹੀਂ ਨਜ਼ਰ ਰੱਖੇ ਜਾਣ ਵਾਲੇ ਵਿਅਕਤੀਆਂ ਦੀ ਸੂਚੀ ਵਿੱਚ ਕੋਲਾ ਖਾਣਾਂ ਦਾ ਵਿਰੋਧ ਕਰਨ ਵਾਲੇ ਕਾਰਕੁਨ ਅਲੋਕ ਸ਼ੁਕਲਾ, ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਸਰੋਜ ਗਿਰੀ, ਬਸਤਰ ਦੇ ਸ਼ਾਂਤੀ ਕਾਰਕੁਨ ਸ਼ੁਭਰਾਂਸ਼ੂ ਚੌਧਰੀ ਅਤੇ ਬਿਹਾਰ ਦੇ ਕਾਰਕੁਨ ਇਪਸਾ ਸਾਕਸ਼ੀ ਸ਼ਾਮਲ ਹਨ। ਵਟਸਐਪ ਨੇ ਵੀ ਸਾਲ 2019 ਵਿੱਚ ਕਾਰਕੁਨਾਂ ਸਰੋਜ ਗਿਰੀ, ਬੇਲਾ ਭਾਟੀਆ, ਅਲੋਕ ਸ਼ੁਕਲਾ ਅਤੇ ਸ਼ੁਭਰਾਂਸ਼ੂ ਚੌਧਰੀ ਨੂੰ ਪੈਗਾਸਸ ਸਾਫਟਵੇਅਰ ਰਾਹੀਂ ਨਿਸ਼ਾਨਾ ਬਣਾਏ ਜਾਣ ਦਾ ਜ਼ਿਕਰ ਕੀਤਾ ਸੀ। 'ਵਾਇਰ' ਨੇ ਇਹ ਰਿਪੋਰਟ 16 ਹੋਰ ਆਲਮੀ ਮੀਡੀਆ ਸੰਸਥਾਵਾਂ ਨਾਲ ਮਿਲ ਕੇ ਜਨਤਕ ਕੀਤੀ ਹੈ।

**ਸੰਸਦ ਵਿਚ ਜਾਸੂਸੀ ਮਾਮਲੇ ਨੂੰ ਲੈ ਕੇ ਹੋਇਆ ਹੰਗਾਮਾ**

ਇਜ਼ਰਾਈਲੀ ਕੰਪਨੀ ਦੇ ਪੈਗਾਸਸ ਸਾਫ਼ਟਵੇਅਰ ਰਾਹੀਂ ਫ਼ੋਨ ਟੈਪਿੰਗ ਦੀ ਰਿਪੋਰਟ 'ਤੇ ਵੀ ਸੰਸਦ ਵਿਚ ਜੰਮ ਕੇ ਹੰਗਾਮਾ ਹੋਇਆ। ਵਿਰੋਧੀ ਧਿਰ ਦੇ ਹੰਗਾਮੇ ਕਾਰਨ ਸੰਸਦ ਦੇ ਹੇਠਲੇ ਸਦਨ ਦੀ ਕਾਰਵਾਈ ਅੱਜ ਦੂਜੇ ਦਿਨ ਵੀ ਨਾ ਚੱਲ ਸਕੀ। ਕਾਂਗਰਸ ਨੇ ਪੱਤਰਕਾਰਾਂ ਸਮੇਤ ਹੋਰ ਸ਼ਖ਼ਸੀਅਤਾਂ ਦੇ ਫ਼ੋਨ ਟੈਪਿੰਗ ਦੀ ਸੁਤੰਤਰ ਜਾਂਚ ਕਰਵਾਉਣ ਦੀ ਮੰਗ ਕੀਤੀ, ਪਰ ਸਰਕਾਰ ਨੇ ਇਸ ਨੂੰ ਖਾਰਜ ਕਰਦਿਆਂ ਕਿਹਾ ਕਿ ਇਸ ਡਾਟਾ ਦਾ ਜਾਸੂਸੀ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਸੰਚਾਰ ਮੰਤਰੀ ਅਸ਼ਵਨੀ ਵੈਸ਼ਨਵ ਨੇ ਲੋਕ ਸਭਾ ਵਿਚ ਕਿਹਾ ਕਿ ਸੰਸਦ ਦੇ ਮਾਨਸੂਨ ਇਜਲਾਸ ਤੋਂ ਪਹਿਲਾਂ ਜਾਸੂਸੀ ਨਾਲ ਜੁੜੀ ਮੀਡੀਆ ਰਿਪੋਰਟ ਭਾਰਤੀ ਲੋਕਤੰਤਰ ਦੇ ਅਕਸ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਹੈ। ਉਨਾਂ ਇਹ ਵੀ ਕਿਹਾ ਕਿ ਸੰਸਦ ਦੇ ਇਜਲਾਸ ਤੋਂ ਠੀਕ ਇਕ ਦਿਨ ਪਹਿਲਾਂ ਇਹ ਰਿਪੋਰਟ ਆਉਣਾ ਮਹਿਜ਼ ਸੰਜੋਗ ਨਹੀਂ ਹੋ ਸਕਦਾ।

ਕਾਂਗਰਸ ਵਲੋਂ ਤਿੱਖਾ ਵਿਰੋਧ

ਪੈਗਾਸਸ ਦੀ ਵਰਤੋਂ ਕਰ ਕੇ ਵਿਰੋਧੀ ਧਿਰਾਂ, ਕਾਰਜਕਰਤਾਵਾਂ ਤੇ ਪੱਤਰਕਾਰਾਂ ਦੇ ਫ਼ੋਨ ਦੀ ਜਾਸੂਸੀ ਦੀ ਰਿਪੋਰਟ 'ਤੇ ਕਾਂਗਰਸ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਸਵਾਲ ਚੁੱਕਿਆ ਅਤੇ ਉਨਾਂ ਦੀ ਭੂਮਿਕਾ ਦੀ ਜਾਂਚ ਕਰਨ ਦੀ ਮੰਗ ਕੀਤੀ ਹੈ ਅਤੇ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਸਤੀਫ਼ਾ ਦੇਣਾ ਚਾਹੀਦਾ ਹੈ। ਕਾਂਗਰਸ ਦੇ ਸੰਸਦ ਮੈਂਬਰ ਅਧੀਰ ਰੰਜਨ ਚੌਧਰੀ ਨੇ ਇਸ ਮੁੱਦੇ 'ਤੇ ਪੱਤਰਕਾਰ ਸੰਮੇਲਨ ਵਿਚ ਕਿਹਾ ਕਿ ਨਰਿੰਦਰ ਮੋਦੀ 'ਡਿਜੀਟਲ ਇੰਡੀਆ' ਦੀ ਗੱਲ ਕਰਦੇ ਹਨ ਪਰ ਉਹ ਇਸ ਨੂੰ 'ਸਰਵੀਲਾਂਸ ਇੰਡੀਆ' ਬਣਾ ਰਹੇ ਹਨ। ਉਨਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਖ਼ਿਲਾਫ਼ ਜੋ ਵੀ ਆਵਾਜ਼ ਚੁੱਕਣ ਦੀ ਹਿੰਮਤ ਕਰਦਾ ਹੈ, ਉਸ ਖ਼ਿਲਾਫ਼ ਪੈਗਾਸਸ ਦੀ ਵਰਤੋਂ ਕੀਤੀ ਜਾਂਦੀ ਹੈ। ਰਾਹੁਲ ਗਾਂਧੀ ਕਹਿੰਦੇ ਹਨ ਕਿ ਅਸੀਂ ਭਾਜਪਾ ਤੋਂ ਨਹੀਂ ਡਰਦੇ, ਇਸ ਲਈ ਉਨਾਂ ਦੀ ਜਾਸੂਸੀ ਹੋ ਰਹੀ ਹੈ।

**ਭਾਜਪਾ ਪੱਛਮੀ ਬੰਗਾਲ ਦੀਆਂ ਸਿਆਸੀ ਪਾਰਟੀਆਂ ਦੇ ਨਿਸ਼ਾਨੇ 'ਤੇ**

ਤ੍ਰਿਣਮੂਲ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਅਭਿਸ਼ੇਕ ਬੈਨਰਜੀ ਵੀ ਉਨਾਂ ਵਿਅਕਤੀਆਂ ਵਿੱਚ ਸ਼ਾਮਲ ਹਨ, ਜਿਨਾਂ ਦੀ ਕਥਿਤ ਜਾਸੂਸੀ ਕੀਤੀ ਗਈ। ਉਨਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਹ ਅਗਲੀਆਂ ਲੋਕ ਸਭਾ ਚੋਣਾਂ ਦੌਰਾਨ ਇਸ ਤੋਂ ਬਿਹਤਰ ਸਰੋਤਾਂ ਨਾਲ ਲੈਸ ਹੋ ਕੇ ਆਉਣ। ਉਨਾਂ ਟਵੀਟ ਕੀਤਾ, 'ਈਡੀ, ਸੀਬੀਆਈ, ਐੱਨਆਈਏ, ਆਈਟੀ, ਈਸੀਆਈ, ਭਾਜਪਾ ਬਾਹੂਬਲ ਅਤੇ ਪੈਗਾਸਸ ਵਰਗੇ ਸਹਿਯੋਗੀ ਹੋਣ ਦੇ ਬਾਵਜੂਦ ਅਮਿਤ ਸ਼ਾਹ ਬੰਗਾਲ ਵਿਧਾਨ ਸਭਾ ਚੋਣਾਂ ਦੌਰਾਨ ਆਪਣਾ ਚਿਹਰਾ ਨਹੀਂ ਬਚਾਅ ਸਕੇ। ਕ੍ਰਿਪਾ ਕਰਕੇ 2024 (ਲੋਕ ਸਭਾ ਚੋਣਾਂ) ਵਿੱਚ ਬਿਹਤਰ ਸਾਧਨਾਂ ਨਾਲ ਲੈਸ ਹੋ ਕੇ ਆਉਣਾ।' ਟੀਐੱਮਸੀ ਦੇ ਸੂਬਾ ਜਨਰਲ ਸਕੱਤਰ ਕੁਣਾਲ ਘੋਸ਼ ਨੇ ਕਿਹਾ ਕਿ ਇਸ ਤੋਂ ਭਾਜਪਾ ਦਾ 'ਮਾਨਸਿਕ' ਡਰ ਝਲਕ ਰਿਹਾ ਹੈ। ਸੀਪੀਐੱਮ ਪੋਲਿਟ ਬਿਊਰੋ ਨੇ ਬਿਆਨ ਰਾਹੀਂ ਕਿਹਾ ਕਿ ਭਾਜਪਾ ਸਰਕਾਰ ਨੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ। ਕਾਂਗਰਸ ਦੇ ਲੋਕ ਸਭਾ ਮੈਂਬਰ ਅਤੇ ਸੰਸਦ ਵਿੱਚ ਵਿਰੋਧੀ ਧਿਰ ਦੇ ਨੇਤਾ ਅਧੀਰ ਰੰਜਨ ਚੌਧਰੀ ਨੇ ਕਿਹਾ ਕਿ ਇਹ ਦੇਸ਼ ਦੀ ਸੁਰੱਖਿਆ ਦਾ ਮਸਲਾ ਹੈ। ਉਹ ਇਸ ਨੂੰ ਦੋਵੇਂ ਸਦਨਾ ਵਿੱਚ ਚੁੱਕਣਗੇ।

ਤ੍ਰਿਣਮੂਲ ਕਾਂਗਰਸ ਨੇ ਕਿਹਾ ਕਿ ਕੇਂਦਰ ਸਰਕਾਰ ਜਦੋਂ ਤੱਕ ਪੈਗਾਸਸ ਸਪਾਈਵੇਅਰ ਰਾਹੀਂ ਜਾਸੂਸ ਕਰਵਾਉਣ ਅਤੇ ਨਿਗਰਾਨੀ ਰੱਖਣ ਦੇ ਮਾਮਲੇ 'ਤੇ ਸਪਸ਼ਟੀਕਰਨ ਨਹੀਂ ਦਿੰਦੀ ਅਤੇ ਦੋਵਾਂ ਸਦਨਾਂ ਵਿੱਚ ਬਹਿਸ ਨਹੀਂ ਕਰਵਾਉਂਦੀ ਉਹ ਕਾਰਵਾਈ ਨਹੀਂ ਚੱਲਣ ਦੇਣਗੇ। ਟੀਐੱਮਸੀ ਦੇ ਰਾਜ ਸਭਾ ਮੈਂਬਰ ਡੈਰੇਕ ਓ'ਬਰਾਇਨ ਨੇ ਕਿਹਾ ਕਿ ਉਨਾਂ ਨੂੰ ਕਰੋਨਾ ਮਹਾਮਾਰੀ ਦੇ ਮੁੱਦੇ 'ਤੇ ਬਹਿਸ ਕਰਵਾਉਣ ਤੋਂ ਕੋਈ ਸਮੱਸਿਆ ਨਹੀਂ ਹੈ, ਪਰ ਇਹ ਮਸਲਾ ਉਸ ਤੋਂ ਵੀ ਗੰਭੀਰ ਹੈ। ਟੀਐੱਮਸੀ ਦੀ ਲੋਕ ਸਭਾ ਮੈਂਬਰ ਮਹੂਆ ਮੋਇਤਰਾ ਨੇ ਕਿਹਾ, 'ਸੂਚਨਾ ਤੇ ਤਕਨੀਕੀ ਮੰਤਰੀ ਨੇ ਸੰਸਦ ਵਿੱਚ ਝੂਠ ਬੋਲਿਆ ਹੈ। ਅਸੀਂ ਸਿਰਫ਼ ਏਹੀ ਜਾਣਨਾ ਚਾਹੁੰਦੇ ਹਾਂ ਕਿ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਆਈ ਟੀ ਮੰਤਰੀ ਦੱਸਣ ਕਿ ਭਾਰਤ ਐਨਐੱਸਓ (ਪੈਗਾਸਸ ਸਪਾਈਵੇਅਰ ਦੀ ਮਾਲਕ ਕੰਪਨੀ) ਦੀ ਗਾਹਕ ਹੈ ਜਾਂ ਨਹੀਂ।'

**ਇਜਰਾਈਲ ਕੰਪਨੀ ਦਾ ਪੱਖ**

ਇਜ਼ਰਾਇਲੀ ਕੰਪਨੀ ਐੱਨਐੱਸਓ ਪੇਗਾਸਸ ਸੋਫਟਵੇਅਰ ਨੂੰ ਬਣਾਉਂਦੀ ਹੈ ਅਤੇ ਉਹ ਦਾਅਵਾ ਕਰਦੀ ਹੈ ਕਿ ਉਸ ਦੇ ਕਲਾਈਂਟ ਕੇਵਲ ਸਰਕਾਰਾਂ ਜਾਂ ਸਰਕਾਰੀ ਏਜੰਸੀਆਂ ਹੁੰਦੀਆਂ ਹਨ। ਕੰਪਨੀ ਨੇ ਇਨਾਂ ਸਾਰਿਆਂ ਇਲਜ਼ਾਮਾਂ ਨੂੰ ਖਾਰਿਜ ਕੀਤਾ ਹੈ। ਕੰਪਨੀ ਦਾਅਵਾ ਕਰਦੀ ਹੈ ਕਿ ਉਸ ਦਾ ਮਕਸਦ 'ਅਪਰਾਧ ਤੇ ਅੱਤਵਾਦ ਖਿਲਾਫ਼ ਲੜਨਾ' ਹੈ।

ਅਮਿਤ ਸ਼ਾਹ ਨੇ ਕੀ ਕਿਹਾ ?

ਭਾਰਤ ਸਰਕਾਰ ਨੇ ਆਪਣੇ ਬਿਆਨ ਵਿੱਚ ਅੱਗੇ ਕਿਹਾ, 'ਸਰਕਾਰ ਵੱਲੋਂ ਲੋਕਾਂ ਦੀ ਨਿਗਰਾਨੀ ਰੱਖਣ ਦੇ ਇਲਜ਼ਾਮ ਬੇਬੁਨਿਆਦ ਹਨ। ਪਹਿਲਾਂ ਵੀ ਇਹ ਦਾਅਵਾ ਕੀਤਾ ਗਿਆ ਸੀ ਕਿ ਭਾਰਤ ਸਰਕਾਰ ਵੱਲੋਂ ਪੇਗਾਸਸ ਦਾ ਇਸਤੇਮਾਲ ਕੀਤਾ ਗਿਆ ਹੈ। ਇਨਾਂ ਰਿਪੋਰਟਾਂ ਦਾ ਕੋਈ ਅਧਾਰ ਸਾਬਿਤ ਨਹੀਂ ਹੋਇਆ ਹੈ। 'ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਮਾਮਲੇ ਵਿੱਚ ਬਿਆਨ ਜਾਰੀ ਕਰਦੇ ਹੋਏ ਇਸ ਨੂੰ 'ਲੋਕਤੰਤਰ ਨੂੰ ਬਦਨਾਮ ਕਰਨ ਦੀ ਸਾਜ਼ਿਸ਼' ਕਰਾਰ ਦਿੱਤਾ ਹੈ।

ਅਮਿਤ ਸ਼ਾਹ ਨੇ ਕਿਹਾ, 'ਇਸ ਕਥਿਤ ਰਿਪੋਰਟ ਦੇ ਲੀਕ ਹੋਣ ਦਾ ਵਕਤ ਅਤੇ ਫਿਰ ਸੰਸਦ ਦੇ ਕੰਮਕਾਜ ਵਿੱਚ ਰੁਕਾਵਟ, ਤੁਸੀਂ ਕਰੋਨੋਲੋਜੀ ਸਮਝੋ ! ਇਹ ਭਾਰਤ ਦੇ ਵਿਕਾਸ ਵਿੱਚ ਰੁਕਾਵਟ ਪਾਉਣ ਦੀ ਭਾਰਤ ਦੇ ਵਿਕਾਸ ਨੂੰ ਰੋਕਣ ਵਾਲਿਆਂ ਲਈ ਰਿਪੋਰਟ ਹੈ।'

**ਕੈਪਟਨ ਅਮਰਿੰਦਰ ਮੋਦੀ ਸਰਕਾਰ ਵਿਰੁੱਧ ਬੋਲੇ**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਥਿਤ ਫੋਨ ਟੈਪਿੰਗ ਮਾਮਲੇ ਬਾਰੇ ਕਿਹਾ ਕਿ ਇਹ ਨਾ ਸਿਰਫ਼ ਕਿਸੇ ਇੱਕ ਲਈ ਸਗੋਂ ਕੌਮੀ ਸੁਰੱਖਿਆ ਲਈ ਸ਼ਰਮਨਾਕ ਕਾਰਾ ਹੈ।ਕੈਪਟਨ ਮੁਤਾਬਕ ਇਹ ਕੇਂਦਰ ਸਰਕਾਰ ਵੱਲੋਂ ਭਾਰਤੀ ਲੋਕਤੰਤਰ ਉੱਤੇ ਹਮਲਾ ਹੈਰਾਨ ਕਰਨ ਵਾਲਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਇਸਰਾਇਲੀ ਕੰਪਨੀ ਵੱਲੋਂ ਇਹ ਜਸੂਸੀ ਕੇਂਦਰ ਸਰਕਾਰ ਦੀ ਸਹਿਮਤੀ ਤੋਂ ਬਿਨਾਂ ਨਹੀਂ ਹੋ ਸਕਦੀ।ਅਮਰਿੰਦਰ ਸਿੰਘ ਨੇ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਨੂੰ ਦਖ਼ਲ ਦੇਣ ਦੀ ਮੰਗ ਕੀਤੀ ਹੈ ਅਤੇ ਐਨਡੀਏ ਸਰਕਾਰ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਗੁਜ਼ਾਰਿਸ਼ ਕੀਤੀ ਹੈ।

**ਮੋਦੀ ਸਰਕਾਰ ਸੱਚਾਈ ਦੱਸੇ: ਸੁਬਰਾਮਨੀਅਮ**

ਭਾਜਪਾ ਦੇ ਸੰਸਦ ਮੈਂਬਰ ਸੁਬਰਾਮਨੀਅਨ ਸਵਾਮੀ ਨੇ ਮੀਡੀਆ ਹਾਊਸਾਂ ਦੇ ਕੌਮਾਂਤਰੀ ਸੰਘ ਵੱਲੋਂ ਪੇਗਾਸਸ ਵੱਲੋਂ ਜਾਸੂਸੀ ਕਰਵਾਉਣ ਸਬੰਧੀ ਲਾਏ ਦਾਅਵਿਆਂ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਸੱਚਾਈ ਦੱਸਣ ਲਈ ਕਿਹਾ। ਉਨਾਂ ਟਵੀਟ ਕੀਤਾ,'ਇਹ ਸਪੱਸ਼ਟ ਹੈ ਕਿ ਪੇਗਾਸਸ ਸਪਾਈਵੇਅਰ ਇੱਕ ਵਪਾਰਕ ਕੰਪਨੀ ਹੈ ਜੋ ਭੁਗਤਾਨਸ਼ੁਦਾ ਕੰਟਰੈਕਟਾਂ ਲਈ ਕੰਮ ਕਰਦੀ ਹੈ। ਇਸ ਲਈ ਇਹ ਸਵਾਲ ਪੈਦਾ ਹੁੰਦਾ ਹੈ ਕਿ ਭਾਰਤੀ 'ਅਪਰੇਸ਼ਨ' ਲਈ ਉਨਾਂ ਨੂੰ ਕਿਸਨੇ ਪੈਸੇ ਦਿੱਤੇ ? ਜੇਕਰ ਇਹ ਭਾਰਤ ਸਰਕਾਰ ਨਹੀਂ ਹੈ ਤਾਂ ਕੌਣ ਹੈ ? ਇਹ ਭਾਰਤ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਲੋਕਾਂ ਨੂੰ ਇਸ ਬਾਰੇ ਦੱਸੇ। ਖਬਰਾਂ ਮੁਤਾਬਕ ਦਾਅਵਾ ਕੀਤਾ ਗਿਆ ਹੈ ਕਿ 300 ਤੋਂ ਜ਼ਿਆਦਾ ਮੋਬਾਈਲ ਫੋਨ ਨੰਬਰਾਂ ਨੂੰ ਇਜ਼ਰਾਇਲੀ ਸਪਾਈਵੇਅਰ ਰਾਹੀਂ ਹੈਕਿੰਗ ਲਈ ਨਿਸ਼ਾਨਾ ਬਣਾਇਆ ਗਿਆ ਸੀ ਜੋ ਸਿਰਫ਼ ਸਰਕਾਰੀ ਏਜੰਸੀਆਂ ਨੂੰ ਹੀ ਵੇਚਿਆ ਜਾਂਦਾ ਹੈ।

## ਕੈਨੇਡਾ ਵਿਚ ਤੀਜੀ ਵਾਰ...

ਬੱਚੇ ਜੋ ਪਹਿਲਾਂ ਹੀ ਕੁਪੋਸ਼ਣ ਦੇ ਸ਼ਿਕਾਰ ਸਨ, ਉਨਾਂ ਉੱਪਰ ਅਜਿਹੇ ਤਜਰਬੇ ਕਰਨੇ ਅਨੈਤਿਕ ਸੀ। ਰਿਹਾਇਸ਼ੀ ਸਕੂਲ ਅਤੇ ਹੋਰ ਬਸਤੀਵਾਦੀ ਨੀਤੀਆਂ ਜੋ ਕਿ ਕੈਨੇਡਾ ਵਿੱਚ ਅਜੇ ਵੀ ਜਾਰੀ ਹਨ, ਮੂਲ ਨਿਵਾਸੀ ਭਾਈਚਾਰਿਆਂ ਵਿੱਚ ਕੁਪੋਸ਼ਣ ਦੀ ਵੱਡੀ ਵਜਾ ਹਨ। ਇਨਾਂ ਤਜਰਬਿਆਂ ਨੇ ਮੂਲ ਨਿਵਾਸੀਆਂ ਦੇ ਮਨ ਵਿੱਚ ਸਿਹਤ ਸੰਭਾਲ ਕੇਂਦਰਾਂ ਬਾਰੇ ਡਰ ਪੈਦਾ ਕਰ ਦਿੱਤਾ ਹੈ। ਇਨਾਂ ਵਿੱਚੋਂ ਕਈਆਂ ਨੇ ਤਾਂ ਕੋਵਿਡ-19 ਟੀਕਾਕਰਨ ਉੱਪਰ ਵੀ ਸਵਾਲ ਚੁੱਕੇ ਹਨ।

## ਮਾਮਲਾ 1984 ਸਿੱਖ...

ਅੰਮ੍ਰਿਤਸਰ ਟਾਈਮਜ ਅਨੁਸਾਰ ਭਾਰਤ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦੇ ਵਿਰੋਧ 'ਚ ਕਾਨਪੁਰ 'ਚ ਸਿੱਖ ਵਿਰੋਧੀ ਦੰਗੇ ਹੋਏ ਸਨ, ਜਿਨਾਂ ਵਿਚ 127 ਲੋਕਾਂ ਦੀ ਮੌਤ ਹੋ ਗਈ ਸੀ। ਉਸ ਦੌਰਾਨ ਇਨਾਂ ਕਤਲ ਮਾਮਲਿਆਂ ਵਿਚ ਢਿੱਲੀ ਕਾਰਵਾਈ ਕੀਤੀ ਸੀ। ਲਿਹਾਜ਼ਾ ਫ਼ਰਵਰੀ 2019 ਵਿਚ ਸ਼ਾਸਨ ਨੇ ਇਸ ਦੀ ਜਾਂਚ ਲਈ ਐਸਆਈਟੀ ਦਾ ਗਠਨ ਕੀਤਾ। ਕੋਤਵਾਲੀ ਵਿਚ ਐਸਆਈਟੀ ਥਾਣਾ ਵੀ ਬਣਾਇਆ ਗਿਆ। ਜਿਨਾਂ 28 ਕੇਸਾਂ ਵਿਚ ਤਦ ਪੁਲਿਸ ਨੇ ਫ਼ਾਈਨਲ ਰਿਪੋਰਟ ਲਗਾ ਕੇ ਚਾਰਜਸ਼ੀਟ ਲਾਈ ਸੀ, ਉਨਾਂ ਵਿਚੋਂ ਐਸਆਈਟੀ ਨੇ 20 ਕੇਸਾਂ ਦੀ ਫ਼ਾਈਲ ਖੋਲੀ, ਜਿਨਾਂ ਵਿਚੋਂ 11 ਕੇਸਾਂ ਦੀ ਪੜਤਾਲ ਪੂਰੀ ਹੋ ਗਈ ਹੈ। ਦੋ ਕੇਸਾਂ ਵਿਚ ਸਭ ਤੋਂ ਵੱਧ 13-13 ਮੁਲਜ਼ਮ ਹਨ। ਕੁਲ ਮਿਲਾ ਕੇ ਇਨਾਂ ਸਾਰੇ ਕੇਸਾਂ ਵਿਚ 40 ਤੋਂ ਵੱਧ ਮੁਲਜ਼ਮ ਹਨ।

ਪੰਜ ਮੁਲਜ਼ਮ ਅਜਿਹੇ ਹਨ, ਜੋ ਉਸ ਸਮੇਂ ਦੇ ਨਾਮੀ ਵਕੀਲ ਸਨ, ਜਿਨਾਂ ਦੇ ਤਤਕਾਲੀਨ ਸਰਕਾਰ ਦੇ ਨੇਤਾ, ਮੰਤਰੀਆਂ ਤੇ ਵਿਧਾਇਕਾਂ ਨਾਲ ਚੰਗੇ ਸਬੰਧ ਸਨ। ਉਨਾਂ ਦੇ ਨਾਮ ਤੇ ਪਤੇ ਵੀ ਵੈਰੀਫਾਈ ਕਰ ਲਏ ਗਏ ਹਨ। ਇਨਾਂ ਦੀ ਭੂਮਿਕਾ ਦੰਗਿਆਂ ਵਿਚ ਮਿਲੀ ਹੈ। ਐਸਆਈਟੀ ਨੇ ਇਨਾਂ ਸਾਰਿਆਂ ਵਿਰੁਧ ਸਬੂਤ ਇਕੱਠੇ ਕਰ ਲਏ ਹਨ, ਸਿਰਫ਼ ਗ੍ਰਿਫ਼ਤਾਰੀ ਬਾਕੀ ਹੈ। ਪ੍ਰਸ਼ਾਸਨ ਤੋਂ ਮਨਜ਼ੂਰੀ ਮਿਲਣ ਬਾਅਦ ਇਨਾਂ ਸਾਰੇ ਮੁਲਜ਼ਮਾਂ ਦੇ ਨਾਮ ਜਨਤਕ ਕੀਤੇ ਜਾਣਗੇ ਅਤੇ ਗ੍ਰਿਫ਼ਤਾਰੀਆਂ ਸ਼ੁਰੂ ਹੋਣਗੀਆਂ।

## ਪੈਗਾਸਸ ਸਪਾਈਵੇਅਰ...

ਉਦਯੋਗਪਤੀਆਂ ਅਤੇ ਪੱਤਰਕਾਰਾਂ ਨਾਲ ਕੀਤੀ ਗਈ ਗੱਲਬਾਤ ਦੇ 100 ਤੋਂ ਜ਼ਿਆਦਾ ਟੇਪ ਮੀਡੀਆ ਨੂੰ ਲੀਕ ਕਰ ਦਿੱਤੇ ਗਏ। ਇਹ ਟੇਪ ਟੈਕਸ ਵਿਭਾਗ ਨੇ ਰਿਕਾਰਡ ਕੀਤੇ ਸੀ।ਉਸ ਸਮੇਂ ਦੇ ਵਿਰੋਧੀ ਦਲ ਦੇ ਨੇਤਾ ਲਾਲਕ੍ਰਿਸ਼ਨ ਅਡਵਾਨੀ ਨੇ ਕਿਹਾ ਕਿ ਨੀਰਾ ਵਾਡੀਆ ਪ੍ਰਕਰਣ ਵਾਟਰਗੇਟ ਸਕੈਂਡਲ ਦੀ ਯਾਦ ਦਿਵਾਉਂਦਾ ਹੈ।

ਪਰ ਇਹ ਸਪੱਸ਼ਟ ਹੈ ਕਿ ਮੋਦੀ ਸਰਕਾਰ ਅਜਿਹਾ ਕਰਕੇ ਜਮਹੂਰੀਅਤ ਅੱਗੇ ਪ੍ਰਸ਼ਨ ਚਿੰਨ ਲਗਾ ਰਹੀ ਹੈ। ਇਜ਼ਰਾਈਲ ਦੇ ਇਸ ਜਾਸੂਸੀ ਸਾਫਟਵੇਅਰ ਨੂੰ ਬਣਾਉਣ ਵਾਲੀ ਕੰਪਨੀ ਦਾ ਦਾਅਵਾ ਹੈ ਕਿ ਉਹ ਆਪਣੇ ਉਤਪਾਦ ਨੂੰ ਸਿਰਫ਼ ਸਰਕਾਰਾਂ ਰਾਹੀਂ ਵੇਚਦੀ ਹੈ। ਇਸ ਲਈ ਇਹ ਜਾਸੂਸੀ ਸਾਫਟਵੇਅਰ ਭਾਰਤ ਵਿੱਚ ਸਰਕਾਰ ਦੀ ਸਹਿਮਤੀ ਨਾਲ ਹੀ ਆਇਆ ਹੋਵੇਗਾ ।ਕੰਪਨੀ ਨੇ ਇਹ ਵੀ ਕਿਹਾ ਹੈ ਕਿ ਉਸ ਵੱਲੋਂ ਸਰਕਾਰਾਂ ਨੂੰ ਇਹ ਸਾਫਟਵੇਅਰ ਅੱਤਵਾਦ ਵਿਰੁੱਧ ਲੜਨ ਲਈ ਦਿੱਤਾ ਜਾਂਦਾ ਹੈ । ਸਰਕਾਰ ਨੂੰ ਇਸ ਗੱਲ ਦਾ ਜਵਾਬ ਦੇਣਾ ਪਵੇਗਾ ਕਿ ਇਸ ਜਾਸੂਸੀ ਉਪਕਰਣ ਰਾਹੀਂ ਜਿਨਾਂ ਲੋਕਾਂ ਦੇ ਫੋਨ ਹੈਕ ਕੀਤੇ ਗਏ, ਕੀ ਉਹ ਅੱਤਵਾਦੀ ਹਨ । ਹੈਰਾਨੀ ਦੀ ਗੱਲ ਇਹ ਹੈ ਕਿ ਭਾਰਤ ਸਰਕਾਰ ਇਸ ਰਿਪੋਰਟ ਨੂੰ ਝੂਠੀ ਅਤੇ ਦੇਸ਼ ਦੀ ਨਮੋਸ਼ੀ ਕਰਨ ਵਾਲੀ ਕਹਿ ਰਹੀ ਹੈ, ਉੱਥੇ ਫ਼ਰਾਂਸ ਸਰਕਾਰ ਨੇ ਪੈਗਾਸਸ ਸਾਫ਼ਟਵੇਅਰ ਦੀ ਵਰਤੋਂ ਬਾਰੇ ਜਾਂਚ ਦੇ ਹੁਕਮ ਦਿੱਤੇ ਹਨ। ਇਜ਼ਰਾਇਲੀ ਕੰਪਨੀ ਐੱਨਐੱਸਓ ਨੇ ਕਿਹਾ ਕਿ ਉਹ ਨਹੀਂ ਜਾਣਦੇ ਕਿ ਉਨਾਂ ਦੇ ਸਾਫ਼ਟਵੇਅਰ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਐੱਨਐਸਓ ਦੇ ਬਾਨੀ ਸ਼ਾਲਵ ਹੂਲਿਓ ਨੇ ਪੜਤਾਲ ਕਰਕੇ ਇਹ ਪਤਾ ਕਰਨ ਦਾ ਭਰੋਸਾ ਦਿੱਤਾ ਹੈ ਕਿ ਇਹ ਸਾਫ਼ਟਵੇਅਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਲਈ ਤਾਂ ਨਹੀਂ ਵਰਤਿਆ ਗਿਆ। ਹੂਲਿਓ ਨੇ ਕਿਹਾ, 'ਅਸੀਂ ਪੱਤਰਕਾਰਾਂ ਦੇ ਸ਼ੁਭਚਿੰਤਕ ਹਾਂ ਜੇ ਇਹ ਦੋਸ਼ ਸਹੀ ਪਾਏ ਗਏ ਤਾਂ ਅਸੀਂ ਸਖ਼ਤ ਕਦਮ ਉਠਾਵਾਂਗੇ।' ਭਾਰਤ ਵਿਚ ਇਸ ਖੇਤਰ ਨਾਲ ਸਬੰਧਤ ਮਾਹਿਰ ਸਵਾਲ ਕਰ ਰਹੇ ਹਨ ਕਿ ਸਭ ਤੋਂ ਪਹਿਲਾਂ ਸਰਕਾਰ ਨੂੰ ਇਹ ਜਾਣਕਾਰੀ ਦੇਣੀ ਚਾਹੀਦੀ ਹੈ ਕਿ ਸਰਕਾਰ ਦੀਆਂ ਏਜੰਸੀਆਂ ਨੇ ਇਹ ਸਾਫ਼ਟਵੇਅਰ ਐੱਨਐੱਸਓ ਤੋਂ ਖਰੀਦਿਆ ਹੈ ਜਾਂ ਨਹੀਂ ਕਿਉਂਕਿ ਐੱਨਐੱਸਓ ਅਨੁਸਾਰ ਉਹ ਇਹ ਸਾਫ਼ਟਵੇਅਰ ਸਿਰਫ਼ ਸਰਕਾਰੀ ਏਜੰਸੀਆਂ ਨੂੰ ਮੁਹੱਈਆ ਕਰਵਾਉਂਦੀ ਹੈ। ਸਰਕਾਰ ਅਜਿਹੀ ਜਾਣਕਾਰੀ ਦੇਣ ਤੋਂ ਇਸ ਆਧਾਰ 'ਤੇ ਇਨਕਾਰ ਕਰ ਸਕਦੀ ਹੈ ਕਿ ਇਸ ਦਾ ਤਅੱਲਕ ਦੇਸ਼ ਦੀ ਸੁਰੱਖਿਆ ਨਾਲ ਹੈ। ਜੇਕਰ ਇਹ ਸਾਫ਼ਟਵੇਅਰ ਸਿਰਫ਼ ਦਹਿਸ਼ਤਗਰਦਾਂ ਤੇ ਅਪਰਾਧੀਆਂ ਖ਼ਿਲਾਫ਼ ਵਰਤਿਆ ਗਿਆ ਹੁੰਦਾ ਤਾਂ ਸ਼ਾਇਦ ਕਿਸੇ ਨੂੰ ਵੀ ਇਸ ਬਾਰੇ ਇਤਰਾਜ਼ ਨਾ ਹੁੰਦਾ। ਹੁਣ ਸਿਆਸਤਦਾਨਾਂ ਅਤੇ ਪੱਤਰਕਾਰਾਂ ਦੇ ਨਾਂ ਇਸ ਮਾਮਲੇ ਵਿਚ ਉੱਭਰਨ ਨਾਲ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਪਾਰਦਰਸ਼ਤਾ ਤੋਂ ਕੰਮ ਲੈਂਦਿਆਂ ਇਸ ਮਾਮਲੇ ਬਾਰੇ ਨਿਰਪੱਖ ਪੜਤਾਲ ਕਰਾਵੇ।

## ਨਵਜੋਤ ਸਿੱਧੂ ਹੱਥ...

ਅੱਜ ਦੇ ਨਵੇਂ ਸ਼ਕਤੀ ਕੇਂਦਰਾਂ ਤੋਂ ਸਭ ਪੱਖਾਂ ਤੇ ਕੰਮ ਕਰਨ ਦੀ ਉਮੀਦ ਕੀਤੀ ਜਾਵੇਗੀ ਹੀ।

ਇਥੇ ਸਵਾਲ ਇਹ ਉਠੇਗਾ ਕਿ ਵਾਅਦੇ ਜੋ ਚਾਰ ਸਾਲ ਵਿਚ ਨਹੀਂ ਪੂਰੇ ਹੋ ਸਕੇ ਤਾਂ ਹੁਣ ਕਿਵੇਂ ਪੂਰੇ ਹੋ ਜਾਣਗੇ ? ਜਿਸ ਪੰਜਾਬ ਮਾਡਲ ਨੂੰ ਸਿੱਧੂ ਲਾਗੂ ਕਰਨਾ ਚਾਹੁੰਦੇ ਹਨ, ਉਸ ਨੂੰ ਅਮਲੀ ਜਾਮਾ ਦੇਣ ਲਈ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਆਪਸ ਵਿਚ ਇਕਜੁਟ ਹੋ ਕੇ ਕੰਮ ਕਰ ਸਕਣਗੇ ? ਕੀ ਇਕ ਦੂਜੇ ਉਤੇ ਕੀਤੇ ਗਏ ਨਿੱਜੀ ਹਮਲਿਆਂ ਨੂੰ ਭੁਲਾ ਕੇ ਪੰਜਾਬ ਵਾਸਤੇ ਆਪਣੇ ਜੋਸ਼ ਤੇ ਹੋਸ਼ ਦਾ ਮੇਲ ਕਰ ਕੇ ਅਗਲੇ 6 ਮਹੀਨਿਆਂ ਵਿਚ ਲੋਕਾਂ ਨੂੰ ਵਿਖਾਏ ਗਏ ਸੁਪਨੇ ਪੂਰੇ ਕਰ ਸਕਣਗੇ ਜਾਂ ਅੰਦਰੂਨੀ ਲੜਾਈਆਂ ਪੰਜਾਬ ਵਿਚ ਕਾਂਗਰਸ ਨੂੰ ਖ਼ਤਮ ਕਰ ਜਾਣਗੀਆਂ ? ਜੇ ਕੈਪਟਨ ਆਉਣ ਵਾਲੇ ਦਿਨਾਂ ਵਿੱਚ ਕੰਮ ਕਰਨਗੇ ਤਾਂ ਉਨਾਂ ਲਈ ਠੀਕ ਹੋਵੇਗਾ ਨਹੀਂ ਤਾਂ ਉਨਾਂ ਨੂੰ ਆਪਣਾ ਅਹੁਦਾ ਖੋਣਾ ਪੈ ਸਕਦਾ ।

**ਪਾਰਟੀ ਅੰਦਰ ਹੋ ਸਕਦਾ ਵੱਡਾ ਸਿਆਸੀ ਧਮਾਕਾ**

ਅੰਮ੍ਰਿਤਸਰ ਟਾਈਮਜ ਦਾ ਮੰਨਣਾ ਹੈ ਕਿ ਸਿੱਧੂ ਦੇ ਪ੍ਰਧਾਨ ਬਣਨ ਤੋਂ ਕੈਪਟਨ ਧੜਾ ਨਾਖੁਸ਼ ਹੈ। ਇਸ ਲਈ ਪਾਰਟੀ ਅੰਦਰ ਵੱਡਾ ਸਿਆਸੀ ਧਮਾਕਾ ਹੋ ਸਕਦਾ ਹੈ। ਸੂਤਰਾਂ ਅਨੁਸਾਰ ਕੈਪਟਨ ਧੜੇ ਤੇ ਸਿੱਧੂ ਵਿਚਾਲੇ ਅਜੇ ਤਾਲਮੇਲ ਬੈਠਣਾ ਔਖਾ ਹੈ। ਇਹ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਪੰਜਾਬ ਵਿੱਚ ਕੈਪਟਨ ਸਰਕਾਰ ਦਾ ਕਾਰਜਕਾਲ ਸਿਰਫ ਛੇ ਮਹੀਨੇ ਬਾਕੀ ਹੈ, ਅਜਿਹੀ ਸਥਿਤੀ ਵਿੱਚ ਜੇਕਰ ਕੈਪਟਨ ਧੜਾ ਕੋਈ ਧਮਾਕਾ ਕਰਦਾ ਹੈ ਤਾਂ ਨਵਜੋਤ ਸਿੱਧੂ ਦੇ ਧੜੇ ਦੇ ਨਾਲ-ਨਾਲ ਕਾਂਗਰਸ ਹਾਈਕਮਾਂਡ ਦੀ ਪ੍ਰੇਸ਼ਾਨੀ ਵਧ ਸਕਦੀ ਹੈ। ਮੰਨਿਆ ਜਾ ਰਿਹਾ ਹੈ ਕਿ ਕੈਪਟਨ ਨੇ ਅਜਿਹੀ ਹਾਲਤ 'ਚ ਸਿੱਧੂ ਨੂੰ ਸੂਬਾਈ ਪ੍ਰਧਾਨਗੀ ਸੌਂਪੇ ਜਾਣ ਨੂੰ ਆਪਣੇ ਅਪਮਾਨ ਵਜੋਂ ਲਿਆ ਹੈ।

## ਕੀ ਉੱਤਰ ਪ੍ਰਦੇਸ਼ ਵਿਚ...

ਉਸੇ ਤਰਾਂ ਜਿਵੇਂ ਉਸ ਨੇ 2017 ਵਿਚ ਕਰਨ ਦੀ ਅੱਧੀ-ਅਧੂਰੀ ਕੋਸ਼ਿਸ਼ ਕੀਤੀ ਸੀ। ਉਸ ਸਮੇਂ ਉਸ ਨੇ ਸ਼ੀਲਾ ਦੀਕਸ਼ਿਤ ਨੂੰ ਅਜਿਹੇ ਹੀ ਬ੍ਰਾਹਮਣ ਚਿਹਰੇ ਦੇ ਰੂਪ ਵਿਚ ਉਤਾਰ ਦਿੱਤਾ ਸੀ। ਉਹ ਚਾਹੇ ਤਾਂ ਕਿਸੇ ਬ੍ਰਾਹਮਣ ਨੇਤਾ ਨੂੰ ਮੁੱਖ ਮੰਤਰੀ ਦੇ ਚਿਹਰੇ ਦੇ ਰੂਪ ਵਿਚ ਪੇਸ਼ ਕਰਕੇ ਨਾਰਾਜ਼ ਬ੍ਰਾਹਮਣ ਭਾਈਚਾਰੇ ਨੂੰ ਆਪਣੇ ਭਾਜਪਾ ਪ੍ਰੇਮ ਬਾਰੇ ਮੁੜ ਵਿਚਾਰ ਕਰਨ ਦਾ ਮੌਕਾ ਦੇ ਸਕਦੀ ਹੈ।

ਇਕ ਹੋਰ ਸਵਾਲ ਹੈ ਜਿਸ 'ਤੇ 2017 ਵਿਚ ਭਾਜਪਾ ਦਾ ਸਰਗਰਮ ਅਤੇ ਮਹੱਤਵਪੂਰਨ ਸਮਰਥਨ ਕਰਨ ਵਾਲੇ ਓਮ ਪ੍ਰਕਾਸ਼ ਰਾਜਭਰ ਖੜੇ ਹਨ। ਇਸ ਵਾਰ ਉਹ ਭਾਜਪਾ ਦੇ ਵਿਰੋਧ ਵਿਚ ਦਲਿਤ ਸਮਾਜ ਦੀਆਂ ਕਮਜ਼ੋਰ ਜਾਤਾਂ ਦੇ ਰਾਜਨੀਤਕ ਨੁਮਾਇੰਦਿਆਂ ਨੂੰ ਇਕੱਠਾ ਕਰ ਰਹੇ ਹਨ। ਉਨਾਂ ਦੇ ਨਾਲ ਹੋ ਸਕਦਾ ਹੈ ਕਿ ਅਸਦੂਦੀਨ ਓਵੈਸੀ ਵੀ ਜੁੜ ਜਾਣ। ਇਥੇ ਫਿਰ ਸਵਾਲ ਉੱਠਦਾ ਹੈ ਕਿ ਜੇਕਰ ਇਹ ਸਾਰੀਆਂ ਤਾਕਤਾਂ ਵੱਖ-ਵੱਖ ਚੋਣਾਂ ਲੜਨਗੀਆਂ ਤਾਂ ਕੀ ਹੋਵੇਗਾ ? ਜਵਾਬ ਇਹੀ ਹੋਵੇਗਾ ਜੋ ਪਿਛਲੀਆਂ ਚੋਣਾਂ ਵਿਚ ਹੋਇਆ ਸੀ। ਭਾਜਪਾ ਦੀ ਜਿੱਤ ਹੋਵੇਗੀ। ਹੋ ਸਕਦਾ ਹੈ ਕਿ ਪੱਛਮੀ ਉੱਤਰ ਪ੍ਰਦੇਸ਼ ਵਿਚ ਉਸ ਨੂੰ ਕੁਝ ਝਟਕੇ ਖਾਣੇ ਪੈਣ ਪਰ ਕੁੱਲ ਮਿਲਾ ਕੇ ਉਹੀ ਫਾਇਦੇ ਵਿਚ ਰਹੇਗੀ।

## ਸੰਦੂਕ ਦੀ ਮਾਲਕਣ

ਮੇਰੇ ਨਾਲ ਗੱਲਾਂ ਕਰਨ ਲੱਗ ਪਈ। ਅਸੀਂ ਝੱਟ ਭੈਣਾਂ ਬਣ ਗਈਆਂ। ਗੱਲਾਂ ਕਰਦਿਆਂ ਇਸ ਤਰਾਂ ਲੱਗ ਰਿਹਾ ਸੀ ਜਿਵੇਂ ਸਦੀਆਂ ਤੋਂ ਇੱਕ ਦੂਜੇ ਨੂੰ ਜਾਣਦੀਆਂ ਹੋਈਏ।

ਮੇਰੇ ਮਨ ਅੰਦਰ ਤਾਂ ਸੰਦੂਕ ਘੁੰਮ ਰਿਹਾ ਸੀ। ਮੈਂ ਬਾਬਾ ਜੀ ਨੂੰ ਪੁੱਛ ਲਿਆ, 'ਬਾਬਾ ਜੀ ਗਨੀ ਕੌਣ ਸੀ ?'

ਉਨਾਂ ਨੇ ਦੱਸਿਆ, 'ਤੁਹਾਡੇ ਘਰਾਂ ਤੋਂ ਅੱਗੇ ਧਰਮਸ਼ਾਲਾ ਦੇ ਨਾਲ ਗੁੱਜਰਾਂ ਦੇ ਘਰ ਸਨ। ਗਨੀ ਉਨਾਂ ਦਾ ਮੁੰਡਾ ਸੀ। ਉਸ ਦਾ ਥੋੜਾ ਸਮਾਂ ਪਹਿਲਾਂ ਹੀ ਵਿਆਹ ਹੋਇਆ ਸੀ। ਉਸ ਦੀ ਘਰ ਵਾਲੀ ਨਿਆਮਤੇ ਬਹੁਤ ਹੀ ਸ਼ੈਲ ਜਵਾਨ ਅਤੇ ਸੋਹਣੀ ਸੁਨੱਖੀ ਸੀ।'

ਮੈਂ ਸੰਦੂਕ ਦੀ ਗੱਲ ਕੀਤੀ ਤਾਂ ਉਹ ਕਹਿਣ ਲੱਗੇ, 'ਉਹ ਤੁਰਨ ਤੋਂ ਪਹਿਲਾਂ ਸੰਦੂਕ ਤੁਹਾਡੇ ਘਰ ਅਤੇ ਬਾਕੀ ਸਮਾਨ ਕੇਹਰ ਸਿੰਘ ਕੇ ਰੱਖ ਗਏ ਸਨ। ਨਿਆਮਤੇ ਆਪ ਵੀ ਸੰਦੂਕ ਰੱਖਣ ਨਾਲ ਗਈ ਸੀ।'

ਮੇਰੇ ਮਨ ਵਿੱਚ ਆਇਆ ਕਿ ਮੈਂ ਨਿਆਮਤੇ ਨੂੰ ਦੱਸਾਂ ਕਿ ਤੇਰਾ ਸੰਦੂਕ ਮੇਰੀ ਦਾਦੀ ਨੇ ਕਿਵੇਂ ਸਾਂਭ ਕੇ ਰੱਖਿਆ ਸੀ। ਮੈਂ ਜਲਦੀ ਦੇਣੇ ਬਾਬਾ ਜੀ ਤੋਂ ਗਨੀ ਅਤੇ ਨਿਆਮਤੇ ਬਾਰੇ ਜਾਣਕਾਰੀ ਮੰਗੀ। ਪਰ ਬਾਬਾ ਜੀ ਦਾ ਜਵਾਬ ਸੁਣ ਕੇ ਮੇਰਾ ਮਨ ਉਤਸੁਕਤਾ ਦੀ ਥਾਂ ਗਮ ਨਾਲ ਭਰ ਗਿਆ। ਉਨਾਂ ਦਾ ਪਰਿਵਾਰ ਸਾਹੀਵਾਲ ਤੋਂ ਸੌ ਕਿਲੋਮੀਟਰ ਦੂਰ ਰਹਿੰਦਾ ਸੀ। ਨਿਆਮਤੇ ਅਤੇ ਗਨੀ ਦੋਵੇਂ ਨਾ ਮੁੜਨ ਵਾਲੇ ਰਾਹਾਂ 'ਤੇ ਤੁਰ ਗਏ ਸਨ।

ਆਪਣੇ ਮਨ 'ਤੇ ਕਾਬੂ ਪਾ ਕੇ ਮੈਂ ਬਾਬਾ ਜੀ ਨੂੰ ਪੁੱਛਿਆ, 'ਤੁਹਾਡਾ ਹੁਣ ਵੀ ਪਿੰਡ ਆਉਣ ਨੂੰ ਦਿਲ ਕਰਦਾ ਹੋਣਾ ਹੈ ?'

ਬਾਬਾ ਜੀ ਕਹਿੰਦੇ, 'ਕੁੜੀਏ ਤੂੰ ਆਉਣ ਦੀ ਗੱਲ ਕਰਦੀ ਐਂ। ਪਿੰਡ ਤਾਂ ਹਮੇਸ਼ਾ ਮੇਰੇ ਅੰਦਰ ਵਸਦੈ। ਇਸ ਨਾਲ ਤਾਂ ਮੇਰਾ ਰੂਹ ਦਾ ਰਿਸ਼ਤਾ। ਮੈਨੂੰ ਤਾਂ ਸੁਪਨੇ ਵੀ ਪਿੰਡ ਦੇ ਹੀ ਆਉਂਦੇ ਹਨ। ਸੁਪਨਿਆਂ ਵਿੱਚ ਮੈਂ ਖੂਹਾਂ, ਟੋਭਿਆਂ ਅਤੇ ਖੇਤਾਂ 'ਚ ਆਪਣੇ ਇੱਧਰ ਰਹਿ ਗਏ ਭਰਾਵਾਂ ਨਾਲ ਕੰਮ ਕਰਦਾ ਫਿਰਦੈਂ। ਇੱਕ ਵਾਰੀ ਮੈਨੂੰ ਪਿੰਡ ਦਿਖਾ ਦਿਉ ਤਾਂ ਤੁਹਾਨੂੰ ਬਹੁਤ ਪੁੰਨ ਲੱਗੂ। ਉਮਰ ਬਥੇਰੀ ਭੋਗ ਲਈ ਹੁਣ ਤਾਂ, ਇੱਕ ਹੀ ਖ਼ਾਹਿਸ਼ ਹੈ ਕਾਸ਼, ਆਪਣੀ ਜਨਮ ਭੋਇੰ ਦੀ ਮਿੱਟੀ ਨੂੰ ਮੱਥੇ ਨਾਲ ਲਾ ਕੇ ਸਿਜਦਾ ਕਰ ਲਵਾਂ।'

ਮੈਂ ਤਹਿ ਦਿਲੋਂ ਅਰਦਾਸ ਕੀਤੀ, ਬਾਬਾ ਜੀ ਦੀ ਖ਼ਾਹਿਸ਼ ਪੂਰੀ ਹੋਵੇ। ਅਸੀਂ ਇਸ ਨੂੰ ਪੂਰੀ ਕਰ ਸਕੀਏ।

## ਪਾਣੀ ਦੇ ਵੱਧ ਰਹੇ ਸੰਕਟ...

ਉਸ ਦੇ ਬਲਦਾਂ ਦੇ ਕੰਨੇ ਮਤਾੜੇ ਜਾਣਗੇ, ਤੇ ਬਲਦਾਂ ਦੇ ਕੰਨਿਆਂ ਦੇ ਮਤਾੜੇ ਜਾਣ ਦਾ ਦੁੱਖ ਕਿਸਾਨ ਹੀ ਸਮਝ ਸਕਦਾ ਹੈ। ਅਨਾਜ ਲੋੜਾਂ ਪੂਰੀਆਂ ਕਰਨ ਲਈ ਪੰਜਾਬ 'ਚ ਟਿਊਬਵੈੱਲਾਂ ਦੀ ਗਿਣਤੀ 'ਚ ਕੀਤੇ ਵਾਧੇ ਨੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਡੇਗਣ ਨਾਲ਼ ਨਾਲ਼ ਹੋਰ ਅਨੇਕਾਂ ਸਮੱਸਿਆਵਾਂ ਖੜੀਆਂ ਕੀਤੀਆਂ ਹਨ। ਸ਼ੁਰੂ 'ਚ ਤਾਂ ਮੋਨੋਬਲਾਕ ਮੋਟਰਾਂ ਨਾਲ਼ ਕੰਮ ਚੱਲ ਜਾਂਦਾ ਸੀ ਪਰ ਪਾਣੀ ਦਾ ਪੱਧਰ ਡਿਗਣ ਕਾਰਨ ਸਬਮਰਸੀਬਲ ਮੋਟਰਾਂ ਕਿਸਾਨਾਂ ਦੀ ਮਜਬੂਰੀ ਹਨ ਜਿਹੜੀ ਉਨਾਂ ਸਿਰ ਚੜੇ ਕਰਜ਼ੇ ਦਾ ਇਕ ਕਾਰਨ ਬਣੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤੀ ਸਮਾਜ ਦੁਨੀਆ ਦੇ ਹੋਰ ਸਮਾਜਾਂ ਵਾਂਗ ਆਪਾ-ਧਾਪੀ 'ਚ ਫਸਿਆ ਹੋਇਆ ਹੈ। ਖੇਤੀ ਦੀ ਨਵੀਂ ਜੁਗਤ ਤੋਂ ਪਹਿਲਾਂ ਕਿਸਾਨਾਂ, ਖੇਤ ਮਜ਼ਦੂਰਾਂ, ਪੇਂਡੂ ਛੋਟੇ ਕਾਰੀਗਰਾਂ ਤੇ ਹੋਰ ਪੇਂਡੂ ਲੋਕਾਂ ਵਿਚ ਨਿੱਘੇ ਸਮਾਜਿਕ ਰਿਸ਼ਤੇ ਸਨ। ਵੱਡੇ ਅਮੀਰ ਕਿਸਾਨ ਹੋਰ ਸਾਰੇ ਵਰਗਾਂ ਦੀ ਮਦਦ ਕਰਦੇ ਸਨ। ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਛੋਟੇ ਪੇਂਡੂ ਕਾਰੀਗਰਾਂ ਵਿਚਕਾਰ ਸੀਰ ਸੀ, ਭਾਵੇਂ ਇਸ ਸੀਰ ਵਿਚ ਵੀ ਟੇਢ ਸੀ। ਪੇਂਡੂ ਭਾਈਚਾਰੇ ਵਿਚ ਆਪਾ-ਧਾਪੀ ਦੀ ਭਾਵਨਾ ਲਿਆਉਣ ਅਤੇ ਭਾਰੂ ਕਰਨ ਵਿਚ ਖੇਤੀਬਾੜੀ ਉਤਪਾਦਨ ਵਿਚ ਨਫ਼ੇ ਨੂੰ ਪ੍ਰਮੁੱਖ ਥਾਂ ਦੇਣਾ ਹੈ। ਪੰਜਾਬ ਦੇ ਕਿਸਾਨ ਸਿਆਣੀ ਗੱਲ ਸੁਣਨ ਤੋਂ ਬਿਨਾ ਇਸ ਤੱਥ ਨੂੰ ਚੰਗੀ ਤਰਾਂ ਸਮਝਦੇ ਹਨ ਕਿ ਆਉਣ ਵਾਲ਼ੇ ਸਮੇਂ ਦੌਰਾਨ ਉਨਾਂ ਦੀਆਂ ਸਮੱਸਿਆਵਾਂ ਵਧਣਗੀਆਂ।

ਜਦੋਂ ਕੁਦਰਤ ਨਾਲ਼ ਖਿਲਵਾੜ ਹੁੰਦਾ ਹੈ ਤਾਂ ਸਾਰੀ ਮਨੁੱਖਤਾ ਲਈ ਅਸਹਿ ਸਮੱਸਿਆਵਾਂ ਆਉਂਦੀਆਂ ਹਨ। ਕੌਮਾਂਤਰੀ ਪੱਧਰ ਦੀਆਂ ਵੱਖ ਵੱਖ ਸੰਸਥਾਵਾਂ ਦੁਨੀਆ ਦੇ ਸਾਰੇ ਮੁਲਕਾਂ ਦੀਆਂ ਸਰਕਾਰਾਂ ਨੂੰ ਗਰੀਨਹਾਊਸ ਗੈਸਾਂ ਘਟਾਉਣ ਲਈ ਉਪਾਅ ਕਰਨ ਦੀਆਂ ਸਲਾਹਾਂ ਅਤੇ ਚਿਤਾਵਨੀਆਂ ਦਿੰਦੀਆਂ ਹਨ। ਇਸ ਖਿਲਵਾੜ ਲਈ ਅਣਵਿਉਂਤਾ ਉਦਯੋਗੀਕਰਨ, ਰਹਿਣ-ਸਹਿਣ ਤੇ ਖਾਣ-ਪੀਣ ਦੇ ਗ਼ਲਤ ਤਰੀਕੇ ਅਤੇ ਹੋਰ ਬਹੁਤ ਸਾਰੇ ਕਾਰਨ ਜ਼ਿੰਮੇਵਾਰ ਹਨ। ਇਸ ਖਿਲਵਾੜ ਨੂੰ ਰੋਕਣ ਲਈ ਬਾਬੇ ਨਾਨਕ ਨੂੰ ਅਰਜੋਈਆਂ ਕਰਨ ਦੀ ਬਜਾਏ ਸਰਕਾਰੀ ਨੀਤੀਆਂ ਨੂੰ ਕੁਦਰਤ-ਪੱਖੀ ਬਣਾਉਣਾ ਜ਼ਰੂਰੀ ਹੈ।

ਪੰਜਾਬ ਦੇ ਕਿਸਾਨਾਂ ਦੇ ਗੱਡੇ ਨੂੰ ਬਰੇਕਾਂ ਲਾਉਣ, ਭਾਵ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਲਗਾਤਾਰ ਹੇਠਾਂ ਡਿਗਣ ਤੋਂ ਬਚਾਉਣ ਲਈ ਜ਼ਰੂਰੀ ਹੈ ਕਿ ਕੇਂਦਰ ਸਰਕਾਰ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਜਗਾ ਲਾਹੇਵੰਦ ਕੀਮਤਾਂ ਤੈਅ ਕਰੇ, ਜਿਣਸਾਂ ਦੀ ਖ਼ਰੀਦਦਾਰੀ ਨੂੰ ਇਸ ਤਰਾਂ ਯਕੀਨੀ ਬਣਾਵੇ ਤਾਂ ਕਿ ਸੂਬੇ ਦੇ ਖੇਤੀਬਾੜੀ-ਜਲਵਾਯੂ ਹਾਲਾਤ ਅਨੁਸਾਰ ਫ਼ਸਲਾਂ ਬੀਜੀਆਂ/ਲਾਈਆਂ ਜਾ ਸਕਣ। ਸਿੰਜਾਈ ਲਈ ਨਹਿਰੀ ਪ੍ਰਬੰਧ ਚੁਸਤ-ਦਰੁਸਤ ਕਰਨ ਦੇ ਨਾਲ਼ ਨਾਲ਼ ਪੰਜਾਬ ਦੇ ਦਰਿਆਵਾਂ ਦੇ ਪਾਣੀ ਦੀ ਵੰਡ ਨੂੰ ਰਿਪੇਅਰੀਅਨ ਸਿਧਾਂਤ ਅਨੁਸਾਰ ਕੀਤਾ ਜਾਵੇ। ਇਸ ਦੇ ਨਾਲ਼ ਨਾਲ਼ ਕਿਸਾਨਾਂ ਅਤੇ ਹੋਰ ਸਾਰੇ ਵਰਗਾਂ ਨੂੰ ਇਹ ਅਹਿਸਾਸ ਕਰਨ ਦੀ ਲੋੜ ਹੈ ਕਿ ਪਾਣੀ ਦੀ ਅਜਾਈਂ ਗੁਆਈ ਇਕ ਵੀ ਬੂੰਦ ਬਹੁਤ ਵੱਡਾ ਅਤੇ ਨਾ-ਮੁਆਫ਼ੀ ਯੋਗ ਅਪਰਾਧ ਹੈ।

## ਕੁੱਤਿਆਂ ਦੀ ਕਰਾਮਾਤ...

ਨੇਂਗ ਨੇ ਦੱਸਿਆ ਕਿ ਇਸ ਦੌਰਾਨ ਉਹ ਮੁੜ ਵਾਪਸ ਉਸ ਨੂੰ ਲੱਭਣ ਵੀ ਆਏ ਸਨ ਪਰ ਲੀਓ ਨਹੀਂ ਸੀ ਮਿਲਿਆ।

ਕੁੱਤੇ ਦੇ ਭਰੋਸੇ ਦੀ ਇੱਕ ਅਜਿਹੀ ਮਿਸਾਲ ਅਮਰੀਕਾ ਦੇ ਕੰਸਾਸ ਤੋਂ ਪ੍ਰਾਪਤ ਹੋਈ, ਜਿਥੇ ਇੱਕ ਕੁੱਤਾ ਆਪਣੇ ਮਾਲਕ ਦੇ ਪੁਰਾਣੇ ਘਰ ਜਾਣ ਲਈ 80 ਮੀਲ ਦੀ ਦੂਰੀ ਇਕੱਲਾ ਹੀ ਤਹਿ ਕਰ ਗਿਆ। ਇੱਕ ਲੈਬ੍ਰਾਡੋਰ ਨਸਲ ਦਾ ਕੁੱਤਾ ਜੋ ਗੁਆਚ ਗਿਆ ਸੀ। ਇਸ ਤੋਂ ਬਾਅਦ ਕੁੱਤੇ ਦੇ ਮਾਲਕਾਂ ਨੇ ਇਸ ਨੂੰ ਬਹੁਤ ਲੱਭਿਆ ਪਰ ਉਹ ਨਹੀਂ ਮਿਲਿਆ। ਲਗਭਗ ਦੋ ਸਾਲ ਪਹਿਲਾਂ ਹੀ ਕੁੱਤੇ ਦੇ ਮਾਲਕਾਂ ਨੇ ਘਰ ਬਦਲ ਦਿੱਤਾ ਅਤੇ ਇੱਥੋਂ ਦੂਰ ਕਿਸੇ ਹੋਰ ਸ਼ਹਿਰ 'ਚ ਰਹਿਣ ਚਲੇ ਗਏ। ਖ਼ਬਰ ਮੁਤਾਬਕ ਇਸ ਘਰ ਵਿਚ ਕਾਲਟਾਨ ਮਾਈਕਲ ਅਤੇ ਉਸਦੀ ਪਤਨੀ ਬ੍ਰਿਟਨੀ ਰਹਿਣ ਲੱਗ ਪਏ ਸਨ। ਇੱਕ ਦਿਨ ਸਵੇਰੇ ਜਦੋਂ ਬ੍ਰਿਟਨੀ ਘਰ ਤੋਂ ਬਾਹਰ ਨਿਕਲੀ ਤਾਂ ਉਸ ਨੇ ਦੇਖਿਆ ਕਿ ਇੱਕ ਕੁੱਤਾ ਉਨਾਂ ਦੇ ਘਰ ਦੇ ਬਾਹਰ ਬੈਠਾ ਹੋਇਆ ਹੈ। ਇਹ ਦੇਖ ਕੇ ਉਸ ਨੂੰ ਹੈਰਾਨੀ ਹੋਈ ਅਤੇ ਉਸਨੇ ਕਾਲਟਾਨ ਨੂੰ ਬੁਲਾਇਆ। ਬਾਅਦ 'ਚ ਕੁੱਤੇ ਦੇ ਗਲੇ 'ਚ ਮੌਜੂਦ ਪੱਟੇ 'ਚ ਮੌਜੂਦ ਚਿੱਪ ਰਾਹੀਂ ਪਤਾ ਲੱਗਾ ਕਿ ਇਹ ਕੁੱਤਾ ਘਰ 'ਚ ਉਨਾਂ ਤੋਂ ਪਹਿਲਾਂ ਰਹਿੰਦੇ ਲੋਕਾਂ ਦਾ ਹੈ। ਜਦੋਂ ਕੁੱਤੇ ਦੇ ਮਾਲਕਾਂ ਨਾਲ ਸੰਪਰਕ ਕੀਤਾ ਤਾਂ ਪਤਾ ਲੱਗਾ ਕਿ ਇਹ ਲਗਭਗ 80 ਕਿਲੋਮੀਟਰ ਦਾ ਸਫ਼ਰ ਕਰਕੇ ਪਹੁੰਚਿਆ ਹੈ।

ਜੁਲਾਈ 2019 ਦੀ ਖ਼ਬਰ ਪੰਜਾਬ ਦੇ ਡੇਰਾਬੱਸੀ ਤੋਂ ਵੀ ਸਾਹਮਣੇ ਆਈ ਸੀ, ਜਿੱਥੇ ਐੱਸ. ਬੀ. ਪੀ. ਹਾਊਸਿੰਗ ਪ੍ਰਾਜੈਕਟ ਅੰਦਰ ਬਿਜਲੀ ਦੀ ਨੰਗੀ ਤਾਰ ਅਤੇ ਉੱਪਰੋਂ ਥਾਂ-ਥਾਂ ਖੜੇ ਬਰਸਾਤੀ ਪਾਣੀ ਕਾਰਨ ਕੋਈ ਵੱਡਾ ਹਾਦਸਾ ਹੋ ਸਕਦਾ ਸੀ। ਜਾਣਕਾਰੀ ਮੁਤਾਬਕ ਮ੍ਰਿਤਕ ਕੁੱਤੇ ਦੇ ਮਾਲਕ ਜਸਪ੍ਰੀਤ ਸਿੰਘ ਬੇਦੀ ਨੇ ਦੱਸਿਆ ਕਿ ਉਹ ਇਕ ਸਾਲ ਪਹਿਲਾਂ ਐੱਸ. ਬੀ. ਪੀ. 'ਚ ਬਣੇ ਫਲੈਟ 'ਚ ਪਰਿਵਾਰ ਅਤੇ ਆਪਣੇ ਪਾਲਤੂ ਕੁੱਤੇ ਨਾਲ ਰਹਿਣ ਆਇਆ ਸੀ। ਰੋਜ਼ਾਨਾ ਦੀ ਤਰਾਂ ਸ਼ਾਮ ਨੂੰ ਉਹ ਆਪਣੇ ਲੈਬਰਾ ਕੁੱਤੇ ਨੂੰ ਫਲੈਟ ਨੇੜੇ ਘੁੰਮਾ ਰਿਹਾ ਸੀ ਤਾਂ ਰਸਤੇ 'ਚ ਖੜੇ ਬਰਸਾਤੀ ਪਾਣੀ 'ਚੋਂ ਨਿਕਲਦੇ ਸਮੇਂ ਅਚਾਨਕ ਉਸ ਦੇ ਕੁੱਤੇ ਨੂੰ ਕਰੰਟ ਲੱਗਾ, ਕੁੱਤੇ ਨੂੰ ਬਚਾਉਣ ਲਈ ਜਦੋਂ ਜਸਪ੍ਰੀਤ ਨੇ ਉਸ ਨੂੰ ਹੱਥ ਲਾਇਆ ਤਾਂ ਉਹ ਵੀ ਕਰੰਟ ਦੀ ਲਪੇਟ 'ਚ ਆ ਗਿਆ। ਇਸ ਤੋਂ ਬਾਅਦ ਕੁੱਤੇ ਨੇ ਜਸਪ੍ਰੀਤ ਨੂੰ ਵੱਢ ਕੇ ਪਿੱਛੇ ਧੱਕ ਦਿੱਤਾ ਅਤੇ ਖੁਦ ਮੌਤ ਦੇ ਮੂੰਹ 'ਚ ਚਲਾ ਗਿਆ। ਇਸ ਘਟਨਾ ਦੌਰਾਨ ਜਸਪ੍ਰੀਤ ਦਾ ਹੱਥ ਬੁਰੀ ਤਰਾਂ ਝੁਲਸ ਗਿਆ।

ਦੋਸਤੋ! ਇਹ ਕਹਾਣੀਆਂ ਵਰਗੀਆਂ ਕਰਾਮਾਤਾਂ ਜਿਹੀਆਂ ਸੱਚੀਆਂ ਖ਼ਬਰਾਂ ਨਹੀਂ ਮੁਕਣਗੀਆਂ। ਕੁੱਤੇ ਨੂੰ ਇਨਸਾਨ ਤੋਂ ਵੀ ਵੱਧ ਵਫ਼ਾਦਾਰ ਮੰਨਿਆ ਜਾਂਦਾ ਹੈ, ਉਕਤ ਲਿਖਤ ਖ਼ਬਰਾਂ ਇਸ ਗੱਲ ਦੀ ਵਧੇਰੇ ਪੁਸ਼ਟੀ ਕਰਦੀਆਂ ਹਨ। ਗੁਰੂ ਬਾਬੇ ਦੀ ਬਾਣੀ ਵਿੱਚ ਕੂਕਰ (ਕੁੱਤੇ) ਸਬੰਧੀ ਕਈ ਪ੍ਰਮਾਣ ਸਾਨੂੰ ਪ੍ਰਾਪਤ ਹੁੰਦੇ ਹਨ। ਸਾਨੂੰ ਵੀ ਇਨਸਾਨਾਂ ਪ੍ਰਤੀ ਅਤੇ ਕਾਦਰ ਦੀ ਕੁਦਰਤ ਵਲੋਂ ਸਾਜੀ ਇਸ ਕਾਇਨਾਤ ਵਿਚਲੇ ਹਰ ਜੀਵ-ਜੰਤੂ ਪ੍ਰਤੀ ਸਾਫ ਸੁਥਰੀ ਭਾਵਨਾ ਰੱਖਣੀ ਚਾਹੀਦੀ ਹੈ। ਕੁੱਝ ਲੋਕਾਂ ਦੀਆਂ ਵੀਡੀਉ ਵਾਇਰਲ ਹੋਈਆਂ ਸਨ, ਜਿਸ ਵਿੱਚ ਕੁੱਤੇ ਨੂੰ ਬੰਨ ਕੇ ਅੱਗ ਲਗਾ ਦਿੱਤੀ ਜਾਂਦੀ ਹੈ ਜਾਂ ਗੋਲੀ ਮਾਰ ਕੇ ਮਾਰ ਦਿੱਤਾ ਜਾਂਦਾ ਹੈ, ਬੇਸ਼ੱਕ ਜਦ ਜਾਨਵਰ ਹੈਵਾਨ ਬਣ ਜਾਵੇ ਤਾਂ ਉਸਦਾ ਕੋਈ ਇਲਾਜ ਜ਼ਰੂਰੀ ਹੋਣਾ ਚਾਹੀਦਾ ਹੈ, ਪਰ ਜਾਨਵਰਾਂ ਪ੍ਰਤੀ ਸਾਡਾ ਸਨੇਹ ਵੀ ਕਦੇ ਘੱਟਣਾ ਨਹੀਂ ਚਾਹੀਦਾ।

ਹਰੇਕ ਜੀਵ ਨੂੰ ਇਸ ਧਰਤੀ ਦੇ ਰਹਿਣ ਦਾ ਬਰਾਬਰ ਦਾ ਹੱਕ ਹੈ ਅਤੇ ਸਾਰਿਆਂ ਦੇ ਹੱਕਾਂ ਦੀ ਰਾਖੀ ਕਰਨਾ ਸਾਡਾ ਫਰਜ਼ ਹੋਣਾ ਚਾਹੀਦਾ ਹੈ।

## ਓਲੰਪਿਕ ਖੇਡਾਂ ਵਿਚ...

2017 ਏਸ਼ੀਆ ਕੱਪ ਤੋਂ ਕੀਤਾ । 26 ਸਾਲਾ ਖਿਡਾਰੀ ਓਲੰਪਿਕ ਲਈ ਡੈਬਿਊ ਕਰੇਗਾ ।

**ਮਨਦੀਪ ਸਿੰਘ**

ਮਨਦੀਪ ਸਿੰਘ ਓਲੰਪਿਕ ਦਾ ਦੂਸਰੀ ਵਾਰ ਹਿੱਸਾ ਬਣੇ ਹਨ । ਮਨਦੀਪ ਦਾ ਜਨਮ 25 ਜਨਵਰੀ 1995 ਵਿਚ ਹੋਇਆ । ਇਹ ਖਿਡਾਰੀ ਵੀ ਟੀਮ 'ਚ ਫਾਰਵਰਡ ਵਜੋਂ ਖੇਡੇਗਾ । ਇਸ ਨੇ ਆਪਣਾ ਸੀਨੀਅਰ ਕੌਮਾਂਤਰੀ ਡੈਬਿਊ 2013 ਹਾਕੀ ਵਰਲਡ ਲੀਗ ਤੋਂ ਕੀਤਾ। ਮਨਦੀਪ ਸਿੰਘ ਹੁਣ ਤਕ ਭਾਰਤ ਲਈ 159 ਮੈਚਾਂ ਦਾ ਹਿੱਸਾ ਬਣ ਚੁੱਕਾ ਹੈ ।

ਗੁਰਜੀਤ ਕੌਰ

ਗੁਰਜੀਤ ਕੌਰ ਇਸ ਵਾਰ ਓਲੰਪਿਕ ਵਿਚ ਡੈਬਿਊ ਕਰੇਗੀ। 25 ਅਕਤੂਬਰ 1995 ਵਿਚ ਜਨਮੀ ਖਿਡਾਰਨ ਭਾਰਤੀ ਨੈਸ਼ਨਲ ਮਹਿਲਾ ਹਾਕੀ ਟੀਮ ਵਿਚ ਡਿਫੈਂਡਰ ਵਜੋਂ ਹਿੱਸਾ ਲਵੇਗੀ । ਉਸ ਨੇ ਸੀਨੀਅਰ ਕੌਮਾਂਤਰੀ ਡੈਬਿਊ 2017 ਵਿਚ ਕੀਤਾ ਤੇ ਉਸ ਤੋਂ ਅਗਲੇ ਸਾਲ 2018 ਵਿਚ ਹਾਕੀ ਵਰਲਡ ਕੱਪ 'ਚ 8 ਗੋਲ ਕੀਤੇ ।

**ਸ਼ੂਟਿੰਗ 'ਚ ਸਾਡੇ ਹੁਨਰਬਾਜ**

**ਅੰਜੁਮ ਮੌਦਗਿਲ**

ਸ਼ੂਟਰ ਅੰਜੁਮ ਮੌਦਗਿਲ ਓਲੰਪਿਕ ਲਈ ਪਹਿਲੀ ਵਾਰ ਖੇਡੇਗੀ। 5 ਜਨਵਰੀ 1994 ਨੂੰ ਪੈਦਾ ਹੋਈ ਅੰਜੁਮ ਟੋਕੀਓ ਓਲੰਪਿਕ ਵਿਚ 50 ਰਾਈਫਲ 3 ਪੁਜੀਸ਼ਨ ਤੇ 10 ਮੀਟਰ ਰਾਈਫਲ ਮਿਕਸਡ ਵਿਚ ਭਾਰਤ ਦੀ ਨੁਮਾਇੰਦਗੀ ਕਰੇਗੀ। 2019 ਵਰਲਡ ਚੈਂਪੀਅਨਸ਼ਿਪ 2019 ਵਿਚ ਉਸ ਨੇ ਦੇਸ਼ ਲਈ ਦੋ ਸਿਲਵਰ ਮੈਡਲ ਜਿੱਤੇ। ਇਸ ਵਾਰ ਉਹ ਟੋਕੀਓ ਵਿਚ ਓਲੰਪਿਕ ਲਈ ਪਹਿਲੀ ਵਾਰ ਖੇਡੇਗੀ।

**ਅੰਗਦ ਵੀਰ ਸਿੰਘ ਬਾਜਵਾ**

ਸ਼ੂਟਰ ਅੰਗਦ ਵੀਰ ਸਿੰਘ ਬਾਜਵਾ ਦਾ ਜਨਮ 29 ਨਵੰਬਰ 1995 ਹੋਇਆ। ਉਹ ਟੋਕਿਓ ਓਲੰਪਿਕਸ ਵਿਚ ਸਕੀਟ 'ਚ ਭਾਰਤੀ ਦੀ ਨੁਮਾਇੰਦਗੀ ਕਰਨਗੇ। ਏਸ਼ੀਅਨ ਸ਼ੂਟਿੰਗ ਚੈਂਪੀਅਨਸ਼ਿਪ ਵਿਚ ਸਕੀਟ (ਐੱਮ) 'ਚ ਉਹ ਗੋਲਡ ਮੈਡਲ ਜਿੱਤੇ ਸਨ ਜਿਸ ਨੇ ਉਨਾਂ ਦੀ ਟੋਕੀਓ ਓਲੰਪਿਕ ਦੀ ਵੀ ਟਿਕਟ ਕਟਵਾਈ ।

**ਬਾਕਸਿੰਗ 'ਚ ਸਾਡੇ ਹੁਨਰਬਾਜ**

**ਸਿਮਰਨਜੀਤ ਕੌਰ**

ਬਾਕਸਰ ਸਿਮਰਨਜੀਤ ਕੌਰ ਵੀ ਇਸ ਵਾਰ ਓਲੰਪਿਕਸ ਲਈ ਪਹਿਲੀ ਵਾਰ ਖੇਡੇਗੀ। 10 ਜੁਲਾਈ 1995 ਨੂੰ ਜਨਮੀ ਇਹ ਖਿਡਾਰਨ ਟੋਕੀਓ ਓਲੰਪਿਕਸ ਵਿਚ 60 ਕਿੱਲੋਗ੍ਰਾਮ ਵਰਗ 'ਚ ਭਾਰਤ ਦੀ ਨੁਮਾਇੰਦਗੀ ਕਰੇਗੀ। ਇਸ ਤੋਂ ਪਹਿਲਾਂ ਉਹ 2018 ਵਰਲਡ ਚੈਂਪੀਅਨਸ਼ਿਪ ਵਿਚ ਬ੍ਰੌਂਜ ਮੈਡਲ ਜਿੱਤ ਚੁੱਕੀ ਹੈ ।

**ਅਥਲੈਟਿਕਸ ਵਿਚ ਸਾਡੇ ਹੁਨਰਬਾਜ**

**ਕਮਲਪ੍ਰੀਤ ਕੌਰ**

ਐਥਲੀਟ ਕਮਲਪ੍ਰੀਤ ਕੌਰ ਦਾ ਜਨਮ 4 ਮਾਰਚ 1996 ਨੂੰ ਹੋਇਆ ਤੇ ਟੋਕੀਓ ਓਲੰਪਿਕਸ 'ਚ ਡਿਸਕਸ ਥ੍ਰੋਅ ਵਿਚ ਦੇਸ਼ ਦੀ ਨੁਮਾਇੰਦਗੀ ਕਰੇਗੀ। ਉਸ ਨੇ ਪਟਿਆਲਾ 'ਚ ਅਥਲੈਟਿਕ ਫੈਡਰੇਸ਼ਨ ਕੱਪ ਦੌਰਾਨ 65.06 ਮੀਟਰ ਦਾ ਨੈਸ਼ਨਲ ਰਿਕਾਰਡ ਬਣਾ ਕੇ ਟੋਕੀਓ ਓਲੰਪਿਕਸ ਲਈ ਕੁਆਲੀਫਾਈ ਕੀਤਾ ।

**ਤਜਿੰਦਰਪਾਲ ਸਿੰਘ ਤੂਰ**

ਸ਼ਾਟਪੁੱਟ ਖਿਡਾਰੀ ਤਜਿੰਦਰਪਾਲ ਸਿੰਘ ਤੂਰ ਓਲੰਪਿਕਸ ਵਿਚ ਪਹਿਲੀ ਵਾਰ ਖੇਡਣਗੇ । 13 ਨਵੰਬਰ 1994 'ਚ ਜਨਮੇ ਤਜਿੰਦਰਪਾਲ ਸਿੰਘ ਤੂਰ ਟੋਕੀਓ ਓਲੰਪਿਕਸ 2020 ਵਿਚ ਭਾਰਤ ਦੀ ਸ਼ਾਟਪੁੱਟ 'ਚ ਨੁਮਾਇੰਦਗੀ ਕਰਨਗੇ । ਇਸ ਤੋਂ ਪਹਿਲਾਂ 2018 'ਚ ਹੋਈਆਂ ਏਸ਼ੀਅਨ ਗੇਮਜ ਵਿਚ 20.75 ਮੀਟਰ ਦਾ ਕੌਮੀ ਰਿਕਾਰਡ ਬਣਾ ਕੇ ਗੋਲਡ ਮੈਡਲ ਜਿੱਤਿਆ ਸੀ।

**ਗੁਰਪ੍ਰੀਤ ਸਿੰਘ**

ਟੋਕੀਓ ਓਲੰਪਿਕਸ 2020 ਲਈ ਕੁਆਲੀਫਾਈ ਕਰਨ ਵਾਲੇ ਪੰਜਾਬ ਦੇ ਇੱਕੋ-ਇਕ ਦੌੜਾਕ ਗੁਰਪ੍ਰੀਤ ਸਿੰਘ 50 ਕਿਲੋਮੀਟਰ ਈਵੈਂਟ ਵਿਚ ਭਾਰਤ ਦੀ ਨੁਮਾਇੰਦਗੀ ਕਰਨਗੇ।

## ਸਿੱਖ ਭਾਈਚਾਰੇ ਵਿਚ...

ਤਾਂ ਇਸ ਵਿਚ ਮਾਪਿਆਂ, ਭੈਣ-ਭਰਾਵਾਂ ਤੇ ਰਿਸ਼ਤੇਦਾਰਾਂ ਦੀ ਸੌੜੀ ਸੋਚ ਵੀ ਸ਼ਾਮਲ ਹੁੰਦੀ ਹੈ। ਸਿੱਖ ਸਮਾਜ ਵਿਚ ਜੋ ਤਲਾਕ ਦਾ ਪੰਜਵਾਂ ਵੱਡਾ ਕਾਰਨ ਹੈ, ਉਹ ਹੈ ਰੱਬੀ ਰਜ਼ਾ (ਵਾਹਿਗੁਰੂ ਦੇ ਭਾਣੇ) ਤੋਂ ਬੇਮੁਖਤਾਈ। ਵੇਖਿਆ ਜਾਵੇ ਤਾਂ ਤਲਾਕ ਦੇ ਪੰਜੇ ਮੁੱਖ ਕਾਰਨਾਂ ਦਾ ਮੂਲ ਕਾਰਨ ਹੀ ਇਹੀ ਹੈ। ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਜੀਵਨ ਦੇ ਮੁੱਖ ਰੂਪ ਵਿਚ ਤਿੰਨ ਸੰਸਕਾਰ ਦਿੱਤੇ ਹਨ, ਪਹਿਲਾ ਜਨਮ ਸੰਸਕਾਰ, ਦੂਜਾਅਨੰਦ ਸੰਸਕਾਰ, ਤੀਜਾ ਅੰਤਿਮ ਸੰਸਕਾਰ 'ਅਨੰਦ ਸੰਸਕਾਰ' ਸ੍ਰੀ ਗੁਰੂ ਰਾਮਦਾਸ ਜੀ ਦੀ ਪਵਿੱਤਰ ਬਾਣੀ 'ਚਾਰ ਲਾਵਾਂ' ਦੇ ਨਾਲ ਸੰਪੂਰਨ ਹੁੰਦਾ ਹੈ, ਜਿਸ ਦਾ ਕੇਂਦਰੀ ਭਾਵ ਅਕਾਲ ਪੁਰਖ ਵਾਹਿਗੁਰੂ ਨੂੰ ਆਪਣੇ ਜੀਵਨ ਦਾ ਕੇਂਦਰ ਬਿੰਦੂ ਬਣਾ ਕੇ ਜੀਵਨ ਭਰ, ਹਰ ਦੁੱਖ-ਸੁੱਖ ਦੌਰਾਨ ਪਤੀ-ਪਤਨੀ ਦੇ ਰੂਪ ਵਿਚ ਸਾਥ ਨਿਭਾਉਣ ਦਾ ਪ੍ਰਣ ਕਰਨਾ ਹੈ। ਚਾਰ ਲਾਵਾਂ ਹੀ ਆਤਮਾ ਤੇ ਪਰਮਾਤਮਾ ਦੇ ਮਿਲਾਪ ਦੇ ਪੜਾਅ ਹਨ। ਆਤਮਾ ਤੇ ਪਰਮਾਤਮਾ ਦਾ ਮਿਲਾਪ ਤਾਂ ਹੀ ਹੋ ਸਕਦਾ ਹੈ ਜੇ ਮਨੁੱਖ ਆਪਣੀ ਵੱਖਰੀ ਪਛਾਣ ਅਰਥਾਤ 'ਹਉਮੈ' ਨੂੰ ਤਿਆਗੇ। ਇਸੇ ਤਰਾਂ ਪਤੀ-ਪਤਨੀ ਵੀ ਜਦੋਂ ਤੱਕ ਆਪਣੇ ਵਿਚੋਂ ਖ਼ੁਦਗਰਜ਼ੀ ਅਤੇ ਹਉਮੈ ਨਹੀਂ ਛੱਡਦੇ, ਉਹ ਸਫਲ ਗ੍ਰਹਿਸਥੀ ਨਹੀਂ ਬਣ ਸਕਦੇ। ਗ੍ਰਹਿਸਥ ਜੀਵਨ ਨੂੰ ਨਿਭਾਉਂਦਿਆਂ ਜਦੋਂ ਮਨੁੱਖ ਅਕਾਲ ਪੁਰਖ ਦੇ ਭਾਣੇ ਤੋਂ ਬੇਮੁਖ ਹੋ ਜਾਂਦਾ ਹੈ ਤਾਂ ਫਿਰ ਲਾਲਚ (ਦਾਜ), ਹਉਮੈ, ਕਾਮ (ਚਰਿੱਤਰਹੀਣਤਾ), ਮੋਹ (ਸੰਤਾਨ ਦਾ ਲਿੰਗ ਭੇਦ) ਅਤੇ ਸਵਾਰਥ ਭਾਰੂ ਹੋ ਜਾਂਦਾ ਹੈ। ਇਹੀ ਸਾਡੇ ਸਿੱਖ ਸਮਾਜ ਅੰਦਰ 'ਤਲਾਕ' ਦੀ ਭੈੜੀ ਕੁਰੀਤੀ ਦੇ ਵਧਣ ਦਾ ਕਾਰਨ ਹੈ।

ਜਿਹੜਾ ਅਨੰਦ ਸੰਸਕਾਰ ਸਾਡੇ ਗ੍ਰਹਿਸਥ ਜੀਵਨ ਦਾ ਮੂਲ ਆਧਾਰ ਸੀ, ਉਸ ਨੂੰ ਅੱਜ ਦੇ ਵਿਖਾਵੇ ਵਾਲੇ ਰੀਤੀ-ਰਿਵਾਜਾਂ ਵਿਚ ਮਹਿਜ ਇਕ ਰਸਮ ਬਣਾ ਕੇ ਰੱਖ ਦਿੱਤਾ ਗਿਆ ਹੈ। ਲਾਵਾਂ ਦੇ ਅਰਥ ਜੀਵਨ ਵਿਚ ਧਾਰਨ ਕਰਨੇ ਅਤੇ ਭਾਈ ਜੀ ਤੋਂ ਸਿੱਖਿਆ ਸੁਣਨੀ ਹੁਣ ਜ਼ਰੂਰੀ ਹੀ ਨਹੀਂ ਸਮਝੀ ਜਾਂਦੀ। ਇਸ ਪਾਸੇ ਪੰਥਕ ਜਥੇਬੰਦੀਆਂ, ਸੰਪਰਦਾਵਾਂ, ਟਕਸਾਲਾਂ, ਅਖੰਡ ਕੀਰਤਨੀ ਜਥਿਆਂ ਅਤੇ ਸਭਾ-ਸੁਸਾਇਟੀਆਂ ਨੂੰ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ ਅਤੇ ਸਮਾਂ ਰਹਿੰਦੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਅੱਗੇ ਆ ਕੇ ਸਿੱਖ ਸਮਾਜ ਵਿਚ ਗ੍ਰਹਿਸਥ ਪਰੰਪਰਾ ਦੀ ਮੌਲਿਕਤਾ ਦਾ ਘਾਣ ਕਰਨ ਵਾਲੀ 'ਤਲਾਕ' ਦੀ ਬੇਰੋਕ ਵਧ ਰਹੀ ਭੈੜੀ ਕੁਰੀਤੀ ਨੂੰ ਠੱਲ ਪਾਉਣ ਵਿਚ ਆਪਣੀ ਠੋਸ ਭੂਮਿਕਾ ਨਿਭਾਉਣੀ ਚਾਹੀਦੀ ਹੈ।

## ਨਵਜੋਤ ਸਿੰਘ ਸਿੱਧੂ...

ਕਿ ਮਸਲਾ ਕੇਵਲ ਅਹੁਦਿਆਂ ਦਾ ਨਹੀਂ, ਕੀ ਅਹੁਦਾ ਮਿਲ ਗਿਆ ਤਾਂ ਕੰਮ ਖਤਮ ਸਗੋਂ ਇਸ ਨਾਲ ਇਕ ਨਵੀਂ ਹੋਰ ਜ਼ਿੰਮੇਵਾਰੀ ਪੈ ਜਾਂਦੀ ਹੈ । ਇਸ ਤੋਂ ਅੱਗੇ ਨਵਜੋਤ ਸਿੰਘ ਸਿੱਧੂ ਨੇ ਆਖਿਆ ਕਿ ਪੰਜਾਬ ਵਿਚ ਜੋ ਇਸ ਸਮੇਂ ਸਭ ਤੋਂ ਵੱਡੇ ਮਸਲੇ ਹਨ ਉਨ੍ਹਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੋ ਰਹੀਆਂ ਬੇਅਦਬੀਆਂ , ਕਿਸਾਨਾਂ ਦਾ ਆਪਣੇ ਹੱਕਾਂ ਲਈ ਸੰਘਰਸ਼ ਕਰਨ ਦਾ ਮਸਲਾ, ਨੌਜਵਾਨ ਪੀੜ੍ਹੀ ਨੂੰ ਰੋਜ਼ਗਾਰ ਦੇਣ ਦਾ ਮਸਲਾ ਅਤੇ ਸੱਚ ਨੂੰ ਇਨਸਾਫ ਦੇਣ ਦਾ ਮਸਲਾ ਜਿਸ ਨੂੰ ਕਾਂਗਰਸ ਪਾਰਟੀ ਹੱਲ ਕਰੇਗੀ ।

ਨਵਜੋਤ ਸਿੰਘ ਸਿੱਧੂ ਆਪਣੀ ਤਾਜਪੋਸ਼ੀ ਸਮਾਗਮ ਤੋਂ ਬਾਅਦ ਮੋਗਾ ਨੇੜੇ ਪਿੰਡ ਲੁਹਾਰਾ ਕੋਲ ਵਾਪਰੇ ਭਿਆਨਕ ਹਾਦਸੇ ਵਾਲੀ ਥਾਂ ਉੱਤੇ ਜਾਣਗੇ । ਦੱਸਣਯੋਗ ਹੈ ਕਿ ਜ਼ੀਰਾ ਕੋਲ ਪਿੰਡ ਮਲਸੀਆਂ ਵਿਖੇ ਤਾਜਪੋਸ਼ੀ ਸਮਾਗਮ ਵਿੱਚ ਸ਼ਾਮਲ ਹੋਣ ਲਈ ਆ ਰਹੇ ਲੋਕਾਂ ਨਾਲ ਸੜਕ ਹਾਦਸਾ ਵਾਪਰਿਆ ਜਿਸ ਵਿਚ 3 ਦੀ ਮੌਕੇ ਉੱਤੇ ਹੀ ਮੌਤ ਹੋ ਗਈ ਸੀ ਜਦ ਕਿ 37 ਦੇ ਕਰੀਬ ਜ਼ਖ਼ਮੀ ਹਾਲਤ ਵਿੱਚ ਜ਼ੇਰੇ ਇਲਾਜ ਲਈ ਹਨ। ਦੱਸਣਯੋਗ ਹੈ ਕਿ ਪੰਜਾਬ ਦੀ ਰਾਜ ਨੈਤਿਕ ਸਿਆਸਤ ਵਿੱਚ ਨਵਜੋਤ ਸਿੰਘ ਸਿੱਧੂ ਇਕ ਭੂਚਾਲ ਦੀ ਤਰ੍ਹਾਂ ਆਏ ਹਨ ਪਰ ਇਹ ਸਮਾਂ ਹੀ ਤੈਅ ਕਰੇਗਾ ਕਿ ਇਹ ਭੂਚਾਲ ਦੂਜੀਆਂ ਪਾਰਟੀਆਂ ਨੂੰ ਤਹਿਸ ਨਹਿਸ ਕਰੇਗਾ ਜਾਂ ਫਿਰ ਜੁਮਲਿਆਂ ਦੀ ਬਰਸਾਤ ਹੀ ਕਰੇਗਾ । ਕਹਿਣ ਤੋਂ ਭਾਵ ਇਸ ਸਮੇਂ ਜੋ ਪੰਜਾਬ ਦੇ ਹਾਲਾਤ ਚੱਲ ਰਹੇ ਹਨ ਉਹ ਬਹੁਤ ਹੀ ਨਾਜ਼ੁਕ ਹਨ ਕਿਉਂਕਿ ਇਕ ਪਾਸੇ ਕਿਸਾਨੀ ਸੰਘਰਸ਼ ਚੱਲ ਰਿਹਾ ਹੈ ਤੇ ਦੂਜੇ ਪਾਸੇ ਨੌਜਵਾਨ ਪੀੜ੍ਹੀ ਨਸ਼ਿਆਂ ਦੇ ਵਿੱਚ ਲਗਾਤਾਰ ਪੈਂਦੀ ਨਜ਼ਰ ਆ ਰਹੀ ਹੈ । ਜੇਕਰ ਇਸ ਸਮੇਂ ਸਿਆਸਤੀ ਢਾਂਚੇ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਰਾਜ ਵਿਚ ਰਾਜਨੈਤਿਕ ਸਿਆਸਤ ਆਪਣੇ ਚਰਨ ਸੀਮਾ ਉੱਤੇ ਹੈ । ਪੰਜਾਬ ਦੇ ਲੋਕਾਂ ਨਾਲ ਵਾਅਦੇ ਕੀਤੇ ਜਾਂਦੇ ਹਨ ਪਰ ਉਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਦੇ ਲਈ ਕੋਈ ਵੀ ਸਮੇਂ ਸੀਮਾ ਨਿਸ਼ਚਿਤ ਨਹੀਂ ਕੀਤੀ ਜਾਂਦੀ । ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਲੋਕ ਕੇਵਲ ਇੰਤਜ਼ਾਰ ਹੀ ਕਰਦੇ ਹਨ । ਸੋ ਆਉਣ ਵਾਲਾ ਸਮਾਂ ਹੀ ਤੈਅ ਕਰੇਗਾ ਕਿ ਕਾਂਗਰਸ ਪਾਰਟੀ ਦੀ ਪ੍ਰਧਾਨਗੀ ਦਾ ਇਹ ਨਵਾਂ ਚਿਹਰਾ ਲੋਕਾਂ ਦੀਆਂ ਉਮੀਦਾਂ ਤਕ ਕਿੱਥੋਂ ਤਕ ਖਰਾ ਉਤਰੇਗਾ ।

Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**






**PROPERTY ADDRESS: 27022 RIVER ROADM, NEWMAN CA 95360.**

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**

**Office: 209-956-1000 Cell : 408-355-5700, gbsingh84@gmail.com**